ਕੌਮਾਂਤਰੀ www.amritsartimes.live

# ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 22 | Issue 185| 23 July to 29 July, 2025 | Ph.: (510) 240-5949 | Email: asrtimes@gmail.com

# ਸ੍ਰੀ ਦਰਬਾਰ ਸਾਹਿਬ ਨੂੰ ਧਮਕੀਆਂ ਦੇਣ ਵਾਲੇ ਮੁੱਖ ਸਾਜ਼ਿਸ਼ਘਾੜੇ ਬੇਨਕਾਬ ਕਰਨ ਦੀ ਲੋੜ

## ਸਿੱਖਾਂ ਦੇ ਨਾਲ ਗ਼ੈਰ ਸਿੱਖਾਂ ਲਈ ਵੀ ਆਸਥਾ ਦਾ ਮੁੱਖ ਕੇਂਦਰ ਹੈ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ



ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਿਰਫ਼ ਸਿੱਖਾਂ ਦਾ ਹੀ ਨਹੀਂ ਸਗੋਂ ਕੁੱਲ ਲੋਕਾਈ ਦੀ ਆਸਥਾ ਦਾ ਕੇਂਦਰ ਹੈ। ਸਾਂਝੀਵਾਲਤਾ ਦੇ ਇਸ ਮਹਾਨ ਮਰਕਜ਼ ਦੇ ਚਾਰ ਦਰਵਾਜ਼ੇ ਚਾਰ ਵਰਣਾਂ ਅਤੇ ਸਾਰੇ ਧਰਮਾਂ ਦੇ ਲੋਕਾਂ ਲਈ ਹਮੇਸ਼ਾ ਖੁੱਲ੍ਹੇ ਰਹਿੰਦੇ ਹਨ। ਹਰ ਦਿਨ ਲੱਖਾਂ ਦੀ ਗਿਣਤੀ ਵਿੱਚ ਸਿੱਖ ਅਤੇ ਗ਼ੈਰ ਸਿੱਖ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋਣ ਪਹੁੰਚਦੇ ਹਨ ਅਤੇ ਵੱਡੀ ਗਿਣਤੀ ਸ਼ਰਧਾਲੂ ਸ੍ਰੀ ਗੁਰੂ ਰਾਮਦਾਸ ਲੰਗਰ ਹਾਲ ਵਿੱਚ ਪ੍ਰਸ਼ਾਦਾ ਛਕਦੇ ਹਨ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਉਹ ਮਹਾਨ ਅਸਥਾਨ ਹੈ, ਜਿਥੇ ਹਰ ਦਿਨ ਸਰਬਤ ਦੇ ਭਲੇ ਦੀ ਅਰਦਾਸ ਹੁੰਦੀ ਹੈ। ਮੰਨਿਆ ਜਾਂਦਾ ਹੈ ਕਿ ਇੱਥੇ ਕੀਤੀ ਗਈ ਹਰ ਅਰਦਾਸ ਪੂਰੀ ਹੋ ਜਾਂਦੀ ਹੈ। ਹੁਣ ਲੰਬੇ ਸਮੇਂ ਬਾਅਦ ਸਿੱਖਾਂ ਦੇ ਸਭ ਤੋਂ ਮੁਕੱਦਸ ਅਸਥਾਨ 'ਤੇ ਮੁੜ ਦੋਖੀਆਂ ਦੀ ਅੱਖ ਹੈ। ਕੁਝ ਸ਼ੈਤਾਨੀ ਤਾਕਤਾਂ ਸ੍ਰੀ ਹਰਿਮੰਦਰ ਸਾਹਿਬ ਨੂੰ ਬਾਰੂਦ ਨਾਲ ਢਾਹੁਣ ਦੀਆਂ ਗਿੱਦੜ ਭਬਕੀਆਂ ਦੇ ਰਹੀਆਂ ਹਨ। ਅਸਲ ਵਿੱਚ ਕੁਝ ਲੋਕਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਮਰਿਆਦਾ ਅਤੇ ਪ੍ਰਸਿੱਧੀ ਸਹਿਣ ਨਹੀਂ ਹੋ ਰਹੀ। ਇਸ ਤੋਂ ਇਲਾਵਾ ਕੁਝ ਦੋਖੀ ਤਾਕਤਾਂ ਪੰਜਾਬ ਦੇ ਅਮਨ ਸ਼ਾਂਤੀ ਨੂੰ ਵੀ ਲਾਂਬੂ ਲਗਾਉਣਾ ਚਾਹੁੰਦੀਆਂ ਹਨ।

ਪਿਛਲੇ ਕੁਝ ਸਮੇਂ ਤੋਂ ਅੰਮ੍ਰਿਤਸਰ ਸ਼ਹਿਰ ਵਿਖੇ ਕੁਝ ਅਜਿਹੀਆਂ ਘਟਨਾਵਾਂ ਵਾਪਰ ਰਹੀਆਂ ਹਨ, ਜਿਨ੍ਹਾਂ ਨੇ ਕਈ ਸਵਾਲ ਖੜੇ ਕੀਤੇ ਹਨ। ਪਹਿਲਾਂ ਸ੍ਰੀ ਦਰਬਾਰ ਸਾਹਿਬ ਅੰਦਰ ਇੱਕ ਨੌਜਵਾਨ ਵੱਲੋਂ ਜੰਗਲਾ ਟੱਪ ਕੇ ਗੁਰੂ ਗਰੰਥ ਸਾਹਿਬ ਵੱਲ ਜਾਣ ਦਾ ਯਤਨ ਕੀਤਾ ਗਿਆ, ਜਿਸ ਨੂੰ ਤੁਰੰਤ ਕਾਬੂ ਕਰਕੇ ਸੰਗਤਾਂ ਵੱਲੋਂ ਕੁੱਟ ਕੁੱਟ ਕੇ ਮਾਰ ਦਿੱਤਾ ਗਿਆ। ਇਸ ਸਜ਼ਾ ਤਾਲਿਬਾਨੀ ਸੀ ਪਰ ਸੰਗਤਾਂ ਦਾ ਰੋਸ ਵੀ ਜਾਇਜ਼ ਸੀ। ਜੇ ਇਹ ਨੌਜਵਾਨ ਮਾਰਿਆ ਨਾ ਜਾਂਦਾ ਤਾਂ ਇਸ ਤੋਂ ਪੁੱਛ-ਗਿੱਛ ਕਰਕੇ ਅਹਿਮ ਖ਼ੁਲਾਸੇ ਹੋ ਸਕਦੇ ਸਨ ਅਤੇ ਇਸ ਘਟਨਾ ਦੇ ਅਸਲ ਸਾਜ਼ਿਸ਼ ਘਾੜਿਆਂ ਦਾ ਪਤਾ ਲਗਾਇਆ ਜਾ ਸਕਦਾ ਸੀ।

ਪਵਿੱਤਰ ਸ਼ਹਿਰ ਅੰਮ੍ਰਿਤਸਰ ਵਿੱਚ ਕੁਝ ਸਮਾਂ ਪਹਿਲਾਂ ਗੇਅ ਪਰੇਡ ਕਰਵਾਉਣ ਦਾ ਵੀ ਯਤਨ ਕੀਤਾ ਗਿਆ, ਜਿਸ ਦਾ ਮਕਸਦ ਇਸ ਧਾਰਮਿਕ ਨਗਰੀ ਦੀ ਮਰਿਆਦਾ ਨੂੰ ਠੇਸ ਪਹੁੰਚਾਉਣਾ ਸੀ ਪਰ ਸਿੱਖਾਂ ਦੇ ਵੱਡੇ ਵਿਰੋਧ ਕਾਰਨ ਇਹ ਪਰੇਡ ਨਹੀਂ ਕਰਵਾਈ ਜਾ ਸਕੀ। ਇਸ ਤੋਂ ਬਾਅਦ ਅੰਮ੍ਰਿਤਸਰ ਵਿੱਚ ਗੁਟਕਾ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਵੀ ਵਾਪਰ ਚੁੱਕੀਆਂ ਹਨ। ਹੁਣ ਸ਼ੈਤਾਨੀ ਤਾਕਤਾਂ ਨੇ ਸੰਗਤਾਂ ਦੀ ਬਹਾਦਰੀ ਅਤੇ ਰੋਸ ਨੂੰ ਸਮਝਦਿਆਂ ਨਵਾਂ ਤਰੀਕਾ ਅਪਨਾਅ ਲਿਆ ਹੈ, ਜਿਸ ਤਹਿਤ ਸ੍ਰੀ ਦਰਬਾਰ ਸਾਹਿਬ ਨੂੰ ਬਾਰੂਦ ਨਾਲ ਉਡਾਉਣ ਦੀਆਂ ਧਮਕੀਆਂ ਈ.ਮੇਲ ਰਾਹੀਂ ਦਿੱਤੀਆਂ ਜਾ ਰਹੀਆਂ ਹਨ। ਮੀਡੀਆ ਰਿਪੋਰਟਾਂ ਅਨੁਸਾਰ ਇਹ ਧਮਕੀਆਂ ਸ਼੍ਰੋਮਣੀ ਕਮੇਟੀ ਤੇ ਪੰਜਾਬ ਦੇ ਮੁੱਖ ਮੰਤਰੀ ਨੂੰ ਵੀ ਆਈਆਂ ਹਨ। ਇਸ ਤੋਂ ਇਲਾਵਾ ਕਰਨਾਟਕ ਦੇ ਸ਼ਹਿਰ ਬਿਦਰ ਸਥਿਤ ਪਵਿੱਤਰ ਗੁਰਦੁਆਰਾ ਨਾਨਕ ਝੀਰਾ ਸਾਹਿਬ ਨੂੰ ਵੀ ਬਾਰੂਦ ਨਾਲ ਉਡਾਉਣ ਦੀਆਂ ਧਮਕੀਆਂ ਦਿੱਤੀਆਂ ਗਈਆਂ ਹਨ। ਜਿਸ ਕਾਰਨ ਸਿੱਖਾਂ ਵਿੱਚ ਰੋਸ ਅਤੇ ਗੁੱਸੇ ਦੀ ਲਹਿਰ ਫੈਲ ਰਹੀ ਹੈ।

ਸ੍ਰੀ ਦਰਬਾਰ ਸਾਹਿਬ ਨੂੰ ਮਿਲੀਆਂ ਧਮਕੀਆਂ ਦਾ ਅਸਰ ਸੰਗਤਾਂ ਦੀ ਆਮਦ 'ਤੇ ਵੀ ਹੋ ਰਿਹਾ ਹੈ ਅਤੇ ਬੀਤੇ ਦਿਨਾਂ ਦੌਰਾਨ ਸ੍ਰੀ ਦਰਬਾਰ ਸਾਹਿਬ ਆਉਣ ਵਾਲੀ ਸੰਗਤ ਦੀ ਆਮਦ ਘਟਦੀ ਰਹੀ ਹੈ। ਇਸ ਤੋਂ ਇਲਾਵਾ ਵੱਡੀ ਗਿਣਤੀ ਸਿੱਖਾਂ ਨੂੰ ਇਹ ਮਹਿਸੂਸ ਹੋ ਰਿਹਾ ਹੈ ਕਿ ਹੁਣ ਇੱਕ ਵਾਰ ਫੇਰ 80 ਅਤੇ 90 ਦੇ ਦਹਾਕੇ ਵਰਗਾ ਸਮਾਂ ਮੁੜ ਦੁਹਰਾਉਣ ਦਾ ਯਤਨ ਹੋ ਰਿਹਾ ਹੈ, ਜਦੋਂ ਸ੍ਰੀ ਦਰਬਾਰ ਸਾਹਿਬ ਜਾਣ ਵਾਲੇ ਸ਼ਰਧਾਲੂਆਂ ਦੇ ਸਮਾਨ ਦੀ ਤਲਾਸ਼ੀ ਲਈ ਜਾਂਦੀ ਸੀ। ਸ੍ਰੀ ਦਰਬਾਰ ਸਾਹਿਬ ਨੂੰ ਧਮਕੀਆਂ ਮਿਲਣ ਤੋਂ ਬਾਅਦ ਜਿਥੇ ਸੁਰੱਖਿਆ ਪ੍ਰਬੰਧ ਮਜ਼ਬੂਤ ਕਰ ਦਿੱਤੇ ਗਏ ਹਨ, ਉਥੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਸੂਹੀਏ ਵੀ ਤੈਨਾਤ ਕੀਤੇ ਗਏ ਹਨ। ਇਸ ਤਰ੍ਹਾਂ ਹਰ ਸ਼ੱਕੀ ਵਿਅਕਤੀ 'ਤੇ ਨਜ਼ਰ ਰੱਖੀ ਜਾ ਰਹੀ ਹੈ।

ਕੁਝ ਸਿੱਖ ਆਗੂ ਕਹਿ ਰਹੇ ਹਨ ਕਿ ਸਿੱਖਾਂ ਨੂੰ ਤਾਂ ਅਜੇ ਤੱਕ ਪਿਛਲੇ ਸਮੇਂ ਦੌਰਾਨ ਹੋਈਆਂ 'ਬੇਅਦਬੀਆਂ' ਦਾ ਵੀ ਇਨਸਾਫ਼ ਨਹੀਂ ਮਿਲਿਆ। ਇਸ ਕਰਕੇ ਹੁਣ ਸ੍ਰੀ ਦਰਬਾਰ ਸਾਹਿਬ ਨੂੰ ਧਮਕੀਆਂ ਮਿਲਣ ਦੇ ਮਾਮਲੇ ਵਿੱਚ ਵੀ ਇਨਸਾਫ਼ ਮਿਲਣ ਦੀ ਆਸ ਘੱਟ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਨੇ ਵੀ ਅਜੇ ਤੱਕ ਧਮਕੀਆਂ ਦੇਣ ਵਾਲੇ ਸਾਰੇ ਦੋਸ਼ੀਆਂ ਦੇ ਫ਼ੜੇ ਨਾ ਜਾ ਸਕਣ ਨੂੰ ਸੁਰੱਖਿਆ ਅਤੇ ਸੂਹੀਆ ਏਜੰਸੀਆਂ ਦੀ ਅਸਫ਼ਲਤਾ ਦੱਸਿਆ ਹੈ।

ਪੰਜਾਬ ਅਤੇ ਪੁਲਿਸ ਨੂੰ ਚਾਹੀਦਾ ਹੈ ਕਿ ਉਹ ਸ੍ਰੀ ਦਰਬਾਰ ਸਾਹਿਬ ਨੂੰ ਬਾਰੂਦ ਨਾਲ ਉਡਾਉਣ ਦੀਆਂ ਧਮਕੀਆਂ ਦੇਣ ਵਾਲੇ ਅਸਲ ਦੋਸ਼ੀਆਂ ਨੂੰ ਜਲਦੀ ਕਾਬੂ ਕਰਨ ਅਤੇ ਉਹਨਾਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ।

### ਸਿੱਖ ਆਪਣੇ ਗੁਰਧਾਮਾਂ ਦੀ ਖ਼ੁਦ ਕਰ ਸਕਦੇ ਨੇ ਸੁਰੱਖਿਆ

ਮੁਗਲ ਕਾਲ ਅਤੇ ਅੰਗ੍ਰੇਜ਼ਾਂ ਦੇ ਰਾਜ ਸਮੇਂ ਵੀ ਭਗਤੀ ਅਤੇ ਸ਼ਕਤੀ ਦੇ ਸੋਮੇ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਕਰਨ ਦੇ ਬਹੁਤ ਯਤਨ ਹੋਏ ਸਨ ਪਰ ਗੁਰੂ ਦੇ ਸਿੰਘਾਂ ਨੇ ਹਰ ਚੁਣੌਤੀ ਦਾ ਬਹਾਦਰੀ ਨਾਲ ਟਾਕਰਾ ਕੀਤਾ। ਹੁਣ ਸਾਜ਼ਿਸ਼ਘਾੜਿਆਂ ਨੇ ਸਿੱਖਾਂ ਦਾ ਗੁੱਸਾ ਭਾਂਪ ਕੇ ਨਵੀਆਂ ਤਰਕੀਬਾਂ ਘੜਨੀਆਂ ਸ਼ੁਰੂ ਕਰ ਦਿੱਤੀਆਂ ਹਨ, ਜਿਸ ਕਰਕੇ ਹੁਣ ਈ.ਮੇਲ ਰਾਹੀਂ ਸ੍ਰੀ ਦਰਬਾਰ ਸਾਹਿਬ ਨੂੰ ਬਾਰੂਦ ਨਾਲ ਉਡਾਉਣ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। 'ਡੀਪ ਸਟੇਟ' ਦੀ ਇਹ ਨਵੀਂ ਖੇਡ ਅੱਗ ਨਾਲ ਖੇਡਣ ਦੇ ਬਰਾਬਰ ਹੈ। ਸਿੱਖਾਂ ਨੂੰ ਇਸ ਸਮੇਂ ਸਬਰ ਅਤੇ ਸ਼ਾਂਤੀ ਤੋਂ ਕੰਮ ਲੈਣਾ ਚਾਹੀਦਾ ਹੈ। ਸਿੱਖ ਆਪਣੇ ਪਵਿੱਤਰ ਗੁਰਧਾਮਾਂ ਦੀ ਰਾਖ਼ੀ ਕਰਨ ਦੇ ਖੁਦ ਸਮਰਥ ਹਨ, ਜਿਸ ਕਰਕੇ ਉਹ ਸ਼ੈਤਾਨੀ ਤਾਕਤਾਂ ਦੀਆਂ ਗਿੱਦੜ ਭਬਕੀਆਂ ਤੋਂ ਡਰਨ ਵਾਲੇ ਨਹੀਂ।

# ਸ੍ਰੀ ਹਰਿਮੰਦਰ ਸਾਹਿਬ 'ਚ ਬੰਬ ਦੀਆਂ ਧਮਕੀਆਂ ਦੇਣ ਵਾਲਿਆਂ ਨੂੰ ਮਿਲੇਗੀ ਮਿਸਾਲੀ ਸਜ਼ਾ: ਮਾਨ

ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਹਰਿਮੰਦਰ ਸਾਹਿਬ 'ਚ ਬੰਬ ਦੀਆਂ ਧਮਕੀਆਂ ਦੇਣ ਦੇ ਮਾਮਲੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਖਿਆ ਕਿ ਪੁਲਿਸ ਇਹਨਾਂ ਵਿਅਕਤੀਆਂ ਦੇ ਨੇੜੇ ਪੁੱਜ ਚੁੱਕੀ ਹੈ ਅਤੇ ਜਲਦੀ ਹੀ ਜ਼ਿੰਮੇਵਾਰ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਜਾਵੇਗਾ। ਸ੍ਰੀ ਮਾਨ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕੀਤੀ। ਇਸ ਤੋਂ ਪਹਿਲਾਂ ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਮਿਲ ਕੇ ਇਸ ਮਾਮਲੇ ਸਬੰਧੀ ਵਿਸ਼ੇਸ਼ ਚਰਚਾ ਕੀਤੀ।

ਸੂਚਨਾ ਕੇਂਦਰ ਦੇ ਬਾਹਰ ਮੀਡੀਆ ਨਾਲ ਗੱਲ ਕਰਦਿਆਂ ਮੁੱਖ ਮੰਤਰੀ ਨੇ ਦੱਸਿਆ ਕਿ ਇਹ ਇੱਕ ਸੰਵੇਦਨਸ਼ੀਲ ਮਾਮਲਾ ਹੈ ਅਤੇ ਹਾਈ ਸਿਕਿਉਰਟੀ ਨਾਲ ਜੁੜਿਆ ਹੋਇਆ ਹੈ। ਇਸ ਲਈ ਉਹ ਇਸ ਮਾਮਲੇ ਵਿੱਚ ਵਧੇਰੇ ਖੁਲਾਸੇ ਨਹੀਂ ਕਰ ਸਕਦੇ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿੱਚ ਸਾਈਬਰ ਮੰਚ ਤੋਂ ਧਮਕੀਆਂ ਦੇਣ ਵਾਲਿਆਂ ਦੇ ਆਈਪੀ ਐਡਰੈਸ ਪਤਾ ਕੀਤੇ ਜਾ ਰਹੇ ਹਨ ਅਤੇ ਜਿਵੇਂ ਹੀ ਇਹ ਆਈਪੀ ਐਡਰੈਸ ਮਿਲਦੇ ਹਨ, ਪੁਲਿਸ ਵੱਲੋਂ ਮੁਲਜ਼ਮਾਂ ਨੂੰ ਕਾਬੂ ਕਰ ਲਿਆ ਜਾਵੇਗਾ।

## ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ ਮੁੱਖ ਮੰਤਰੀ ਭਗਵੰਤ ਮਾਨ



ਉਨ੍ਹਾਂ ਦੱਸਿਆ ਕਿ ਫਿਲਹਾਲ ਇਨ੍ਹਾਂ ਧਮਕੀਆਂ ਨੂੰ ਮੱਦੇਨਜ਼ਰ ਰੱਖਦੇ ਹੋਏ ਪੁਲਿਸ ਵੱਲੋਂ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਇਸ ਦੇ ਨਾਲ ਹੀ ਵੀ ਸੁਰੱਖਿਆ ਪ੍ਰਬੰਧ ਵਧਾਏ ਗਏ ਹਨ, ਪਰ ਇਸ ਦੇ ਨਾਲ ਹੀ ਪੁਲਿਸ ਨੂੰ ਹਦਾਇਤ ਕੀਤੀ ਗਈ ਹੈ ਕਿ ਕਿਸੇ ਯਾਤਰੂ ਨੂੰ ਨਜਾਇਜ਼ ਤੰਗ ਪਰੇਸ਼ਾਨ ਨਾ ਕੀਤਾ ਜਾਵੇ।

ਮੁੱਖ ਮੰਤਰੀ ਨੇ ਸ਼ਰਧਾਲੂਆਂ ਨੂੰ ਕਿਸੇ ਵੀ ਤਰ੍ਹਾਂ ਨਾ ਘਬਰਾਉਣ ਦੀ ਅਪੀਲ ਕੀਤੀ। ਉਨ੍ਹਾਂ ਨੇ ਭਰੋਸਾ ਦਿੱਤਾ ਕਿ ਪੰਜਾਬ ਪੁਲਿਸ ਪੂਰੀ ਤਰ੍ਹਾਂ ਚੌਕਸ ਹੈ ਅਤੇ ਅਜਿਹੇ ਮਾਮਲਿਆਂ ਨਾਲ ਨਜਿੱਠਣ ਦੇ ਸਮਰੱਥ ਹੈ। ਮੁੱਖ ਮੰਤਰੀ ਨੇ ਕਿਹਾ ਕਿ ਦੋਸ਼ੀ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਲੁਕ ਨਹੀਂ ਸਕਦੇ ਅਤੇ ਸੂਬਾ ਸਰਕਾਰ ਉਨ੍ਹਾਂ ਲਈ ਸਖ਼ਤ ਤੋਂ ਸਖ਼ਤ ਸਜ਼ਾ ਯਕੀਨੀ ਬਣਾਏਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸੂਬਾ ਸਰਕਾਰ ਦਾ ਫਰਜ਼ ਹੈ ਅਤੇ ਇਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵੀ ਵੱਖਰੇ ਤੌਰ 'ਤੇ ਗੱਲਬਾਤ ਕਰਦਿਆਂ ਦੱਸਿਆ ਕਿ ਮੁੱਖ ਮੰਤਰੀ ਨੇ ਇਸ ਸਬੰਧ ਵਿੱਚ ਵਿਸੇਸ਼ ਗੱਲਬਾਤ ਕੀਤੀ ਹੈ ਅਤੇ ਉਨ੍ਹਾਂ ਨੂੰ ਸਮੁੱਚੀ ਸਥਿਤੀ ਤੋਂ ਜਾਣੂ ਕਰਵਾਇਆ ਗਿਆ ਹੈ। ਐਡ. ਧਾਮੀ ਨੇ ਦੱਸਿਆ ਕਿ ਹੁਣ ਤੱਕ ਸ਼੍ਰੋਮਣੀ ਕਮੇਟੀ ਨੂੰ ਅਜਿਹੀਆਂ ਲਗਭਗ 10 ਧਮਕੀਆਂ ਭਰੇ ਈਮੇਲ ਆ ਚੁੱਕੇ ਹਨ।

# ਐਨ.ਸੀ.ਆਰ.ਟੀ. ਦੀ ਨਵੀਂ ਕਿਤਾਬ ਵਿੱਚ ਸਿੱਖ ਇਤਿਹਾਸ ਦੀ ਵਿਗਾੜੀ ਪੇਸ਼ਕਾਰੀ

## ਕੀ ਸਿੱਖ ਗੁਰੂ ਸਾਹਿਬਾਨ ਦੀ ਲਹਿਰ ਮਨੁੱਖਤਾ ਦੇ ਇਨਸਾਫ਼ ਲਈ ਸੀ ਜਾਂ ਮੁਗਲ ਬਾਦਸ਼ਾਹਾਂ ਦੇ ਮੁਸਲਮਾਨ ਹੋਣ ਕਾਰਨ ?



ਰਾਸ਼ਟਰੀ ਸਿੱਖਿਆ ਅਨੁਸੰਧਾਨ ਅਤੇ ਪ੍ਰਸ਼ਿਕਸ਼ਣ ਪਰਿਸ਼ਦ (ਐਨ.ਸੀ.ਆਰ.ਟੀ.) ਦੀ ਕਲਾਸ 8 ਦੀ ਨਵੀਂ ਸਮਾਜਿਕ ਵਿਗਿਆਨ ਦੀ ਕਿਤਾਬ 'ਐਕਸਪਲੋਰਿੰਗ ਸੋਸਾਇਟੀ: ਇੰਡੀਆ ਐਂਡ ਬਿਯੋਂਡ' ਨੇ ਇਤਿਹਾਸ ਦੀ ਪੇਸ਼ਕਾਰੀ ਨੂੰ ਲੈ ਕੇ ਵਿਵਾਦ ਖੜ੍ਹਾ ਕਰ ਦਿੱਤਾ ਹੈ। ਇਸ ਕਿਤਾਬ ਵਿੱਚ ਮੁਗਲ ਸਾਮਰਾਜ ਅਤੇ ਸਿੱਖ ਗੁਰੂਆਂ ਦੇ ਸੰਘਰਸ਼ ਨੂੰ ਇੱਕ ਖਾਸ ਨਜ਼ਰੀਏ ਨਾਲ ਪੇਸ਼ ਕੀਤਾ ਗਿਆ ਹੈ, ਜਿਸ ਨੂੰ ਆਲੋਚਕ ਸੰਘ ਪਰਿਵਾਰ ਦੀ ਵਿਚਾਰਧਾਰਾ ਨਾਲ ਜੋੜਦੇ ਹਨ। ਖਾਸ ਤੌਰ 'ਤੇ, ਮੁਗਲ ਸ਼ਾਸਕਾਂ ਨੂੰ ਜ਼ਾਲਮ ਅਤੇ ਧਾਰਮਿਕ ਅਸਹਿਣਸ਼ੀਲ ਦੱਸਿਆ ਗਿਆ ਹੈ, ਜਦਕਿ ਸਿੱਖ ਗੁਰੂਆਂ ਦੀ ਲੜਾਈ ਨੂੰ ਮੁਗਲ ਜ਼ੁਲਮ ਅਤੇ ਇਸਲਾਮ ਦੇ ਵਿਰੁੱਧ ਸੰਘਰਸ਼ ਵਜੋਂ ਦਰਸਾਇਆ ਗਿਆ ਹੈ। ਇਹ ਪੇਸ਼ਕਾਰੀ ਸਿੱਖ ਇਤਿਹਾਸ ਦੇ ਅਸਲ ਮਨੋਰਥ ਅਤੇ ਗੁਰੂ ਸਾਹਿਬਾਨ ਦੀ ਮਨੁੱਖਤਾ ਲਈ ਸੰਘਰਸ਼ ਦੀ ਭਾਵਨਾ ਨੂੰ ਗਲਤ ਰੂਪ ਵਿੱਚ ਪੇਸ਼ ਕਰਦੀ ਹੈ।

ਕਿਤਾਬ ਵਿੱਚ ਬਾਬਰ ਨੂੰ 'ਬੇਰਹਿਮ ਅਤੇ ਵਹਿਸ਼ੀ ਜੇਤੂ' ਦੱਸਿਆ ਗਿਆ, ਜਿਸ ਨੇ ਸ਼ਹਿਰਾਂ ਦੀ ਪੂਰੀ ਵਸੋਂ ਨੂੰ ਕਤਲ ਕੀਤਾ ਅਤੇ ਔਰਤਾਂ-ਬੱਚਿਆਂ ਨੂੰ ਗੁਲਾਮ ਬਣਾਇਆ। ਅਕਬਰ ਦੇ ਸ਼ਾਸਨ ਨੂੰ 'ਸਖਤ ਅਤੇ ਸਹਿਣਸ਼ੀਲਤਾ ਦਾ ਮਿਸ਼ਰਣ' ਕਿਹਾ ਗਿਆ, ਜਦਕਿ ਔਰੰਗਜ਼ੇਬ ਨੂੰ ਮੰਦਰਾਂ ਅਤੇ ਗੁਰਦੁਆਰਿਆਂ ਨੂੰ ਤਬਾਹ ਕਰਨ ਵਾਲਾ ਸ਼ਾਸਕ ਦਰਸਾਇਆ ਗਿਆ। ਜਜ਼ੀਆ ਨੂੰ 'ਅਪਮਾਨਜਨਕ ਕਰ' ਦੱਸਿਆ ਗਿਆ, ਜੋ ਗੈਰ-ਮੁਸਲਮਾਨਾਂ 'ਤੇ ਧਰਮ ਪਰਿਵਰਤਨ ਲਈ ਦਬਾਅ ਬਣਾਉਣ ਦੇ ਉਦੇਸ਼ ਨਾਲ ਲਗਾਇਆ ਗਿਆ ਸੀ। ਇਸ ਦੇ ਨਾਲ ਹੀ, ਸਿੱਖ ਗੁਰੂ ਸਾਹਿਬਾਨਾਂ ਦੀ ਮੁਗਲ ਸਾਮਰਾਜ ਵਿਰੁੱਧ ਲੜਾਈ ਨੂੰ ਧਾਰਮਿਕ ਸੰਘਰਸ਼ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ, ਜੋ ਸਿੱਖ ਇਤਿਹਾਸ ਦੇ ਵਿਦਵਾਨਾਂ ਅਤੇ ਬੁੱਧੀਜੀਵੀਆਂ ਦੇ ਅਨੁਸਾਰ, ਗੁਰੂ ਸਾਹਿਬਾਨ ਦੀ ਮਨੁੱਖਤਾ ਅਤੇ ਨਿਆਂ ਲਈ ਸੰਘਰਸ਼ ਦੀ ਭਾਵਨਾ ਨੂੰ ਤੋੜ-ਮਰੋੜ ਕੇ ਪੇਸ਼ ਕਰਦਾ ਹੈ।

**ਕੀ ਹੈ ਸਿੱਖ ਇਤਿਹਾਸ ਦਾ ਅਸਲ ਮਨੋਰਥ ਅਤੇ ਗੁਰੂ ਸਾਹਿਬਾਨ ਦਾ ਸੰਘਰਸ਼**

ਸਿੱਖ ਇਤਿਹਾਸ ਦੇ ਮੁਤਾਬਕ, ਗੁਰੂ ਸਾਹਿਬਾਨ ਦੀ ਲੜਾਈ ਸਿਰਫ਼ ਮੁਗਲ ਸਾਮਰਾਜ ਜਾਂ ਇਸਲਾਮ ਦੇ ਵਿਰੁੱਧ ਨਹੀਂ ਸੀ, ਸਗੋਂ ਇਹ ਜ਼ੁਲਮ ਅਤੇ ਅਨਿਆਂ ਦੇ ਵਿਰੁੱਧ ਮਨੁੱਖਤਾ ਦੀ ਰਾਖੀ ਲਈ ਸੀ। ਸਿੱਖ ਗੁਰੂਆਂ ਨੇ ਹਰ ਉਸ ਸ਼ਕਤੀ ਦਾ ਵਿਰੋਧ ਕੀਤਾ, ਜਿਸ ਨੇ ਆਮ ਲੋਕਾਂ 'ਤੇ ਜ਼ੁਲਮ ਕੀਤਾ, ਭਾਵੇਂ ਉਹ ਮੁਗਲ ਸ਼ਾਸਕ ਹੋਣ ਜਾਂ ਪਹਾੜੀ ਹਿੰਦੂ ਰਾਜੇ। ਗੁਰੂ ਨਾਨਕ ਦੇਵ ਜੀ ਨੇ ਬਾਬਰ ਦੀਆਂ ਜ਼ਿਆਦਤੀਆਂ ਦੀ ਨਿਖੇਧੀ ਕੀਤੀ ਸੀ, ਪਰ ਉਨ੍ਹਾਂ ਨੇ ਇਸਲਾਮ ਜਾਂ ਮੁਸਲਮਾਨਾਂ ਦੇ ਵਿਰੁੱਧ ਕੋਈ ਅੰਦੋਲਨ ਨਹੀਂ ਛੇੜਿਆ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ, ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਸਟੇਟ ਦੇ ਜ਼ੁਲਮ ਅਤੇ ਧਾਰਮਿਕ ਅਸਹਿਣਸ਼ੀਲਤਾ ਦੇ ਵਿਰੁੱਧ ਸੀ, ਨਾ ਕਿ ਕਿਸੇ ਧਰਮ ਜਾਂ ਜਾਤੀ ਦੇ ਵਿਰੁੱਧ।

ਗੁਰੂ ਸਾਹਿਬਾਨ ਨੇ ਖ਼ਾਲਸਾ ਪੰਥ ਦੀ ਸਥਾਪਨਾ ਮਨੁੱਖਤਾ ਦੀ ਸੇਵਾ, ਨਿਆਂ ਅਤੇ ਸਮਾਨਤਾ ਲਈ ਕੀਤੀ ਸੀ। ਸਿੱਖ ਲਹਿਰ ਵਿੱਚ ਜ਼ਿਆਦਾਤਰ ਕਿਰਤੀ, ਦਲਿਤ ਅਤੇ ਪਛੜੇ ਵਰਗ ਸ਼ਾਮਲ ਸਨ, ਜਿਨ੍ਹਾਂ ਨੂੰ ਸਮਾਜ ਵਿੱਚ ਬਰਾਬਰੀ ਦਾ ਅਧਿਕਾਰ ਦਿੱਤਾ ਗਿਆ। ਗੁਰੂ ਸਾਹਿਬ ਨੇ ਨਾ ਸਿਰਫ਼ ਮੁਗਲ ਸ਼ਾਸਕਾਂ ਦੇ ਜ਼ੁਲਮ ਦਾ ਵਿਰੋਧ ਕੀਤਾ, ਸਗੋਂ ਪਹਾੜੀ ਰਾਜਿਆਂ ਦੀਆਂ ਜ਼ਿਆਦਤੀਆਂ ਦੇ ਵਿਰੁੱਧ ਵੀ ਅਵਾਜ਼ ਉਠਾਈ। ਇਹ ਸੰਘਰਸ਼ ਸਟੇਟ ਦੀ ਸੱਤਾ ਨੂੰ ਚੁਣੌਤੀ ਸੀ, ਨਾ ਕਿ ਕਿਸੇ ਧਰਮ ਦੇ ਵਿਰੁੱਧ। ਪਰ ਐਨ.ਸੀ.ਆਰ.ਟੀ. ਦੀ ਕਿਤਾਬ ਇਸ ਸੰਘਰਸ਼ ਨੂੰ ਹਿੰਦੂ-ਮੁਸਲਮਾਨ ਸੰਘਰਸ਼ ਦੇ ਰੂਪ ਵਿੱਚ ਪੇਸ਼ ਕਰਕੇ ਸਿੱਖ ਇਤਿਹਾਸ ਦੀ ਗਲਤ ਵਿਆਖਿਆ ਕਰ ਰਹੀ ਹੈ।

ਸਿੱਖ ਵਿਦਵਾਨ ਸਰਦਾਰ ਗੁਰਤੇਜ ਸਿੰਘ ਆਈ.ਏ.ਐਸ. ਦਾ ਕਹਿਣਾ ਹੈ, 'ਗੁਰੂ ਸਾਹਿਬਾਨ ਦੀ ਲੜਾਈ ਮਨੁੱਖਤਾ ਦੇ ਹੱਕਾਂ ਅਤੇ ਨਿਆਂ ਲਈ ਸੀ। ਇਹ ਸੰਘਰਸ਼ ਮੁਗਲ ਸਾਮਰਾਜ ਦੀ ਜ਼ਾਲਮ ਸੱਤਾ ਦੇ ਵਿਰੁੱਧ ਸੀ, ਨਾ ਕਿ ਇਸਲਾਮ ਜਾਂ ਮੁਸਲਮਾਨਾਂ ਦੇ ਵਿਰੁੱਧ। ਐਨ.ਸੀ.ਆਰ.ਟੀ. ਦੀ ਕਿਤਾਬ ਸਿੱਖ ਇਤਿਹਾਸ ਨੂੰ ਸੰਘ ਪਰਿਵਾਰ ਦੀ ਵਿਚਾਰਧਾਰਾ ਦੇ ਅਧੀਨ ਪੇਸ਼ ਕਰਕੇ ਇਸ ਦੀ ਸੱਚਾਈ ਨੂੰ ਤੋੜ-ਮਰੋੜ ਰਹੀ ਹੈ।'


**ਸੰਘ ਪਰਿਵਾਰ ਦਾ ਪ੍ਰਭਾਵ ਅਤੇ ਸਿੱਖ ਬੁੱਧੀਜੀਵੀਆਂ ਦੀ ਚੁੱਪ**

ਆਲੋਚਕਾਂ ਦਾ ਮੰਨਣਾ ਹੈ ਕਿ ਐਨ.ਸੀ.ਆਰ.ਟੀ. ਦੀਆਂ ਨਵੀਆਂ ਕਿਤਾਬਾਂ ਵਿੱਚ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦੀ ਵਿਚਾਰਧਾਰਾ ਦਾ ਪ੍ਰਭਾਵ ਸਾਫ਼ ਵਿਖਾਈ ਦਿੰਦਾ ਹੈ। ਇਤਿਹਾਸ ਨੂੰ ਹਿੰਦੂ-ਮੁਸਲਮਾਨ ਸੰਘਰਸ਼ ਦੇ ਚਸ਼ਮੇ ਵਿੱਚ ਪੇਸ਼ ਕਰਕੇ, ਸੰਘ ਪਰਿਵਾਰ ਇੱਕ ਅਜਿਹੀ ਕਹਾਣੀ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਜਿਸ ਵਿੱਚ ਮੁਗਲ ਸ਼ਾਸਕਾਂ ਨੂੰ ਵਿਲੇਨ ਅਤੇ ਸਿੱਖ ਗੁਰੂਆਂ ਨੂੰ ਹਿੰਦੂ ਧਰਮ ਦੇ ਰਾਖੇ ਵਜੋਂ ਦਰਸਾਇਆ ਜਾ ਰਿਹਾ ਹੈ। ਪਰ ਸਿੱਖ ਇਤਿਹਾਸ ਦੀ ਸੱਚਾਈ ਇਸ ਤੋਂ ਬਿਲਕੁਲ ਵੱਖਰੀ ਹੈ। ਗੁਰੂ ਸਾਹਿਬਾਨ ਨੇ ਖ਼ਾਲਸਾ ਪੰਥ ਦੀ ਸਥਾਪਨਾ ਹਿੰਦੂ ਧਰਮ ਦੇ 'ਹੋਮਗਾਰਡ' ਵਜੋਂ ਨਹੀਂ ਕੀਤੀ, ਸਗੋਂ ਇਹ ਇੱਕ ਵਿਲੱਖਣ ਲਹਿਰ ਸੀ, ਜਿਸ ਦਾ ਮਕਸਦ ਸਾਰੇ ਮਨੁੱਖਾਂ ਨੂੰ ਜਾਤ-ਪਾਤ, ਧਰਮ ਅਤੇ ਵਰਗ ਦੇ ਭੇਦਭਾਵ ਤੋਂ ਮੁਕਤ ਕਰਨਾ ਸੀ।ਸਿੱਖ ਬੁੱਧੀਜੀਵੀ ਅਤੇ ਇਤਿਹਾਸਕਾਰ ਡਾ. ਗੁਰਦਰਸ਼ਨ ਸਿੰਘ ਢਿੱਲੋਂ, ਜੋ ਸਿੱਖ ਸਟੱਡੀਜ਼ ਦੇ ਮਾਹਿਰ ਹਨ, ਨੇ ਕਿਹਾ, 'ਐਨ.ਸੀ.ਆਰ.ਟੀ. ਦੀ ਕਿਤਾਬ ਸਿੱਖ ਇਤਿਹਾਸ ਨੂੰ ਸੰਘ ਦੀ ਵਿਚਾਰਧਾਰਾ ਦੇ ਅਧੀਨ ਢਾਲਣ ਦੀ ਕੋਸ਼ਿਸ਼ ਹੈ। ਸਿੱਖ ਗੁਰੂਆਂ ਦੀ ਲੜਾਈ ਜ਼ੁਲਮ ਅਤੇ ਅਨਿਆਂ ਦੇ ਵਿਰੁੱਧ ਸੀ, ਨਾ ਕਿ ਕਿਸੇ ਧਰਮ ਜਾਂ ਜਾਤੀ ਦੇ ਵਿਰੁੱਧ। ਐਨ.ਸੀ.ਆਰ.ਟੀ. ਦੀ ਪੇਸ਼ਕਾਰੀ ਸਿੱਖ ਇਤਿਹਾਸ ਦੀ ਵਿਰਾਸਤ ਨੂੰ ਤੋੜ-ਮਰੋੜ ਕੇ ਪੇਸ਼ ਕਰਦੀ ਹੈ।' ਉਨ੍ਹਾਂ ਨੇ ਸਿੱਖ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਇਸ ਮਾਮਲੇ 'ਤੇ ਆਵਾਜ਼ ਉਠਾਈ ਜਾਵੇ। ਪਰ ਅਫ਼ਸੋਸ ਦੀ ਗੱਲ ਹੈ ਕਿ ਸਿੱਖ ਸੰਸਥਾਵਾਂ, ਖਾਸ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.), ਨੇ ਇਸ ਮੁੱਦੇ 'ਤੇ ਹੁਣ ਤੱਕ ਕੋਈ ਸਪੱਸ਼ਟ ਬਿਆਨ ਨਹੀਂ ਦਿੱਤਾ। ਸਿੱਖ ਇਤਿਹਾਸ ਦੀ ਸਹੀ ਪੇਸ਼ਕਾਰੀ ਲਈ ਸਿੱਖ ਬੁੱਧੀਜੀਵੀਆਂ, ਸ਼੍ਰੋਮਣੀ ਕਮੇਟੀ ਅਤੇ ਹੋਰ ਸੰਗਠਨਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਇਤਿਹਾਸ ਨੂੰ ਨਫ਼ਰਤ ਦਾ ਸਾਧਨ ਬਣਾਉਣ ਦੀ ਬਜਾਏ, ਇਸ ਨੂੰ ਸਹਿਣਸ਼ੀਲਤਾ ਅਤੇ ਸਮਝ ਨੂੰ ਵਧਾਉਣ ਲਈ ਵਰਤਣਾ ਚਾਹੀਦਾ ਹੈ।

# ਯੂ.ਕੇ. ਵਿੱਚ ਸਿੱਖ ਰੈਜੀਮੈਂਟ ਬਣਨੀ ਹਾਲ ਦੀ ਘੜੀ ਮੁਸ਼ਕਿਲ

## ਲਾਰਡ ਸਹੋਤਾ ਨੇ ਉਠਾਇਆ ਮਸਲਾ, ਯੂ.ਕੇ. ਸੈਨਾ ਵਿੱਚ ਬਣਾਓ ਸਿੱਖ ਰੈਜੀਮੈਂਟ

## ਸਿੱਖ ਰੈਜੀਮੈਂਟ ਬਣਾਉਣ ਵਿੱਚ ਸਮਾਨਤਾ ਕਾਨੂੰਨ ਬਣਿਆ ਅੜਿੱਕਾ



ਬਰਤਾਨਵੀ ਸੈਨਾ ਵਿੱਚ ਸਿੱਖ ਰੈਜੀਮੈਂਟ ਦੀ ਸਥਾਪਨਾ ਦੀ ਗੱਲ ਕੋਈ ਨਵੀਂ ਨਹੀਂ। ਹਾਲ ਹੀ ਵਿੱਚ, 7 ਜੁਲਾਈ 2025 ਨੂੰ ਹਾਊਸ ਆਫ਼ ਲਾਰਡਜ਼ ਵਿੱਚ ਜਦੋਂ ਲਾਰਡ ਇੰਦਰਜੀਤ ਸਿੰਘ ਸਹੋਤਾ ਨੇ ਹਾਊਸ ਆਫ਼ ਲਾਰਡਜ਼ ਵਿੱਚ ਰੱਖਿਆ ਮੰਤਰੀ ਲਾਰਡ ਕੋਕਰ ਨੂੰ ਸਿੱਖ ਰੈਜੀਮੈਂਟ ਬਣਾਉਣ ਦੀ ਸੰਭਾਵਨਾ ਬਾਰੇ ਸਵਾਲ ਕੀਤਾ। ਲਾਰਡ ਸਹੋਤਾ ਨੇ ਦਲੀਲ ਦਿੱਤੀ ਕਿ ਬਰਤਾਨਵੀ ਰਾਜ ਸਮੇਂ ਸਿੱਖ ਸਿਪਾਹੀਆਂ ਨੇ ਅੰਗਰੇਜ਼ ਸੈਨਾ ਵਿੱਚ ਬਹਾਦਰੀ ਦੀਆਂ ਮਿਸਾਲਾਂ ਕਾਇਮ ਕੀਤੀਆਂ ਸਨ। ਪਹਿਲੀ ਅਤੇ ਦੂਜੀ ਵਿਸ਼ਵ ਜੰਗ ਵਿੱਚ ਸਿੱਖਾਂ ਦੀ ਵਫ਼ਾਦਾਰੀ ਅਤੇ ਕੁਰਬਾਨੀਆਂ ਨੂੰ ਕੋਈ ਨਹੀਂ ਭੁੱਲ ਸਕਦਾ। ਉਹਨਾਂ ਨੇ ਕਿਹਾ ਕਿ ਸਿੱਖ ਰੈਜੀਮੈਂਟ ਦਾ ਗਠਨ ਨਾ ਸਿਰਫ਼ ਸਿੱਖ ਵਿਰਾਸਤ ਨੂੰ ਸਨਮਾਨ ਦੇਵੇਗਾ, ਸਗੋਂ ਸਿੱਖ ਨੌਜਵਾਨਾਂ ਨੂੰ ਬਰਤਾਨਵੀ ਸੈਨਾ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਵੀ ਕਰੇਗਾ।

ਲਾਰਡ ਕੋਕਰ ਨੇ ਇਸ ਸਵਾਲ ਦਾ ਜਵਾਬ ਦਿੰਦਿਆਂ ਕਿਹਾ, 'ਮੈਨੂੰ ਇਸ ਮਾਮਲੇ ਬਾਰੇ ਸੋਚਣ ਦਿਓ। ਮੈਂ ਸਿੱਖ ਸਿਪਾਹੀਆਂ ਦੇ ਯੋਗਦਾਨ ਨੂੰ ਮਾਨਤਾ ਦੇਣ ਲਈ ਹੋਰ ਕੀ ਕੀਤਾ ਜਾ ਸਕਦਾ ਹੈ, ਇਸ ਬਾਰੇ ਗੱਲਬਾਤ ਲਈ ਤੁਹਾਡੇ ਨਾਲ ਮੁਲਾਕਾਤ ਕਰਨ ਨੂੰ ਤਿਆਰ ਹਾਂ।' ਇਸ ਜਵਾਬ ਨੇ ਬਹੁਤ ਸਾਰੇ ਪੰਜਾਬੀਆਂ ਵਿੱਚ ਇਹ ਉਮੀਦ ਜਗਾਈ ਕਿ ਸ਼ਾਇਦ ਬਰਤਾਨਵੀ ਸਰਕਾਰ ਸਿੱਖ ਰੈਜੀਮੈਂਟ ਦੀ ਸਥਾਪਨਾ ਲਈ ਸੰਜੀਦਗੀ ਨਾਲ ਸੋਚ ਰਹੀ ਹੈ। ਪਰ ਇਹ ਗੱਲ ਇੰਨੀ ਸੌਖੀ ਨਹੀਂ ਹੈ।

**ਰੱਖਿਆ ਮੰਤਰਾਲੇ ਦਾ ਸਪਸ਼ਟੀਕਰਨ: ਕੋਈ ਯੋਜਨਾ ਨਹੀਂ**

ਜਿਵੇਂ ਹੀ ਇਹ ਚਰਚਾ ਸੁਰਖੀਆਂ ਵਿੱਚ ਆਈ, ਬਰਤਾਨਵੀ ਰੱਖਿਆ ਮੰਤਰਾਲੇ ਨੇ ਸਪਸ਼ਟ ਕਰ ਦਿੱਤਾ ਕਿ ਸਿੱਖ ਰੈਜੀਮੈਂਟ ਬਣਾਉਣ ਦੀ ਕੋਈ ਯੋਜਨਾ ਨਹੀਂ ਹੈ। ਮੰਤਰਾਲੇ ਦੇ ਸੂਤਰਾਂ ਨੇ ਦੱਸਿਆ ਕਿ ਸਿੱਖ ਰੈਜੀਮੈਂਟ ਦਾ ਗਠਨ ਬਰਤਾਨੀਆ ਦੇ ਸਮਾਨਤਾ ਕਾਨੂੰਨ ਦੀ ਉਲੰਘਣਾ ਹੋਵੇਗਾ। ਇਸ ਕਾਨੂੰਨ ਅਨੁਸਾਰ, ਕਿਸੇ ਵੀ ਸਮੂਹ ਨੂੰ ਧਰਮ, ਨਸਲ ਜਾਂ ਜਾਤੀ ਦੇ ਆਧਾਰ 'ਤੇ ਵੱਖਰੀ ਸੰਸਥਾ ਜਾਂ ਰੈਜੀਮੈਂਟ ਦੀ ਸਥਾਪਨਾ ਨਹੀਂ ਕੀਤੀ ਜਾ ਸਕਦੀ, ਕਿਉਂਕਿ ਇਹ ਭੇਦਭਾਵ ਨੂੰ ਉਤਸ਼ਾਹਿਤ ਕਰ ਸਕਦਾ ਹੈ।

ਮੰਤਰਾਲੇ ਨੇ ਕਿਹਾ ਕਿ ਸਿੱਖ ਭਾਈਚਾਰੇ ਦੀਆਂ ਸੇਵਾਵਾਂ ਅਤੇ ਯੋਗਦਾਨ ਨੂੰ ਮਾਨਤਾ ਦੇਣ ਦੀ ਇੱਛਾ ਤਾਂ ਹੈ, ਪਰ ਇਸ ਦਾ ਮਤਲਬ ਇਹ ਨਹੀਂ ਕਿ ਵੱਖਰੀ ਰੈਜੀਮੈਂਟ ਬਣਾਈ ਜਾਵੇ।

ਲਾਰਡ ਸਹੋਤਾ ਨੇ ਇਸ ਜਵਾਬ ਦੇ ਵਿਰੋਧ ਵਿੱਚ ਆਪਣੀ ਗੱਲ ਨੂੰ ਹੋਰ ਮਜ਼ਬੂਤੀ ਨਾਲ ਰੱਖਿਆ। ਉਹਨਾਂ ਨੇ ਕਿਹਾ ਕਿ ਸਿੱਖ ਰੈਜੀਮੈਂਟ ਬਣਾਉਣਾ ਸਮਾਨਤਾ ਕਾਨੂੰਨ ਦੀ ਉਲੰਘਣਾ ਨਹੀਂ, ਕਿਉਂਕਿ ਬਰਤਾਨਵੀ ਸੈਨਾ ਵਿੱਚ ਪਹਿਲਾਂ ਹੀ ਕਈ ਖੇਤਰੀ ਅਤੇ ਸੱਭਿਆਚਾਰਕ ਰੈਜੀਮੈਂਟਾਂ ਹਨ। ਮਿਸਾਲ ਵਜੋਂ, ਬ੍ਰਿਗੇਡ ਆਫ਼ ਗੁਰਖਾਜ਼, ਰਾਇਲ ਯਾਰਕਸ਼ਾਇਰ ਰੈਜੀਮੈਂਟ, ਰਾਇਲ ਵੈਲਸ਼ ਅਤੇ ਰਾਇਲ ਰੈਜੀਮੈਂਟ ਆਫ਼ ਸਕਾਟਲੈਂਡ ਵਰਗੀਆਂ ਸੰਸਥਾਵਾਂ ਹਨ। ਉਹਨਾਂ ਨੇ ਕਿਹਾ, 'ਰਾਇਲ ਰੈਜੀਮੈਂਟ ਆਫ਼ ਸਕਾਟਲੈਂਡ ਵਿੱਚ ਸੇਵਾ ਕਰਨ ਲਈ ਸਕਾਟਿਸ਼ ਹੋਣਾ ਜ਼ਰੂਰੀ ਨਹੀਂ। ਇਸੇ ਤਰ੍ਹਾਂ ਸਿੱਖ ਰੈਜੀਮੈਂਟ ਵਿੱਚ ਵੀ ਸਿੱਖ ਸੱਭਿਆਚਾਰ ਦੀ ਨੁਮਾਇੰਦਗੀ ਹੋਵੇਗੀ, ਪਰ ਇਹ ਸਿਰਫ਼ ਸਿੱਖਾਂ ਤੱਕ ਸੀਮਤ ਨਹੀਂ ਹੋਵੇਗੀ।'

ਸਹੋਤਾ ਦਾ ਮੁੱਖ ਤਰਕ ਸੀ ਕਿ ਸਿੱਖ ਰੈਜੀਮੈਂਟ ਨਾਲ ਸਿੱਖ ਨੌਜਵਾਨਾਂ ਨੂੰ ਸੈਨਾ ਵਿੱਚ ਸ਼ਾਮਲ ਹੋਣ ਦਾ ਮੌਕਾ ਮਿਲੇਗਾ। ਉਹ ਪਗੜੀ ਪਹਿਨ ਸਕਣਗੇ, ਦਾੜ੍ਹੀ ਰੱਖ ਸਕਣਗੇ ਅਤੇ ਆਪਣੀ ਵਿਰਾਸਤ ਨੂੰ ਮਾਣ ਨਾਲ ਪੇਸ਼ ਕਰ ਸਕਣਗੇ। ਇਸ ਨਾਲ ਨਾ ਸਿਰਫ਼ ਸਿੱਖ ਭਾਈਚਾਰੇ ਦਾ ਸਨਮਾਨ ਹੋਵੇਗਾ, ਸਗੋਂ ਬਰਤਾਨੀਆ ਦੇ ਭਾਰਤ ਅਤੇ ਦੱਖਣੀ ਏਸ਼ੀਆ ਨਾਲ ਸਬੰਧ ਵੀ ਮਜ਼ਬੂਤ ਹੋਣਗੇ।

**ਇਤਿਹਾਸ ਦੀਆਂ ਗੂੰਜਾਂ: ਸਿੱਖਾਂ ਦੀਆਂ ਸੈਨਿਕ ਸੇਵਾਵਾਂ**

ਸਿੱਖਾਂ ਦਾ ਬਰਤਾਨਵੀ ਸੈਨਾ ਨਾਲ ਰਿਸ਼ਤਾ ਕੋਈ ਨਵਾਂ ਨਹੀਂ। ਅੰਗਰੇਜ਼ ਰਾਜ ਦੌਰਾਨ ਸਿੱਖ ਸਿਪਾਹੀਆਂ ਨੇ ਨਾ ਸਿਰਫ਼ ਭਾਰਤ ਵਿਚ, ਸਗੋਂ ਵਿਸ਼ਵ ਜੰਗਾਂ ਵਿੱਚ ਵੀ ਅਹਿਮ ਭੂਮਿਕਾ ਨਿਭਾਈ। ਪਹਿਲੀ ਵਿਸ਼ਵ ਜੰਗ (1914-1918) ਵਿੱਚ ਲਗਭਗ 1.5 ਲੱਖ ਸਿੱਖ ਸਿਪਾਹੀਆਂ ਨੇ ਅੰਗਰੇਜ਼ਾਂ ਦੀ ਸੈਨਾ ਵਿੱਚ ਸੇਵਾਵਾਂ ਦਿੱਤੀਆਂ, ਜਦਕਿ ਦੂਜੀ ਵਿਸ਼ਵ ਜੰਗ (1939-1945) ਵਿੱਚ ਵੀ ਸਿੱਖ ਰੈਜੀਮੈਂਟਾਂ ਨੇ ਬਰਮਾ, ਇਟਲੀ, ਅਤੇ ਉੱਤਰੀ ਅਫ਼ਰੀਕਾ ਦੇ ਮੋਰਚਿਆਂ 'ਤੇ ਬਹਾਦਰੀ ਦੀਆਂ ਮਿਸਾਲਾਂ ਕਾਇਮ ਕੀਤੀਆਂ।

ਇਸ ਇਤਿਹਾਸ ਨੂੰ ਮੁੜ ਜਿਉਂਦਾ ਕਰਨ ਦੀ ਗੱਲ ਸਿੱਖ ਭਾਈਚਾਰੇ ਵਿੱਚ ਹਮੇਸ਼ਾ ਹੀ ਉਤਸ਼ਾਹ ਜਗਾਉਂਦੀ ਹੈ। ਲਾਰਡ ਸਹੋਤਾ ਵਰਗੇ ਆਗੂ ਮੰਨਦੇ ਹਨ ਕਿ ਸਿੱਖ ਰੈਜੀਮੈਂਟ ਦੀ ਸਥਾਪਨਾ ਨਾਲ ਇਸ ਵਿਰਾਸਤ ਨੂੰ ਨਵੀਂ ਪੀੜ੍ਹੀ ਨਾਲ ਜੋੜਿਆ ਜਾ ਸਕਦਾ ਹੈ। ਲਾਰਡ ਇੰਦਰਜੀਤ ਸਿੰਘ ਸਹੋਤਾ ਬਰਤਾਨੀਆ ਦੇ ਪਹਿਲੇ ਸਿੱਖ ਪੀਅਰ ਹਨ ਅਤੇ ਸਿੱਖ ਭਾਈਚਾਰੇ ਦੇ ਮੁੱਦਿਆਂ ਨੂੰ ਅਕਸਰ ਹਾਊਸ ਆਫ਼ ਲਾਰਡਜ਼ ਵਿੱਚ ਉਠਾਉਂਦੇ ਰਹਿੰਦੇ ਹਨ। ਯੂ.ਕੇ. ਸਿੱਖ ਫ਼ੈਡਰੇਸ਼ਨ ਅਤੇ ਹੋਰ ਸੰਗਠਨਾਂ ਦਾ ਕਹਿਣਾ ਹੈ ਕਿ ਸਿੱਖ ਰੈਜੀਮੈਂਟ ਨਾਲ ਸਿੱਖ ਨੌਜਵਾਨਾਂ ਨੂੰ ਆਪਣੀ ਪਛਾਣ ਨਾਲ ਜੁੜੇ ਰਹਿਣ ਦਾ ਮੌਕਾ ਮਿਲੇਗਾ।

**ਮੰਗ ਦੀ ਸ਼ੁਰੂਆਤ ਕਦੋਂ ਅਤੇ ਕਿਵੇਂ ਹੋਈ ?**

ਸਿੱਖ ਰੈਜੀਮੈਂਟ ਦੀ ਮੰਗ ਕੋਈ ਨਵੀਂ ਨਹੀਂ। ਇਹ ਗੱਲ ਪਹਿਲੀ ਵਾਰ 2007 ਵਿੱਚ ਸੁਰਖੀਆਂ ਵਿਚ ਆਈ, ਜਦੋਂ ਸਿੱਖ ਭਾਈਚਾਰੇ ਦੇ ਕੁਝ ਆਗੂਆਂ ਨੇ ਇਸ ਨੂੰ ਬਰਤਾਨਵੀ ਸਰਕਾਰ ਅੱਗੇ ਉਠਾਇਆ। ਉਸ ਸਮੇਂ ਵੀ ਰੱਖਿਆ ਮੰਤਰਾਲੇ ਨੇ ਸਮਾਨਤਾ ਕਾਨੂੰਨ ਦਾ ਹਵਾਲਾ ਦਿੰਦਿਆਂ ਇਸ ਪ੍ਰਸਤਾਵ ਨੂੰ ਰੱਦ ਕਰ ਦਿੱਤਾ ਸੀ। ਇਸ ਤੋਂ ਬਾਅਦ, 2015 ਅਤੇ 2019 ਵਿੱਚ ਵੀ ਇਸ ਮਸਲੇ 'ਤੇ ਚਰਚਾ ਹੋਈ, ਪਰ ਹਰ ਵਾਰੀ ਕਾਨੂੰਨੀ ਅਤੇ ਪ੍ਰਬੰਧਕੀ ਅੜਚਣਾਂ ਨੇ ਰਾਹ ਰੋਕਿਆ।

ਹਾਲੀਆ ਚਰਚਾ 7 ਜੁਲਾਈ 2025 ਨੂੰ ਲਾਰਡ ਸਹੋਤਾ ਦੇ ਸਵਾਲ ਨਾਲ ਮੁੜ ਸੁਰਖੀਆਂ ਵਿੱਚ ਆਈ। ਇਸ ਵਾਰੀ ਲਾਰਡ ਕੋਕਰ ਦੇ ਜਵਾਬ ਨੇ ਇਹ ਉਮੀਦ ਜਗਾਈ ਕਿ ਸ਼ਾਇਦ ਸਰਕਾਰ ਇਸ ਵੱਲ ਸੰਜੀਦਗੀ ਨਾਲ ਸੋਚੇਗੀ, ਪਰ ਮੰਤਰਾਲੇ ਦੇ ਸਪਸ਼ਟੀਕਰਨ ਨੇ ਇਸ ਉਮੀਦ 'ਤੇ ਪਾਣੀ ਫ਼ੇਰ ਦਿੱਤਾ।

(ਬਾਕੀ ਸਫ਼ਾ 30 'ਤੇ)



# ਕੀ ਪੰਜਾਬ ’ਚ ਵਾਪਸ ਪਰਤਿਆ ਹੈ ਝੂਠੇ ਪੁਲਿਸ ਮੁਕਾਬਲਿਆਂ ਦਾ ਦੌਰ ?

## 2025 ਵਿੱਚ 20 ਮੁਕਾਬਲੇ, 5 ਮੌਤਾਂ: ਪੁਲਿਸ ਦੀ ਕਾਰਵਾਈ ’ਤੇ ਸਵਾਲ

## ਬੁੱਧੀਜੀਵੀਆਂ ਦਾ ਦੋਸ਼: ਪੁਲਿਸ ਮੁਕਾਬਲੇ ਸਰਕਾਰ ਦੇ ਮੱਥੇ ’ਤੇ ਕਲੰਕ





ਪੰਜਾਬ ਵਿੱਚ ਪੁਲਿਸ ਮੁਕਾਬਲੇ ਕੋਈ ਨਵੀਂ ਗੱਲ ਨਹੀਂ। ਸਰਕਾਰ ਭਾਵੇਂ ਅਕਾਲੀ ਦਲ, ਕਾਂਗਰਸ ਜਾਂ ਹੁਣ ‘ਆਪ’ ਦੀ ਹੋਵੇ, ਇਹ ਮੁਕਾਬਲੇ ਕਦੇ ਨਹੀਂ ਰੁਕੇ। 2025 ਦੇ ਪਹਿਲੇ ਸੱਤ ਮਹੀਨਿਆਂ ਵਿੱਚ 20 ਮੁਕਾਬਲੇ ਹੋਏ, ਜਿਨ੍ਹਾਂ ਵਿੱਚ 5 ਲੋਕ ਮਾਰੇ ਗਏ ਤੇ 17 ਜ਼ਖਮੀ ਹੋਏ। ਅਬੋਹਰ ਦੇ ਵਪਾਰੀ ਸੰਜੈ ਵਰਮਾ ਦੇ ਕਤਲ ਨਾਲ ਜੁੜੇ ਮਾਮਲੇ ਵਿੱਚ 8 ਤੇ 11 ਜੁਲਾਈ ਨੂੰ ਹੋਏ ਮੁਕਾਬਲਿਆਂ ਵਿੱਚ 3 ਕਥਿਤ ਦੋਸ਼ੀ ਮਾਰੇ ਗਏ। ਇਸੇ ਤਰ੍ਹਾਂ 22 ਜੁਲਾਈ ਨੂੰ ਤਰਨ ਤਾਰਨ ’ਚ ਗੁਰਲਾਲ ਸਿੰਘ ਜ਼ਖਮੀ ਹੋਇਆ, ਜੋ ਗੈਂਗਸਟਰ ਲਖਬੀਰ ਸਿੰਘ ਲੰਡਾ ਦਾ ਸਾਥੀ ਸੀ। 20 ਜੁਲਾਈ ਨੂੰ ਰਾਏਕੋਟ ਵਿੱਚ ਨਾਨਕ ਰਾਮ ਵੀ ਮੁਕਾਬਲੇ ਵਿੱਚ ਜ਼ਖਮੀ ਹੋਇਆ। ਮੁਕਾਬਲਿਆਂ ਦੀ ਕਹਾਣੀ ਲਗਭਗ ਇੱਕੋ ਜਿਹੀ ਹੁੰਦੀ ਹੈ: ਪੁਲਿਸ ਮੁਲਜ਼ਮ ਨੂੰ ਹਥਿਆਰ ਬਰਾਮਦ ਕਰਨ ਲਈ ਲੈ ਜਾਂਦੀ ਹੈ, ਮੁਲਜ਼ਮ ਜਾਂ ਉਸ ਦੇ ਸਾਥੀ ਹਮਲਾ ਕਰ ਦਿੰਦੇ ਹਨ, ਤੇ ਪੁਲਿਸ ਜਵਾਬੀ ਕਾਰਵਾਈ ਵਿੱਚ ਗੋਲੀ ਚਲਾਉਂਦੀ ਹੈ। ਪਰ ਇਹ ਇੱਕੋ ਜਿਹੀ ਕਹਾਣੀ ਸਵਾਲ ਖੜ੍ਹੇ ਕਰਦੀ ਹੈ ਕਿ ਕੀ ਇਹ ਸੱਚ ਹਨ ਜਾਂ ਸਾਜ਼ਿਸ਼ ਦਾ ਹਿੱਸਾ ?

ਹੈਰਾਨੀ ਦੀ ਗੱਲ ਹੈ ਕਿ ਅਦਾਲਤਾਂ ਵੀ ਇਸ ਬਾਰੇ ਨੋਟਿਸ ਨਹੀਂ ਲੈਂਦੀਆਂ।

**2023 ਤੇ 2025 ਵਿੱਚ ਮੁਕਾਬਲਿਆਂ ਦੀ ਗਿਣਤੀ**

2023 ਵਿੱਚ ਪੰਜਾਬ ’ਚ ਪੁਲਿਸ ਮੁਕਾਬਲਿਆਂ ਦੀ ਸਹੀ ਗਿਣਤੀ ਬਾਰੇ ਸਰਕਾਰੀ ਅੰਕੜੇ ਜਨਤਕ ਨਹੀਂ, ਪਰ ਮੀਡੀਆ ਰਿਪੋਰਟਾਂ ਮੁਤਾਬਕ 30 ਤੋਂ ਵੱਧ ਮੁਕਾਬਲੇ ਹੋਏ ਸਨ, ਜਿਨ੍ਹਾਂ ਵਿੱਚ ਕਈ ਕਥਿਤ ਗੈਂਗਸਟਰ ਮਾਰੇ ਗਏ ਜਾਂ ਜ਼ਖਮੀ ਹੋਏ। 2025 ਵਿੱਚ ਜੁਲਾਈ ਤੱਕ 20 ਮੁਕਾਬਲੇ ਦਰਜ ਹੋਏ ਹਨ, ਜਿਨ੍ਹਾਂ ਵਿੱਚ 5 ਮੌਤਾਂ ਤੇ 17 ਜ਼ਖਮੀਆਂ ਦੀ ਰਿਪੋਰਟ ਹੈ। ਇਹ ਅੰਕੜੇ ਦਰਸਾਉਂਦੇ ਹਨ ਕਿ ਮੁਕਾਬਲਿਆਂ ਦੀ ਗਿਣਤੀ ਘਟੀ ਨਹੀਂ, ਸਗੋਂ ਸਥਿਤੀ ਜਿਉਂ ਦੀ ਤਿਉਂ ਹੈ।

ਸੀਨੀਅਰ ਵਕੀਲ ਰਾਜਵਿੰਦਰ ਸਿੰਘ ਬੈਂਸ ਮੁਤਾਬਕ ਪੁਲਿਸ ਦੀ ਸਿਖਲਾਈ ਵਿੱਚ ਕਮੀਆਂ ਹਨ, ਜਿਸ ਕਾਰਨ ਐਫ.ਆਈ.ਆਰ. ਦੀ ਭਾਸ਼ਾ ਹਮੇਸ਼ਾ ਇੱਕੋ ਜਿਹੀ ਹੁੰਦੀ ਹੈ। ਉਹ ਇਨ੍ਹਾਂ ਮੁਕਾਬਲਿਆਂ ਨੂੰ ਸਰਕਾਰਾਂ ਦੇ ਮੱਥੇ ’ਤੇ ਕਲੰਕ ਮੰਨਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਅਜਿਹੇ ਮੁਕਾਬਲੇ ਪੁਲਿਸ ਦੀ ਸਾਖ ਨੂੰ ਢਾਹ ਲਾਉਂਦੇ ਹਨ। ਇਹ ਮਨੁੱਖੀ ਅਧਿਕਾਰਾਂ ਤੇ ਕਨੂੰਨ ਦੀ ਉਲੰਘਣਾ ਹੈ।

ਪੰਜਾਬ ਪੁਲਿਸ ਦੇ ਕਾਰਜਕਾਰੀ ਮੁਖੀ ਗੌਰਵ ਯਾਦਵ ਦਾਅਵਾ ਕਰਦੇ ਹਨ ਕਿ ਪੁਲਿਸ ਕਾਨੂੰਨ ਦੇ ਦਾਇਰੇ ਵਿੱਚ ਕੰਮ ਕਰਦੀ ਹੈ, ਪਰ ਜਦੋਂ ਮੁਲਜ਼ਮ ਹਮਲਾ ਕਰਦੇ ਹਨ ਤਾਂ ਜਵਾਬੀ ਕਾਰਵਾਈ ਜ਼ਰੂਰੀ ਹੁੰਦੀ ਹੈ। ਪਰ ਸਵਾਲ ਉੱਠਦਾ ਹੈ ਕਿ 1-2 ਮੁਲਜ਼ਮ ਪੁਲਿਸ ਟੁਕੜੀ ’ਤੇ ਹਮਲਾ ਕਰਨ ਦੀ ਹਿੰਮਤ ਕਿਵੇਂ ਕਰਦੇ ਹਨ ? ਤੇ ਬਰਾਮਦਗੀ ਵਾਲੇ ਰਸਤੇ ਦੀ ਸੂਹ ਮੁਲਜ਼ਮਾਂ ਦੇ ਸਾਥੀਆਂ ਨੂੰ ਪਹਿਲਾਂ ਹੀ ਕਿਵੇਂ ਮਿਲ ਜਾਂਦੀ ਹੈ ?

**ਰਾਜਨੀਤਕ ਪਾਰਟੀਆਂ ਚੁੱਪ ਕਿਉਂ ?**

ਪੰਜਾਬ ਵਿੱਚ ਵਿਰੋਧੀ ਪਾਰਟੀਆਂ ਅਮਨ-ਕਾਨੂੰਨ ਦੀ ਸਥਿਤੀ ’ਤੇ ਬਿਆਨਬਾਜ਼ੀ ਤਾਂ ਕਰਦੀਆਂ ਹਨ, ਪਰ ਪੁਲਿਸ ਮੁਕਾਬਲਿਆਂ ਦੇ ਮੁੱਦੇ ’ਤੇ ਚੁੱਪ ਕਿਉਂ ? ਕਿਸੇ ਵੀ ਵੱਡੀ ਸਿਆਸੀ ਪਾਰਟੀ ਨੇ ਇਸ ਮੁੱਦੇ ’ਤੇ ਸੜਕਾਂ ’ਤੇ ਉਤਰ ਕੇ ਵਿਰੋਧ ਨਹੀਂ ਕੀਤਾ। ਇਹ ਚੁੱਪ ਕਈ ਸਵਾਲ ਖੜ੍ਹੇ ਕਰਦੀ ਹੈ। ਕੀ ਸਿਆਸੀ ਲਾਭ ਲਈ ਇਹ ਮੁਕਾਬਲਿਆਂ ਨੂੰ ਅਣਡਿੱਠ ਕੀਤਾ ਜਾ ਰਿਹਾ ਹੈ ? ‘ਆਪ’ ਮੰਤਰੀ ਅਮਨ ਅਰੋੜਾ ਦਾ ਕਹਿਣਾ ਹੈ ਕਿ ਅਪਰਾਧੀਆਂ ਨਾਲ ਸਖ਼ਤੀ ਜ਼ਰੂਰੀ ਹੈ, ਪਰ ਬੁੱਧੀਜੀਵੀ ਸਵਾਲ ਉਠਾਉਂਦੇ ਹਨ ਕਿ ਕੀ ਇਹ ਝੂਠੇ ਮੁਕਾਬਲੇ ਗੈਰ-ਕਾਨੂੰਨੀ ਨਹੀਂ ? ਭਾਰਤ ਦਾ ਨਵਾਂ ਬੀ.ਐਨ.ਐਸ. ਕਾਨੂੰਨ ਮੁਲਜ਼ਮਾਂ ਨੂੰ ਬਰਾਮਦਗੀ ਲਈ ਲਿਜਾਉਣ ਸਮੇਂ ਵੀਡੀਓ ਰਿਕਾਰਡਿੰਗ ਦੀ ਹਦਾਇਤ ਦਿੰਦਾ ਹੈ, ਪਰ ਕੀ ਪੰਜਾਬ ਪੁਲਿਸ ਇਸ ਦੀ ਪਾਲਣਾ ਕਰਦੀ ਹੈ ? ਜੇ ਨਹੀਂ, ਤਾਂ ਕੀ ਇਹ ਪੁਲਿਸ ਨੂੰ ਅਪਰਾਧੀ ਨਹੀਂ ਬਣਾਉਂਦਾ ? ਪੰਜਾਬ ਦੇ ਇਤਿਹਾਸ ਵਿੱਚ ਫ਼ਰਜ਼ੀ ਮੁਕਾਬਲਿਆਂ ਦੀ ਲੰਮੀ ਫ਼ੇਰਿਸਤ ਹੈ, ਜਿਸ ਵਿੱਚ ਹਜ਼ਾਰਾਂ ਸਿੱਖ ਨੌਜਵਾਨ ਲਾਵਾਰਸ ਕਹਿ ਕੇ ਸਾੜੇ ਗਏ। ਇਸ ਦਾ ਪਰਦਾਫ਼ਾਸ਼ ਮਨੁੱਖੀ ਅਧਿਕਾਰਾਂ ਦੇ ਚੈਂਪੀਅਨ ਜਸਵੰਤ ਸਿੰਘ ਖਾਲੜਾ ਨੇ ਕੀਤਾ ਸੀ ਪਰ ਉਸ ਨੂੰ ਵੀ ਬੁੱਚੜ ਪੁਲਿਸ ਅਫ਼ਸਰਾਂ ਨੇ ਲਾਵਾਰਸ ਲਾਸ਼ ਬਣਾ ਦਿੱਤਾ। ਅਜਿਹੇ ਮੁਕਾਬਲੇ ਨਾ ਸਿਰਫ਼ ਪੁਲਿਸ ਦੀ ਸਾਖ ਨੂੰ ਢਾਹ ਲਾਉਂਦੇ ਹਨ, ਸਗੋਂ ਪੰਜਾਬ ਦੇ ਲੋਕਾਂ ’ਚ ਡਰ ਤੇ ਅਸੁਰੱਖਿਆ ਦਾ ਮਾਹੌਲ ਵੀ ਪੈਦਾ ਕਰਦੇ ਹਨ।

**ਕੀ ਭਗਵੰਤ ਮਾਨ ਬੇਅੰਤ ਸਿੰਘ ਦੇ ਰਾਹ ’ਤੇ ਤੁਰ ਪਏ ਨੇ ?**

ਕੁਝ ਜਥੇਬੰਦੀਆਂ ਤੇ ਕਿਸਾਨਾਂ ਨੇ ਤਪਾ ਵਿੱਚ ਹਾਲ ਹੀ ਵਿੱਚ ਇਕੱਠ ਕਰਕੇ ਮੁੱਖ ਮੰਤਰੀ ਭਗਵੰਤ ਮਾਨ ’ਤੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਵਰਗੀ ਨੀਤੀ ਅਪਣਾਉਣ ਦੇ ਦੋਸ਼ ਲਾਏ। ਬੇਅੰਤ ਸਿੰਘ ਦੇ ਸਮੇਂ ਵਿੱਚ ਫ਼ਰਜ਼ੀ ਮੁਕਾਬਲਿਆਂ ਦਾ ਦੌਰ ਸਿਖਰ ’ਤੇ ਸੀ, ਜਿਸ ਨੇ ਪੰਜਾਬ ਵਿੱਚ ਦਹਿਸ਼ਤ ਦਾ ਮਾਹੌਲ ਬਣਾਇਆ ਸੀ। ਅੱਜ ਦੇ ਮੁਕਾਬਲਿਆਂ ਦੀ ਇੱਕੋ ਜਿਹੀ ਐਫ.ਆਈ.ਆਰ. ਤੇ ਸਥਿਤੀਆਂ ਨੂੰ ਦੇਖਦਿਆਂ ਲੋਕਾਂ ਵਿੱਚ ਇਹ ਚਰਚਾ ਹੈ ਕਿ ਕੀ ਮਾਨ ਸਰਕਾਰ ਵੀ ਉਸੇ ਰਾਹ ’ਤੇ ਹੈ ? ਪਰ ਸਰਕਾਰ ਦਾ ਕਹਿਣਾ ਹੈ ਕਿ ਅਪਰਾਧ ਨੂੰ ਰੋਕਣ ਲਈ ਸਖ਼ਤੀ ਜ਼ਰੂਰੀ ਹੈ। ਫ਼ਿਰ ਵੀ, ਜਨਤਕ ਵਿਰੋਧ ਵਧ ਰਿਹਾ ਹੈ, ਤੇ ਲੋਕ ਸਵਾਲ ਉਠਾਉਂਦੇ ਹਨ ਕਿ ਸੱਚਾਈ ਨੂੰ ਦਬਾਉਣ ਲਈ ਫ਼ਰਜ਼ੀ ਮੁਕਾਬਲੇ ਕੀਤੇ ਜਾ ਰਹੇ ਹਨ ਜਾਂ ਅਪਰਾਧ ਨੂੰ ਰੋਕਣ ਲਈ ਅਜਿਹਾ ਜ਼ਰੂਰੀ ਹੈ ?

ਪੰਥਕ ਆਗੂ ਜਸਵਿੰਦਰ ਸਿੰਘ ਐਡਵੋਕੇਟ ਆਖਦੇ ਹਨ ਕਿ ਪੰਜਾਬ ਵਿੱਚ ਪੁਲਿਸ ਮੁਕਾਬਲੇ ਸਿਰਫ਼ ਅਪਰਾਧ ਨਿਯੰਤਰਣ ਦਾ ਮੁੱਦਾ ਨਹੀਂ, ਸਗੋਂ ਇੱਕ ਸਮਾਜਿਕ ਤੇ ਸਿਆਸੀ ਸਵਾਲ ਵੀ ਹਨ। ਇਨ੍ਹਾਂ ਮੁਕਾਬਲਿਆਂ ਦੀ ਸੱਚਾਈ ’ਤੇ ਸਵਾਲ, ਪੁਲਿਸ ਦੀ ਸਿਖਲਾਈ, ਸਿਆਸੀ ਚੁੱਪ ਤੇ ਕਾਨੂੰਨ ਦੀ ਪਾਲਣਾ ਨੂੰ ਲੈ ਕੇ ਚਰਚਾ ਜ਼ਰੂਰੀ ਹੈ। ਜੇ ਪੁਲਿਸ ਫ਼ਰਜ਼ੀ ਮੁਕਾਬਲਿਆਂ ਵਿੱਚ ਸ਼ਾਮਲ ਹੈ, ਤਾਂ ਇਹ ਨਾ ਸਿਰਫ਼ ਕਾਨੂੰਨ ਦੀ ਉਲੰਘਣਾ ਹੈ, ਸਗੋਂ ਪੰਜਾਬ ਦੇ ਲੋਕਾਂ ਦੇ ਹੱਕਾਂ ’ਤੇ ਵੀ ਹਮਲਾ ਹੈ। ਸਰਕਾਰ ਤੇ ਪੁਲਿਸ ਨੂੰ ਇਸ ਮੁੱਦੇ ’ਤੇ ਪਾਰਦਰਸ਼ਤਾ ਦਿਖਾਉਣ ਦੀ ਲੋੜ ਹੈ।

---

### ਬੇਅਦਬੀ ਬਿੱਲ ਨੂੰ ਲੈ ਕੇ ਪੰਜਾਬ ਵਿੱਚ ਸਿਆਸੀ ਤੂਫ਼ਾਨ ਮਚਿਆ

# ਸਪੀਕਰ ਵੱਲੋਂ ਬਿੱਲ ਸਿਲੈਕਟ ਕਮੇਟੀ ਹਵਾਲੇ, ਛੇ ਮਹੀਨਿਆਂ ਦਾ ਸਮਾਂ ਦਿੱਤਾ

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਲਈ ਵੱਖਰਾ ਕਾਨੂੰਨ ਬਣਾਉਣ ਦੀ ਮੰਗ, ਸ਼੍ਰੋਮਣੀ ਕਮੇਟੀ ਅਤੇ ਜਥੇਦਾਰ ਦਾ ਸਖ਼ਤ ਰੁਖ

## ਭਾਜਪਾ ਦਾ ਬਿੱਲ ਦੀਆਂ ਕਾਪੀਆਂ ਸਾੜ ਕੇ ਵਿਰੋਧ, ਦਲਿਤ ਸਮਾਜ ਦਾ ਪੱਤਾ ਖੇਡਣ ਲੱਗੀ



ਪੰਜਾਬ ਦੀ ਸਿਆਸੀ ਧਰਤੀ ’ਤੇ ਇੱਕ ਵਾਰ ਫਿਰ ਬੇਅਦਬੀ ਦੇ ਮਸਲੇ ਨੇ ਤੂਫ਼ਾਨ ਖੜ੍ਹਾ ਕਰ ਦਿੱਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਮੇਤ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਨੂੰ ਰੋਕਣ ਲਈ ਪੰਜਾਬ ਵਿਧਾਨ ਸਭਾ ਵਿੱਚ ਪੇਸ਼ ਕੀਤੇ ਗਏ ‘ਪੰਜਾਬ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧ ਦੀ ਰੋਕਥਾਮ ਬਾਰੇ ਬਿੱਲ-2025’ ਨੇ ਸਿਆਸੀ ਤੇ ਸਮਾਜਕ ਗਲਿਆਰਿਆਂ ਵਿੱਚ ਹੰਗਾਮਾ ਮਚਾ ਦਿੱਤਾ ਹੈ। ਇਸ ਬਿੱਲ ਨੂੰ ਸਿਲੈਕਟ ਕਮੇਟੀ ਹਵਾਲੇ ਕਰਨ ਦੇ ਵਿਧਾਨ ਸਭਾ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਦੇ ਫੈਸਲੇ ਨੇ ਜਿੱਥੇ ਇੱਕ ਪਾਸੇ ਸਮਾਜ ਵਿੱਚ ਨਿਆਂ ਦੀ ਆਸ ਜਗਾਈ ਹੈ, ਉਥੇ ਦੂਜੇ ਪਾਸੇ ਸਿਆਸੀ ਪਾਰਟੀਆਂ, ਪੰਥਕ ਜਥੇਬੰਦੀਆਂ ਤੇ ਧਾਰਮਿਕ ਸਮਾਜਾਂ ਦੇ ਇਤਰਾਜ਼ਾਂ ਨੇ ਮਸਲੇ ਨੂੰ ਹੋਰ ਪੇਚੀਦਾ ਕਰ ਦਿੱਤਾ ਹੈ।

**ਸਪੀਕਰ ਵੱਲੋਂ ਸਿਲੈਕਟ ਕਮੇਟੀ ਦਾ ਗਠਨ**

ਵਿਧਾਨ ਸਭਾ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਇਸ ਬਿੱਲ ਨੂੰ ਹੋਰ ਸੰਜੀਦਗੀ ਨਾਲ ਜਾਂਚਣ ਲਈ 15 ਮੈਂਬਰੀ ਸਿਲੈਕਟ ਕਮੇਟੀ ਦਾ ਗਠਨ ਕੀਤਾ ਹੈ, ਜਿਸ ਦੀ ਅਗਵਾਈ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਜਰ ਕਰਨਗੇ। ਇਸ ਕਮੇਟੀ ’ਚ ਡਾ. ਅਜੈ ਗੁਪਤਾ, ਡਾ. ਅਮਨਦੀਪ ਕੌਰ ਅਰੋੜਾ, ਇੰਦਰਜੀਤ ਕੌਰ ਮਾਨ, ਜਗਦੀਪ ਕੰਬੋਜ, ਜੰਗੀ ਲਾਲ ਮਹਾਜਨ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਨੀਨਾ ਮਿੱਤਲ, ਪ੍ਰੋ. ਬਲਜਿੰਦਰ ਕੌਰ, ਪ੍ਰਿੰਸੀਪਲ ਬੁੱਧ ਰਾਮ, ਬ੍ਰਹਮ ਸ਼ੰਕਰ ਜਿੰਪਾ, ਬਲਵਿੰਦਰ ਸਿੰਘ ਧਾਲੀਵਾਲ, ਮਦਨ ਲਾਲ ਬੱਗਾ, ਮਨਪ੍ਰੀਤ ਸਿੰਘ ਇਯਾਲੀ ਅਤੇ ਮੁਹੰਮਦ ਜ਼ਮੀਲ ਉਰ ਰਹਿਮਾਨ ਸ਼ਾਮਲ ਹਨ। ਇਸ ਕਮੇਟੀ ਨੂੰ ਛੇ ਮਹੀਨਿਆਂ ਦੇ ਅੰਦਰ ਆਪਣੀ ਰਿਪੋਰਟ ਸੌਂਪਣ ਦਾ ਜ਼ਿੰਮਾ ਸੌਂਪਿਆ ਗਿਆ ਹੈ।

ਸਪੀਕਰ ਸੰਧਵਾਂ ਨੇ ਸਪੱਸ਼ਟ ਕੀਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕਿਸੇ ਇੱਕ ਧਰਮ ਜਾਂ ਫਿਰਕੇ ਨਾਲ ਜੋੜ ਕੇ ਨਹੀਂ ਦੇਖਿਆ ਜਾ ਸਕਦਾ। ‘ਗੁਰੂ ਜੀ ਦਾ ਸੰਦੇਸ਼ ਸਮੁੱਚੀ ਲੋਕਾਈ ਲਈ ਹੈ। ਇਸ ਵਿੱਚ ਸਾਰੇ ਧਰਮਾਂ ਦੇ ਮਹਾਨ ਸੰਤਾਂ ਤੇ ਮਹਾਪੁਰਸ਼ਾਂ ਦੀ ਬਾਣੀ ਸਮਾਈ ਹੋਈ ਹੈ। ਇਸ ਦਾ ਸਤਿਕਾਰ ਸਾਰੇ ਧਰਮਾਂ ਦੇ ਲੋਕ ਕਰਦੇ ਹਨ। ਪਰ ਇਸ ਮਸਲੇ ’ਤੇ ਸਿਆਸਤ ਦੀ ਅੱਗ ਨੂੰ ਹੋਰ ਹਵਾ ਦੇਣ ਦੀ ਕੋਸ਼ਿਸ਼ ਕਰ ਰਹੀਆਂ ਵਿਰੋਧੀ ਪਾਰਟੀਆਂ, ਖਾਸਕਰ ਭਾਜਪਾ, ਨੂੰ ਸਪੀਕਰ ਨੇ ਗੈਰ-ਵਾਜਿਬ ਕਰਾਰ ਦਿੱਤਾ।

**ਬਿੱਲ ਦੀਆਂ ਮੁੱਖ ਗੱਲਾਂ: ਸਖ਼ਤ ਸਜ਼ਾ ਦੀ ਵਿਵਸਥਾ**

ਇਸ ਬਿੱਲ ਵਿੱਚ ਬੇਅਦਬੀ ਦੇ ਦੋਸ਼ੀਆਂ ਲਈ ਸਖ਼ਤ ਸਜ਼ਾਵਾਂ ਦਾ ਪ੍ਰਸਤਾਵ ਹੈ। ਜੇਕਰ ਕੋਈ ਵਿਅਕਤੀ ਸ੍ਰੀ ਗੁਰੂ ਗ੍ਰੰਥ ਸਾਹਿਬ, ਭਗਵਦ ਗੀਤਾ, ਪਵਿੱਤਰ ਬਾਈਬਲ, ਕੁਰਾਨ ਸ਼ਰੀਫ ਜਾਂ ਹੋਰ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਕਰਦਾ ਪਾਇਆ ਜਾਂਦਾ ਹੈ, ਤਾਂ ਉਸ ਨੂੰ ਘੱਟੋ-ਘੱਟ 10 ਸਾਲ ਦੀ ਕੈਦ ਤੋਂ ਲੈ ਕੇ ਉਮਰ ਕੈਦ ਤੱਕ ਦੀ ਸਜ਼ਾ ਹੋ ਸਕਦੀ ਹੈ। ਨਾਲ ਹੀ, ਜੁਰਮਾਨੇ ਦੀ ਰਕਮ 5 ਲੱਖ ਤੋਂ ਵਧਾ ਕੇ 10 ਲੱਖ ਰੁਪਏ ਕਰਨ ਦੀ ਤਜਵੀਜ਼ ਹੈ। ਜੇਕਰ ਕੋਈ ਵਿਅਕਤੀ ਬੇਅਦਬੀ ਦੀ ਕੋਸ਼ਿਸ਼ ਕਰਦਾ ਹੈ, ਤਾਂ ਉਸ ਨੂੰ 3 ਤੋਂ 5 ਸਾਲ ਦੀ ਸਜ਼ਾ ਅਤੇ 3 ਲੱਖ ਰੁਪਏ ਤੱਕ ਜੁਰਮਾਨਾ ਹੋ ਸਕਦਾ ਹੈ। ਇਹ ਸਾਰੀਆਂ ਧਾਰਾਵਾਂ ਗੈਰ-ਜ਼ਮਾਨਤੀ ਅਤੇ ਗੈਰ-ਸਮਝੌਤਾਯੋਗ ਹੋਣਗੀਆਂ ਅਤੇ ਮਾਮਲਿਆਂ ਦੀ ਸੁਣਵਾਈ ਸੈਸ਼ਨ ਕੋਰਟ ਵਿੱਚ ਹੋਵੇਗੀ।

ਇਸ ਬਿੱਲ ਦਾ ਮਕਸਦ ਸਾਰੇ ਧਰਮਾਂ ਨਾਲ ਜੁੜੇ ਪਵਿੱਤਰ ਗ੍ਰੰਥਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ।

**ਸਿੱਖ ਪੰਥ ਵੱਲੋਂ ਬਿਲ ਦਾ ਵਿਰੋਧ ਕਿਉਂ ?**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਬਿੱਲ ’ਤੇ ਸਖ਼ਤ ਇਤਰਾਜ਼ ਜਤਾਇਆ ਹੈ। ਜਥੇਦਾਰ ਨੇ ਕਿਹਾ, ‘ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਾਗਤ ਜੋਤਿ ਗੁਰੂ ਹਨ। ਉਨ੍ਹਾਂ ਨੂੰ ਦੂਜੇ ਗ੍ਰੰਥਾਂ ਜਾਂ ਬੁੱਤਾਂ ਨਾਲ ਨਹੀਂ ਮਿਲਾਇਆ ਜਾ ਸਕਦਾ। ਸੂਬਾ ਸਰਕਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਲਈ ਵੱਖਰਾ ਕਾਨੂੰਨ ਬਣਾਉਣਾ ਚਾਹੀਦਾ ਹੈ।’ ਉਨ੍ਹਾਂ ਨੇ ਸਰਕਾਰ ਨੂੰ ਸਿਫਾਰਸ਼ ਕੀਤੀ ਕਿ ਇਸ ਮਸਲੇ ’ਤੇ ਸ਼੍ਰੋਮਣੀ ਕਮੇਟੀ ਨਾਲ ਵਿਚਾਰ-ਵਟਾਂਦਰਾ ਕੀਤਾ ਜਾਵੇ।

ਇਸੇ ਤਰ੍ਹਾਂ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਸ ਬਿੱਲ ਨੂੰ ‘ਆਪ’ ਸਰਕਾਰ ਦੀ ‘ਡਰਾਮੇਬਾਜ਼ੀ’ ਕਰਾਰ ਦਿੱਤਾ। ਉਨ੍ਹਾਂ ਨੇ ਆਖਿਆ, ‘ਪਿਛਲੇ ਦਸ ਸਾਲਾਂ ਦੌਰਾਨ ਪੰਜਾਬ ਵਿੱਚ ਹੋਈਆਂ ਬੇਅਦਬੀਆਂ ਦੀ ਜਾਂਚ ਜੱਜਾਂ ਦੀ ਨਿਗਰਾਨੀ ਵਿੱਚ ਹੋਣੀ ਚਾਹੀਦੀ। ‘ਆਪ’ ਸਰਕਾਰ ਦਾ ਇਹ ਬਿੱਲ ਸਿਰਫ਼ ਸਿਆਸੀ ਨਾਟਕ ਹੈ।’ ਸੁਖਬੀਰ ਨੇ ਦੋਸ਼ ਲਗਾਇਆ ਕਿ ਵਿਰੋਧੀ ਪਾਰਟੀਆਂ ਨੇ ਅਕਾਲੀ ਦਲ ਨੂੰ ਬੇਅਦਬੀ ਮਾਮਲਿਆਂ ’ਚ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ, ਜਦਕਿ ਸੱਚਾਈ ਇਹ ਹੈ ਕਿ ਅਕਾਲੀ ਸਰਕਾਰ ਨੇ ਇਨ੍ਹਾਂ ਮਾਮਲਿਆਂ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪੀ ਸੀ।

**ਭਾਜਪਾ ਦਲਿਤ ਪੱਤਾ ਖੇਡਣ ਲੱਗੀ**

ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਵੀ ਇਸ ਬਿੱਲ ’ਤੇ ਸਖ਼ਤ ਇਤਰਾਜ਼ ਜਤਾਉਂਦਿਆਂ ਇਸ ਦੀਆਂ ਕਾਪੀਆਂ ਸਾੜ ਕੇ ਵਿਰੋਧ ਜਤਾਇਆ। ਭਾਜਪਾ ਦੇ ਸੀਨੀਅਰ ਆਗੂ ਅਤੇ ਸਾਬਕਾ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਨੇ ਦੋਸ਼ ਲਗਾਇਆ ਕਿ ‘ਆਪ’ ਸਰਕਾਰ ਨੇ ਬਿੱਲ ’ਚ ਰਵਿਦਾਸੀ ਅਤੇ ਵਾਲਮੀਕੀ ਸਮਾਜ ਦੇ ਪਵਿੱਤਰ ਗ੍ਰੰਥਾਂ ਅਤੇ ਮੂਰਤੀਆਂ ਦੀ ਬੇਅਦਬੀ ਲਈ ਕੋਈ ਸਜ਼ਾ ਦਾ ਪ੍ਰਬੰਧ ਨਹੀਂ ਕੀਤਾ। (**ਬਾਕੀ ਸਫ਼ਾ 30 ’ਤੇ**)

# ਟਰੰਪ ਦੀ ਪ੍ਰਸਿੱਧੀ ਵਿੱਚ ਭਾਰੀ ਗਿਰਾਵਟ ਆਈ : ਸਰਵੇਖਣ

## ਇਮੀਗ੍ਰੇਸ਼ਨ ਨੀਤੀ, ਸਰਕਾਰੀ ਖ਼ਰਚਿਆਂ ਵਿੱਚ ਕਮੀ ਅਤੇ ਮੈਡੀਕੇਡ ਵਰਗੇ ਮੁੱਦਿਆਂ ਕਾਰਨ ਲੋਕ ਹੋਏ ਨਾਰਾਜ਼

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਲਗਭਗ ਛੇ ਮਹੀਨੇ ਪਹਿਲਾਂ ਮਜ਼ਬੂਤ ਬਹੁਮਤ ਨਾਲ ਸੱਤਾ ਵਿੱਚ ਆਏ ਸਨ, ਪਰ ਟਰੰਪ ਆਪਣੀ ਪ੍ਰਸਿੱਧੀ ਨੂੰ ਬਰਕਰਾਰ ਨਹੀਂ ਰੱਖ ਸਕੇ ਹਨ ਅਤੇ ਤਾਜ਼ਾ ਸਰਵੇਖਣ ਵਿੱਚ ਉਨ੍ਹਾਂ ਦੀ ਪ੍ਰਸਿੱਧੀ ਵਿੱਚ ਭਾਰੀ ਗਿਰਾਵਟ ਦੇਖੀ ਗਈ ਹੈ। ਰਾਸ਼ਟਰਪਤੀ ਟਰੰਪ ਦੀ ਇਮੀਗ੍ਰੇਸ਼ਨ ’ਤੇ ਜਨਤਕ ਪ੍ਰਵਾਨਗੀ ਰੇਟਿੰਗ ਹਾਲ ਹੀ ਦੇ ਹਫ਼ਤਿਆਂ ਵਿੱਚ ਡਿੱਗ ਕੇ 41% ਹੋ ਗਈ ਹੈ, ਜੋ ਕਿ ਵ੍ਹਾਈਟ ਹਾਊਸ ਵਿੱਚ ਉਨ੍ਹਾਂ ਦੀ ਵਾਪਸੀ ਤੋਂ ਬਾਅਦ ਸਭ ਤੋਂ ਘੱਟ ਹੈ। ਲੋਕਾਂ ਵਿੱਚ ਖਾਸ ਕਰਕੇ ਇਮੀਗ੍ਰੇਸ਼ਨ ਨੀਤੀ, ਸਰਕਾਰੀ ਖ਼ਰਚਿਆਂ ਵਿੱਚ ਕਮੀ ਅਤੇ ਮੈਡੀਕੇਡ ਵਰਗੇ ਮੁੱਦਿਆਂ ’ਤੇ ਬਹੁਤ ਨਾਰਾਜ਼ਗੀ ਹੈ।



ਇਹ ਸਰਵੇਖਣ ਐਸੋਸੀਏਟਿਡ ਪ੍ਰੈਸ-ਐਨ.ਓ.ਆਰ.ਸੀ ਸੈਂਟਰ ਦੁਆਰਾ ਕੀਤਾ ਗਿਆ। ਇਮੀਗ੍ਰੇਸ਼ਨ ਦੇ ਮੁੱਦੇ ’ਤੇ ਟਰੰਪ ਦੀ ਰੇਟਿੰਗ ਵਿੱਚ ਗਿਰਾਵਟ ਆਈ ਹੈ, ਜਦੋਂ ਕਿ ਇਮੀਗ੍ਰੇਸ਼ਨ ਇੱਕ ਅਜਿਹਾ ਮੁੱਦਾ ਹੈ ਜੋ ਟਰੰਪ ਦੀ ਤਾਕਤ ਰਿਹਾ ਹੈ। ਦੋ ਦਿਨਾਂ ਦੇ ਪੋਲ ਵਿੱਚ ਉੱਤਰਦਾਤਾਵਾਂ ਦੇ 41% ਹਿੱਸੇ ਨੇ ਕਿਹਾ ਕਿ ਉਨ੍ਹਾਂ ਨੇ ਰਾਸ਼ਟਰਪਤੀ ਵਜੋਂ ਟਰੰਪ ਦੇ ਸਮੁੱਚੇ ਪ੍ਰਦਰਸ਼ਨ ਨੂੰ ਮਨਜ਼ੂਰੀ ਦਿੱਤੀ, ਜੋ ਕਿ 21-23 ਜੂਨ ਦੇ ਰੀਡਿੰਗ ਨਾਲ ਮੇਲ ਖਾਂਦਾ ਹੈ ਜੋ ਟਰੰਪ ਦੇ ਦੂਜੇ ਕਾਰਜਕਾਲ ਦਾ ਹੁਣ ਤੱਕ ਦਾ ਸਭ ਤੋਂ ਘੱਟ ਹੈ। ਜੂਨ ਦੇ ਪੋਲ ਵਿੱਚ ਇਮੀਗ੍ਰੇਸ਼ਨ ’ਤੇ ਟਰੰਪ ਦੀ ਪ੍ਰਵਾਨਗੀ ਰੇਟਿੰਗ 43% ਸੀ।ਸਰਵੇਖਣ ਦੇ ਜਵਾਬ ਦੇਣ ਵਾਲਿਆਂ ਵਿੱਚੋਂ ਸਿਰਫ਼ 28% ਨੇ ਕਿਹਾ ਕਿ ਉਹ ਇਸ ਗੱਲ ਨਾਲ ਸਹਿਮਤ ਹਨ ਕਿ ‘ਕੰਮ ਵਾਲੀਆਂ ਥਾਂਵਾਂ ’ਤੇ ਇਮੀਗ੍ਰੇਸ਼ਨ ਗ੍ਰਿਫ਼ਤਾਰੀਆਂ ਦੇਸ਼ ਲਈ ਚੰਗੀਆਂ ਹਨ,’ ਜਦੋਂ ਕਿ 54% ਨੇ ਇਸ ਨਾਲ ਸਹਿਮਤੀ ਨਹੀਂ ਪ੍ਰਗਟਾਈ। ਰਿਪਬਲਿਕਨ ਖਾਸ ਤੌਰ ’ਤੇ ਵੰਡੇ ਹੋਏ ਸਨ, ਜਿਨ੍ਹਾਂ ਵਿਚੋਂ 56% ਕੰਮ ਵਾਲੀਆਂ ਥਾਂਵਾਂ ’ਤੇ ਛਾਪਿਆਂ ਦੇ ਹੱਕ ਵਿੱਚ, 24% ਨੇ ਵਿਰੋਧ ਕੀਤਾ ਅਤੇ ਲਗਭਗ 20% ਨੇ ਕਿਹਾ ਕਿ ਉਹ ਅਨਿਸ਼ਚਿਤ ਹਨ। ਡੈਮੋਕਰੇਟ ਬਹੁਤ ਜ਼ਿਆਦਾ ਅਸਹਿਮਤ ਸਨ।

ਸਰਵੇਖਣ ਵਿੱਚ ਲੋਕਾਂ ਨੇ ਦੱਸਿਆ ਕਿ ਟਰੰਪ ਪ੍ਰਸ਼ਾਸਨ ਦੀਆਂ ਨੀਤੀਆਂ ਦਾ ਉਨ੍ਹਾਂ ਦੇ ਰੋਜ਼ਾਨਾ ਜੀਵਨ ’ਤੇ ਕੋਈ ਸਕਾਰਾਤਮਕ ਪ੍ਰਭਾਵ ਨਹੀਂ ਪਿਆ ਹੈ, ਸਗੋਂ ਬਹੁਤ ਸਾਰੇ ਲੋਕ ਮੰਨਦੇ ਹਨ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਵਧੀਆਂ ਹਨ ਜਾਂ ਉਨ੍ਹਾਂ ਨੂੰ ਉਨ੍ਹਾਂ ਦੀਆਂ ਨੀਤੀਆਂ ਤੋਂ ਦੁੱਖ ਹੋਇਆ ਹੈ। ਸਿਰਫ਼ ਇੱਕ ਤਿਹਾਈ ਲੋਕਾਂ ਦਾ ਮੰਨਣਾ ਹੈ ਕਿ ਟਰੰਪ ਦੇ ਆਉਣ ਨਾਲ ਉਨ੍ਹਾਂ ਨੂੰ ਰਾਹਤ ਮਿਲੀ ਹੈ। ਵਿਰੋਧੀ ਪਾਰਟੀ ਡੈਮੋਕ੍ਰੇਟਿਕ ਪਾਰਟੀ ਦੇ ਸਮਰਥਕਾਂ ਅਤੇ ਲੋਕਾਂ ਨੇ ਕਿਹਾ ਕਿ ਟਰੰਪ ਦੀਆਂ ਨੀਤੀਆਂ ਦਾ ਉਨ੍ਹਾਂ ਦੇ ਜੀਵਨ ’ਤੇ ਬੁਰਾ ਪ੍ਰਭਾਵ ਪਿਆ ਹੈ। ਬਹੁਤ ਸਾਰੇ ਰਿਪਬਲਿਕਨ ਸਮਰਥਕ ਵੀ ਇਹੀ ਮੰਨਦੇ ਹਨ। ਟਰੰਪ ਸਰਕਾਰ ਦੀ ਟੈਰਿਫ਼ ਨੀਤੀ ਕਾਰਨ ਅਮਰੀਕਾ ਵਿੱਚ ਮਹਿੰਗਾਈ ਵਧ ਰਹੀ ਹੈ। ਇਸ ਦੇ ਨਾਲ ਹੀ, ਟਰੰਪ ਸਰਕਾਰ ਆਪਣੇ ਬਿਗ ਬਿਊਟੀਫ਼ੁੱਲ ਬਿੱਲ ਰਾਹੀਂ ਸਮਾਜ ਭਲਾਈ ਸਕੀਮਾਂ ਵਿੱਚ ਕਟੌਤੀ ਕਰ ਰਹੀ ਹੈ ਅਤੇ ਮੈਡੀਕੇਡ ਸਹੂਲਤਾਂ ਨੂੰ ਵੀ ਘਟਾ ਰਹੀ ਹੈ। ਇਸ ਕਾਰਨ ਅਮਰੀਕਾ ਵਿੱਚ 11 ਮਿਲੀਅਨ ਲੋਕ ਸਿਹਤ ਬੀਮੇ ਤੋਂ ਬਾਹਰ ਹੋ ਜਾਣਗੇ ਅਤੇ ਇਸ ਨਾਲ ਸੰਘੀ ਸਰਕਾਰ ’ਤੇ ਖਰਬਾਂ ਡਾਲਰ ਦਾ ਕਰਜ਼ਾ ਵੀ ਵਧੇਗਾ। ਟਰੰਪ ਵਿਦੇਸ਼ੀ ਯੁੱਧਾਂ ਨੂੰ ਖਤਮ ਕਰਨ ਲਈ ਵੀ ਸੰਘਰਸ਼ ਕਰ ਰਹੇ ਹਨ ਅਤੇ ਹੁਣ ਤੱਕ ਰੂਸ-ਯੂਕ੍ਰੇਨ ਯੁੱਧ ਅਤੇ ਪੱਛਮੀ ਏਸ਼ੀਆ ਵਿੱਚ ਸ਼ਾਂਤੀ ਸਥਾਪਤ ਨਹੀਂ ਹੋ ਸਕੀ ਹੈ।

## ਅਮਰੀਕਾ ਦੇ ਨਿਆਂ ਵਿਭਾਗ ਵੱਲੋਂ ਸੰਘੀ ਅਦਾਲਤਾਂ ਦੇ ਦਰਜਨ ਤੋਂ ਵੱਧ ਇਮੀਗ੍ਰੇਸ਼ਨ ਜੱਜਾਂ ਦੀ ਛੁੱਟੀ

ਸੈਕਰਾਮੈਂਟੋ,ਕੈਲੀਫੋਰਨੀਆ/ ਹੁਸਨ ਲੜੋਆ ਬੰਗਾ: ਨਿਆਂ ਵਿਭਾਗ ਨੇ ਹਾਲ ਹੀ ਵਿੱਚ ਇਕ ਦਰਜਨ ਤੋਂ ਵੱਧ ਜੱਜਾਂ ਦੀ ਛੁੱਟੀ ਕਰ ਦਿੱਤੀ ਹੈ। ਇਹ ਜਾਣਕਾਰੀ ਜੱਜਾਂ ਦੀ ਪ੍ਰਤੀਨਿਧਤਾ ਕਰਦੀ ਯੂਨੀਅਨ ਨੇ ਦਿੱਤੀ ਹੈ। ਇੰਟਰਨੈਸ਼ਨਲ ਫ਼ੈਡਰੇਸ਼ਨ ਆਫ਼ ਪ੍ਰੋਫ਼ੈਸ਼ਨਲ ਐਂਡ ਟੈਕਨੀਕਲ ਇੰਜੀਨੀਅਰਜ਼ ਨੇ ਜਾਰੀ ਇੱਕ ਬਿਆਨ ਵਿੱਚ ਕਿਹਾ ਹੈ ਕਿ 11 ਜੁਲਾਈ ਤੋਂ ਲੈ ਕੇ ਹੁਣ ਤੱਕ 17 ਇਮੀਗ੍ਰੇਸ਼ਨ ਜੱਜਾਂ ਨੂੰ ਘਰ ਭੇਜ ਦਿੱਤਾ ਗਿਆ ਹੈ। ਇਹ ਜੱਜ ਸੰਘੀ ਅਦਾਲਤਾਂ ਵਿੱਚ ਪ੍ਰਵਾਸ ਨਾਲ ਜੁੜੇ ਮਾਮਲਿਆਂ ਦੀ ਸੁਣਵਾਈ ਕਰਦੇ ਸਨ। ਯੂਨੀਅਨ ਅਨੁਸਾਰ ਟਰੰਪ ਪ੍ਰਸ਼ਾਸਨ ਪਰਵਾਸੀਆਂ ਦੀ ਫੜੋ-ਫੜੀ ਤੇ ਉਨ੍ਹਾਂ ਨੂੰ ਦੇਸ਼ ਨਿਕਾਲ਼ਾ ਦੇਣ ਦੇ ਕੰਮ ਵਿੱਚ ਤੇਜੀ ਲਿਆਉਣਾ ਚਾਹੁੰਦਾ ਹੈ। ਜਿਨ੍ਹਾਂ ਰਾਜਾਂ ਵਿੱਚ ਜੱਜਾਂ ਨੂੰ ਬਰਖ਼ਾਸਤ ਕੀਤਾ ਗਿਆ ਹੈ ਉਨ੍ਹਾਂ ਵਿੱਚ ਕੈਲੀਫ਼ੋਰਨੀਆ, ਲੋਇਸਆਨਾ, ਨਿਊਯਾਰਕ ਤੇ ਟੈਕਸਾਸ ਸ਼ਾਮਿਲ ਹਨ। ਯੂਨੀਅਨ ਦੇ ਪ੍ਰਧਾਨ ਮੈਟ ਬਿਗਸ ਨੇ ਕਿਹਾ ਹੈ ਕਿ ਟਰੰਪ ਪ੍ਰਸ਼ਾਸਨ ਦਾ ਇਹ ਗ਼ੈਰ ਗੰਭੀਰ ਕਦਮ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਜੱਜਾਂ ਵਿਰੁੱਧ ਕਾਰਵਾਈ ਬੰਦ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਸਾਰੇ ਜੱਜਾਂ ਨੂੰ ਬਿਨਾਂ ਕਾਰਨ ਬਰਖ਼ਾਸਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਹੈ ਕਿ ਹੁਣ ਕੇਵਲ 600 ਦੇ ਆਸ ਪਾਸ ਜੱਜ ਰਹਿ ਗਏ ਹਨ। ਟਰਾਂਸਐਕਸ਼ਨਲ ਰਿਕਾਰਡਜ ਅਸੈਸ ਕਲੀਅਰਿੰਗ ਹਾਊਸ ਅਨੁਸਾਰ ਇਮੀਗ੍ਰੇਸ਼ਨ ਅਦਾਲਤਾਂ ਵਿੱਚ 36 ਲੱਖ ਮਾਮਲੇ ਸੁਣਵਾਈ ਅਧੀਨ ਹਨ। ਅਜਿਹੇ ਹਾਲਾਤ ਵਿੱਚ ਪਰਵਾਸੀਆਂ ਨੂੰ ਨਿਆਂ ਮਿਲਣ ਦੀਸੰਭਾਵਨਾ ਖਤਮ ਹੁੰਦੀ ਜਾ ਰਹੀ ਹੈ।

## ਹੁਣ ਅਮਰੀਕਾ ਨਹੀਂ ਰਿਹਾ ਭਾਰਤੀ ਵਿਦਿਆਰਥੀਆਂ ਦੀ ਪਹਿਲੀ ਪਸੰਦ

### ਭਾਰਤੀ ਵਿਦਿਆਰਥੀਆਂ ਦਾ ਅਮਰੀਕੀ ਯੂਨੀਵਰਸਿਟੀਆਂ ਵਿੱਚ ਪੜ੍ਹਾਈ ਕਰਨ ਤੋਂ ਮੋਹ ਭੰਗ

### ਵੀਜ਼ਾ ਨਿਯਮਾਂ ’ਚ ਸਖ਼ਤੀ ਹੋਣ ਕਾਰਨ ਅਮਰੀਕਾ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ 70 ਪ੍ਰਤੀਸ਼ਤ ਦੀ ਕਮੀ ਆਈ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਖ਼ਤ ਵੀਜ਼ਾ ਨਿਯਮਾਂ ਦਾ ਅਸਰ ਭਾਰਤੀ ਵਿਦਿਆਰਥੀਆਂ ’ਤੇ ਦਿਖਾਈ ਦੇ ਰਿਹਾ ਹੈ। ਤਾਜ਼ਾ ਜਾਣਕਾਰੀ ਮੁਤਾਬਕ ਭਾਰਤੀ ਵਿਦਿਆਰਥੀਆਂ ਦਾ ਅਮਰੀਕੀ ਯੂਨੀਵਰਸਿਟੀਆਂ ਵਿੱਚ ਪੜ੍ਹਾਈ ਕਰਨ ਤੋਂ ਮੋਹ ਭੰਗ ਹੋ ਰਿਹਾ ਹੈ। ਵੀਜ਼ਾ ਨਿਯਮਾਂ ਵਿੱਚ ਲਗਾਤਾਰ ਸਖ਼ਤੀ ਹੋਣ ਕਾਰਨ ਅਮਰੀਕਾ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ 70 ਪ੍ਰਤੀਸ਼ਤ ਦੀ ਕਮੀ ਆਈ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਗਿਰਾਵਟ ਵੀਜ਼ਾ ਅਪੌਇੰਟਮੈਂਟ ਸਲਾਟ ’ਤੇ ਪਾਬੰਦੀ ਅਤੇ ਵੀਜ਼ਾ ਪ੍ਰਵਾਨਗੀ ਵਿੱਚ ਦੇਰੀ ਕਾਰਨ ਆਈ ਹੈ।



ਹੈਦਰਾਬਾਦ ਓਵਰਸੀਜ਼ ਕੰਸਲਟੈਂਟ ਨੇ ਦੱਸਿਆ ਕਿ ਆਮ ਤੌਰ ’ਤੇ ਇਸ ਸਮੇਂ ਤੱਕ ਜ਼ਿਆਦਾਤਰ ਵਿਦਿਆਰਥੀ ਆਪਣੇ ਵੀਜ਼ਾ ਇੰਟਰਵਿਊ ਪੂਰੇ ਕਰ ਲੈਂਦੇ ਹਨ ਅਤੇ ਅਮਰੀਕਾ ਜਾਣ ਦੀ ਤਿਆਰੀ ਕਰ ਰਹੇ ਹੁੰਦੇ ਹਨ। ਇਸ ਸਾਲ ਅਸੀਂ ਅਜੇ ਵੀ ਹਰ ਰੋਜ਼ ਪੋਰਟਲ ਦੀ ਜਾਂਚ ਕਰ ਰਹੇ ਹਾਂ ਤਾਂ ਜੋ ਇੱਕ ਸਲਾਟ ਖੁੱਲ੍ਹ ਸਕੇ। ਅਜਿਹਾ ਪਹਿਲਾਂ ਕਦੇ ਨਹੀਂ ਹੋਇਆ। ਜਦਕਿ ਅਮਰੀਕੀ ਅਧਿਕਾਰੀਆਂ ਨੇ ਵਾਅਦਾ ਕੀਤਾ ਸੀ ਕਿ ਵੀਜ਼ਾ ਸਲਾਟ ਪੜਾਵਾਂ ਵਿੱਚ ਜਾਰੀ ਕੀਤੇ ਜਾਣਗੇ, ਹਾਲਾਂਕਿ ਬਹੁਤ ਜ਼ਿਆਦਾ ਅਸਪਸ਼ਟਤਾ ਹੈ, ਜਿਸ ਨਾਲ ਵਿਦਿਆਰਥੀ ਚਿੰਤਤ ਹਨ।

ਵਿੰਡੋ ਓਵਰਸੀਜ਼ ਐਜੂਕੇਸ਼ਨ ਕੰਸਲਟੈਂਸੀ ਦੇ ਮਾਹਰ ਦਾ ਕਹਿਣਾ ਹੈ ਕਿ ਜਿਨ੍ਹਾਂ ਵਿਦਿਆਰਥੀਆਂ ਨੇ ਸਲਾਟ ਬੁੱਕ ਕੀਤੇ ਹਨ ਉਨ੍ਹਾਂ ਨੂੰ ਅਜੇ ਤੱਕ ਪੁਸ਼ਟੀ ਪੱਤਰ ਨਹੀਂ ਮਿਲਿਆ ਹੈ। ਬੁਕਿੰਗ ਦੀ ਪੁਸ਼ਟੀ ਕੀਤੇ ਬਿਨਾਂ ਸਲਾਟ ਖੁੱਲ੍ਹੇ ਰਹਿਣ ਦਾ ਇੱਕੋ ਇੱਕ ਤਰਕਪੂਰਨ ਕਾਰਨ ਇਹ ਹੋ ਸਕਦਾ ਹੈ ਕਿ ਅਮਰੀਕਾ ਸਿਸਟਮ ਦੀ ਜਾਂਚ ਕਰ ਰਿਹਾ ਹੈ।

(**ਬਾਕੀ ਸਫ਼ਾ** 30 ’ਤੇ)

## ਸਿਹਤ ਤੇ ਮਨੁੱਖੀ ਸੇਵਾਵਾਂ ਬਾਰੇ ਵਿਭਾਗ ਵੱਲੋਂ ਵੱਡੀ ਪੱਧਰ ’ਤੇ ਮੁਲਾਜ਼ਮਾਂ ਦੀ ਛਾਂਟੀ ਦੀ ਤਿਆਰੀ

ਸੈਕਰਾਮੈਂਟੋ,ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਸੁਪਰੀਮ ਕੋਰਟ ਦੁਆਰਾ ਸੰਘੀ ਏਜੰਸੀਆਂ ਵਿੱਚ ਟਰੰਪ ਪ੍ਰਸ਼ਾਸਨ ਵੱਲੋਂ ਮੁਲਾਜ਼ਮਾਂ ਦੀ ਛਾਂਟੀ ਉਪਰ ਰੋਕ ਹਟਾਏ ਜਾਣ ਤੋਂ ਬਾਅਦ ਯੂ.ਐਸ. ਡਿਪਾਰਟਮੈਂਟ ਆਫ਼ ਹੈਲਥ ਐਂਡ ਹਿਊਮੈਨ ਸਰਵਿਸਜ਼ ਨੇ ਵੱਡੀ ਪੱਧਰ ਉੱਪਰ ਮੁਲਾਜ਼ਮਾਂ ਨੂੰ ਕੱਢਣ ਦੀ ਤਿਆਰੀ ਕਰ ਲਈ ਹੈ। ਸਿਹਤ ਤੇ ਮਨੁੱਖੀ ਸੇਵਾਵਾਂ ਬਾਰੇ ਵਿਭਾਗ ਵਿੱਚੋਂ ਪਹਿਲੀ ਅਪ੍ਰੈਲ ਤੋਂ ਮੁਲਾਜ਼ਮਾਂ ਦੀ ਛਾਂਟੀ ਸ਼ੁਰੂ ਕੀਤੀ ਗਈ ਸੀ ਤੇ ਟਰੰਪ ਪ੍ਰਸ਼ਾਸਨ ਵੱਲੋਂ ਵਿਭਾਗ ਵਿੱਚ 10000 ਨੌਕਰੀਆਂ ਘਟਾਉਣ ਦੀ ਯੋਜਨਾ ਹੈ। ਸਨ ਫ਼ਰਾਂਸਿਸਕੋ ਦੇ ਯੂ ਐਸ ਡਿਸਟ੍ਰਿਕਟ ਜੱਜ ਸੂਸਾਨ ਇਲਸਟੋਨ ਨੇ 22 ਮਈ ਨੂੰ ਮੁਲਾਜ਼ਮਾਂ ਦੀ ਛਾਂਟੀ ਉੱਪਰ ਰੋਕ ਲਾ ਦਿੱਤੀ ਸੀ ਜਦ ਕਿ ਸੁਪਰੀਮ ਕੋਰਟ ਨੇ ਆਪਣੇ 8 ਜੁਲਾਈ ਦੇ ਫ਼ੈਸਲੇ ਵਿੱਚ ਇਹ ਪਾਬੰਦੀ ਹਟਾ ਦਿੱਤੀ ਸੀ ਤੇ ਟਰੰਪ ਪ੍ਰਸ਼ਾਸਨ ਨੂੰ ਨੌਕਰੀਆਂ ਵਿੱਚ ਕਟੌਤੀ ਲਈ ਹਰੀ ਝੰਡੀ ਦੇ ਦਿੱਤੀ ਸੀ।

## ਟੈਕਸਾਸ ਦੇ ਹੜ੍ਹ ’ਚ ਮੌਤਾਂ ਦੀ ਗਿਣਤੀ 135 ਹੋਈ

ਸੈਕਰਾਮੈਂਟੋ,ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਕੇਰ ਕਾਊਂਟੀ, ਟੈਕਸਾਸ ਵਿੱਚ ਆਏ ਹੜ੍ਹ ਵਿੱਚ ਲਾਪਤਾ ਵਿਅਕਤੀਆਂ ਦੀ ਗਿਣਤੀ 97 ਤੋਂ ਘਟ ਕੇ 3 ਰਹਿ ਗਈ ਹੈ। ਕੇਰਵਿਲੇ ਸ਼ਹਿਰ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਸਥਾਨਕ ਤੇ ਰਾਜ ਦੀਆਂ ਏਜੰਸੀਆਂ ਵੱਲੋਂ ਲਾਪਤਾ ਵਿਅਕਤੀਆਂ ਦਾ ਪਤਾ ਲਾਉਣ ਲਈ ਕੀਤੇ ਗਏ ਯਤਨਾਂ ਸਦਕਾ ਪਤਾ ਲੱਗਾ ਹੈ ਕਿ ਬਹੁਤ ਸਾਰੇ ਲੋਕ ਜੋ ਸ਼ੁਰੂ ਵਿੱਚ ਲਾਪਤਾ ਸਨ, ਉਹ ਠੀਕ ਠਾਕ ਹਨ ਇਸ ਲਈ ਉਨ੍ਹਾਂ ਨੂੰ ਲਾਪਤਾ ਵਿਅਕਤੀਆਂ ਦੀ ਸੂਚੀ ਵਿੱਚੋਂ ਕੱਢ ਦਿੱਤਾ ਗਿਆ ਹੈ। ਭਾਰੀ ਬਾਰਿਸ਼ ਕਾਰਨ 4 ਜੁਲਾਈ ਨੂੰ ਆਏ ਅਚਾਨਕ ਹੜ੍ਹ ਵਿੱਚ ਮਾਰੇ ਗਏ ਲੋਕਾਂ ਦੀ ਗਿਣਤੀ 135 ਤੱਕ ਪੁੱਜ ਗਈ ਹੈ। ਹੜ੍ਹ ਕਾਰਨ ਕੇਂਦਰੀ ਟੈਕਸਾਸ ਵਿੱਚ ਗੁਆਡਾਲੂਪ ਦਰਿਆ ਦੇ ਨਾਲ ਰਹਿੰਦੇ ਲੋਕਾਂ ਦਾ ਭਾਰੀ ਨੁਕਸਾਨ ਹੋਇਆ ਹੈ।

ਇਥੇ ਛੋਟੀਆਂ ਬੱਚੀਆਂ ਦਾ ਲੱਗਾ ਗਰਮ ਰੁੱਤ ਦਾ ਕੈਂਪ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਸੀ ਤੇ 30 ਤੋਂ ਵੱਧ ਬੱਚੀਆਂ ਮਾਰੀਆਂ ਗਈਆਂ ਸਨ। ਕੇਰਵਿਲੇ ਪੁਲਿਸ ਵਿਭਾਗ ਦੇ ਸੂਚਨਾ ਅਫ਼ਸਰ ਜੋਨਾਥਨ ਲੈਂਬ ਨੇ ਜਾਰੀ ਇੱਕ ਬਿਆਨ ਵਿੱਚ ਕਿਹਾ ਹੈ ਕਿ ਲਾਪਤਾ ਵਿਅਕਤੀਆਂ ਦੇ ਨਵੇਂ ਅੰਕੜੇ ਤੋਂ ਕੁਝ ਰਾਹਤ ਮਿਲੀ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

**Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu**

**Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.**

**Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.**

**All legal disputes must be handled in the courts of State of Punjab in India.**

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਕੈਨੇਡਾ ਜਾ ਸਕਣਗੇ ਹੁਣ ਪਰਵਾਸੀਆਂ ਦੇ ਮਾਪੇ ਤੇ ਦਾਦੇ -ਦਾਦੀਆਂ

## ਕੈਨੇਡਾ ਸਰਕਾਰ ਵੱਲੋਂ ਮਾਪਿਆਂ ਅਤੇ ਦਾਦਾ-ਦਾਦੀ ਨੂੰ ਸਥਾਈ ਨਿਵਾਸ ਲਈ ਸਪਾਂਸਰ ਕਰਨ ਲਈ ਪ੍ਰੋਗਰਾਮ ਸ਼ੁਰੂ

ਟੋਰੰਟੋ/ਏ.ਟੀ.ਨਿਊਜ਼: ਮਾਪਿਆਂ ਨੂੰ ਪੱਕੇ ਤੌਰ 'ਤੇ ਕੈਨੇਡਾ ਸੱਦਣ ਦੇ ਇੱਛੁਕ ਪਰਵਾਸੀ ਤਿਆਰੀ ਕਰ ਲੈਣ। ਇਮੀਗ੍ਰੇਸ਼ਨ ਵਿਭਾਗ ਵੱਲੋਂ ਪੇਰੈਂਟਸ ਐਂਡ ਗਰੈਂਡ ਪੇਰੈਂਟਸ ਪ੍ਰੋਗਰਾਮ ਅਧੀਨ ਨਵੀਆਂ ਅਰਜ਼ੀਆਂ ਪ੍ਰਵਾਨ ਕਰਨ ਦਾ ਐਲਾਨ ਕੀਤਾ ਗਿਆ ਹੈ। ਸਾਲ 2025 ਦੇ ਐਲਾਨ ਮੁਤਾਬਕ ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ ਕੈਨੇਡਾ ਇਸ ਸਾਲ ਮਾਪਿਆਂ ਅਤੇ ਦਾਦਾ-ਦਾਦੀ ਪ੍ਰੋਗਰਾਮ ਤਹਿਤ ਸਪਾਂਸਰਸ਼ਿਪ ਲਈ 10,000 ਤੱਕ ਪੂਰੀਆਂ ਅਰਜ਼ੀਆਂ ਸਵੀਕਾਰ ਕਰੇਗਾ।

ਫ਼ੈਡਰਲ ਸਰਕਾਰ 28 ਜੁਲਾਈ, 2025 ਤੋਂ ਮਾਪਿਆਂ ਅਤੇ ਦਾਦਾ-ਦਾਦੀ ਪ੍ਰੋਗਰਾਮ ਤਹਿਤ ਚੁਣੇ ਹੋਏ ਵਿਅਕਤੀਆਂ ਨੂੰ ਆਪਣੇ ਮਾਪਿਆਂ ਅਤੇ ਦਾਦਾ-ਦਾਦੀ ਨੂੰ ਸਥਾਈ ਨਿਵਾਸ ਲਈ ਸਪਾਂਸਰ ਕਰਨ ਲਈ ਸੱਦਾ ਦੇਣਾ ਸ਼ੁਰੂ ਕਰੇਗੀ। ਸੰਬਧਿਤ ਵਿਭਾਗ ਦੋ ਹਫ਼ਤਿਆਂ ਦੀ ਮਿਆਦ ਵਿੱਚ 17,860 ਸੱਦੇ ਭੇਜੇਗਾ, ਜਿਸ ਦਾ ਟੀਚਾ ਇਸ ਸਾਲ 10,000 ਪੂਰੀਆਂ ਅਰਜ਼ੀਆਂ ਨੂੰ ਮਨਜ਼ੂਰੀ ਦੇਣਾ ਹੈ।

ਜਿਸ ਕਿਸੇ ਨੇ 2020 ਵਿੱਚ ਸਪਾਂਸਰ ਫ਼ਾਰਮ ਲਈ ਦਿਲਚਸਪੀ ਜਮ੍ਹਾਂ ਕਰਵਾਈ ਸੀ ਪਰ ਅਜੇ ਤੱਕ ਅਰਜ਼ੀ ਦੇਣ ਲਈ ਸੱਦਾ ਨਹੀਂ ਮਿਲਿਆ ਹੈ, ਉਸ ਨੂੰ 2020 ਵਿੱਚ ਪ੍ਰਦਾਨ ਕੀਤੇ ਗਏ ਈਮੇਲ ਖਾਤੇ ਦੀ ਜਾਂਚ ਕਰਨ ਲਈ ਉਤਸ਼ਾਹਿਤ ਕੀਤਾ ਜਾਵੇਗਾ। ਪੀ.ਜੀ.ਪੀ ਪ੍ਰੋਗਰਾਮ ਯੋਗ ਕੈਨੇਡੀਅਨ ਨਾਗਰਿਕਾਂ, ਸਥਾਈ ਨਿਵਾਸੀਆਂ ਅਤੇ ਰਜਿਸਟਰਡ ਭਾਰਤੀਆਂ ਨੂੰ ਆਪਣੇ ਮਾਪਿਆਂ ਜਾਂ ਦਾਦਾ-ਦਾਦੀ ਨੂੰ ਸਥਾਈ ਨਿਵਾਸ ਲਈ ਸਪਾਂਸਰ




ਕਰਨ ਦੇ ਯੋਗ ਬਣਾਉਂਦਾ ਹੈ।2025 ਦੇ ਦਾਖ਼ਲੇ ਦੇ ਹਿੱਸੇ ਵਜੋਂ ਅਰਜ਼ੀ ਦੇਣ ਲਈ ਸੱਦਾ ਦਿੱਤੇ ਗਏ ਲੋਕ ਸਥਾਈ ਨਿਵਾਸ ਪੋਰਟਲ ਜਾਂ ਪ੍ਰਤੀਨਿਧੀ ਸਥਾਈ ਨਿਵਾਸ ਪੋਰਟਲ ਰਾਹੀਂ ਆਪਣੀਆਂ ਅਰਜ਼ੀਆਂ ਇਲੈੱਕਟ੍ਰਾਨਿਕ ਤੌਰ 'ਤੇ ਜਮ੍ਹਾਂ ਕਰਵਾ ਸਕਦੇ ਹਨ। ਇਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਸੇਵਾਵਾਂ ਮੰਤਰਾਲੇ ਨੇ ਦੱਸਿਆ ਕਿ ਸਿਰਫ਼ ਸਾਲ 2020 ਦੌਰਾਨ ਅਰਜ਼ੀਆਂ ਦਾਖਲ ਕਰਨ ਨੂੰ ਸੱਦੇ ਭੇਜੇ ਜਾ ਰਹੇ ਹਨ। ਇਸ ਦੇ ਬਾਵਜੂਦ 28 ਜੁਲਾਈ ਤੋਂ ਬਾਅਦ ਸੱਦਾ ਹਾਸਲ ਕਰਨ ਤੋਂ ਖੁੰਝੇ ਪਰਵਾਸੀਆਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਸੁਪਰ ਵੀਜ਼ਾ ਜਾਂ 10 ਸਾਲ ਦੇ ਮਲਟੀਪਲ ਐਂਟਰੀ ਵੀਜ਼ਾ ਦੀ ਆਪਸ਼ਨ ਲੈ ਸਕਦੇ ਹਨ। ਸੁਪਰ ਵੀਜ਼ਾ ਰਾਹੀਂ ਪਰਵਾਸੀਆਂ ਦੇ ਮਾਪੇ, ਦਾਦਾ-ਦਾਦੀ ਜਾਂ ਨਾਨਾ-ਨਾਨੀ ਪੰਜ ਸਾਲ ਤੱਕ ਕੈਨੇਡਾ ਵਿੱਚ ਰਹਿ ਸਕਦੇ ਹਨ। ਇਸ ਤੋਂ ਇਲਾਵਾ ਕੈਨੇਡਾ ਵਿੱਚ ਮੌਜੂਦਗੀ ਦੌਰਾਨ 2 ਸਾਲ ਦੀ ਮਿਆਦ ਹੋਰ ਵਧਾਈ ਜਾ ਸਕਦੀ ਹੈ।

ਇੱਥੇ ਦੱਸਣਾ ਬਣਦਾ ਹੈ ਕਿ ਕੈਨੇਡਾ ਸਰਕਾਰ ਵੱਲੋਂ ਕੱਚੇ ਜਾਂ ਪੱਕੇ ਤੌਰ 'ਤੇ ਆਉਣ ਵਾਲਿਆਂ ਦੀ ਗਿਣਤੀ ਵਿੱਚ ਕਟੌਤੀ ਕੀਤੀ ਜਾ ਰਹੀ ਹੈ ਪਰ ਫ਼ਿਰ ਵੀ ਪਰਿਵਾਰਾਂ ਦੇ ਮਿਲਾਪ ਵਾਲੀ ਯੋਜਨਾ ਰਾਹੀਂ 22 ਫ਼ੀਸਦੀ ਪੱਕੇ ਪਰਵਾਸੀਆਂ ਦਾ ਕੈਨੇਡਾ ਵਿੱਚ ਸਵਾਗਤ ਕੀਤਾ ਜਾ ਰਿਹਾ ਹੈ।

ਕੈਨੇਡਾ ਗਜ਼ਟ ਵਿੱਚ ਪ੍ਰਕਾਸ਼ਿਤ ਹਦਾਇਤਾਂ ਮੁਤਾਬਕ ਪਰਿਵਾਰਾਂ ਦਾ ਮਿਲਾਪ ਕਰਵਾਉਣ ਲਈ ਸਰਕਾਰ ਵਚਨਬੱਧ ਹੈ। ਸਾਲ 2024 ਦੌਰਾਨ 35,700 ਬਿਨੈਕਾਰਾਂ ਨੂੰ ਅਰਜ਼ੀ ਦਾਖਲ ਕਰਨ ਦਾ ਸੱਦਾ ਦਿੱਤਾ ਗਿਆ ਜਿਨ੍ਹਾਂ ਵਿਚੋਂ 20,500 ਅਰਜ਼ੀਆਂ ਪ੍ਰਵਾਨ ਕੀਤੀਆਂ ਜਾਣਗੀਆਂ। ਇਮੀਗ੍ਰੇਸ਼ਨ ਬਾਰੇ ਸਾਲਾਨਾ ਰਿਪੋਰਟ ਮੁਤਾਬਕ 2023 ਦੇ ਅੰਤ ਤੱਕ ਪੇਰੈਂਟਸ ਐਂਡ ਗਰੈਂਡਪੇਰੈਂਟਸ ਨੂੰ ਪੀ.ਆਰ. ਵਾਲੀ ਸ਼੍ਰੇਣੀ ਅਧੀਨ 40 ਹਜ਼ਾਰ ਤੋਂ ਵੱਧ ਸਪਾਂਸਰਸ਼ਿਪ ਅਰਜ਼ੀਆਂ ਵਿਚਾਰ ਅਧੀਨ ਸਨ। ਰਿਪੋਰਟ ਕਹਿੰਦੀ ਹੈ ਕਿ ਸਪਾਂਸਰਸ਼ਿਪ ਐਪਲੀਕੇਸ਼ਨ ਦਾ ਔਸਤ ਪ੍ਰੋਸੈਸਿੰਗ ਸਮਾਂ 24 ਮਹੀਨੇ ਹੁੰਦਾ ਹੈ ਅਤੇ ਅਜਿਹੇ ਵਿੱਚ ਬੈਕਲਾਗ ਬਹੁਤ ਜ਼ਿਆਦਾ ਵਧ ਸਕਦਾ ਹੈ।

(ਬਾਕੀ ਸਫ਼ਾ 30 'ਤੇ)

# ਟਰੰਪ ਵੱਲੋਂ ਰੂਸ 'ਤੇ 100 ਫ਼ੀਸਦੀ ਟੈਰਿਫ਼ ਲਗਾਉਣ ਦੀ ਧਮਕੀ

ਨਿਊਯਾਰਕ/ਏ.ਟੀ.ਨਿਊਜ਼: ਇੱਕ ਨਿਊਜ਼ ਰਿਪੋਰਟ ਅਨੁਸਾਰ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪੁਤਿਨ ਨੂੰ ਧਮਕੀ ਦਿੱਤੀ ਹੈ ਕਿ ਜੇਕਰ 50 ਦਿਨਾਂ ਦੇ ਅੰਦਰ ਯੂਕ੍ਰੇਨ ਵਿੱਚ ਜੰਗ ਖ਼ਤਮ ਕਰਨ ਲਈ ਕੋਈ ਸਮਝੌਤਾ ਨਹੀਂ ਹੁੰਦਾ, ਤਾਂ ਰੂਸ 'ਤੇ 100% ਟੈਰਿਫ਼ ਲਗਾਇਆ ਜਾਵੇਗਾ।ਅਮਰੀਕੀ ਰਾਸ਼ਟਰਪਤੀ ਨੇ ਨਾਟੋ ਸਹਿਯੋਗੀਆਂ ਨਾਲ ਯੂਕ੍ਰੇਨ ਨੂੰ ਹੋਰ ਹਥਿਆਰ ਭੇਜਣ ਲਈ ਇੱਕ ਸਮਝੌਤੇ ਦਾ ਵੀ ਐਲਾਨ ਕੀਤਾ ਹੈ।



ਪਿਛਲੇ ਦਿਨੀਂ ਨਾਟੋ ਸਕੱਤਰ ਜਨਰਲ ਮਾਰਕ ਰੁਟੇ ਨਾਲ ਓਵਲ ਦਫ਼ਤਰ ਵਿੱਚ ਇੱਕ ਮੀਟਿੰਗ ਦੌਰਾਨ, ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਉਹ ਰੂਸ ਅਤੇ ਯੂਕ੍ਰੇਨ ਯੁੱਧ ਨੂੰ ਖ਼ਤਮ ਕਰਨ ਲਈ ਸਮਝੌਤੇ ਵੱਲ ਤਰੱਕੀ ਨਾ ਕਰਨ ਲਈ ਰੂਸ ਤੋਂ ਨਾਖੁਸ਼ ਹਨ।

ਭਾਰਤ ਅਤੇ ਪਾਕਿਸਤਾਨ, ਰਵਾਂਡਾ ਅਤੇ ਕਾਂਗੋ ਡੈਮੋਕ੍ਰੇਟਿਕ ਰੀਪਬਲਿਕ ਵਿਚਕਾਰ ਟਕਰਾਅ ਦਾ ਹਵਾਲਾ ਦਿੰਦੇ ਹੋਏ, ਟਰੰਪ ਨੇ ਦਾਅਵਾ ਕੀਤਾ, 'ਅਸੀਂ ਵਪਾਰ ਰਾਹੀਂ ਜੰਗਾਂ ਨੂੰ ਹੱਲ ਕਰਨ ਵਿੱਚ ਬਹੁਤ ਸਫ਼ਲ ਰਹੇ ਹਾਂ।' ਵ੍ਹਾਈਟ ਹਾਊਸ ਵਿੱਚ ਹੋਈ ਮੀਟਿੰਗ ਦੌਰਾਨ, ਟਰੰਪ ਨੇ ਯੂਕ੍ਰੇਨ ਨੂੰ ਹਥਿਆਰ ਭੇਜਣ ਦੀਆਂ ਯੋਜਨਾਵਾਂ ਦੀ ਵੀ ਪੁਸ਼ਟੀ ਕੀਤੀ, ਜਿਸ ਵਿੱਚ ਪੈਟ੍ਰਿਅਟ ਮਿਜ਼ਾਈਲ ਸਿਸਟਮ ਵੀ ਸ਼ਾਮਲ ਹਨ। ਰਾਸ਼ਟਰਪਤੀ ਨੇ ਕਿਹਾ ਕਿ ਨਾਟੋ ਸਹਿਯੋਗੀ ਅਮਰੀਕਾ ਤੋਂ ਅਰਬਾਂ ਡਾਲਰ ਦੇ ਫ਼ੌਜੀ ਉਪਕਰਣ ਖ਼ਰੀਦਣਗੇ ਅਤੇ ਯੂਕ੍ਰੇਨ ਨੂੰ ਦੇਣਗੇ।


ਟਰੰਪ ਨੇ ਕਿਹਾ, 'ਮੈਂ ਜਰਮਨੀ ਅਤੇ ਜ਼ਿਆਦਾਤਰ ਵੱਡੇ ਨਾਟੋ ਦੇਸ਼ਾਂ ਨਾਲ ਗੱਲ ਕੀਤੀ ਹੈ ਅਤੇ ਉਹ ਇਸ ਬਾਰੇ ਬਹੁਤ ਉਤਸ਼ਾਹਿਤ ਹਨ।'

ਨਾਟੋ ਦੇ ਸਕੱਤਰ ਜਨਰਲ ਮਾਰਕ ਰੁਟੇ ਨੇ ਕਿਹਾ ਕਿ ਇਹ ਯੂਕ੍ਰੇਨ ਨੂੰ ਹਥਿਆਰਾਂ ਦੀ ਸਿਰਫ਼ ਪਹਿਲੀ ਖੇਪ ਹੋਵੇਗੀ ਅਤੇ ਭਵਿੱਖ ਵਿੱਚ ਹੋਰ ਹਥਿਆਰ ਭੇਜੇ ਜਾਣਗੇ। ਪੈਟ੍ਰਿਅਟ ਇੰਟਰਸੈਪਟਰ ਮਿਜ਼ਾਈਲਾਂ ਰੂਸੀ ਹਵਾਈ ਹਮਲਿਆਂ ਤੋਂ ਯੂਕ੍ਰੇਨ ਦੀ ਰੱਖਿਆ ਲਈ ਮਹੱਤਵਪੂਰਨ ਹਨ। ਇਹ ਅਮਰੀਕਾ ਦੁਆਰਾ ਬਣਾਇਆ ਗਿਆ ਹਥਿਆਰ ਯੂਕ੍ਰੇਨ ਦੇ ਅਸਲੇਖਾਨੇ ਵਿੱਚ ਇੱਕੋ ਇੱਕ ਮਿਜ਼ਾਈਲ ਹੈ ਜੋ ਰੂਸੀ ਬੈਲਿਸਟਿਕ ਮਿਜ਼ਾਈਲਾਂ ਨੂੰ ਡੇਗਣ ਦੇ ਸਮਰੱਥ ਹੈ।

## ਭਾਰਤ ਅਤੇ ਪਾਕਿ ਟਕਰਾਓ ਦੌਰਾਨ ਡੇਗੇ ਗਏ ਸਨ ਪੰਜ ਜਹਾਜ਼ : ਟਰੰਪ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਨਵਾਂ ਦਾਅਵਾ ਕੀਤਾ ਹੈ। ਦਾਅਵੇ ਮੁਤਾਬਕ ਮਈ ਵਿੱਚ ਭਾਰਤ ਅਤੇ ਪਾਕਿਸਤਾਨ ਵਿਚਕਾਰ ਫ਼ੌਜੀ ਟਕਰਾਅ ਦੌਰਾਨ ਪੰਜ ਜਹਾਜ਼ਾਂ ਨੂੰ ਡੇਗ ਦਿੱਤਾ ਗਿਆ ਸੀ। ਉਨ੍ਹਾਂ ਨੇ ਇੱਕ ਵਾਰ ਫ਼ਿਰ ਇਹ ਵੀ ਦਾਅਵਾ ਕੀਤਾ ਕਿ ਦੋਵਾਂ ਦੇਸ਼ਾਂ ਵਿਚਕਾਰ ਫ਼ੌਜੀ ਟਕਰਾਅ ਉਨ੍ਹਾਂ ਦੇ ਦਖਲ ਤੋਂ ਬਾਅਦ ਖਤਮ ਹੋਇਆ। ਅਮਰੀਕੀ ਰਾਸ਼ਟਰਪਤੀ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਕੀ ਇੱਕ ਪਾਸੇ ਦੇ ਜਹਾਜ਼ਾਂ ਨੂੰ ਡੇਗ ਦਿੱਤਾ ਗਿਆ ਸੀ ਜਾਂ ਉਹ ਦੋਵਾਂ ਧਿਰਾਂ ਦੇ ਨੁਕਸਾਨ ਬਾਰੇ ਗੱਲ ਕਰ ਰਹੇ ਸਨ। ਭਾਰਤ ਫ਼ੌਜੀ ਟਕਰਾਅ ਨੂੰ ਖਤਮ ਕਰਨ ਦੇ ਟਰੰਪ ਦੇ ਦਾਅਵੇ ਨੂੰ ਲਗਭਗ ਰੱਦ ਕਰ ਰਿਹਾ ਹੈ ਅਤੇ ਕਹਿ ਰਿਹਾ ਹੈ ਕਿ ਅਮਰੀਕਾ ਦੀ ਵਿਚੋਲਗੀ ਤੋਂ ਬਿਨਾਂ, ਦੋਵਾਂ ਧਿਰਾਂ ਨੇ ਆਪਣੀਆਂ ਫ਼ੌਜਾਂ ਵਿਚਕਾਰ ਸਿੱਧੀ ਗੱਲਬਾਤ ਤੋਂ ਬਾਅਦ ਫ਼ੌਜੀ ਕਾਰਵਾਈਆਂ ਬੰਦ ਕਰ ਦਿੱਤੀਆਂ ਸਨ। ਟਰੰਪ ਨੇ ਪਿਛਲੇ ਦਿਨੀਂ ਅਮਰੀਕੀ ਰਾਸ਼ਟਰਪਤੀ ਦੇ ਸਰਕਾਰੀ ਨਿਵਾਸ ਅਤੇ (ਬਾਕੀ ਸਫ਼ਾ 30 'ਤੇ)

## 'ਗੂੰਜਦੀ ਰੇਤ ਦਾ ਪਹਾੜ' ਵੇਖਣ ਆਉਂਦੇ ਹਨ ਹਰ ਸਾਲ ਲੱਖਾਂ ਸੈਲਾਨੀ



ਬੀਜਿੰਗ/ਏ.ਟੀ.ਨਿਊਜ਼: ਚੀਨ ਦੇ ਪੱਛਮੀ ਕਿਨਾਰੇ 'ਤੇ ਸਥਿਤ ਗਾਂਸੂ ਪ੍ਰਾਂਤ ਦੇ ਇਤਿਹਾਸਕ ਸ਼ਹਿਰ ਦੁਨਹੁਆਂਗ ਦੇ ਰੇਤ ਦੇ ਟਿੱਬਿਆਂ ਨੂੰ ਦੇਖਣ ਲਈ ਲੱਖਾਂ ਸੈਲਾਨੀ ਆ ਰਹੇ ਹਨ। ਗਰਮੀਆਂ ਦੀਆਂ ਛੁੱਟੀਆਂ ਦੌਰਾਨ ਇੱਥੇ ਸੈਲਾਨੀਆਂ ਦੀ ਭਾਰੀ ਭੀੜ ਇਕੱਠੀ ਹੁੰਦੀ ਹੈ। ਹਰ ਸਾਲ 10 ਲੱਖ ਸੈਲਾਨੀ ਇੱਥੇ ਆਉਂਦੇ ਸਨ, ਇਸ ਸਾਲ ਇਹ ਅੰਕੜਾ ਰਿਕਾਰਡ 13 ਲੱਖ ਤੱਕ ਪਹੁੰਚ ਗਿਆ ਹੈ। ਜੋ ਕਿ ਹੁਣ ਤੱਕ ਦੀ ਸਭ ਤੋਂ ਵੱਡੀ ਗਿਣਤੀ ਮੰਨਿਆ ਜਾਂਦਾ ਹੈ।

ਇੱਥੇ ਸਥਿਤ ਮਿੰਗਸ਼ਾ ਪਹਾੜ ਸਭ ਤੋਂ ਵੱਡਾ ਆਕਰਸ਼ਣ ਹੈ। ਇਸਨੂੰ 'ਗੂੰਜਦੀ ਰੇਤ ਦਾ ਪਹਾੜ' ਕਿਹਾ ਜਾਂਦਾ ਹੈ, ਇਹ ਆਪਣੀ ਵਿਲੱਖਣ ਆਵਾਜ਼ ਲਈ ਮਸ਼ਹੂਰ ਹੈ। ਇਸਦੇ ਨੇੜੇ ਸਥਿਤ ਕ੍ਰੈਸੈਂਟ ਸਪਰਿੰਗ (ਕ੍ਰੈਸੈਂਟ-ਆਕਾਰ ਦੀ ਪਾਣੀ ਦਾ ਧਾਰਾ) ਇੱਕ ਮਾਰੂਥਲ ਦੇ ਵਿਚਕਾਰ ਸਥਿਤ ਇੱਕ ਚਮਤਕਾਰੀ ਪਾਣੀ ਦਾ ਸਰੋਤ ਹੈ, ਜੋ ਸਦੀਆਂ ਤੋਂ ਸੁੱਕਿਆ ਨਹੀਂ ਹੈ। ਇਸ ਤੋਂ ਇਲਾਵਾ ਇੱਥੇ ਸਥਿਤ ਮੋਗਾਓ ਗੁਫਾਵਾਂ (ਯੂਨੈਸਕੋ ਵਿਸ਼ਵ ਵਿਰਾਸਤ ਸਥਾਨ) ਵੀ ਬੋਧੀ ਚਿੱਤਰਕਾਰੀ ਅਤੇ ਆਰਕੀਟੈਕਚਰ ਦਾ ਇੱਕ ਦੁਰਲੱਭ ਖਜ਼ਾਨਾ ਹੈ, ਜਿਸਨੂੰ ਦੁਨੀਆ ਭਰ ਦੇ ਸੈਲਾਨੀ ਵਾਰ-ਵਾਰ ਦੇਖਣ ਲਈ ਆਉਂਦੇ ਹਨ।

# ਨਿਊ ਮੈਕਸੀਕੋ ਵਿੱਚ ਸਰਹੱਦੀ ਕੰਧ ਦੀ ਉਸਾਰੀ ਅਮਰੀਕਾ ਦਾ ਇੱਕਪਾਸੜ ਕਦਮ: ਸ਼ੀਨਬੌਮ

ਮੈਕਸੀਕੋ ਸਿਟੀ/ਏ.ਟੀ.ਨਿਊਜ਼: ਮੈਕਸੀਕਨ ਰਾਸ਼ਟਰਪਤੀ ਕਲਾਉਡੀਆ ਸ਼ੀਨਬੌਮ ਨੇ ਨਿਊ ਮੈਕਸੀਕੋ ਵਿੱਚ ਸਰਹੱਦੀ ਕੰਧ ਦੇ ਇੱਕ ਨਵੇਂ ਹਿੱਸੇ ਦੇ ਨਿਰਮਾਣ ਦਾ ਸਖ਼ਤ ਵਿਰੋਧ ਕੀਤਾ ਹੈ ਅਤੇ ਇਸਨੂੰ ਅਮਰੀਕੀ ਸਰਕਾਰ ਦੁਆਰਾ ਇੱਕਪਾਸੜ ਕਦਮ ਦੱਸਿਆ। ਰਾਸ਼ਟਰਪਤੀ ਸ਼ੀਨਬੌਮ ਨੇ ਆਪਣੀ ਰੋਜ਼ਾਨਾ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਮੈਕਸੀਕੋ ਕਿਸੇ ਵੀ ਤਰ੍ਹਾਂ ਇਸ ਪ੍ਰੋਜੈਕਟ ਵਿੱਚ ਸ਼ਾਮਲ ਨਹੀਂ ਹੈ ਅਤੇ ਇਸ ਲਈ ਕੋਈ ਪੈਸਾ ਨਹੀਂ ਦੇ ਰਿਹਾ ਹੈ। ਉਸਨੇ ਕਿਹਾ, 'ਉਹ ਇਸਨੂੰ ਆਪਣੇ ਆਪ ਬਣਾ ਰਹੇ ਹਨ। ਅਸੀਂ ਕੰਧ ਦਾ ਸਮਰਥਨ ਨਹੀਂ ਕਰਦੇ।ਅਸੀਂ ਕੰਧਾਂ ਨਾਲ ਨਹੀਂ, ਸਗੋਂ ਸਹਿਯੋਗ ਅਤੇ ਤਾਲਮੇਲ ਨਾਲ ਇੱਕ ਸੁਰੱਖਿਅਤ ਸਰਹੱਦ ਪ੍ਰਾਪਤ ਕੀਤੀ ਹੈ।'



ਸ਼ੀਨਬੌਮ ਨੇ ਇਸ ਉਸਾਰੀ ਨੂੰ ਪੂਰੀ ਤਰ੍ਹਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਲਏ ਗਏ ਫੈਸਲੇ ਵਜੋਂ ਦੱਸਿਆ ਅਤੇ ਵਿਕਾਸ-ਅਧਾਰਤ ਸਹਿਯੋਗ ਅਤੇ ਅਮਰੀਕਾ ਵਿੱਚ ਰਹਿਣ ਵਾਲੇ ਮੈਕਸੀਕਨ ਲੋਕਾਂ ਲਈ ਸਤਿਕਾਰ ਦੀ ਤਰਜੀਹ 'ਤੇ ਜ਼ੋਰ ਦਿੱਤਾ। ਗੌਰਤਲਬ ਹੈ ਕਿ ਇਸ ਹਫ਼ਤੇ ਟਰੰਪ ਪ੍ਰਸ਼ਾਸਨ ਨੇ ਉੱਤਰੀ ਮੈਕਸੀਕੋ ਵਿੱਚ ਸਾਂਤਾ ਟੇਰੇਸਾ, ਨਿਊ ਮੈਕਸੀਕੋ ਅਤੇ ਸਿਉਦਾਦ ਜੁਆਰੇਜ਼ ਵਿਚਕਾਰ ਇੱਕ ਸੈਕੰਡਰੀ ਸਰਹੱਦੀ ਰੁਕਾਵਟ ਦੇ ਨਿਰਮਾਣ ਦਾ ਇੱਕ ਨਵਾਂ ਪੜਾਅ ਸ਼ੁਰੂ ਕੀਤਾ।

# ਸੀਰੀਆ ਅਤੇ ਇਜ਼ਰਾਇਲ ਵਿਚਾਲੇ ਹੋਈ ਜੰਗਬੰਦੀ

## ਸੀਰੀਆ ਵਿੱਚ ਅਮਰੀਕੀ ਰਾਜਦੂਤ ਟੌਮ ਬੈਰੇਕ ਨੇ ਦਿੱਤੀ ਜਾਣਕਾਰੀ

ਮਜ਼ਰਾ (ਸੀਰੀਆ)/ਏ.ਟੀ.ਨਿਊਜ਼: ਦੋ ਦੇਸ਼ਾਂ ਵਿੱਚ ਜਾਰੀ ਯੁੱਧ ਖ਼ਤਮ ਹੋਣ ਸਬੰਧੀ ਵੱਡੀ ਖ਼ਬਰ ਸਾਹਮਣੇ ਆਈ ਹੈ। ਖ਼ਬਰ ਮੁਤਾਬਕ ਇਜ਼ਰਾਇਲ ਅਤੇ ਸੀਰੀਆ ਜੰਗਬੰਦੀ 'ਤੇ ਸਹਿਮਤ ਹੋ ਗਏ ਹਨ। ਸੀਰੀਆ ਵਿੱਚ ਅਮਰੀਕੀ ਰਾਜਦੂਤ ਟੌਮ ਬੈਰੇਕ ਨੇ ਇਸ ਸਬੰਧੀ ਜਾਣਕਾਰੀ ਦਿੱਤੀ। ਇਹ ਐਲਾਨ ਅਜਿਹੇ ਸਮੇਂ ਆਇਆ ਹੈ ਜਦੋਂ ਸੀਰੀਆ ਦੇ ਦੱਖਣੀ ਸਵੀਦਾ ਸੂਬੇ ਵਿੱਚ ਡਰੂਜ਼ ਸਮੂਹਾਂ ਅਤੇ ਬੇਦੌਇਨ ਕਬੀਲਿਆਂ ਵਿਚਕਾਰ ਤਾਜ਼ਾ ਲੜਾਈ ਜਾਰੀ ਹੈ, ਜਿਸ ਨਾਲ ਮਨੁੱਖੀ ਸੰਕਟ ਹੋਰ ਡੂੰਘਾ ਹੋ ਗਿਆ ਹੈ ਅਤੇ ਹਜ਼ਾਰਾਂ ਲੋਕ ਬੇਘਰ ਹੋ ਗਏ ਹਨ। ਪਿਛਲੇ ਦਿਨੀਂ ਡਰੂਜ਼ ਸਮੂਹਾਂ ਨਾਲ ਇੱਕ ਵੱਖਰੀ ਜੰਗਬੰਦੀ 'ਤੇ ਸਹਿਮਤ ਹੋਣ ਤੋਂ ਬਾਅਦ ਸਰਕਾਰੀ ਫ਼ੌਜਾਂ ਸਵੀਦਾ ਤੋਂ ਪਿੱਛੇ ਹਟ ਗਈਆਂ ਹਨ।




ਇਸ ਤੋਂ ਪਹਿਲਾਂ ਇਜ਼ਰਾਇਲ ਨੇ ਸਰਕਾਰੀ ਲੜਾਕਿਆਂ ਦੇ ਕਾਫ਼ਲਿਆਂ 'ਤੇ ਦਰਜਨਾਂ ਹਵਾਈ ਹਮਲੇ ਕੀਤੇ ਅਤੇ ਇੱਥੋਂ ਤੱਕ ਕਿ ਕੇਂਦਰੀ ਦਮਿਸ਼ਕ ਵਿੱਚ ਸੀਰੀਆਈ ਰੱਖਿਆ ਮੰਤਰਾਲੇ ਦੇ ਮੁੱਖ ਦਫ਼ਤਰ 'ਤੇ ਵੀ ਹਮਲਾ ਕੀਤਾ। ਇਜ਼ਰਾਇਲ ਨੇ ਕਿਹਾ ਕਿ ਉਹ ਡਰੂਜ਼ ਭਾਈਚਾਰੇ ਦੀ ਰੱਖਿਆ ਲਈ ਇਹ ਕਾਰਵਾਈ ਕਰ ਰਿਹਾ ਹੈ। ਦਰਅਸਲ ਡਰੂਜ਼ ਨੂੰ ਇਜ਼ਰਾਇਲ ਵਿੱਚ ਇੱਕ ਵਫ਼ਾਦਾਰ ਘੱਟ ਗਿਣਤੀ ਵਜੋਂ ਦੇਖਿਆ ਜਾਂਦਾ ਹੈ ਅਤੇ ਇਸ ਭਾਈਚਾਰੇ ਦੇ ਲੋਕ ਅਕਸਰ ਇਜ਼ਰਾਇਲੀ ਫ਼ੌਜ ਵਿੱਚ ਸੇਵਾ ਕਰਦੇ ਹਨ। ਬੈਰੇਕ ਨੇ ਸੋਸ਼ਲ ਮੀਡੀਆ ਪਲੇਟਫ਼ਾਰਮ 'ਐਕਸ' 'ਤੇ ਇੱਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਇਜ਼ਰਾਇਲ ਅਤੇ ਸੀਰੀਆ ਵਿਚਕਾਰ ਨਵੀਂ ਜੰਗਬੰਦੀ ਨੂੰ ਤੁਰਕੀ, ਜਾਰਡਨ ਅਤੇ ਹੋਰ ਗੁਆਂਢੀ ਦੇਸ਼ਾਂ ਦਾ ਸਮਰਥਨ ਪ੍ਰਾਪਤ ਹੈ ਅਤੇ 'ਡ੍ਰੂਜ਼, ਬੇਦੂਇਨ ਅਤੇ ਸੁੰਨੀਆਂ ਨੂੰ ਆਪਣੇ ਹਥਿਆਰ ਸੁੱਟਣ ਅਤੇ ਇੱਕ ਨਵਾਂ ਅਤੇ ਸੰਯੁਕਤ ਸੀਰੀਆ ਬਣਾਉਣ ਲਈ ਹੋਰ ਘੱਟ ਗਿਣਤੀਆਂ ਨਾਲ ਜੁੜਨ ਦਾ ਸੱਦਾ ਦਿੱਤਾ।' ਹਾਲਾਂਕਿ ਉਸਨੇ ਸਮਝੌਤੇ ਬਾਰੇ ਕੋਈ ਹੋਰ ਵੇਰਵਾ ਨਹੀਂ ਦਿੱਤਾ।

# ਤਰਨ ਤਾਰਨ ਜ਼ਿਮਨੀ ਚੋਣ: ਕੁੰਢੀਆਂ ਦੇ ਸਿੰਗ ਫ਼ਸਣਗੇ...

## ਵੱਖ-ਵੱਖ ਸਿਆਸੀ ਪਾਰਟੀਆਂ ਦੀ ਕਾਰਗੁਜ਼ਾਰੀ ਦਾ ਫ਼ੈਸਲਾ ਕਰੇਗੀ ਤਰਨ ਤਾਰਨ ਜ਼ਿਮਨੀ ਚੋਣ

## ਅਗਲੀਆਂ ਵਿਧਾਨ ਸਭਾ ਚੋਣਾਂ ਲਈ ਬੰਨ੍ਹਿਆ ਜਾਵੇਗਾ ਮੁੱਢ



**ਤਰਨ ਤਾਰਨ ਵਿਧਾਨ ਸਭਾ ਹਲਕੇ ਵਿੱਚ ਮਰਦ ਵੋਟਰ 101009 ਅਤੇ ਇਸਤਰੀ ਵੋਟਰ 91664 ਅਤੇ ਹੋਰ 08 ਹਨ, ਜੋਕਿ ਜ਼ਿਮਨੀ ਚੋਣ ਦੌਰਾਨ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਕੇ ਵਿਧਾਇਕ ਦੀ ਚੋਣ ਕਰਨਗੇ। ਇਸ ਹਲਕੇ ਦੀ ਚੋਣ ਜਿਥੇ ਵੱਖ- ਵੱਖ ਸਿਆਸੀ ਪਾਰਟੀਆਂ ਦੀ ਕਾਰਗੁਜ਼ਾਰੀ ਦਾ ਵਿਸ਼ਲੇਸ਼ਣ ਕਰੇਗੀ, ਉਥੇ ਇਸ ਚੋਣ ਦੇ ਨਤੀਜੇ ਪੰਜਾਬ ਦੀ ਸਿਆਸਤ ’ਤੇ ਵੀ ਪ੍ਰਭਾਵ ਪਾਉਣਗੇ। ਸਿਆਸੀ ਮਾਹਿਰਾਂ ਅਨੁਸਾਰ ਇਸ ਜ਼ਿਮਨੀ ਚੋਣ ਦੇ ਨਤੀਜੇ ਤੋਂ ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਦਾ ਮੁੱਢ ਬੰਨ੍ਹਿਆ ਜਾਵੇਗਾ।**

ਜਗਮੋਹਨ ਸਿੰਘ

ਆਮ ਲੋਕਾਂ ਦੇ ਪੈਸੇ ਨਾਲ ਲੜੀਆਂ ਜਾਂਦੀਆਂ ਜ਼ਿਮਨੀ ਚੋਣਾਂ ਦੌਰਾਨ ਅਕਸਰ ਇਹ ਵੇਖਣ ਵਿੱਚ ਆਇਆ ਹੈ ਕਿ ਇਸ ਵਿੱਚ ਅਕਸਰ ਸੱਤਾਧਾਰੀ ਪਾਰਟੀ ਦੀ ਹੀ ਜਿੱਤ ਹੁੰਦੀ ਹੈ। ਭਾਵੇਂ ਕਿ ਕਈ ਵਾਰ ਸਿਆਸਤ ਦੀ ਡੂੰਘੀ ਸਮਝ ਰੱਖਣ ਵਾਲੇ ਸਿਆਸੀ ਆਗੂ ਵੀ ਆਮ ਲੋਕਾਂ ਦੀ ਰਮਜ਼ ਨੂੰ ਸਮਝ ਜਾਂਦੇ ਹਨ ਅਤੇ ਵਿਰੋਧੀ ਪਾਰਟੀ ਦਾ ਉਮੀਦਵਾਰ ਵੀ ਕਦੇ ਕਦੇ ਜ਼ਿਮਨੀ ਚੋਣ ਜਿੱਤ ਜਾਂਦਾ ਹੈ। ਪੰਜਾਬ ਵਿੱਚ ਜਦੋਂ ਮਰਹੂਮ ਬੇਅੰਤ ਸਿੰਘ ਦੀ ਅਗਵਾਈ ਵਿੱਚ ਕਾਂਗਰਸ ਸਰਕਾਰ ਸੀ ਤਾਂ ਉਸ ਸਮੇਂ ਗਿੱਦੜਬਾਹਾ ਦੀ ਹੋਈ ਜ਼ਿਮਨੀ ਚੋਣ ਵਿੱਚ ਵਿਰੋਧੀ ਸਿਆਸੀ ਪਾਰਟੀ ਅਕਾਲੀ ਦਲ ਬਾਦਲ ਦੇ ਉਮੀਦਵਾਰ ਮਨਪ੍ਰੀਤ ਸਿੰਘ ਬਾਦਲ ਦੀ ਵੱਡੀ ਜਿੱਤ ਦੀਆਂ ਗੱਲਾਂ ਅੱਜ ਵੀ ਪਿੰਡਾਂ ਦੀਆਂ ਸੱਥਾਂ ਵਿੱਚ ਹੁੰਦੀਆਂ ਹਨ। ਸਿਆਸੀ ਪਾਰਟੀਆਂ ਵੱਲੋਂ ਜ਼ਿਮਨੀ ਚੋਣਾਂ ਜਿੱਤਣ ਲਈ ਵਿਸ਼ੇਸ਼ ਰਣਨੀਤੀਆਂ ਬਣਾਈਆਂ ਜਾਂਦੀਆਂ ਹਨ ਪਰ ਸਿਆਸੀ ਪਾਰਟੀਆਂ ਵੱਲੋਂ ਆਮ ਲੋਕਾਂ ਦੇ ਮਸਲੇ ਹੱਲ ਕਰਨ ਲਈ ਕਦੇ ਵੀ ਵਿਸ਼ੇਸ ਰਣਨੀਤੀ ਨਹੀਂ ਬਣਾਈ ਗਈ, ਜਿਸ ਕਰਕੇ ਹਰ ਚੋਣ ਤੋਂ ਬਾਅਦ ਵੀ ਆਮ ਲੋਕਾਂ ਦੇ ਮਸਲੇ ਪਹਿਲਾਂ ਵਾਂਗ ਲਮਕਦੇ ਰਹਿੰਦੇ ਹਨ।

ਤਰਨ ਤਾਰਨ ਨੂੰ ਪੰਥਕ ਹਲਕਾ ਮੰਨਿਆ ਜਾਂਦਾ ਹੈ ਅਤੇ ਪਿਛਲੇ ਸਮੇਂ ਦੌਰਾਨ ਇਸ ਸੀਟ ਤੋਂ ਪੰਥਕ ਉਮੀਦਵਾਰਾਂ ਦੀ ਵੀ ਜਿੱਤ ਹੁੰਦੀ ਰਹੀ ਹੈ, ਪਰ ਪਿਛਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਇਸ ਸੀਟ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਸ਼ਮੀਰ ਸਿੰਘ ਸੋਹਲ ਦੀ ਜਿੱਤ ਹੋਈ ਸੀ, ਜਿਸ ਦੀ ਮੌਤ ਹੋ ਜਾਣ ਕਾਰਨ ਹੁਣ ਇਹ ਸੀਟ ਖਾਲੀ ਐਲਾਨ ਦਿੱਤੀ ਗਈ ਹੈ ਅਤੇ ਹੁਣ ਇੱਥੇ ਜ਼ਿਮਨੀ ਚੋਣ ਹੋਵੇਗੀ।

ਤਰਨਤਾਰਨ ਵਿਧਾਨ ਸਭਾ ਹਲਕੇ ’ਚ ਪਿਛਲੀਆਂ ਛੇ ਵਿਧਾਨ ਸਭਾ ਚੋਣਾਂ ’ਚ ਤਿੰਨ ਵਾਰ ਅਕਾਲੀ ਦਲ ਅਤੇ ਦੋ ਵਾਰ ਕਾਂਗਰਸ ਅਤੇ ਇੱਕ ਵਾਰ ਆਮ ਆਦਮੀ ਪਾਰਟੀ ਜੇਤੂ ਰਹੀ। ਹਰਮੀਤ ਸਿੰਘ ਸੰਧੂ ਨੇ ਲਗਾਤਾਰ ਤਿੰਨ ਵਾਰ 2002 ਵਿੱਚ ਕਾਂਗਰਸ ਦੇ ਉਮੀਦਵਾਰ ਵਜੋਂ ਅਤੇ 2007 ਤੇ 2012 ਵਿੱਚ ਅਕਾਲੀ ਦਲ ਵੱਲੋਂ ਲਗਾਤਾਰ ਦੋ ਵਾਰ ਜਿੱਤ ਹਾਸਲ ਕੀਤੀ, ਜਿਸ ਨੂੰ 2017 ਵਿੱਚ ਕਾਂਗਰਸ ਦੇ ਉਮੀਦਵਾਰ ਧਰਮਬੀਰ ਅਗਨੀਹੋਤਰੀ ਨੇ ਰੋਕ ਦਿੱਤਾ ਅਤੇ ਜਿੱਤ ਹਾਸਲ ਕੀਤੀ। ਸਾਲ 2022 ਵਿੱਚ ਇਸ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਸ਼ਮੀਰ ਸਿੰਘ ਸੋਹਲ ਦੀ ਜਿੱਤ ਹੋਈ ਸੀ।

1997 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਤਰਨ ਤਾਰਨ ਤੋਂ ਸ਼੍ਰੋਮਣੀ ਅਕਾਲੀ ਦੇ ਉਮੀਦਵਾਰ ਪ੍ਰੇਮ ਸਿੰਘ ਲਾਲਪੁਰ ਨੇ 45121 ਵੋਟਾਂ ਦੀ ਲੀਡ ਨਾਲ ਜਿੱਤ ਹਾਸਲ ਕੀਤੀ ਸੀ। ਉਨ੍ਹਾਂ ਖ਼ਿਲਾਫ਼ ਕਾਂਗਰਸ ਦੇ ਉਮੀਦਵਾਰ ਦਿਲਬਾਗ ਸਿੰਘ ਦਲੀਕੇ ਨੂੰ 19902 ਵੋਟਾਂ ਨਾਲ ਹਾਰ ਦਾ ਮੂੰਹ ਦੇਖਣਾ ਪਿਆ ਸੀ। ਪ੍ਰੇਮ ਸਿੰਘ ਨੇ 25219 (33.26%) ਵੋਟਾਂ ਦੇ ਫ਼ਰਕ ਨਾਲ ਦਿਲਬਾਗ ਸਿੰਘ ਨੂੰ ਹਰਾਇਆ ਸੀ।

2002 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਨੇ 30560 ਵੋਟਾਂ ਨਾਲ ਜਿੱਤ ਪ੍ਰਾਪਤ ਕੀਤੀ ਸੀ। ਉਨ੍ਹਾਂ ਖ਼ਿਲਾਫ਼ ਸ਼੍ਰੋਮਣੀ ਅਕਾਲੀ ਦਲ ਦੇ ਅਲਵਿੰਦਰ ਪਾਲ ਸਿੰਘ ਨੂੰ 24341 ਵੋਟਾਂ ਨਾਲ ਹਾਰ ਮਿਲੀ ਸੀ। ਹਰਮੀਤ ਸਿੰਘ ਸੰਧੂ ਨੇ 6219 (7.92%) ਵੋਟਾਂ ਦੇ ਫ਼ਰਕ ਨਾਲ ਅਲਵਿੰਦਰ ਨੂੰ ਹਰਾਇਆ ਸੀ।

2007 ’ਚ ਤਰਨਤਾਰਨ ਤੋਂ ਹਰਮੀਤ ਸਿੰਘ ਸੰਧੂ ਨੇ ਕਾਂਗਰਸ ਪਾਰਟੀ ਨੂੰ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਦਾ ਪੱਲਾ ਫੜ੍ਹ ਲਿਆ ਸੀ। ਉਨ੍ਹਾਂ ਨੂੰ ਤਰਨਤਾਰਨ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਚੁਣਿਆ ਗਿਆ ਅਤੇ ਉਨ੍ਹਾਂ 44841 ਵੋਟਾਂ ਨਾਲ ਜਿੱਤ ਹਾਸਲ ਕੀਤੀ। ਉਨ੍ਹਾਂ ਦੇ ਖ਼ਿਲਾਫ਼ ਕਾਂਗਰਸ ਦੇ ਉਮੀਦਵਾਰ ਮਨਜੀਤ ਸਿੰਘ ਨੂੰ ਸਿਰਫ਼ 28307 ਵੋਟਾਂ ਨਾਲ ਹਾਰ ਦੇਖਣੀ ਪਈ ਸੀ। ਹਰਮੀਤ ਸਿੰਘ ਨੇ 16534 (17.97%) ਵੋਟਾਂ ਦੇ ਫ਼ਰਕ ਨਾਲ ਜਿੱਤ ਹਾਸਲ ਕੀਤੀ ਸੀ।

2012 ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਨੇ ਵਿਧਾਨ ਸਭਾ ਚੋਣਾਂ ’ਚ 50009 ਵੋਟਾਂ ਨਾਲ ਜਿੱਤ ਹਾਸਲ ਕੀਤੀ ਸੀ। ਉਨ੍ਹਾਂ ਦੇ ਖ਼ਿਲਾਫ਼ ਕਾਂਗਰਸ ਦੇ ਧਰਮਬੀਰ ਅਗਨੀਹੋਤਰੀ ਨੂੰ 45388 ਵੋਟਾਂ ਨਾਲ ਹਾਰ ਮਿਲੀ ਸੀ। ਹਰਮੀਤ ਸੰਧੂ ਨੇ 4621 (3.85%) ਵੋਟਾਂ ਦੇ ਫਰਕ ਨਾਲ ਜਿੱਤ ਹਾਸਲ ਕੀਤੀ ਸੀ।

2017 ਵਿੱਚ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ’ਚ ਤਰਨਤਾਰਨ ਤੋਂ ਕਾਂਗਰਸ ਦੇ ਉਮੀਦਵਾਰ ਧਰਮਬੀਰ ਅਗਨੀਹੋਤਰੀ 59,794 ਵੋਟਾਂ ਪ੍ਰਾਪਤ ਕਰਕੇ ਜੇਤੂ ਰਹੇ। ਉਨ੍ਹਾਂ ਦੇ ਖ਼ਿਲਾਫ਼ ਸ਼੍ਰੋਮਣੀ ਅਕਾਲੀ ਦਲ ਦੇ ਹਰਮੀਤ ਸਿੰਘ ਸੰਧੂ ਖੜ੍ਹੇ ਸਨ ਜਿਨ੍ਹਾਂ ਨੂੰ 45,165 ਵੋਟਾਂ ਨਾਲ ਹਾਰ ਮਿਲੀ ਸੀ। ਧਰਮਬੀਰ ਅਗਨੀਹੋਤਰੀ ਨੇ ਹਰਮੀਤ ਸੰਧੂ ਨੂੰ 14629 (11.03%) ਵੋਟਾਂ ਦੇ ਫ਼ਰਕ ਨਾਲ ਹਰਾਇਆ ਸੀ ਆਪ ਵੱਲੋਂ ਪਹਿਲਵਾਨ ਕਰਤਾਰ ਸਿੰਘ ਨੂੰ 22950 ਵੋਟਾਂ ਮਿਲੀਆਂ ਸਨ।

2022 ਦੀਆਂ ਵਿਧਾਨ ਸਭਾ ਚੋਣਾਂ ’ਚ ਹਲਕਾ ਤਰਨਤਾਰਨ ਤੋਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਹਰਮੀਤ ਸਿੰਘ ਸੰਧੂ, ਆਮ ਆਦਮੀ ਪਾਰਟੀ ਵੱਲੋਂ ਕਸ਼ਮੀਰ ਸਿੰਘ ਸੋਹਲ, ਸੰਯੁਕਤ ਸਮਾਜ ਮੋਰਚਾ ਵੱਲੋਂ ਸੁਖਮਨਦੀਪ ਸਿੰਘ, ਕਾਂਗਰਸ ਵੱਲੋਂ ਧਰਮਬੀਰ ਅਗਨੀਹੋਤਰੀ ਅਤੇ ਭਾਜਪਾ ਵੱਲੋਂ ਨਵਨੀਤ ਸਿੰਘ ਸੈਫੀਪੁਰ ਅਤੇ ਸੰਯੁਕਤ ਸਮਾਜ ਮੋਰਚਾ ਤੋਂ ਅਮਰੀਕ ਸਿੰਘ ਚੋਣ ਮੈਦਾਨ ’ਚ ਸਨ ਅਤੇ ਇਸ ਵਾਰ ਇਸ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਸ਼ਮੀਰ ਸਿੰਘ ਸੋਹਲ ਦੀ ਜਿੱਤ ਹੋਈ ਸੀ।

ਇਸ ਸਮੇਂ ਵੀ ਪੰਜਾਬ ਵਿੱਚ ਸਰਗਰਮ ਸਾਰੀਆਂ ਸਿਆਸੀ ਪਾਰਟੀਆਂ ਦੀਆਂ ਨਜ਼ਰਾਂ ਤਰਨ ਤਾਰਨ ਜ਼ਿਮਨੀ ਚੋਣ ਵੱਲ ਲੱਗੀਆਂ ਹੋਈਆਂ ਹਨ ਅਤੇ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਕਿਸੇ ਵੀ ਸਮੇਂ ਇੱਥੇ ਜ਼ਿਮਨੀ ਚੋਣ ਦਾ ਐਲਾਨ ਕੀਤਾ ਜਾ ਸਕਦਾ ਹੈ। ਇਸ ਕਾਰਨ ਸਾਰੀਆਂ ਹੀ ਸਿਆਸੀ ਪਾਰਟੀਆਂ ਵੱਲੋਂ ਚੋਣ ਸਰਗਰਮੀਆਂ ਆਰੰਭ ਕਰ ਦਿੱਤੀਆਂ ਗਈਆਂ ਹਨ।

ਲੁਧਿਆਣਾ ਪੱਛਮੀ ਜ਼ਿਮਨੀ ਚੋਣ ਜਿੱਤਣ ਤੋਂ ਬਾਅਦ ਆਮ ਆਦਮੀ ਪਾਰਟੀ ਬਹੁਤ ਉਤਸ਼ਾਹਿਤ ਹੈ। ਇਸੇ ਕਾਰਨ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਦਾਅਵਾ ਕਰ ਰਹੇ ਹਨ ਕਿ ਤਰਨ ਤਾਰਨ ਜ਼ਿਮਨੀ ਚੋਣ ਵੀ ਆਮ ਆਦਮੀ ਪਾਰਟੀ ਦਾ ਉਮੀਦਵਾਰ ਹੀ ਜਿੱਤੇਗਾ। ਉਂਝ ਵੀ ਜਦੋਂ ਦੀ ਪੰਜਾਬ ਵਿੱਚ ‘ਆਪ’ ਸਰਕਾਰ ਬਣੀ ਹੈ, ਉਦੋਂ ਤੋਂ ਲੈ ਕੇ ਹੁਣ ਤੱਕ ਪੰਜਾਬ ਵਿੱਚ 9 ਜ਼ਿਮਨੀ ਚੋਣਾਂ ਆਮ ਆਦਮੀ ਪਾਰਟੀ ਜਿੱਤ ਚੁੱਕੀ ਹੈ ਸਿਰਫ਼ ਬਰਨਾਲਾ ਸੀਟ ਆਮ ਆਦਮੀ ਪਾਰਟੀ ਹਾਰ ਗਈ ਸੀ। ਪਿਛਲੇ ਦਿਨਾਂ ਦੌਰਾਨ ਲੁਧਿਆਣਾ ਪੱਛਮੀ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦਾ ਉਮੀਦਵਾਰ ਹਜ਼ਾਰਾਂ ਵੋਟਾਂ ਨਾਲ ਜੇਤੂ ਰਿਹਾ ਸੀ, ਜਿਸ ਕਰਕੇ ‘ਆਪ’ ਆਗੂ ਦਾਅਵਾ ਕਰ ਰਹੇ ਹਨ ਕਿ ਤਰਨ ਤਾਰਨ ਜ਼ਿਮਨੀ ਚੋਣ ਵਿੱਚ ਵੀ ਆਮ ਆਦਮੀ ਪਾਰਟੀ ਦਾ ਉਮੀਦਵਾਰ ਹਜ਼ਾਰਾਂ ਵੋਟਾਂ ਦੇ ਫਰਕ ਨਾਲ ਵੱਡੀ ਜਿੱਤ ਪ੍ਰਾਪਤ ਕਰੇਗਾ। ਪੰਜਾਬ ਵਿੱਚ ਸਰਕਾਰ ਹੋਣ ਕਰਕੇ ਆਮ ਆਦਮੀ ਪਾਰਟੀ ਨੂੰ ਬਹੁਤ ਫਾਇਦਾ ਵੀ ਹੋ ਰਿਹਾ ਹੈ ਅਤੇ ਇਹ ਪਾਰਟੀ ਇਸ ਦਾ ਫਾਇਦਾ ਚੋਣਾਂ ਦੌਰਾਨ ਵੀ ਚੁੱਕਦੀ ਹੈ। ਤਰਨ ਤਾਰਨ ਜ਼ਿਮਨੀ ਚੋਣ ਨੂੰ ਮੁੱਖ ਰੱਖਦਿਆਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਕਿਸੇ ਨਾ ਕਿਸੇ ਬਹਾਨੇ ਤਰਨ ਤਾਰਨ ਹਲਕੇ ਦਾ ਦੌਰਾ ਵੀ ਕਰ ਚੁੱਕੇ ਹਨ ਅਤੇ ਪਾਰਟੀ ਵੱਲੋਂ ਇਸ ਸਬੰਧੀ ਫੀਡਬੈਕ ਵੀ ਲਈ ਜਾ ਰਹੀ ਹੈ।

ਪੰਜਾਬ ਕਾਂਗਰਸ ਭਾਵੇਂ ਇਸ ਸਮੇਂ ਆਪਸੀ ਫੁੱਟ ਦੀ ਸ਼ਿਕਾਰ ਹੈ ਅਤੇ ਇਸ ਫੁੱਟ ਦਾ ਖਮਿਆਜ਼ਾ ਉਹ ਲੁਧਿਆਣਾ ਪੱਛਮੀ ਜ਼ਿਮਨੀ ਚੋਣ ਵਿੱਚ ਹਾਰ ਕੇ ਭੁਗਤ ਚੁੱਕੀ ਹੈ। ਪਰ ਸੀਨੀਅਰ ਕਾਂਗਰਸੀ ਆਗੂਆਂ ਦੀਆਂ ਸਰਗਰਮੀਆਂ ਵੇਖ ਕੇ ਇਸ ਤਰ੍ਹਾਂ ਲੱਗਦਾ ਹੈ ਕਿ ਜਿਵੇਂ ਕਾਂਗਰਸ ਦੇ ਆਗੂਆਂ ਨੇ ਬੀਤੇ ਸਮੇਂ ਤੋਂ ਕੋਈ ਸਬਕ ਨਹੀਂ ਲਿਆ। ਇਸੇ ਕਾਰਨ ਕਾਂਗਰਸ ਦੇ ਅਨੇਕਾਂ ਆਗੂ ਆਪੋ ਆਪਣੇ ਬਿਆਨ ਜਾਰੀ ਕਰ ਰਹੇ ਹਨ। ਕਾਂਗਰਸ ਦੇ ਕੁਝ ਸੀਨੀਅਰ ਕਾਂਗਰਸੀ ਆਗੂ ਅਜਿਹੇ ਹਨ, ਜੋ ਕਿ ਆਪਣੇ ਆਪ ਨੂੰ ਕਾਂਗਰਸ ਪਾਰਟੀ ਵੱਲੋਂ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਪਾਰਟੀ ਦਾ ਮੁੱਖ ਮੰਤਰੀ ਦਾ ਚਿਹਰਾ ਹੋਣ ਦਾ ਦਾਅਵਾ ਅੰਦਰਖਾਤੇ ਕਰ ਰਹੇ ਹਨ ਪਰ ਇਹਨਾਂ ਆਗੂਆਂ ਦੀ ਗਿਣਤੀ ਜਿਆਦਾ ਹੋਣ ਕਾਰਨ ਇਸ ਕਰਕੇ ਸਥਿਤੀ ਅਜੇ ਸਪਸ਼ਟ ਨਹੀਂ ਹੈ। ਉਂਝ ਵੀ ਅਗਲੀਆਂ ਪੰਜਾਬ ਵਿਧਾਨ ਸਭਾ ਹੋਣ ਵਿੱਚ ਡੇਢ ਸਾਲ ਦਾ ਸਮਾਂ ਪਿਆ ਹੈ ਅਤੇ ਉਸ ਤੋਂ ਪਹਿਲਾਂ ਪੰਜਾਬ ਵਿੱਚ ਤਰਨ ਤਾਰਨ ਦੀ ਜ਼ਿਮਨੀ ਚੋਣ ਆ ਗਈ ਹੈ। ਤਰਨ ਤਾਰਨ ਹਲਕੇ ਨਾਲ ਸਬੰਧਿਤ ਕਾਂਗਰਸੀ ਆਗੂ ਇਸ ਚੋਣ ਸਬੰਧੀ ਪੂਰੀ ਤਰ੍ਹਾਂ ਸਰਗਰਮ ਹੋ ਗਏ ਹਨ ਅਤੇ ਉਹਨਾਂ ਵੱਲੋਂ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਦੇ ਨਾਲ ਹੀ ਹਲਕੇ ਦੇ ਵੋਟਰਾਂ ਨਾਲ ਵੀ ਮੇਲ ਜੋਲ ਵਧਾ ਦਿੱਤਾ ਗਿਆ ਹੈ। ਕਾਂਗਰਸ ਪਾਰਟੀ ਵੀ ਇਸ ਸੀਟ ਨੂੰ ਜਿੱਤਣ ਲਈ ਪੂਰੀ ਤੇਜ਼ੀ ਨਾਲ ਤਿਆਰੀਆਂ ਕਰ ਰਹੀ ਹੈ ਅਤੇ ਉਸ ਵੱਲੋਂ ਇਸ ਚੋਣ ਵਿੱਚ ਆਮ ਆਦਮੀ ਪਾਰਟੀ ਨੂੰ ਸਖ਼ਤ ਮੁਕਾਬਲਾ ਦੇਣ ਦੀ ਸੰਭਾਵਨਾ ਹੈ। ਕਾਂਗਰਸ ਬਾਰੇ ਇਹ ਗੱਲ ਵੀ ਕਹੀ ਜਾ ਸਕਦੀ ਹੈ ਕਿ ਉਸ ਨੇ ਅਜੇ ਤੱਕ ਇਹ ਫੈਸਲਾ ਨਹੀਂ ਕੀਤਾ ਕਿ ਉਸ ਨੇ ਮੁੱਖ ਵਿਰੋਧੀ ਧਿਰ ਦੀ ਭੂਮਿਕਾ ਨਿਭਾਉਣੀ ਹੈ ਜਾਂ ਆਪਸ ਵਿੱਚ ਹੀ ਲੜਦੇ ਰਹਿਣਾ ਹੈ। ਇਹ ਗੱਲ ਜ਼ਰੂਰ ਹੈ ਕਿ ਕਾਂਗਰਸ ਦੀ ਸਥਿਤੀ ਅਕਾਲੀਆਂ ਤੇ ਭਾਜਪਾ ਨਾਲੋਂ ਬਿਹਤਰ ਹੈ। ਬੀਤੇ ਦਿਨੀਂ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਵੱਲੋਂ ਤਰਨ ਤਾਰਨ ਤੋਂ ਕਾਂਗਰਸ ਦੇ ਟਿਕਟ ਦੇ ਮੁੱਖ ਦਾਅਵੇਦਾਰਾਂ ਨਾਲ ਮੀਟਿੰਗ ਵੀ ਕੀਤੀ ਗਈ ਪਰ ਉਮੀਦਵਾਰ ਸਬੰਧੀ ਅਜੇ ਤੱਕ ਕੋਈ ਫੈਸਲਾ ਨਹੀਂ ਹੋ ਸਕਿਆ।

ਜਿਥੋਂ ਤੱਕ ਅਕਾਲੀ ਦਲ ਬਾਦਲ ਦਾ ਸਵਾਲ ਹੈ ਤਾਂ ਅਕਾਲੀ ਦਲ ਵੱਲੋਂ ਤਰਨ ਤਾਰਨ ਦੇ ਕਸਬਾ ਝਬਾਲ ਵਿੱਚ ਰੈਲੀ ਕਰਕੇ ਆਪਣਾ ਤਾਕਤ ਦਾ ਪ੍ਰਗਟਾਵਾ ਕੀਤਾ ਗਿਆ ਹੈ। ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਬਾਦਲ ਦਾਅਵਾ ਕਰ ਰਹੇ ਹਨ ਕਿ ਇਸ ਸੀਟ ਤੋਂ ਅਕਾਲੀ ਉਮੀਦਵਾਰ ਦੀ ਜਿੱਤ ਹੋਵੇਗੀ ਅਤੇ ਇੱਥੋਂ ਹੀ ਪੰਜਾਬ ਵਿੱਚ ਅਗਲੀ ਅਕਾਲੀ ਸਰਕਾਰ ਬਣਨ ਦਾ ਮੁੱਢ ਬੱਝ ਜਾਵੇਗਾ। ਸ਼੍ਰੋਮਣੀ ਅਕਾਲੀ ਦਲ ਵੱਲੋਂ ਵਿਧਾਨ ਸਭਾ ਹਲਕਾ ਤਰਨ ਤਾਰਨ ਦੀ ਸੀਟ ਨੂੰ ਆਪਣੀ ਮਜ਼ਬੂਤ ਸੀਟਾਂ ਵਿੱਚੋਂ ਇੱਕ ਗਿਣਿਆਂ ਜਾਂਦਾ ਹੈ ਪਰ ਇਸ ਵਾਰ ਜ਼ਿਮਨੀ ਚੋਣ ਵਿੱਚ ਅਕਾਲੀ ਦਲ ਲਈ ਰਾਹ ਸੌਖਾ ਨਹੀਂ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਤਰਨ ਤਾਰਨ ਤੋਂ ਚੋਣ ਲੜਨ ਵਾਲੇ ਅਤੇ ਕਈ ਵਾਰ ਵਿਧਾਇਕ ਚੁਣੇ ਗਏ ਹਰਮੀਤ ਸਿੰਘ ਸੰਧੂ ਪਿਛਲੇ ਦਿਨੀਂ ‘ਆਪ’ ਵਿੱਚ ਸ਼ਾਮਲ ਹੋ ਗਏ ਹਨ। ਅਜਿਹੇ ਹਾਲਾਤ ਵਿੱਚ ਅਕਾਲੀ ਦਲ ਨੂੰ ਇੱਥੋਂ ਨਵੇਂ ਚਿਹਰੇ ’ਤੇ ਦਾਅ ਖੇਡਣਾ ਪਵੇਗਾ। ਤਰਨ ਤਾਰਨ ਵਿਧਾਨ ਸਭਾ ਹਲਕਾ ਪੰਥਕ ਹੋਣ ਕਰਕੇ ਅਕਾਲੀ ਦਲ ਬਾਦਲ ਨੂੰ ਉਮੀਦ ਹੈ ਕਿ ਇਸ ਜ਼ਿਮਨੀ ਚੋਣ ਵਿੱਚ ਅਕਾਲੀ ਉਮੀਦਵਾਰ ਦੀ ਹੀ ਜਿੱਤ ਹੋਵੇਗੀ। ਅਕਾਲੀ ਦਲ ਵੱਲੋਂ ਇਸ ਹਲਕੇ ਦੀਆਂ ਪੱਕੀਆਂ ਪਰ ਇਸ ਸਮੇਂ ਅਕਾਲੀ ਦਲ ਤੋਂ ਦੂਰ ਹੋ ਚੁੱਕੀਆਂ ਪੰਥਕ ਵੋਟਾਂ ਨੂੰ ਵੀ ਮਨਾਉਣ ਦੇ ਯਤਨ ਕੀਤੇ ਜਾ ਰਹੇ ਹਨ ਤਾਂ ਕਿ ਅਕਾਲੀ ਉਮੀਦਵਾਰ ਦੀ ਜਿੱਤ ਪੱਕੀ ਕੀਤੀ ਜਾ ਸਕੇ।

ਤਰਨ ਤਾਰਨ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਜਿੱਤਣ ਲਈ ਭਾਜਪਾ ਵੀ ਪੂਰੀ ਤਰ੍ਹਾਂ ਸਰਗਰਮ ਹੋ ਗਈ ਹੈ। ਭਾਜਪਾ ਨੇ ਪਾਰਟੀ ਦੇ ਸੰਭਾਵੀ ਉਮੀਦਵਾਰਾਂ ਦੀ ਲਿਸਟ ਤਿਆਰ ਕਰਨ ਲਈ ਅਤੇ ਸਟੇਟ ਚੋਣ ਕਮੇਟੀ ਨੂੰ ਰਿਪੋਰਟ ਦੇਣ ਲਈ ਸਾਬਕਾ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਨੂੰ ਤਰਨ ਤਾਰਨ ਜ਼ਿਮਨੀ ਚੋਣ ਦਾ ਆਬਜ਼ਰਵਰ ਨਿਯੁਕਤ ਕੀਤਾ ਹੈ। ਭਾਜਪਾ ਨੇ ਸਾਬਕਾ ਕੇਂਦਰੀ ਮੰਤਰੀ ਦੇ ਸਹਿਯੋਗ ਲਈ ਸਾਬਕਾ ਵਿਧਾਇਕ ਅਤੇ ਪੰਜਾਬ ਭਾਜਪਾ ਦੇ ਉਪ-ਪ੍ਰਧਾਨ ਕੇਵਲ ਸਿੰਘ ਢਿੱਲੋਂ ਤੇ ਪੰਜਾਬ ਮਹਿਲਾ ਮੋਰਚਾ ਦੀ ਸੂਬਾ ਪ੍ਰਧਾਨ ਬੀਬਾ ਜੈਇੰਦਰ ਕੌਰ ਨੂੰ ਤਾਇਨਾਤ ਕੀਤਾ ਹੈ। ਭਾਜਪਾ ਦੀ ਪੰਜਾਬ ਇਕਾਈ ਦੇ ਆਗੂਆਂ ਨੂੰ ਆਸ ਹੈ ਕਿ ਕੇਂਦਰ ਵਿੱਚ ਭਾਜਪਾ ਸਰਕਾਰ ਹੋਣ ਦਾ ਲਾਭ ਤਰਨ ਤਾਰਨ ਜ਼ਿਮਨੀ ਚੋਣ ਵਿੱਚ ਭਾਜਪਾ ਉਮੀਦਵਾਰ ਨੂੰ ਮਿਲੇਗਾ। ਲੁਧਿਆਣਾ ਪੱਛਮੀ ਜ਼ਿਮਨੀ ਚੋਣ ਵਿੱਚ ਭਾਜਪਾ ਉਮੀਦਵਾਰ ਦੀ ਕਾਰਗੁਜ਼ਾਰੀ ਅਕਾਲੀ ਦਲ ਬਾਦਲ ਦੇ ਉਮੀਦਵਾਰ ਨਾਲੋਂ ਬਿਹਤਰ ਰਹੀ ਹੋਣ ਕਰਕੇ ਭਾਜਪਾ ਆਗੂ ਕਾਫ਼ੀ ਉਤਸ਼ਾਹਿਤ ਹਨ ਅਤੇ ਭਾਜਪਾ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਪੰਜਾਬ ਵਿੱਚ ਭਾਜਪਾ ਆਪਣੇ ਇਕੱਲੀ ਦੇ ਦਮ ’ਤੇ ਇੱਕ ਦਿਨ ਸਰਕਾਰ ਬਣਾਉਣ ਵਿੱਚ ਜ਼ਰੂਰ ਕਾਮਯਾਬ ਹੋ ਜਾਵੇਗੀ। ਭਾਜਪਾ ਵੱਲੋਂ ਵੀ ਤਰਨ ਤਾਰਨ ਜ਼ਿਮਨੀ ਚੋਣ ਜਿੱਤਣ ਲਈ ਵਿਸ਼ੇਸ਼ ਰਣਨੀਤੀ ਬਣਾਈ ਗਈ ਹੈ, ਜਿਸ ਤਹਿਤ ਭਾਜਪਾ ਆਗੂਆਂ ਵੱਲੋਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ।

ਤਰਨ ਤਾਰਨ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਸਬੰਧੀ ਭਾਵੇਂ ਸਾਰੀਆਂ ਸਿਆਸੀ ਪਾਰਟੀਆਂ ਵੱਲੋਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ ਪਰ ਜਿੱਥੋਂ ਤਕ ਇਸ ਹਲਕੇ ਦੇ ਆਮ ਵੋਟਰਾਂ ਦਾ ਸਵਾਲ ਹੈ ਤਾਂ ਇਹਨਾਂ ਵੋਟਰਾਂ ਵੱਲੋਂ ਅਜੇ ਕਿਸੇ ਵੀ ਸਿਆਸੀ ਪਾਰਟੀ ਨੂੰ ਕੋਈ ਹੁੰਗਾਰਾ ਨਹੀਂ ਭਰਿਆ ਜਾ ਰਿਹਾ। ਜਿਸ ਕਰਕੇ ਇਸ ਜ਼ਿਮਨੀ ਚੋਣ ਵਿੱਚ ਕਿਸ ਸਿਆਸੀ ਪਾਰਟੀ ਦੇ ਉਮੀਦਵਾਰ ਦੀ ਜਿੱਤ ਹੋਵੇਗੀ, ਇਸ ਬਾਰੇ ਅਜੇ ਕਹਿਣਾ ਮੁਸ਼ਕਿਲ ਹੈ। ਏਨਾ ਜ਼ਰੂਰ ਹੈ ਕਿ ਇਸ ਜ਼ਿਮਨੀ ਚੋਣ ਦੇ ਨਤੀਜੇ ਪੰਜਾਬ ਦੀ ਸਿਆਸਤ ਨੂੰ ਜ਼ਰੂਰ ਪ੍ਰਭਾਵਿਤ ਕਰਨਗੇ।

### ਪੰਜਾਬ ’ਚ ਵਾਰ-ਵਾਰ ਚੋਣਾਂ ਆਉਣ ਕਾਰਨ ਅਨੇਕਾਂ ਲੋਕ ਨਿਰਾਸ਼

ਪੰਜਾਬ ਵਿੱਚ ਅਜਿਹੇ ਲੋਕਾਂ ਦੀ ਗਿਣਤੀ ਵੀ ਕਾਫ਼ੀ ਜ਼ਿਆਦਾ ਹੈ, ਜੋ ਕਿ ਪੰਜਾਬ ਵਿੱਚ ਵਾਰ ਵਾਰ ਚੋਣਾਂ ਆਉਣ ਕਾਰਨ ਨਿਰਾਸ਼ ਹਨ। ਇਹਨਾਂ ਲੋਕਾਂ ਦਾ ਕਹਿਣਾ ਹੈ ਕਿ ਜ਼ਿਮਨੀ ਚੋਣਾਂ ਜਾਂ ਹੋਰ ਕਿਸਮ ਦੀਆਂ ਚੋਣਾਂ ਆ ਜਾਣ ਕਾਰਨ ਅਕਸਰ ਚੋਣ ਜ਼ਾਬਤਾ ਲੱਗ ਜਾਂਦਾ ਹੈ, ਜਿਸ ਕਾਰਨ ਲੋਕਾਂ ਦੇ ਜ਼ਰੂਰੀ ਕੰਮ ਰਹਿ ਜਾਂਦੇ ਹਨ। ਇਸ ਤੋਂ ਇਲਾਵਾ ਸਰਕਾਰ ਦਾ ਸਾਰਾ ਧਿਆਨ ਵੀ ਜ਼ਿਮਨੀ ਚੋਣ ਵੱਲ ਲੱਗ ਜਾਂਦਾ ਹੈ, ਜਿਸ ਕਾਰਨ ਪੰਜਾਬ ਦੇ ਹੋਰਨਾਂ ਇਲਾਕਿਆਂ ਦੇ ਲੋਕਾਂ ਦੇ ਮਸਲੇ ਹੱਲ ਕਰਨ ਵੱਲ ਸਰਕਾਰ ਅਕਸਰ ਅਵੇਸਲੀ ਹੋ ਜਾਂਦੀ ਹੈ ਅਤੇ ਆਮ ਲੋਕਾਂ ਦੇ ਜ਼ਰੂਰੀ ਕੰਮ ਲਟਕ ਜਾਂਦੇ ਹਨ। ਜ਼ਿਮਨੀ ਚੋਣਾਂ ਕਾਰਨ ਅਕਸਰ ਵੱਡੀ ਗਿਣਤੀ ਸਰਕਾਰੀ ਅਧਿਕਾਰੀ ਵੀ ਚੋਣ ਤਿਆਰੀਆਂ ਵਿੱਚ ਰੁੱਝੇ ਰਹਿੰਦੇ ਹਨ, ਜਿਸ ਕਾਰਨ ਅਕਸਰ ਇਹ ਅਧਿਕਾਰੀ ਦਫ਼ਤਰਾਂ ਵਿੱਚ ਨਹੀਂ ਮਿਲਦੇ ਅਤੇ ਇਹਨਾਂ ਨੂੰ ਮਿਲ ਕੇ ਆਪਣੇ ਕੰਮ ਕਰਵਾਉਣ ਵਾਲੇ ਲੋਕ ਨਿਰਾਸ਼ ਘਰਾਂ ਨੂੰ ਪਰਤਦੇ ਹਨ।

### ਮਾਮਲਾ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350 ਸਾਲਾ ਸ਼ਹੀਦੀ ਦਿਹਾੜਾ ਮਨਾਉਣ ਦਾ

# ਪੰਜਾਬ ਸਰਕਾਰ ਦੇ ਐਲਾਨ ਦਾ ਸ਼੍ਰੋਮਣੀ ਕਮੇਟੀ ਵੱਲੋਂ ਸਖ਼ਤ ਵਿਰੋਧ, ਸਰਕਾਰੀ ਦਖ਼ਲ 'ਤੇ ਇਤਰਾਜ਼

## ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪੱਖ: ਸ਼ਤਾਬਦੀ ਸਮਾਗਮ ਪੰਥਕ ਅਗਵਾਈ 'ਚ ਹੋਣ

## ਸਿੱਖ ਪੰਥ 'ਚ ਚਰਚਾ: ਸਰਕਾਰ ਜਾਂ ਸ਼੍ਰੋਮਣੀ ਕਮੇਟੀ, ਕੌਣ ਸਹੀ ?





ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਲੈ ਕੇ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚਕਾਰ ਤਣਾਅ ਨੇ ਸਿੱਖ ਪੰਥ ਦੇ ਮਨਾਂ ਵਿੱਚ ਸਵਾਲਾਂ ਦੀ ਲੜੀ ਖੜ੍ਹੀ ਕਰ ਦਿੱਤੀ ਹੈ। ਇਹ ਸਿਰਫ਼ ਇੱਕ ਸ਼ਤਾਬਦੀ ਸਮਾਗਮ ਦੀ ਗੱਲ ਨਹੀਂ, ਸਗੋਂ ਸਿੱਖ ਧਰਮ ਦੀ ਸੰਵੇਦਨਸ਼ੀਲਤਾ, ਪੰਥਕ ਸੰਸਥਾਵਾਂ ਦੀ ਅਗਵਾਈ ਅਤੇ ਸਰਕਾਰੀ ਦਖਲ ਦੀ ਸੀਮਾ ਨੂੰ ਲੈ ਕੇ ਉਠਿਆ ਵਿਵਾਦ ਹੈ। ਇਸ ਵਿਵਾਦ ਦੀਆਂ ਜੜ੍ਹਾਂ ਨੂੰ ਸਮਝਣ ਲਈ ਸਾਨੂੰ ਪੰਜਾਬ ਦੇ ਸਿਆਸੀ, ਧਾਰਮਿਕ ਅਤੇ ਸਮਾਜਿਕ ਪਰਿਦ੍ਰਿਸ਼ ਵਿੱਚ ਝਾਤ ਮਾਰਨੀ ਪਵੇਗੀ।

**ਸ਼ਤਾਬਦੀ ਸਮਾਗਮ ਦਾ ਐਲਾਨ: ਸਰਕਾਰ ਦੀ ਯੋਜਨਾ**

ਪੰਜਾਬ ਸਰਕਾਰ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ 19 ਤੋਂ 25 ਨਵੰਬਰ 2025 ਤੱਕ ਧੂਮਧਾਮ ਨਾਲ ਮਨਾਉਣ ਦਾ ਐਲਾਨ ਕੀਤਾ। ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਇਸ ਮੌਕੇ ਦੱਸਿਆ ਕਿ ਸਰਕਾਰ ਵੱਲੋਂ ਚਾਰ ਸ਼ਹਾਦਤ ਯਾਤਰਾਵਾਂ ਕੱਢੀਆਂ ਜਾਣਗੀਆਂ 'ਇੱਕ ਮਾਝੇ, ਇੱਕ ਦੋਆਬੇ ਅਤੇ ਦੋ ਮਾਲਵੇ ਵਿੱਚੋਂ' ਜੋ ਸ੍ਰੀ ਆਨੰਦਪੁਰ ਸਾਹਿਬ ਵਿਖੇ ਸਮਾਪਤ ਹੋਣਗੀਆਂ। ਇੱਕ ਵਿਸ਼ੇਸ਼ ਯਾਤਰਾ ਸ੍ਰੀਨਗਰ ਤੋਂ ਸ਼ੁਰੂ ਹੋਵੇਗੀ, ਜਿਸ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸ਼ਾਮਲ ਹੋਣਗੇ। ਸਰਕਾਰ ਨੇ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿੱਚ ਲਾਈਟ ਐਂਡ ਸਾਊਂਡ ਪ੍ਰੋਗਰਾਮ, ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਗੋਸ਼ਟੀ ਸਮਾਗਮਾਂ ਦੀ ਯੋਜਨਾ ਵੀ ਬਣਾਈ ਹੈ।

**ਸ਼੍ਰੋਮਣੀ ਕਮੇਟੀ ਦਾ ਸਖ਼ਤ ਵਿਰੋਧ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਕਹਿਣਾ ਸੀ ਕਿ ਸਿੱਖ ਇਤਿਹਾਸ ਦੀਆਂ ਸ਼ਤਾਬਦੀਆਂ ਮਨਾਉਣ ਦਾ ਅਧਿਕਾਰ ਸਿਰਫ਼ ਸ਼੍ਰੋਮਣੀ ਕਮੇਟੀ ਨੂੰ ਹੈ, ਜੋ ਸਿੱਖ ਮਰਯਾਦਾ ਅਤੇ ਇਤਿਹਾਸਕ ਸੰਵੇਦਨਸ਼ੀਲਤਾ ਨੂੰ ਗਹਿਰਾਈ ਨਾਲ ਸਮਝਦੀ ਹੈ। ਧਾਮੀ ਨੇ ਸਰਕਾਰ ਨੂੰ ਨਸੀਹਤ ਦਿੱਤੀ ਕਿ ਉਸ ਦਾ ਕੰਮ ਸੰਗਤਾਂ ਲਈ ਸਹੂਲਤਾਂ ਮੁਹੱਈਆ ਕਰਨਾ ਹੈ, ਨਾ ਕਿ ਧਾਰਮਿਕ ਮਾਮਲਿਆਂ ਵਿੱਚ ਦਖ਼ਲ ਦੇਣਾ।

ਉਨ੍ਹਾਂ ਨੇ ਬੀਤੇ ਸਮੇਂ ਦੀਆਂ ਮਿਸਾਲਾਂ ਦਿੰਦਿਆਂ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਪੁਰਬ ਵੇਲੇ ਬਿਹਾਰ ਸਰਕਾਰ ਨੇ ਸਿਰਫ਼ ਪ੍ਰਬੰਧਕੀ ਸਹਿਯੋਗ ਦਿੱਤਾ ਸੀ, ਜਦਕਿ ਸਮਾਗਮ ਸਿੱਖ ਸੰਸਥਾਵਾਂ ਨੇ ਸੰਭਾਲੇ। ਇਸੇ ਤਰ੍ਹਾਂ, ਪੰਜਾਬ ਦੀ ਅਕਾਲੀ ਸਰਕਾਰ ਨੇ ਵੀ ਸ਼ਤਾਬਦੀਆਂ ਮੌਕੇ ਸਹਿਯੋਗੀ ਭੂਮਿਕਾ ਨਿਭਾਈ। ਧਾਮੀ ਨੇ ਸਰਕਾਰ ਦੇ ਵੱਖਰੇ ਸਮਾਗਮਾਂ ਦੇ ਐਲਾਨ ਨੂੰ ਪੰਥਕ ਏਕਤਾ ਨੂੰ ਖੰਡਿਤ ਕਰਨ ਦੀ ਕੋਸ਼ਿਸ਼ ਦੱਸਿਆ ਅਤੇ ਸਪੱਸ਼ਟ ਕੀਤਾ ਕਿ ਸ਼੍ਰੋਮਣੀ ਕਮੇਟੀ ਸਭ ਨੂੰ ਨਾਲ ਲੈ ਕੇ ਸਮਾਗਮ ਕਰੇਗੀ, ਜਿਸ ਵਿੱਚ ਸਰਕਾਰੀ ਪ੍ਰਤੀਨਿਧੀਆਂ ਨੂੰ ਵੀ ਸੱਦਿਆ ਜਾਵੇਗਾ।

**ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪੱਖ**

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸ਼੍ਰੋਮਣੀ ਕਮੇਟੀ ਦੇ ਇਤਰਾਜ਼ ਨੂੰ ਜਾਇਜ਼ ਠਹਿਰਾਇਆ। ਉਨ੍ਹਾਂ ਨੇ ਸਰਕਾਰ ਨੂੰ ਸੁਝਾਅ ਦਿੱਤਾ ਕਿ ਸ਼ਤਾਬਦੀਆਂ ਮਨਾਉਣਾ ਖ਼ਾਲਸਾ ਪੰਥ ਦਾ ਕੰਮ ਹੈ ਅਤੇ ਸਰਕਾਰ ਨੂੰ ਸੰਗਤਾਂ ਲਈ ਸਹੂਲਤਾਂ ਜਿਵੇਂ ਸੜਕਾਂ, ਸਫ਼ਾਈ ਅਤੇ ਬੁਨਿਆਦੀ ਢਾਂਚਾ ਮੁਹੱਈਆ ਕਰਨ 'ਤੇ ਧਿਆਨ ਦੇਣਾ ਚਾਹੀਦਾ ਹੈ। ਜਥੇਦਾਰ ਨੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਸਿੱਧਾ ਨਿਸ਼ਾਨਾ ਸਾਧਦਿਆਂ ਕਿਹਾ ਕਿ ਜੇ ਮੁੱਖ ਮੰਤਰੀ ਸਾਬਤ ਸੂਰਤ ਨਹੀਂ, ਤਾਂ ਉਹ ਧਾਰਮਿਕ ਸਮਾਗਮਾਂ ਦੀ ਅਗਵਾਈ ਕਿਵੇਂ ਕਰ ਸਕਦੇ ਹਨ ? ਉਨ੍ਹਾਂ ਨੇ ਮੰਗ ਕੀਤੀ ਕਿ ਮੁੱਖ ਮੰਤਰੀ ਅਤੇ ਸਿੱਖ ਮੰਤਰੀ ਅੰਮ੍ਰਿਤਧਾਰੀ ਹੋਣ ਅਤੇ ਕੇਸਾਂ ਦੀ ਬੇਅਦਬੀ ਬੰਦ ਕਰਨ।

ਜਥੇਦਾਰ ਨੇ ਸ੍ਰੀ ਆਨੰਦਪੁਰ ਸਾਹਿਬ ਦੀ ਖਸਤਾਹਾਲ ਸੜਕਾਂ, ਸਤਲੁਜ 'ਤੇ ਟੁੱਟਿਆ ਪੁੱਲ ਅਤੇ ਸਫ਼ਾਈ ਦੇ ਮਾੜੇ ਹਾਲਾਤ 'ਤੇ ਵੀ ਸਰਕਾਰ ਨੂੰ ਘੇਰਿਆ। ਉਨ੍ਹਾਂ ਨੇ ਸੁਝਾਅ ਦਿੱਤਾ ਕਿ ਸਰਕਾਰ ਸ੍ਰੀ ਆਨੰਦਪੁਰ ਸਾਹਿਬ ਨੂੰ ਵਾਈਟ ਸਿਟੀ ਵਜੋਂ ਚਿੱਟਾ ਕਰੇ, ਜਿਵੇਂ 1999 ਵਿੱਚ ਖ਼ਾਲਸਾ ਸਾਜਨਾ ਦਿਵਸ ਦੀ 300 ਸਾਲਾ ਸ਼ਤਾਬਦੀ ਮੌਕੇ ਕੀਤਾ ਗਿਆ ਸੀ।

**ਕੌਣ ਸਹੀ, ਕੌਣ ਗ਼ਲਤ ?**

ਦਮਦਮੀ ਟਕਸਾਲ ਅਤੇ ਹੋਰ ਸੰਪਰਦਾਵਾਂ, ਨੇ ਸ਼੍ਰੋਮਣੀ ਕਮੇਟੀ ਦੇ ਪੱਖ ਨੂੰ ਸਮਰਥਨ ਦਿੱਤਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਸ਼ਤਾਬਦੀ ਸਮਾਗਮ ਸਿੱਖ ਸੰਸਥਾਵਾਂ ਦੀ ਅਗਵਾਈ ਵਿੱਚ ਹੀ ਹੋਣੇ ਚਾਹੀਦੇ ਹਨ, ਕਿਉਂਕਿ ਸਰਕਾਰੀ ਦਖ਼ਲ ਨਾਲ ਸਿੱਖ ਮਰਯਾਦਾ ਨੂੰ ਠੇਸ ਪਹੁੰਚ ਸਕਦੀ ਹੈ।

ਸਿੱਖ ਬੁੱਧੀਜੀਵੀ ਅਤੇ ਪੰਥਕ ਜਥੇਬੰਦੀਆਂ ਦਾ ਸੁਝਾਅ ਹੈ ਕਿ ਸ਼੍ਰੋਮਣੀ ਕਮੇਟੀ ਦੀ ਅਗਵਾਈ ਵਿੱਚ ਸਮਾਗਮ ਹੋਣੇ ਚਾਹੀਦੇ ਹਨ, ਕਿਉਂਕਿ ਉਹ ਸਿੱਖ ਮਰਯਾਦਾ ਦੀ ਪਾਲਣਾ ਵਿੱਚ ਮੁਹਾਰਤ ਰੱਖਦੀ ਹੈ। ਪਰ ਸ਼੍ਰੋਮਣੀ ਕਮੇਟੀ ਨੂੰ ਸਮੂਹ ਪੰਥਕ ਜਥੇਬੰਦੀਆਂ ਦਾ ਸਹਿਯੋਗ ਲੈਣਾ ਚਾਹੀਦਾ ਹੈ।


ਕੁਝ ਖੱਬੇਪਖੀ ਬੁੱਧੀਜੀਵੀ ਸਰਕਾਰ ਦੇ ਪੱਖ ਵਿੱਚ ਹਨ, ਜਿਨ੍ਹਾਂ ਦਾ ਮੰਨਣਾ ਹੈ ਕਿ ਸਰਕਾਰ ਦੀ ਸ਼ਮੂਲੀਅਤ ਨਾਲ ਸਮਾਗਮਾਂ ਦਾ ਦਾਇਰਾ ਵਧੇਗਾ ਅਤੇ ਗੁਰੂ ਸਾਹਿਬ ਦਾ ਸੰਦੇਸ਼ ਵਿਆਪਕ ਤੌਰ 'ਤੇ ਫੈਲੇਗਾ।

ਸਿੱਖ ਬੁੱਧੀਜੀਵੀਆਂ ਵਿੱਚ ਵੀ ਜ਼ਿਆਦਾਤਰ ਦਾ ਝੁਕਾਅ ਸ਼੍ਰੋਮਣੀ ਕਮੇਟੀ ਵੱਲ ਹੈ, ਪਰ ਕੁਝ ਨੇ ਸਰਕਾਰ ਦੀ ਨੀਅਤ 'ਤੇ ਸਵਾਲ ਨਹੀਂ ਉਠਾਇਆ। ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਨੂੰ ਆਪਸੀ ਸਹਿਮਤੀ ਨਾਲ ਕੰਮ ਕਰਨਾ ਚਾਹੀਦਾ ਹੈ, ਤਾਂ ਜੋ ਪੰਥਕ ਏਕਤਾ ਨੂੰ ਨੁਕਸਾਨ ਨਾ ਹੋਵੇ। (ਬਾਕੀ ਸਫ਼ਾ 30 'ਤੇ)

### ਕੀ ਸ਼ਤਾਬਦੀ ਸਮਾਗਮਾਂ 'ਤੇ ਸ਼੍ਰੋਮਣੀ ਕਮੇਟੀ ਦਾ ਏਕਾਧਿਕਾਰ ਹੈ ? : ਮਾਨ

ਮੁੱਖ ਮੰਤਰੀ ਭਗਵੰਤ ਮਾਨ ਨੇ ਸ਼੍ਰੋਮਣੀ ਕਮੇਟੀ ਦੇ ਇਤਰਾਜ਼ ਨੂੰ ਸਿੱਧਾ ਚੁਣੌਤੀ ਦਿੱਤੀ। ਉਨ੍ਹਾਂ ਨੇ ਸਵਾਲ ਚੁੱਕਿਆ ਕਿ ਕੀ ਸ਼ਤਾਬਦੀ ਸਮਾਗਮਾਂ 'ਤੇ ਸ਼੍ਰੋਮਣੀ ਕਮੇਟੀ ਦਾ ਏਕਾਧਿਕਾਰ ਹੈ ? ਕੀ ਉਨ੍ਹਾਂ ਨੇ ਇਸ 'ਤੇ ਕਾਪੀਰਾਈਟ ਲੈ ਲਿਆ ਹੈ ? ਮਾਨ ਨੇ ਕਿਹਾ ਕਿ ਸਰਕਾਰ ਕਿਸੇ ਦੇ ਧਾਰਮਿਕ ਮਾਮਲਿਆਂ ਵਿੱਚ ਦਖ਼ਲ ਨਹੀਂ ਦੇ ਰਹੀ, ਸਗੋਂ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਸਾਰੇ ਪੰਜਾਬੀਆਂ ਨਾਲ ਮਿਲ ਕੇ ਮਨਾਉਣਾ ਚਾਹੁੰਦੀ ਹੈ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ 'ਤੇ ਪਲਟਵਾਰ ਕਰਦਿਆਂ ਕਿਹਾ ਕਿ ਜਦੋਂ ਧਾਮੀ ਜਲੰਧਰ ਅਤੇ ਲੁਧਿਆਣਾ ਪੱਛਮੀ ਸੀਟਾਂ 'ਤੇ ਸਿਆਸੀ ਪ੍ਰਚਾਰ ਕਰਦੇ ਹਨ, ਤਾਂ ਕੀ ਉਹ ਰਾਜਨੀਤੀ ਵਿੱਚ ਦਖ਼ਲ ਨਹੀਂ ਦਿੰਦੇ ? ਕੀ ਬਾਦਲ ਸਰਕਾਰ ਨੇ ਸ਼ਤਾਬਦੀਆਂ ਉਪਰ ਆਪਣੀ ਸਿਆਸਤ ਨਹੀਂ ਚਮਕਾਈ। ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਗੁਰੂ ਸਾਹਿਬ ਸਿਰਫ਼ ਸ਼੍ਰੋਮਣੀ ਕਮੇਟੀ ਦੇ ਨਹੀਂ, ਸਗੋਂ ਸਾਰੇ ਪੰਜਾਬੀਆਂ ਦੇ ਸਾਂਝੇ ਹਨ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**










# ਵਕੀਲਾਂ ਨੂੰ ਸੰਮਨ ਜਾਰੀ ਕਰਨ ਦੇ ਮਾਮਲੇ ਵਿੱਚ ਸੁਪਰੀਮ ਕੋਰਟ ਚਿੰਤਤ

## ਅਦਾਲਤ ਨੇ ਈ.ਡੀ. ਦੀਆਂ ਹੱਦਾਂ 'ਤੇ ਸਵਾਲ ਖੜੇ ਕੀਤੇ

**ਰਜਿੰਦਰ ਸਿੰਘ ਪੁਰੇਵਾਲ**

ਭਾਰਤ ਦੀ ਸੁਪਰੀਮ ਕੋਰਟ ਨੇ ਐਨਫ਼ੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੀਆਂ ਕਾਰਵਾਈਆਂ 'ਤੇ ਸਖ਼ਤ ਟਿੱਪਣੀ ਕਰਦਿਆਂ ਕਿਹਾ ਹੈ ਕਿ ਇਹ ਜਾਂਚ ਏਜੰਸੀ 'ਸਾਰੀਆਂ ਹੱਦਾਂ ਪਾਰ ਕਰ ਰਹੀ ਹੈ।' ਖਾਸ ਕਰਕੇ, ਵਕੀਲਾਂ ਨੂੰ ਸੰਮਨ ਜਾਰੀ ਕਰਨ ਦੇ ਮਾਮਲੇ ਵਿੱਚ ਸੁਪਰੀਮ ਕੋਰਟ ਨੇ ਗੰਭੀਰ ਚਿੰਤਾ ਜਤਾਈ ਹੈ। ਇਹ ਮੁੱਦਾ ਉਦੋਂ ਸਾਹਮਣੇ ਆਇਆ ਜਦੋਂ ਈਡੀ ਨੇ ਸੀਨੀਅਰ ਵਕੀਲਾਂ ਅਰਵਿੰਦ ਦਤਾਰ ਅਤੇ ਪ੍ਰਤਾਪ ਵੇਣੂਗੋਪਾਲ ਨੂੰ ਸੰਮਨ ਜਾਰੀ ਕੀਤੇ। ਚੀਫ਼ ਜਸਟਿਸ ਬੀ.ਆਰ. ਗਵਈ ਅਤੇ ਜਸਟਿਸ ਕੇ. ਵਿਨੋਦ ਚੰਦਰਨ ਦੀ ਬੈਂਚ ਨੇ ਪਿਛਲੇ ਦਿਨੀਂ ਸੂ ਮੋਟੋ ਸੁਣਵਾਈ ਦੌਰਾਨ ਇਸ ਮਸਲੇ 'ਤੇ ਡੂੰਘੀ ਨਰਾਜ਼ਗੀ ਜ਼ਾਹਰ ਕੀਤੀ ਅਤੇ ਕਿਹਾ ਕਿ ਵਕੀਲਾਂ ਨੂੰ ਕਾਨੂੰਨੀ ਸਲਾਹ ਦੇਣ ਜਾਂ ਮੁਵੱਕਲ ਦੀ ਨੁਮਾਇੰਦਗੀ ਕਰਨ ਲਈ ਸੰਮਨ ਕਰਨਾ ਕਾਨੂੰਨੀ ਪੇਸ਼ੇ ਦੀ ਸੁਤੰਤਰਤਾ 'ਤੇ ਸਿੱਧਾ ਹਮਲਾ ਹੈ।

ਸੁਪਰੀਮ ਕੋਰਟ ਦੀ ਇਹ ਸਖ਼ਤੀ ਕਈ ਸਵਾਲ ਖੜ੍ਹੇ ਕਰਦੀ ਹੈ। ਈ.ਡੀ., ਜੋ ਕਿ ਮਨੀ ਲਾਂਡਰਿੰਗ ਅਤੇ ਵਿੱਤੀ ਅਪਰਾਧਾਂ ਦੀ ਜਾਂਚ ਲਈ ਬਣਾਈ ਗਈ ਸੰਸਥਾ ਹੈ, ਨੂੰ ਅਕਸਰ ਸਰਕਾਰ ਦੀ ਕਠਪੁਤਲੀ ਵਜੋਂ ਵੇਖਿਆ ਜਾ ਰਿਹਾ ਹੈ। ਸੁਪਰੀਮ ਕੋਰਟ ਦੀ ਟਿੱਪਣੀ ਅਤੇ ਸਮਾਜ ਵਿੱਚ ਚੱਲ ਰਹੀ ਚਰਚਾ ਇਸ ਵੱਲ ਇਸ਼ਾਰਾ ਕਰਦੀ ਹੈ ਕਿ ਈ.ਡੀ. ਦੀਆਂ ਕਾਰਵਾਈਆਂ ਸਿਰਫ਼ ਜਾਂਚ ਦੇ ਨਾਂ 'ਤੇ ਨਹੀਂ, ਸਗੋਂ ਸਿਆਸੀ ਏਜੰਡਿਆਂ ਨੂੰ ਪੂਰਾ ਕਰਨ ਲਈ ਵਰਤੀਆਂ ਜਾ ਰਹੀਆਂ ਹਨ।

ਸੁਪਰੀਮ ਕੋਰਟ ਨੇ ਸਾਫ਼ ਕਿਹਾ ਕਿ ਵਕੀਲ ਅਤੇ ਮੁਵੱਕਲ ਵਿਚਕਾਰ ਗੱਲਬਾਤ ਇੱਕ ਵਿਸ਼ੇਸ਼ ਅਧਿਕਾਰ ਅਧੀਨ ਆਉਂਦੀ ਹੈ। ਅਜਿਹੇ ਵਿੱਚ, ਵਕੀਲਾਂ ਨੂੰ ਸੰਮਨ ਜਾਰੀ ਕਰਨਾ ਨਾ ਸਿਰਫ਼ ਕਾਨੂੰਨੀ ਨਿਯਮਾਂ ਦੀ ਉਲੰਘਣਾ ਹੈ, ਸਗੋਂ ਇਹ ਨਿਆਂ ਪ੍ਰਣਾਲੀ ਦੀ ਨੀਂਹ ਨੂੰ ਵੀ ਹਿਲਾ ਸਕਦਾ ਹੈ। ਚੀਫ਼ ਜਸਟਿਸ ਨੇ ਸਵਾਲ ਚੁੱਕਿਆ, 'ਵਕੀਲਾਂ ਨੂੰ ਨੋਟਿਸ ਕਿਵੇਂ ਜਾਰੀ ਕੀਤੇ ਜਾ ਸਕਦੇ ਹਨ?' ਉਨ੍ਹਾਂ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਈ.ਡੀ. 'ਸਾਰੀਆਂ ਹੱਦਾਂ ਪਾਰ ਕਰ ਰਿਹਾ ਹੈ।' ਇਹ ਟਿੱਪਣੀ ਸਿਰਫ਼ ਵਕੀਲਾਂ ਦੇ ਮਸਲੇ ਤੱਕ ਸੀਮਤ ਨਹੀਂ, ਸਗੋਂ ਇਹ ਜਮਹੂਰੀ ਤੇ ਕਨੂੰਨ ਵਿਰੋਧੀ ਪ੍ਰਵਿਰਤੀ ਵੱਲ ਵੀ ਇਸ਼ਾਰਾ ਕਰਦੀ ਹੈ ਜਿੱਥੇ ਜਾਂਚ ਏਜੰਸੀਆਂ ਦੀ ਸ਼ਕਤੀ ਦੀ ਦੁਰਪਯੋਗਤਾ ਸਾਹਮਣੇ ਆ ਰਹੀ ਹੈ।

ਵਕੀਲਾਂ ਨੂੰ ਸੰਮਨ ਜਾਰੀ ਕਰਨ ਦਾ ਮਸਲਾ ਕੋਈ ਨਵਾਂ ਨਹੀਂ। ਪਿਛਲੇ ਕੁਝ ਸਾਲਾਂ ਵਿੱਚ ਈ.ਡੀ. ਦੀਆਂ ਕਾਰਵਾਈਆਂ 'ਤੇ ਸਿਆਸੀ ਰੰਗਤ ਦੇ ਦੋਸ਼ ਲੱਗਦੇ ਰਹੇ ਹਨ। ਸੁਪਰੀਮ ਕੋਰਟ ਦੇ ਸੀਨੀਅਰ ਵਕੀਲਾਂ ਨੇ ਇਸ ਮੁੱਦੇ 'ਤੇ ਚਿੰਤਾ ਜਤਾਉਂਦਿਆਂ ਕਿਹਾ ਕਿ ਅਜਿਹੀਆਂ ਕਾਰਵਾਈਆਂ ਵਕੀਲਾਂ ਨੂੰ ਆਪਣੇ ਪੇਸ਼ੇ ਵਿੱਚ ਸੁਤੰਤਰ ਅਤੇ ਇਮਾਨਦਾਰ ਸਲਾਹ ਦੇਣ ਤੋਂ ਰੋਕ ਸਕਦੀਆਂ ਹਨ। ਜੇ ਵਕੀਲਾਂ ਨੂੰ ਹੀ ਅਜਿਹੇ ਸੰਮਨਾਂ ਦਾ ਸਾਹਮਣਾ ਕਰਨਾ ਪਵੇ, ਤਾਂ ਉਹ ਆਪਣੇ ਮੁਵੱਕਲਾਂ ਦੀ ਪੂਰੀ ਹਿਮਾਇਤ ਕਿਵੇਂ ਕਰ ਸਕਣਗੇ?



ਸੋਸ਼ਲ ਮੀਡੀਆ ਦੀਆਂ ਪੋਸਟਾਂ ਵਿੱਚ ਕਿਹਾ ਗਿਆ ਕਿ ਈ.ਡੀ. ਨੂੰ ਸਿਆਸੀ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣ ਲਈ ਵਰਤਿਆ ਜਾ ਰਿਹਾ ਹੈ, ਜਿਸ ਨਾਲ ਇਸ ਦੀ ਨਿਰਪੱਖਤਾ 'ਤੇ ਸਵਾਲ ਉੱਠਦੇ ਹਨ। ਅਟਾਰਨੀ ਜਨਰਲ ਅਤੇ ਸਾਲਿਸਟਰ ਜਨਰਲ ਨੇ ਵੀ ਸੁਪਰੀਮ ਕੋਰਟ ਦੀਆਂ ਚਿੰਤਾਵਾਂ ਨੂੰ ਸਵੀਕਾਰ ਕੀਤਾ ਹੈ ਅਤੇ ਕਿਹਾ ਹੈ ਕਿ ਵਕੀਲਾਂ ਨੂੰ ਕਾਨੂੰਨੀ ਸਲਾਹ ਦੇਣ ਲਈ ਸੰਮਨ ਨਹੀਂ ਕੀਤਾ ਜਾਣਾ ਚਾਹੀਦਾ।

ਵਕੀਲਾਂ ਨੂੰ ਸੰਮਨ ਜਾਰੀ ਕਰਨ ਦੀ ਪ੍ਰਵਿਰਤੀ ਨਾਲ ਕਾਨੂੰਨੀ ਪੇਸ਼ੇ ਦੀ ਸੁਤੰਤਰਤਾ 'ਤੇ ਗੰਭੀਰ ਅਸਰ ਪੈ ਸਕਦਾ ਹੈ। ਜੇ ਵਕੀਲ ਆਪਣੇ ਮੁਵੱਕਲਾਂ ਨੂੰ ਸੁਤੰਤਰ ਅਤੇ ਬੇਖ਼ੌਫ਼ ਸਲਾਹ ਦੇਣ ਤੋਂ ਡਰਨਗੇ, ਤਾਂ ਇਹ ਨਿਆਂ ਪ੍ਰਣਾਲੀ ਦੀ ਸਾਖ ਨੂੰ ਠੇਸ ਪਹੁੰਚਾਏਗਾ। ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਵਿਕਾਸ ਸਿੰਘ ਨੇ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਦੀ ਨੁਮਾਇੰਦਗੀ ਕਰਦਿਆਂ ਕਿਹਾ ਕਿ ਅਜਿਹੀਆਂ ਕਾਰਵਾਈਆਂ 'ਖਤਰਨਾਕ ਮਿਸਾਲ' ਕਾਇਮ ਕਰ ਰਹੀਆਂ ਹਨ। ਜ਼ਿਲ੍ਹਾ ਅਦਾਲਤਾਂ ਦੇ ਵਕੀਲਾਂ ਨੂੰ ਵੀ ਅਜਿਹੀਆਂ ਸੰਮਨਾਂ ਕਾਰਨ ਬੇਲੋੜੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜੋ ਕਿ ਕਾਨੂੰਨੀ ਪ੍ਰਕਿਰਿਆ ਨੂੰ ਹੋਰ ਜਟਿਲ ਬਣਾਉਂਦਾ ਹੈ।

ਸੁਪਰੀਮ ਕੋਰਟ ਦੀ ਸਖ਼ਤੀ ਦਾ ਸਿੱਧਾ ਸੁਨੇਹਾ ਹੈ ਕਿ ਜਾਂਚ ਏਜੰਸੀਆਂ ਨੂੰ ਆਪਣੀਆਂ ਸੀਮਾਵਾਂ ਵਿੱਚ ਰਹਿਣਾ ਚਾਹੀਦਾ ਹੈ। ਅਦਾਲਤ ਨੇ ਸਾਰੇ ਪੱਖਾਂ ਨੂੰ 29 ਜੁਲਾਈ ਤੱਕ ਇਸ ਮੁੱਦੇ 'ਤੇ ਵਿਆਪਕ ਨੋਟ ਜਮ੍ਹਾਂ ਕਰਾਉਣ ਦਾ ਨਿਰਦੇਸ਼ ਦਿੱਤਾ ਹੈ। ਇਸ ਦੇ ਨਾਲ ਹੀ, ਅਦਾਲਤ ਨੇ ਸਪੱਸ਼ਟ ਕੀਤਾ ਹੈ ਕਿ ਇਸ ਮਾਮਲੇ 'ਚ ਸਖ਼ਤ ਦਿਸ਼ਾ-ਨਿਰਦੇਸ਼ ਜਾਰੀ ਕਰਨ ਦੀ ਲੋੜ ਹੈ। ਇਹ ਕਦਮ ਇਹ ਸੁਨਿਸ਼ਚਿਤ ਕਰਨ ਲਈ ਹੈ ਕਿ ਈਡੀ ਵਰਗੀਆਂ ਸੰਸਥਾਵਾਂ ਦੀ ਸ਼ਕਤੀ ਦੀ ਦੁਰੁਪਯੋਗਤਾ ਨੂੰ ਰੋਕਿਆ ਜਾਵੇ।

ਇਥੇ ਜ਼ਿਕਰਯੋਗ ਹੈ ਕਿ ਈ.ਡੀ. 'ਤੇ ਸਰਕਾਰ ਦੀ ਕਠਪੁਤਲੀ ਹੋਣ ਦਾ ਦੋਸ਼ ਕਈ ਸਾਲਾਂ ਤੋਂ ਲੱਗਦਾ ਆ ਰਿਹਾ ਹੈ। ਵਿਰੋਧੀ ਪਾਰਟੀਆਂ ਅਤੇ ਸਮਾਜਿਕ ਕਾਰਕੁਨਾਂ ਦਾ ਦਾਅਵਾ ਹੈ ਕਿ ਈਡੀ ਨੂੰ ਸਿਆਸੀ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣ ਲਈ ਵਰਤਿਆ ਜਾ ਰਿਹਾ ਹੈ।

ਸੁਪਰੀਮ ਕੋਰਟ ਦੀ ਇਸ ਸਖ਼ਤੀ ਨਾਲ ਸਪੱਸ਼ਟ ਹੁੰਦਾ ਹੈ ਕਿ ਈ.ਡੀ. ਦੀਆਂ ਕਾਰਵਾਈਆਂ 'ਤੇ ਨਜ਼ਰ ਰੱਖਣ ਦੀ ਲੋੜ ਹੈ। ਵਕੀਲਾਂ ਨੂੰ ਸੰਮਨ ਜਾਰੀ ਕਰਨ ਵਰਗੀਆਂ ਹਰਕਤਾਂ ਨਾਲ ਨਾ ਸਿਰਫ਼ ਕਾਨੂੰਨੀ ਪੇਸ਼ੇ ਦੀ ਸੁਤੰਤਰਤਾ 'ਤੇ ਅਸਰ ਪੈਂਦਾ ਹੈ, ਸਗੋਂ ਨਿਆਂ ਪ੍ਰਣਾਲੀ ਦੀ ਸਾਖ ਵੀ ਦਾਅ 'ਤੇ ਲੱਗਦੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਈ.ਡੀ. ਵਰਗੀਆਂ ਸੰਸਥਾਵਾਂ ਦੀ ਸੁਤੰਤਰਤਾ ਅਤੇ ਨਿਰਪੱਖਤਾ ਨੂੰ ਯਕੀਨੀ ਬਣਾਇਆ ਜਾਵੇ। ਸੁਪਰੀਮ ਕੋਰਟ ਦੇ ਦਿਸ਼ਾ-ਨਿਰਦੇਸ਼ ਇਸ ਦਿਸ਼ਾ ਵਿੱਚ ਇੱਕ ਅਹਿਮ ਕਦਮ ਸਾਬਤ ਹੋ ਸਕਦੇ ਹਨ।

# ਇਕਬਾਲ ਸਿੰਘ ਲਾਲਪੁਰਾ ਦੀ ਨੌਵੀਂ ਪਾਤਿਸ਼ਾਹੀ ਦੀ ਸ਼ਹੀਦੀ ਨੂੰ ਸਮਰਪਿਤ ਕਿਤਾਬ 'ਤਿਲਕ ਜੰਞੂ ਕਾ ਰਾਖਾ' ਹੋਈ ਰਿਲੀਜ਼

ਨਵੀਂ ਦਿੱਲੀ/ਏ.ਟੀ.ਨਿਊਜ਼ : ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ, ਭਾਰਤੀ ਜਨਤਾ ਪਾਰਟੀ ਦੇ ਸੰਸਦੀ ਬੋਰਡ ਦੇ ਮੈਂਬਰ ਡਾ. ਇਕਬਾਲ ਸਿੰਘ ਲਾਲਪੁਰਾ ਦੁਆਰਾ ਲਿਖੀ ਗਈ 'ਤਿਲਕ ਜੰਞੂ ਕਾ ਰਾਖਾ' (ਜੀਵਨ: ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ) ਕਿਤਾਬ ਦਾ ਲੋਕ ਅਰਪਣ ਸਮਾਰੋਹ ਕੰਸਟੀਚਿਊਸ਼ਨ ਕਲੱਬ ਵਿਖੇ ਕਰਵਾਇਆ ਗਿਆ। ਇਹ ਇਤਿਹਾਸਕ ਕਿਤਾਬ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਸਿੱਖਿਆਵਾਂ ਤੇ ਕੁਰਬਾਨੀ ਨੂੰ ਸਮਰਪਿਤ ਹੈ। ਪ੍ਰੋਗਰਾਮ ਦੇ ਮੁੱਖ ਮਹਿਮਾਨ ਭਾਰਤ ਦੇ ਕਾਨੂੰਨ ਮੰਤਰੀ ਸ਼੍ਰੀ ਅਰਜੁਨ ਰਾਮ ਮੇਘਵਾਲ ਤੇ ਕੇਂਦਰੀ ਰਾਜ ਮੰਤਰੀ ਸ਼੍ਰੀ ਹਰਸ਼ ਮਲਹੋਤਰਾ ਸਨ। ਦੋਵਾਂ ਨੇ ਡਾ. ਲਾਲਪੁਰਾ ਦੇ ਸਿੱਖ ਧਰਮ ਪ੍ਰਤੀ ਸਮਰਪਣ ਤੇ ਉਨ੍ਹਾਂ ਦੇ ਅਕਾਦਮਿਕ ਯੋਗਦਾਨ ਦੀ ਪ੍ਰਸ਼ੰਸਾ ਕੀਤੀ ਤੇ ਕਿਹਾ ਕਿ ਇਹ ਕਿਤਾਬ ਅੱਜ ਦੇ ਸਮੇਂ ਵਿਚ ਇੱਕ ਮਹੱਤਵਪੂਰਨ ਦਸਤਾਵੇਜ਼ ਹੈ ਜੋ ਸਮਾਜ ਨੂੰ ਅਧਿਆਤਮਿਕ ਕਦਰਾਂ-ਕੀਮਤਾਂ ਵੱਲ ਪ੍ਰੇਰਿਤ ਕਰਦੀ ਹੈ। ਕਾਨੂੰਨ ਮੰਤਰੀ ਸ਼੍ਰੀ ਅਰਜੁਨ ਰਾਮ ਮੇਘਵਾਲ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜੀਵਨ ਮਨੁੱਖਤਾ ਦੀ ਰੱਖਿਆ ਲਈ ਸ਼ਹੀਦੀ, ਤਪੱਸਿਆ ਤੇ ਅਡੋਲ ਹਿੰਮਤ ਦਾ ਪ੍ਰਤੀਕ ਹੈ। ਉਨ੍ਹਾਂ ਨੇ ਧਰਮ ਤੇ ਸੱਚ ਦੀ ਰੱਖਿਆ ਲਈ ਆਪਣਾ ਸੀਸ ਕੁਰਬਾਨ ਕਰ ਦਿੱਤਾ ਤੇ ਸਮੁੱਚੀ ਮਨੁੱਖਤਾ ਨੂੰ ਏਕਤਾ, ਸਹਿਣਸ਼ੀਲਤਾ ਦਾ ਸੰਦੇਸ਼ ਦਿੱਤਾ। ਇਕਬਾਲ ਸਿੰਘ ਲਾਲਪੁਰਾ ਨੇ ਇਸ ਕਿਤਾਬ ਵਿੱਚ ਗੁਰੂ ਸਾਹਿਬ ਦੇ ਜੀਵਨ ਦਰਸ਼ਨ ਨੂੰ ਬਹੁਤ ਹੀ ਖੋਜ ਤੇ ਭਾਵਨਾਤਮਕ ਰੂਪ ਵਿੱਚ ਪੇਸ਼ ਕੀਤਾ। ਅਜਿਹੀਆਂ ਕਿਤਾਬਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣੇ ਮਹਾਨ ਗੁਰੂਆਂ ਦੀ ਵਿਰਾਸਤ ਨਾਲ ਜੋੜਦੀਆਂ ਹਨ। ਕੇਂਦਰੀ ਰਾਜ ਮੰਤਰੀ ਸ਼੍ਰੀ ਹਰਸ਼ ਮਲਹੋਤਰਾ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਵੱਲੋਂ ਜ਼ੁਲਮ ਵਿਰੁੱਧ ਖੜ੍ਹੇ ਹੋਣ ਤੇ ਧਰਮ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਦਿੱਤੀ ਗਈ ਕੁਰਬਾਨੀ ਪੂਰੀ ਦੁਨੀਆ ਲਈ ਪ੍ਰੇਰਨਾ ਹੈ। ਉਨ੍ਹਾਂ ਦੀਆਂ ਸਿੱਖਿਆਵਾਂ ਅੱਜ ਵੀ



(ਬਾਕੀ ਸਫ਼ਾ 30 'ਤੇ)

# ਕੀ ਧਨਖੜ ਦੇ ਅਸਤੀਫੇ ਪਿੱਛੇ ਆਰ.ਐਸ.ਐਸ.-ਭਾਜਪਾ ਦੀ ਅੰਦਰੂਨੀ ਜੰਗ ਹੈ?

## ਵਿਰੋਧੀ ਪਾਰਟੀਆਂ ਦਾ ਦੋਸ਼: ਸਰਕਾਰ ਨੇ ਸੱਚਾਈ ਛੁਪਾਉਣ ਲਈ ਹਟਾਇਆ ਧਨਖੜ ਨੂੰ

## ਕੀ ਹੈ ਧਨਖੜ ਦੇ ਅਸਤੀਫੇ ਪਿੱਛੇ ਦੀ ਅਸਲ ਕਹਾਣੀ?

ਜਗਦੀਪ ਧਨਖੜ ਨੇ ਭਾਰਤ ਦੇ ਉਪ ਰਾਸ਼ਟਰਪਤੀ ਅਤੇ ਰਾਜ ਸਭਾ ਦੇ ਚੇਅਰਮੈਨ ਦੇ ਅਹੁਦੇ ਤੋਂ ਅਚਾਨਕ ਅਸਤੀਫਾ ਦੇ ਕੇ ਸਿਆਸੀ ਗਲਿਆਰਿਆਂ ਵਿੱਚ ਹਲਚਲ ਪੈਦਾ ਕਰ ਦਿੱਤੀ ਹੈ। ਪਿਛਲੇ ਦਿਨੀਂ ਸੰਸਦ ਦੇ ਮੌਨਸੂਨ ਸੈਸ਼ਨ ਦੇ ਪਹਿਲੇ ਦਿਨ ਤੋਂ ਬਾਅਦ, ਉਨ੍ਹਾਂ ਨੇ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਅਸਤੀਫਾ ਸੌਂਪਿਆ, ਜਿਸ ਵਿੱਚ ਸਿਹਤ ਸਮੱਸਿਆਵਾਂ ਦਾ ਹਵਾਲਾ ਦਿੱਤਾ ਸੀ। ਪਰ ਇਹ ਕਾਰਨ ਸਭ ਦੇ ਗਲ਼ੇ ਨਹੀਂ ਉੱਤਰ ਰਿਹਾ। ਤਾਂ ਫਿਰ, ਅਸਤੀਫੇ ਦੀ ਅਸਲ ਕਹਾਣੀ ਕੀ ਹੈ?

ਧਨਖੜ ਨੇ ਅਸਤੀਫੇ ਵਿੱਚ ਲਿਖਿਆ ਕਿ ਉਹ ਸਿਹਤ ਕਾਰਨ ਅਹੁਦਾ ਛੱਡ ਰਹੇ ਹਨ। ਪਰ ਸਵਾਲ ਇਹ ਹੈ ਕਿ ਪਿਛਲੇ ਦਿਨੀਂ ਸੰਸਦ ਵਿੱਚ ਪੂਰਾ ਦਿਨ ਡਿਊਟੀ ਨਿਭਾਉਣ ਵਾਲੇ ਧਨਖੜ ਨੂੰ ਅਚਾਨਕ ਸਿਹਤ ਦੀ ਕੀ ਸਮੱਸਿਆ ਹੋ ਗਈ? ਮਾਰਚ ਵਿੱਚ ਦਿਲ ਦੀ ਸਮੱਸਿਆ ਕਾਰਨ ਉਹ ਹਸਪਤਾਲ ਗਏ ਸਨ, ਪਰ ਡਾਕਟਰਾਂ ਨੇ ਉਨ੍ਹਾਂ ਨੂੰ ਜਲਦੀ ਠੀਕ ਹੋਣ ਦਾ ਕਹਿ ਕੇ ਘਰ ਭੇਜ ਦਿੱਤਾ ਸੀ। ਸੋਮਵਾਰ ਨੂੰ ਵੀ ਉਹ ਸੰਸਦ ਵਿੱਚ ਸਮੇਂ ਸਿਰ ਪਹੁੰਚੇ, ਰਾਜ ਸਭਾ ਦੀ ਕਾਰਵਾਈ ਚਲਾਈ ਅਤੇ ਸ਼ਾਮ ਨੂੰ ਵਿਰੋਧੀ ਪਾਰਟੀਆਂ ਦੇ ਆਗੂਆਂ ਨਾਲ ਮੁਲਾਕਾਤ ਕੀਤੀ। ਕਿਸੇ ਨੂੰ ਵੀ ਸਿਹਤ ਦੀ ਸਮੱਸਿਆ ਦਾ ਕੋਈ ਸੰਕੇਤ ਨਹੀਂ ਮਿਲਿਆ। ਉਪ ਰਾਸ਼ਟਰਪਤੀ ਦੀ ਸਿਹਤ ਦੀ ਨਿਗਰਾਨੀ ਲਈ ਡਾਕਟਰੀ ਟੀਮ ਵੀ ਮੌਜੂਦ ਹੁੰਦੀ ਹੈ, ਜੇ ਸਮੱਸਿਆ ਹੁੰਦੀ ਤਾਂ ਉਹ ਅਰਾਮ ਦੀ ਸਲਾਹ ਦੇ ਸਕਦੀ ਸੀ। ਫਿਰ ਸ਼ਾਮ 6 ਵਜੇ ਤੋਂ 9 ਵਜੇ ਦਰਮਿਆਨ ਅਜਿਹਾ ਕੀ ਵਾਪਰਿਆ ਕਿ ਧਨਖੜ ਨੂੰ ਅਸਤੀਫਾ ਦੇਣਾ ਪਿਆ?

### ਸੰਸਦ ਵਿੱਚ ਕੀ ਹੋਇਆ?

ਸੋਮਵਾਰ ਨੂੰ ਸੰਸਦ ਦੇ ਸੈਸ਼ਨ ਦੀ ਸ਼ੁਰੂਆਤ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੀਡੀਆ ਨੂੰ ਸੰਬੋਧਨ ਕਰਕੇ ਵਿਰੋਧੀ ਪਾਰਟੀਆਂ ਦੇ ਸਾਰੇ ਸੰਭਾਵੀ ਸਵਾਲਾਂ ਦੇ ਜਵਾਬ ਦੇਣ ਦੀ ਕੋਸ਼ਿਸ਼ ਕੀਤੀ। ਖਾਸ ਕਰਕੇ 'ਅਪਰੇਸ਼ਨ ਸੰਧੂਰ' ਬਾਰੇ ਉਨ੍ਹਾਂ ਨੇ ਕਿਹਾ ਕਿ ਇਹ ਜਿੱਤ ਦਾ ਉਤਸਵ ਮਨਾਉਣ ਦਾ ਸਮਾਂ ਹੈ। ਪਰ ਵਿਰੋਧੀ ਧਿਰ ਪਹਿਲਗਾਮ ਘਟਨਾ, ਜੈੱਟ ਜਹਾਜ਼ਾਂ ਦੇ ਡਿੱਗਣ ਅਤੇ ਜੰਗਬੰਦੀ ਦੇ ਮੁੱਦਿਆਂ 'ਤੇ ਸਰਕਾਰ ਨੂੰ ਘੇਰਨ ਲਈ ਤਿਆਰ ਸੀ।



ਲੋਕ ਸਭਾ ਵਿੱਚ ਜਦੋਂ ਰਾਹੁਲ ਗਾਂਧੀ ਨੇ 'ਅਪਰੇਸ਼ਨ ਸੰਧੂਰ' 'ਤੇ ਬੋਲਣ ਦੀ ਕੋਸ਼ਿਸ਼ ਕੀਤੀ, ਉਨ੍ਹਾਂ ਨੂੰ ਰੋਕ ਦਿੱਤਾ ਗਿਆ। ਪਰ ਰਾਜ ਸਭਾ ਵਿੱਚ ਜਗਦੀਪ ਧਨਖੜ ਨੇ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੂੰ ਪੂਰਾ ਮੌਕਾ ਦਿੱਤਾ ਕਿ ਉਹ ਸਰਕਾਰ ਦੇ ਦਾਅਵਿਆਂ 'ਤੇ ਸਵਾਲ ਚੁੱਕਣ। ਖੜਗੇ ਨੇ ਮੋਦੀ ਦੇ ਭਾਸ਼ਣ ਦੀਆਂ ਧੱਜੀਆਂ ਉਡਾਉਂਦਿਆਂ 'ਅਪਰੇਸ਼ਨ ਸੰਧੂਰ' ਦੀ ਸੱਚਾਈ 'ਤੇ ਸਖ਼ਤ ਸਵਾਲ ਕੀਤੇ। ਇਸ ਦੌਰਾਨ ਕੇਂਦਰੀ ਮੰਤਰੀ ਜੇ.ਪੀ. ਨੱਢਾ ਨੇ ਵਿਚਕਾਰੋਂ ਟੋਕਦਿਆਂ ਕਿਹਾ, ਸਿਰਫ਼ ਉਹੀ ਰਿਕਾਰਡ ਹੋਵੇ, ਜੋ ਮੈਂ ਬੋਲਾਂ। ਇਹ ਧਨਖੜ ਦੀ ਸਿੱਧੀ ਬੇਇੱਜ਼ਤੀ ਸੀ।

### ਅਸਤੀਫੇ ਦਾ ਅਸਲ ਕਾਰਨ ਕੀ?

ਕਈ ਸਿਆਸੀ ਪੰਡਤ ਮੰਨਦੇ ਹਨ ਕਿ ਧਨਖੜ ਦਾ ਖੜਗੇ ਨੂੰ ਬੋਲਣ ਦਾ ਮੌਕਾ ਦੇਣਾ ਹੀ ਉਨ੍ਹਾਂ ਦੇ ਅਸਤੀਫੇ ਦਾ ਸਭ ਤੋਂ ਵੱਡਾ ਕਾਰਨ ਬਣਿਆ। ਧਨਖੜ 'ਤੇ ਪਹਿਲਾਂ ਵੀ ਇਲਜ਼ਾਮ ਸਨ ਕਿ ਉਹ ਭਾਜਪਾ ਦੇ ਅਹੁਦੇਦਾਰ ਵਾਂਗ ਵਿਹਾਰ ਕਰਦੇ ਹਨ। ਪਰ ਇਸ ਵਾਰ ਉਨ੍ਹਾਂ ਨੇ ਵਿਰੋਧੀ ਧਿਰ ਨੂੰ ਮੌਕਾ ਦੇ ਕੇ ਸਰਕਾਰ ਨੂੰ ਅਸਹਿਜ ਕਰ ਦਿੱਤਾ। ਕੁਝ ਪੱਤਰਕਾਰਾਂ ਦਾ ਮੰਨਣਾ ਹੈ ਕਿ ਧਨਖੜ ਨੂੰ ਪਹਿਲਾਂ ਹੀ ਪਤਾ ਸੀ ਕਿ ਉਨ੍ਹਾਂ ਤੋਂ ਅਸਤੀਫਾ ਲਿਆ ਜਾਣ ਵਾਲਾ ਹੈ, ਇਸ ਲਈ ਉਨ੍ਹਾਂ ਜਾਣਬੁੱਝ ਕੇ ਖੜਗੇ ਨੂੰ ਬੋਲਣ ਦਾ ਮੌਕਾ ਦਿੱਤਾ। ਕਈਆਂ ਦਾ ਇਹ ਵੀ ਕਹਿਣਾ ਹੈ ਕਿ ਅਸਤੀਫੇ ਦਾ ਪੱਤਰ ਕਿਸੇ ਸ਼ਕਤੀਸ਼ਾਲੀ ਨੇਤਾ ਨੇ ਲਿਖਿਆ, ਧਨਖੜ ਨੇ ਸਿਰਫ਼ ਦਸਤਖਤ ਕੀਤੇ।

### ਆਰ.ਐਸ.ਐਸ. ਅਤੇ ਭਾਜਪਾ ਵਿੱਚ ਅੰਦਰੂਨੀ ਜੰਗ?

ਕੁਝ ਕਿਆਸ ਇਹ ਵੀ ਹਨ ਕਿ ਧਨਖੜ ਦਾ ਅਸਤੀਫਾ ਆਰ.ਐਸ.ਐਸ. ਅਤੇ ਭਾਜਪਾ ਵਿਚਕਾਰ ਅੰਦਰੂਨੀ ਖਿੱਚੋਤਾਣ ਦਾ ਨਤੀਜਾ ਹੈ। ਧਨਖੜ ਨੂੰ ਆਰ.ਐਸ.ਐਸ. ਦਾ ਨੇੜਲਾ ਮੰਨਿਆ ਜਾਂਦਾ ਹੈ। ਅਗਲੇ ਸਾਲ ਮਈ ਵਿੱਚ ਉਹ 75 ਸਾਲ ਦੇ ਹੋ ਜਾਣਗੇ, ਜਦਕਿ ਪ੍ਰਧਾਨ ਮੰਤਰੀ ਮੋਦੀ ਸਤੰਬਰ 2025 ਵਿੱਚ 75 ਸਾਲ ਦੇ ਹੋਣਗੇ। ਕੁਝ ਸਿਆਸੀ ਵਿਸ਼ਲੇਸ਼ਕ ਮੰਨਦੇ ਹਨ ਕਿ ਆਰ.ਐਸ.ਐਸ. ਨੇ ਧਨਖੜ ਦੇ ਅਸਤੀਫੇ ਰਾਹੀਂ ਮੋਦੀ 'ਤੇ ਅਸਤੀਫੇ ਦਾ ਦਬਾਅ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਭਾਜਪਾ ਅਤੇ ਆਰ.ਐਸ.ਐਸ. ਵਿੱਚ ਅੰਦਰੂਨੀ ਜੰਗ ਸਿਖਰ 'ਤੇ ਪਹੁੰਚ ਚੁੱਕੀ ਹੈ ਅਤੇ ਧਨਖੜ ਇਸ ਦਾ ਪਹਿਲਾ ਸ਼ਿਕਾਰ ਹਨ।

### ਵਿਰੋਧੀ ਪਾਰਟੀਆਂ ਦਾ ਕੀ ਕਹਿਣਾ ਹੈ?

ਕਾਂਗਰਸ: ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਕਿ ਧਨਖੜ ਦਾ ਅਸਤੀਫਾ ਸਰਕਾਰ ਦੀ ਅਸਹਿਜਤਾ ਨੂੰ ਦਰਸਾਉਂਦਾ ਹੈ। ਉਨ੍ਹਾਂ ਨੇ

(ਬਾਕੀ ਸਫ਼ਾ 30 'ਤੇ)

**ਦਰਪਣ ਝੂਠ ਨਹੀਂ ਬੋਲਦਾ**

# ਪੰਜਾਬ ਵਿੱਚ ਹੁਣ ਆਈਸ ਨਸ਼ੇ ਦਾ ਖਤਰਾ, ਨੌਜਵਾਨਾਂ ਨੂੰ ਲਤ ਲਗਾਉਣ ਦੀ ਸਾਜ਼ਿਸ਼

## ਅ.ਫਗਾਨਿਸਤਾਨ ਤੋਂ ਪੰਜਾਬ ਵਿੱਚ ਹੋ ਰਹੀ ਹੈ ਆਈਸ ਦੀ ਤਸਕਰੀ

ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਹੁਣ ਨਵੇਂ ਤੇ ਖਤਰਨਾਕ ਮੋੜ ’ਤੇ ਪਹੁੰਚ ਗਈ ਹੈ। ‘ਆਈਸ’ ਜਾਂ ਕ੍ਰਿਸਟਲ ਮੈਥਾਮ.ਫੇਟਾਮਿਨ ਨਾਮਕ ਸਿੰਥੈਟਿਕ ਨਸ਼ੇ ਦੀ ਵਧਦੀ ਵਰਤੋਂ ਅਤੇ ਜ਼ਬਤੀ ਨੇ ਪੁਲਿਸ ਅਤੇ ਸਮਾਜਿਕ ਸੰਸਥਾਵਾਂ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ। ਨਸ਼ਾ ਤਸਕਰ ਹੁਣ ਨੌਜਵਾਨਾਂ ਨੂੰ ਹੈਰੋਇਨ (ਚਿੱਟਾ) ਤੋਂ ਹਟਾ ਕੇ ਸਸਤੀ, ਜ਼ਿਆਦਾ ਪ੍ਰਭਾਵਸ਼ਾਲੀ ਅਤੇ ਆਸਾਨੀ ਨਾਲ ਤਿਆਰ ਹੋਣ ਵਾਲੀ ‘ਆਈਸ’ ਵੱਲ ਮੋੜ ਰਹੇ ਹਨ।ਅ.ਫਗਾਨਿਸਤਾਨ ਅਤੇ ਪਾਕਿਸਤਾਨ ਤੋਂ ਆਈਸ ਦੀਆਂ ਵੱਡੀਆਂ ਖੇਪਾਂ ਪੰਜਾਬ ਵਿੱਚ ਡਰੋਨ ਅਤੇ ਜ਼ਮੀਨਦੋਜ਼ ਸੁਰੰਗਾਂ ਰਾਹੀਂ ਭੇਜੀਆਂ ਜਾ ਰਹੀਆਂ ਹਨ।ਇਸ ਨਸ਼ੇ ਦੀ ਸਸਤੀ ਕੀਮਤ ਅਤੇ ਤੀਬਰ ਪ੍ਰਭਾਵ ਕਾਰਨ ਨੌਜਵਾਨ ਸੌਖੀ ਲਤ ਦਾ ਸ਼ਿਕਾਰ ਹੋ ਰਹੇ ਹਨ। ਪੁਲਿਸ ਅਧਿਕਾਰੀਆਂ ਅਨੁਸਾਰ, ਇਹ ਨਸ਼ਾ ਤਸਕਰੀ ਦਾ ਨਵਾਂ ਰੁਝਾਨ ਨਹੀਂ ਸਗੋਂ ਇੱਕ ਸੋਚੀ-ਸਮਝੀ ਸਾਜ਼ਿਸ਼ ਹੈ, ਜਿਸ ਦਾ ਮਕਸਦ ਪੰਜਾਬ ਦੇ ਪਿੰਡਾਂ ਅਤੇ ਸ਼ਹਿਰੀ ਖੇਤਰਾਂ ਵਿੱਚ ਆਈਸ ਦਾ ਵੱਡਾ ਬਾਜ਼ਾਰ ਖੜ੍ਹਾ ਕਰਨਾ ਹੈ।

ਆਈਸ ਦੀ ਸਪਲਾਈ ਦਾ ਮੁੱਖ ਸਰੋਤ ਅ.ਫਗਾਨਿਸਤਾਨ ਅਤੇ ਪਾਕਿਸਤਾਨ ਹਨ।ਅ.ਫਗਾਨਿਸਤਾਨ ਵਿੱਚ ਤਾਲਿਬਾਨ ਵੱਲੋਂ ਅ.ਫੀਮ ਦੀ ਖੇਤੀ ’ਤੇ ਪਾਬੰਦੀ ਲਗਾਉਣ ਮਗਰੋਂ ਅ.ਫੀਮ ਆਧਾਰਿਤ ਅਰਥਚਾਰਾ ਲਗਭਗ ਤਬਾਹ ਹੋ ਗਿਆ ਹੈ। ਇਸ ਕਾਰਨ ਤਸਕਰਾਂ ਨੇ ਐਪੀਡਰਾ ਬੂਟਿਆਂ ਦੀ ਵਰਤੋਂ ਨਾਲ ਆਈਸ ਤਿਆਰ ਕਰਨ ਦਾ ਨਵਾਂ ਰਾਹ ਅਪਣਾਇਆ ਗਿਆ ਹੈ।



ਅ.ਫਗਾਨਿਸਤਾਨ ਦੇ ਪਹਾੜੀ ਖੇਤਰਾਂ ਵਿੱਚ ਅਸਥਾਈ ਲੈਬਾਂ ਵਿੱਚ ਵੱਡੇ ਪੈਮਾਨੇ ’ਤੇ ਮੈਥਾਮ.ਫੇਟਾਮਿਨ ਤਿਆਰ ਕੀਤੀ ਜਾ ਰਹੀ ਹੈ। ਇਹ ਨਸ਼ਾ ਪਾਕਿਸਤਾਨ ਰਾਹੀਂ ਡਰੋਨ, ਸੁਰੰਗਾਂ ਅਤੇ ਹੋਰ ਗੈਰ-ਕਾਨੂੰਨੀ ਰਾਹਾਂ ਨਾਲ ਪੰਜਾਬ ਦੀ ਸੰਵੇਦਨਸ਼ੀਲ ਸਰਹੱਦ ਰਾਹੀਂ ਭੇਜਿਆ ਜਾ ਰਿਹਾ ਹੈ।

ਪੰਜਾਬ ਪੁਲਿਸ ਵੱਲੋਂ ਨਸ਼ਿਆਂ ਵਿਰੁੱਧ ਮੁਹਿੰਮ ਦੌਰਾਨ ਆਈਸ ਦੀਆਂ ਵੱਡੀਆਂ ਖੇਪਾਂ ਜ਼ਬਤ ਕੀਤੀਆਂ ਗਈਆਂ ਹਨ, ਜੋ ਇਸ ਨਸ਼ੇ ਦੀ ਵਧਦੀ ਸਮੱਸਿਆ ਨੂੰ ਦਰਸਾਉਂਦੀਆਂ ਹਨ। 2023 ਵਿੱਚ ਸਿਰਫ਼ 2 ਕਿਲੋਗ੍ਰਾਮ ਆਈਸ ਜ਼ਬਤ ਕੀਤੀ ਗਈ ਸੀ, ਪਰ 2024 ਵਿੱਚ ਇਹ ਅੰਕੜਾ 22 ਕਿਲੋਗ੍ਰਾਮ ਤੱਕ ਪਹੁੰਚ ਗਿਆ। 2025 ਵਿੱਚ ਹੁਣ ਤੱਕ ਲਗਭਗ 13 ਕਿਲੋਗ੍ਰਾਮ ਆਈਸ ਜ਼ਬਤ ਹੋ ਚੁੱਕੀ ਹੈ, ਜਿਸ ਵਿੱਚ ਫ਼ਰਵਰੀ ਦੌਰਾਨ 2 ਕਿਲੋ ਅਤੇ ਜੂਨ ਵਿੱਚ 7.4 ਕਿਲੋ ਦੀ ਵੱਡੀ ਖੇਪ ਸ਼ਾਮਲ ਹੈ।ਪੰਜਾਬ ਦੇ ਉਦਯੋਗਿਕ ਸ਼ਹਿਰ ਲੁਧਿਆਣਾ ਵਿੱਚ 2022 ਦੌਰਾਨ 20.8 ਕਿਲੋਗ੍ਰਾਮ ਆਈਸ ਦੀ ਜ਼ਬਤੀ ਸੂਬੇ ਦੀ ਸਭ ਤੋਂ ਵੱਡੀ ਬਰਾਮਦਗੀਆਂ ਵਿਚੋਂ ਇਕ ਸੀ। ਇਸ ਮਾਮਲੇ ਵਿੱਚ ਮੁੱਖ ਮੁਲਜ਼ਮ ਨੂੰ ਜੰਮੂ-ਕਸ਼ਮੀਰ ਦੇ ਬਾਰਾਮੂਲਾ ਤੋਂ ਗ੍ਰਿ.ਫਤਾਰ ਕੀਤਾ ਗਿਆ ਸੀ, ਜੋ ਅੰਤਰਰਾਸ਼ਟਰੀ ਸਿੰਥੈਟਿਕ ਡਰੱਗ ਨੈੱਟਵਰਕ ਦਾ ਹਿੱਸਾ ਸੀ। ਇਸੇ ਤਰ੍ਹਾਂ, ਜਲੰਧਰ ਪੁਲਿਸ ਨੇ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅਤੇ ਖਾਲਿਸਤਾਨ ਸਮਰਥਕ ਆਗੂ ਅੰਮ੍ਰਿਤਪਾਲ ਸਿੰਘ ਦੇ ਭਰਾ ਹਰਪ੍ਰੀਤ ਸਿੰਘ ਅਤੇ ਉਸ ਦੇ ਸਾਥੀ ਲਵਪ੍ਰੀਤ ਸਿੰਘ ਤੋਂ ਵੀ ਆਈਸ ਜ਼ਬਤ ਕਰਨ ਦਾ ਦਾਅਵਾ ਕੀਤਾ ਸੀ।2024 ਤੋਂ 2025 ਤੱਕ ਦੇ ਸਮੇਂ ਵਿੱਚ ਪੰਜਾਬ ਪੁਲਿਸ ਨੇ ਲਗਭਗ 35 ਕਿਲੋਗ੍ਰਾਮ ਆਈਸ ਜ਼ਬਤ ਕੀਤੀ ਸੀ, ਜੋ ਇਸ ਨਸ਼ੇ ਦੀ ਵਧਦੀ ਪਹੁੰਚ ਨੂੰ ਦਰਸਾਉਂਦੀ ਹੈ। ਇਸ ਦੌਰਾਨ, ਕਈ ਤਸਕਰਾਂ ਨੂੰ ਗ੍ਰਿ.ਫਤਾਰ ਵੀ ਕੀਤਾ ਗਿਆ, ਜਿਨ੍ਹਾਂ ਵਿਚੋਂ ਕੁਝ ਅੰਤਰਰਾਸ਼ਟਰੀ ਨੈੱਟਵਰਕ ਨਾਲ ਜੁੜੇ ਸਨ। ਹਾਲਾਂਕਿ, ਸਹੀ ਅੰਕੜੇ ਸਰਕਾਰੀ ਰਿਕਾਰਡ ਵਿੱਚ ਹੀ ਸਪੱਸ਼ਟ ਹੋ ਸਕਦੇ ਹਨ।ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਪਹਿਲਾਂ ਹੈਰੋਇਨ ਸਭ ਤੋਂ ਵੱਡੀ ਸਮੱਸਿਆ ਸੀ, ਪਰ ਹੁਣ ਸਿੰਥੈਟਿਕ ਨਸ਼ਿਆਂ, ਖਾਸਕਰ ਆਈਸ, ਨੇ ਸਥਿਤੀ ਨੂੰ ਹੋਰ ਗੰਭੀਰ ਕਰ ਦਿੱਤਾ ਹੈ। ਸਰਕਾਰ ਅਤੇ ਸਮਾਜ ਨੂੰ ਮਿਲ ਕੇ ਇਸ ਨਸ਼ੇ ਦੀ ਰੋਕਥਾਮ ਲਈ ਵੱਡੇ ਪੈਮਾਨੇ ’ਤੇ ਕਦਮ ਚੁੱਕਣ ਦੀ ਲੋੜ ਹੈ। ਨੌਜਵਾਨਾਂ ਨੂੰ ਜਾਗਰੂਕ ਕਰਨ, ਸਪਲਾਈ ਚੇਨ ਨੂੰ ਤੋੜਨ ਅਤੇ ਅੰਤਰਰਾਸ਼ਟਰੀ ਸਹਿਯੋਗ ਨਾਲ ਹੀ ਇਸ ਸਮੱਸਿਆ ’ਤੇ ਕਾਬੂ ਪਾਇਆ ਜਾ ਸਕਦਾ ਹੈ।

# ਪੰਜਾਬ ਸਰਕਾਰ ਦਾ ਵੱਡਾ ਕਦਮ: ਭਿਖਾਰੀਆਂ ਦੇ ਡੀ.ਐੱਨ.ਏ. ਟੈਸਟ ਦਾ ਫ਼ੈਸਲਾ

## ਬੱਚਿਆਂ ਦੀ ਤਸਕਰੀ ’ਤੇ ਰੋਕ: ਮੋਹਾਲੀ ਤੇ ਅੰਮ੍ਰਿਤਸਰ ਵਿੱਚ ਮੁਹਿੰਮ ਸ਼ੁਰੂ

ਪੰਜਾਬ ਵਿੱਚ ਵਧ ਰਹੀ ਭਿਖਾਰੀਆਂ ਦੀ ਗਿਣਤੀ ਨੂੰ ਲੈ ਕੇ ਸੂਬਾ ਸਰਕਾਰ ਨੇ ਸਖ਼ਤ ਕਦਮ ਚੁੱਕਣ ਦਾ ਫ਼ੈਸਲਾ ਕੀਤਾ ਹੈ। ਸਰਕਾਰ ਨੇ ਸੂਬੇ ਦੇ ਵੱਖ-ਵੱਖ ਸ਼ਹਿਰਾਂ ਵਿੱਚ ਭੀਖ ਮੰਗਣ ਵਾਲਿਆਂ ਅਤੇ ਉਨ੍ਹਾਂ ਦੇ ਨਾਲ ਦਿਖਾਈ ਦਿੰਦੇ ਬੱਚਿਆਂ ਦੇ ਡੀ.ਐੱਨ.ਏ. ਟੈਸਟ ਕਰਵਾਉਣ ਦਾ ਹੁਕਮ ਜਾਰੀ ਕੀਤਾ ਹੈ। ਇਸ ਮੁਹਿੰਮ ਦੀ ਸ਼ੁਰੂਆਤ ਮੋਹਾਲੀ ਅਤੇ ਅੰਮ੍ਰਿਤਸਰ ਤੋਂ ਕਰ ਦਿੱਤੀ ਗਈ ਹੈ। ਪੰਜਾਬ ਦੀ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਇਸ ਸਬੰਧੀ ਨਿਰਦੇਸ਼ ਦਿੱਤੇ ਹਨ। ਇਸ ਦਾ ਮਕਸਦ ਬੱਚਿਆਂ ਦੀ ਤਸਕਰੀ ਅਤੇ ਸੰਗਠਿਤ ਭੀਖ ਮੰਗਣ ਦੇ ਗਿਰੋਹਾਂ ਨੂੰ ਨੱਥ ਪਾਉਣਾ ਹੈ। ਪਰ ਸਵਾਲ ਉੱਠਦਾ ਹੈ ਕਿ ਕੀ ਇਹ ਫ਼ੈਸਲਾ ਸਹੀ ਹੈ ਜਾਂ ਸਰਕਾਰ ਨੂੰ ਇਨ੍ਹਾਂ ਭਿਖਾਰੀਆਂ ਨੂੰ ਸੂਬੇ ਤੋਂ ਬਾਹਰ ਕੱਢਣ ’ਤੇ ਧਿਆਨ ਦੇਣਾ ਚਾਹੀਦਾ, ਜੋ ਜ਼ਿਆਦਾਤਰ ਗੈਰ-ਰਾਜਾਂ ਤੋਂ ਆਉਂਦੇ ਜਾਪਦੇ ਹਨ ਅਤੇ ਨਾਗਰਿਕਤਾ ਦਾ ਸਬੂਤ ਵੀ ਨਹੀਂ ਰੱਖਦੇ ?ਜਾਣਕਾਰੀ ਮੁਤਾਬਕ, ਮੋਹਾਲੀ ਅਤੇ ਅੰਮ੍ਰਿਤਸਰ ਦੇ ਵੱਖ-ਵੱਖ ਚੌਕਾਂ ਵਿੱਚ ਪੁਲਿਸ, ਜ਼ਿਲ੍ਹਾ ਬਾਲ ਸੁਰੱਖਿਆ ਅਧਿਕਾਰੀਆਂ ਅਤੇ ਹੋਰ ਵਿਭਾਗਾਂ ਨੇ ਸਾਂਝੇ ਤੌਰ ’ਤੇ ਕਾਰਵਾਈ ਕਰਕੇ ਭਿਖਾਰੀਆਂ ਨੂੰ ਹਿਰਾਸਤ ਵਿੱਚ ਲਿਆ ਸੀ। ਅੰਮ੍ਰਿਤਸਰ ਵਿੱਚ ਬਾਲ ਭਿਖਾਰੀਆਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ। ਸਮਾਜਿਕ ਭਲਾਈ ਵਿਭਾਗ ਦੇ ਅੰਕੜਿਆਂ ਅਨੁਸਾਰ, ਅੰਮ੍ਰਿਤਸਰ ਵਿੱਚ 600 ਭਿਖਾਰੀ ਹਨ, ਪਰ ਅਸਲ ਗਿਣਤੀ 1500 ਤੋਂ 2000 ਦੱਸੀ ਜਾ ਰਹੀ ਹੈ। ਇਹ ਭਿਖਾਰੀ ਜ਼ਿਆਦਾਤਰ ਰੇਲਵੇ ਸਟੇਸ਼ਨ, ਬੱਸ ਸਟੈਂਡ, ਸ੍ਰੀ ਦਰਬਾਰ ਸਾਹਿਬ, ਸ੍ਰੀ ਦੁਰਗਿਆਨਾ ਮੰਦਰ, ਲਾਰੈਂਸ ਰੋਡ ਅਤੇ ਰਣਜੀਤ ਐਵੇਨਿਊ ਵਰਗੀਆਂ ਥਾਵਾਂ ’ਤੇ ਘੁੰਮਦੇ ਹਨ। ਕਈ ਮਾਮਲਿਆਂ ਵਿੱਚ, ਔਰਤਾਂ ਨਾਲ ਦਿਖਾਈ ਦਿੰਦੇ ਬੱਚੇ ਉਨ੍ਹਾਂ ਦੇ ਨਹੀਂ ਜਾਪਦੇ, ਜਿਸ ਨਾਲ ਬੱਚਿਆਂ ਦੀ ਤਸਕਰੀ ਦਾ ਸ਼ੱਕ ਵਧਦਾ ਹੈ।



# ਅਮਰੀਕਾ ਦੇ ਹਮਲਿਆਂ ਕਾਰਨ ਇਰਾਨ ਦੇ ਪਰਮਾਣੂ ਸਥਾਨਾਂ ’ਤੇ ਸੀਮਤ ਹੋਇਆ ਸੀ ਅਸਰ

## ਟਰੰਪ ਦਾ ਦਾਅਵਾ ਕਿ ਪੂਰੀ ਤਬਾਹੀ ਹੋਈ, ਇਰਾਨ ਨੇ ਕੀਤਾ ਇਨਕਾਰ

ਪਿਛਲੇ ਮਹੀਨੇ ਜੂਨ 2025 ਵਿੱਚ ਅਮਰੀਕਾ ਨੇ ਇਜ਼ਰਾਇਲ ਦੇ ਸਮਰਥਨ ਵਿੱਚ ਇਰਾਨ ਦੇ ਤਿੰਨ ਪ੍ਰਮਾਣੂ ਸਥਾਨਾਂ—ਫ਼ੋਰਡੋ, ਨਤਾਂਜ਼ ਅਤੇ ਇਸਫ਼ਾਹਨ ’ਤੇ ਹਵਾਈ ਹਮਲੇ ਕੀਤੇ ਸਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਨੂੰ ਵੱਡੀ ਕਾਮਯਾਬੀ ਦੱਸਦਿਆਂ ਦਾਅਵਾ ਕੀਤਾ ਸੀ ਕਿ ਇਨ੍ਹਾਂ ਹਮਲਿਆਂ ਨਾਲ ਇਰਾਨ ਦੇ ਪਰਮਾਣੂ ਪ੍ਰੋਗਰਾਮ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਗਿਆ ਸੀ। ਟਰੰਪ ਦਾ ਦਾਅਵਾ ਸੀ ਕਿ ਇਰਾਨ ਨੂੰ ਇਹ ਸਥਾਨ ਮੁੜ ਬਣਾਉਣ ਵਿੱਚ ਕਈ ਸਾਲ ਲੱਗ ਜਾਣਗੇ।

ਪਰ ਹੁਣ ਅਮਰੀਕੀ ਮੀਡੀਆ ਅਤੇ ਅੰਤਰਰਾਸ਼ਟਰੀ ਸਰੋਤਾਂ ਦੀਆਂ ਰਿਪੋਰਟਾਂ ਨੇ ਇਸ ਦਾਅਵੇ ਦੀ ਹਕੀਕਤ ਨੂੰ ਸਾਹਮਣੇ ਲਿਆਂਦਾ ਹੈ, ਜਿਸ ਵਿੱਚ ਕਈ ਸਵਾਲ ਖੜ੍ਹੇ ਹੋ ਰਹੇ ਹਨ। ਪਰ ਐਨ.ਬੀ.ਸੀ. ਨਿਊਜ਼ ਦੀ ਰਿਪੋਰਟ ਨੇ ਇਸ ਦਾਅਵੇ ਦੀ ਪੋਲ ਖੋਲ੍ਹ ਦਿੱਤੀ ਹੈ ਐਨ.ਬੀ.ਸੀ. ਨਿਊਜ਼ ਦੀ 17 ਜੁਲਾਈ 2025 ਦੀ ਰਿਪੋਰਟ ਮੁਤਾਬਕ, ਅਮਰੀਕੀ ਹਮਲਿਆਂ ਵਿੱਚ ਸਿਰਫ਼ ਇੱਕ ਪਰਮਾਣੂ ਸਥਾਨ ‘ਨਤਾਂਜ਼’ ਨੂੰ ਗੰਭੀਰ ਨੁਕਸਾਨ ਪਹੁੰਚਿਆ, ਜਿਸ ਦੀ ਮੈਟਲ ਕਨਵਰਜ਼ਨ ਸੁਵਿਧਾ ਲਗਭਗ ਪੂਰੀ ਤਰ੍ਹਾਂ ਤਬਾਹ ਹੋ ਗਈ। ਇਸ ਦੇ ਮੁੜ ਨਿਰਮਾਣ ਵਿੱਚ ਸਾਲਾਂ ਲੱਗ ਸਕਦੇ ਹਨ। ਪਰ ਫ਼ੋਰਡੋ ਅਤੇ ਇਸਫ਼ਾਹਨ ਦੇ ਸਥਾਨਾਂ ਨੂੰ ਸੀਮਤ ਨੁਕਸਾਨ ਹੋਇਆ, ਜਿਨ੍ਹਾਂ ਨੂੰ ਇਰਾਨ ਅਗਲੇ ਕੁਝ ਮਹੀਨਿਆਂ ਵਿੱਚ ਠੀਕ ਕਰ ਸਕਦਾ ਹੈ। ਅਮਰੀਕੀ ਸੈਂਟਰਲ ਕਮਾਂਡ ਨੇ ਵਿਆਪਕ ਹਮਲਿਆਂ ਦੀ ਯੋਜਨਾ ਬਣਾਈ ਸੀ, ਪਰ ਟਰੰਪ ਨੇ ਇਸ ਨੂੰ ਰੱਦ ਕਰ ਦਿੱਤਾ ਸੀ, ਕਿਉਂਕਿ ਇਹ ਉਨ੍ਹਾਂ ਦੀ ਵਿਦੇਸ਼ ਨੀਤੀ ਨਾਲ ਮੇਲ ਨਹੀਂ ਖਾਂਦਾ ਸੀ। ਸੀ.ਆਈ.ਏ. ਮੁਖੀ ਜੌਨ ਰੈਟਕਲਿ.ਫ ਨੇ ਸੰਸਦ ਮੈਂਬਰਾਂ ਨੂੰ ਦੱਸਿਆ ਕਿ ਨਤਾਂਜ਼ ਦੀ ਸੁਵਿਧਾ ਨੂੰ ਵੱਡਾ ਨੁਕਸਾਨ ਹੋਇਆ, ਪਰ ਫ਼ੋਰਡੋ ਅਤੇ ਇਸਫ਼ਾਹਨ ਵਿੱਚ ਪਿਆ ਯੂਰੇਨੀਅਮ ਦਾ ਜ਼ਿਆਦਾਤਰ ਹਿੱਸਾ ਡੂੰਘਾ ਦੱਬਿਆ ਹੋਇਆ ਹੈ, ਜਿਸ ਨੂੰ ਇਰਾਨ ਲਈ ਮੁੜ ਸਰਗਰਮ ਕਰਨਾ ਮੁਸ਼ਕਲ ਹੋਵੇਗਾ।




# ਭਾਜਪਾ-ਅਕਾਲੀ ਗਠਜੋੜ ਦੇ ਹੱਕ ਵਿੱਚ ਸੁਨੀਲ ਜਾਖੜ ਕਿਉਂ ਹਨ ?

## ਅਕਾਲੀ ਦਲ (ਬਾਦਲ) ਨਾਲ ਸਮਝੌਤਾ ਹੋਵੇਗਾ ਜਾਂ ਨਵੇਂ ਅਕਾਲੀ ਧੜੇ ਨਾਲ ? ਕੀ ਹੈ ਭਾਜਪਾ ਦੀ ਰਣਨੀਤੀ ?

## ਕੀ ਇਹ ਸਮਝੌਤਾ ਸਿੱਖ ਭਾਵਨਾਵਾਂ ਅਤੇ ਪੰਜਾਬ ਦੇ ਹਿੱਤ ਹੋਵੇਗਾ ?

ਸੁਨੀਲ ਜਾਖੜ, ਪੰਜਾਬ ਭਾਜਪਾ ਦੇ ਪ੍ਰਧਾਨ, ਨੇ ਇੱਕ ਵਾਰ ਫ਼ਿਰ ਭਾਜਪਾ-ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਗਠਜੋੜ ਨੂੰ ਜ਼ਰੂਰੀ ਦੱਸਦਿਆਂ ਬਿਆਨ ਦਿੱਤਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਪੰਜਾਬ ਵਿੱਚ 1996 ਵਰਗੇ ਹਾਲਾਤ ਬਣ ਰਹੇ ਹਨ, ਜਦੋਂ ਇਹ ਗਠਜੋੜ ਸਾਂਝ ਅਤੇ ਸ਼ਾਂਤੀ ਲਈ ਬਣਿਆ ਸੀ। ਜਾਖੜ ਦਾ ਕਹਿਣਾ ਹੈ ਕਿ ਅੱਜ ਵੀ ਪੰਜਾਬ ਨੂੰ ਸਾਂਝ ਅਤੇ ਸਦਭਾਵਨਾ ਦੀ ਲੋੜ ਹੈ, ਜਿਸ ਲਈ ਭਾਜਪਾ ਅਤੇ ਅਕਾਲੀ ਦਲ ਨੂੰ ਮੁੜ ਇਕੱਠੇ ਹੋਣਾ ਚਾਹੀਦਾ। ਪਰ ਇਸ ਗਠਜੋੜ ਨੂੰ ਲੈ ਕੇ ਭਾਜਪਾ ਦੀ ਅੰਦਰੂਨੀ ਸਿਆਸਤ, ਅਕਾਲੀ ਦਲ (ਬਾਦਲ) ਦੀ ਸਥਿਤੀ ਅਤੇ ਪੰਜਾਬ ਦੇ ਸਿੱਖ ਭਾਈਚਾਰੇ ਦੇ ਹਿੱਤਾਂ ਨੂੰ ਲੈ ਕੇ ਕਈ ਸਵਾਲ ਖੜ੍ਹੇ ਹੋ ਰਹੇ ਹਨ।

ਭਾਜਪਾ ਦੀ ਕੇਂਦਰੀ ਲੀਡਰਸ਼ਿਪ ਅਤੇ ਪੰਜਾਬ ਇਕਾਈ ਵਿੱਚ ਗਠਜੋੜ ਨੂੰ ਲੈ ਕੇ ਇਕਸਾਰਤਾ ਨਹੀਂ ਦਿਖਦੀ। ਜਾਖੜ ਦਾ ਬਿਆਨ ਸੁਝਾਉਂਦਾ ਹੈ ਕਿ ਉਹ ਗਠਜੋੜ ਨੂੰ ਪੰਜਾਬ ਵਿੱਚ ਭਾਜਪਾ ਦੀ ਸਥਿਤੀ ਮਜ਼ਬੂਤ ਕਰਨ ਦਾ ਮੌਕਾ ਮੰਨਦੇ ਹਨ। ਪਰ ਭਾਜਪਾ ਦੀ ਹਾਈਕਮਾਨ ਨੇ ਹੁਣ ਤੱਕ ਇਸ ਬਾਰੇ ਸਪਸ਼ਟ ਰੁਖ ਨਹੀਂ ਦਿਖਾਇਆ। ਪੰਜਾਬ ਵਿੱਚ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ 18.56% ਵੋਟਾਂ ਮਿਲੀਆਂ, ਜੋ 2022 ਦੀਆਂ ਵਿਧਾਨ ਸਭਾ ਚੋਣਾਂ ਦੇ 6.6% ਦੇ ਮੁਕਾਬਲੇ ਵੱਡੀ ਉਛਾਲ ਸੀ। ਇਸ ਤੋਂ ਸੰਕੇਤ ਮਿਲਦਾ ਹੈ ਕਿ ਪੰਜਾਬ ਵਿੱਚ ਭਾਜਪਾ ਦੀ ਸਥਿਤੀ ਸੁਧਰ ਰਹੀ ਹੈ, ਪਰ ਸੂਬੇ ਦੀ ਸਿਆਸਤ ਵਿੱਚ ਸਿੱਖ ਭਾਵਨਾਵਾਂ ਅਤੇ ਕਿਸਾਨ ਤੇ ਪੰਥਕ ਮੁੱਦੇ ਅਜੇ ਵੀ ਅਹਿਮ ਹਨ। ਹਾਈਕਮਾਨ ਸੰਭਾਵਤ ਤੌਰ ’ਤੇ ਇਸ ਗਠਜੋੜ ਨੂੰ ਸਿੱਖ ਵੋਟਰਾਂ ਨੂੰ ਜੋੜਨ ਦੀ ਰਣਨੀਤੀ ਵਜੋਂ ਦੇਖ ਸਕਦੀ ਹੈ,



ਪਰ ਉਹ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਨਾਲ ਸਮਝੌਤੇ ’ਤੇ ਸਹਿਮਤੀ ਬਣਾਉਣ ਤੋਂ ਪਹਿਲਾਂ ਸੂਬੇ ਦੀ ਜ਼ਮੀਨੀ ਸਥਿਤੀ ਦਾ ਜਾਇਜ਼ਾ ਲੈਣਾ ਚਾਹੇਗੀ।

ਹੁਣ, ਜਦੋਂ ਸੁਖਬੀਰ ਬਾਦਲ ਨੂੰ ਪੰਥਕ ਸਿਆਸਤ ਵਿੱਚ ਅੰਮ੍ਰਿਤਪਾਲ ਸਿੰਘ ਵਰਗੇ ਨਵੇਂ ਚਿਹਰਿਆਂ ਤੋਂ ਚੁਣੌਤੀ ਮਿਲ ਰਹੀ ਹੈ, ਤਾਂ ਸੰਭਵ ਹੈ ਕਿ ਅਕਾਲੀ ਦਲ ਆਪਣੀ ਸਿਆਸੀ ਜ਼ਮੀਨ ਮਜ਼ਬੂਤ ਕਰਨ ਲਈ ਭਾਜਪਾ ਨਾਲ ਮੁੜ ਸਮਝੌਤੇ ’ਤੇ ਵਿਚਾਰ ਕਰੇ। ਹਾਲਾਂਕਿ, ਅਕਾਲੀ ਦਲ ਦੇ ਅੰਦਰੂਨੀ ਸੂਤਰਾਂ ਅਨੁਸਾਰ, ਸੁਖਬੀਰ ਨੂੰ ਪਾਰਟੀ ਦੀ ਪੰਥਕ ਸਾਖ ਨੂੰ ਬਚਾਉਣ ਦਾ ਦਬਾਅ ਹੈ, ਅਤੇ ਭਾਜਪਾ ਨਾਲ ਸਮਝੌਤਾ ਕਰਨ ਨਾਲ ਸਿੱਖ ਵੋਟਰਾਂ ਵਿੱਚ ਨਾਰਾਜ਼ਗੀ ਪੈਦਾ ਹੋ ਸਕਦੀ ਹੈ।

ਇਕਬਾਲ ਸਿੰਘ ਲਾਲਪੁਰਾ, ਜੋ ਕਿ ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਅਤੇ ਭਾਜਪਾ ਦੇ ਸੀਨੀਅਰ ਆਗੂ ਹਨ, ਨੇ ਗਠਜੋੜ ਦਾ ਵਿਰੋਧ ਕੀਤਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਅਕਾਲੀ ਦਲ (ਬਾਦਲ) ਨਾਲ ਸਮਝੌਤੇ ਨਾਲ ਭਾਜਪਾ ਦੀ ਸਾਖ ਨੂੰ ਨੁਕਸਾਨ ਹੋ ਸਕਦਾ ਹੈ, ਕਿਉਂਕਿ ਅਕਾਲੀ ਦਲ ਦੀ ਪੰਥਕ ਸਿਆਸਤ ਹੁਣ ਪਹਿਲਾਂ ਵਰਗੀ ਪ੍ਰਭਾਵੀ ਨਹੀਂ ਰਹੀ। ਲਾਲਪੁਰਾ ਸਮਝਦੇ ਹਨ ਕਿ ਭਾਜਪਾ ਨੂੰ ਸਿੱਖ ਵੋਟਰਾਂ ਨੂੰ ਜੋੜਨ ਲਈ ਸੁਤੰਤਰ ਰੂਪ ਵਿੱਚ ਕੰਮ ਕਰਨਾ ਚਾਹੀਦਾ ਹੈ, ਨਾ ਕਿ ਅਕਾਲੀ ਦਲ ’ਤੇ ਨਿਰਭਰ ਕਰਨਾ। ਉਨ੍ਹਾਂ ਦਾ ਵਿਰੋਧ ਸੰਭਵ ਤੌਰ ’ਤੇ ਇਸ ਗੱਲ ’ਤੇ ਵੀ ਅਧਾਰਿਤ ਹੈ ਕਿ 2020 ਦੇ ਕਿਸਾਨ ਅੰਦੋਲਨ ਨੇ ਭਾਜਪਾ ਅਤੇ ਅਕਾਲੀ ਦਲ ਦੀ ਸਾਂਝੀ ਸਾਖ ਨੂੰ ਨੁਕਸਾਨ ਪਹੁੰਚਾਇਆ ਸੀ।

ਇਸ ਗਠਜੋੜ ਦਾ ਸਿੱਖ ਭਾਈਚਾਰੇ ਅਤੇ ਪੰਜਾਬ ਨੂੰ ਫ਼ਾਇਦਾ ਹੋਣਾ ਜਾਂ ਨਾ ਹੋਣਾ ਕਈ ਗੱਲਾਂ ’ਤੇ ਨਿਰਭਰ ਕਰਦਾ ਹੈ। ਜਾਖੜ ਦਾ ਕਹਿਣਾ ਹੈ ਕਿ ਗਠਜੋੜ ਸਦਭਾਵਨਾ ਅਤੇ ਸ਼ਾਂਤੀ ਲਈ ਜ਼ਰੂਰੀ ਹੈ, ਪਰ ਸਿੱਖ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ, ਭਾਜਪਾ ਨੂੰ ਪੰਜਾਬ ਦੀਆਂ ਅਸਲ ਸਮੱਸਿਆਵਾਂ, ਜਿਵੇਂ ਕਿਸਾਨਾਂ ਦੇ ਮੁੱਦੇ, ਬੰਦੀ ਸਿੱਖਾਂ ਤੋਂ ਇਲਾਵਾ ਪੰਥਕ ਤੇ ਪੰਜਾਬ ਮੁੱਦੇ, ਨੌਕਰੀਆਂ ਅਤੇ ਵਿਕਾਸ, ’ਤੇ ਧਿਆਨ ਦੇਣਾ ਹੋਵੇਗਾ।

# ਬਾਬੂ ਕਾਂਸ਼ੀ ਰਾਮ ਤੋਂ ਬਾਅਦ ਦਲਿਤ ਰਾਜਨੀਤੀ ਦਾ ਚਮਤਕਾਰ ਕਿਉਂ ਫ਼ਿੱਕਾ ਪਿਆ

➢ ਵੋਟ ਬੈਂਕ ਤੋਂ ਸੱਤਾ ਦੀ ਲਾਲਸਾ ਦੇ ਦੌਰ ਨੇ ਦਲਿਤ ਸਮਾਜ ਦੀ ਚੜ੍ਹਦੀਕਲਾ ਨੂੰ ਪਛਾੜਿਆ ➢ ਕਾਂਸ਼ੀ ਰਾਮ ਦੀ ਵਿਰਾਸਤ ਮਾਇਆਵਤੀ ਦਾ ਸਿਆਸੀ ਨਿਘਾਰ ਅਤੇ ਨਵੇਂ ਆਗੂਆਂ ਦਾ ਉਭਾਰ

ਪ੍ਰੋਫ਼ੈਸਰ ਬਲਵਿੰਦਰ ਪਾਲ ਸਿੰਘ
9815700916

## ਬਿਹਾਰ, ਪੰਜਾਬ, ਯੂ.ਪੀ. ਅਤੇ ਮੱਧ ਪ੍ਰਦੇਸ਼ ਵਿੱਚ ਦਲਿਤ ਰਾਜਨੀਤੀ ਦੀਆਂ ਚੁਣੌਤੀਆਂ ਕੀ ਹਨ ?

ਭਾਰਤ ਦੀ ਰਾਜਨੀਤੀ ਵਿੱਚ ਦਲਿਤ ਸਮਾਜ ਦੀ ਭੂਮਿਕਾ ਹਮੇਸ਼ਾ ਹੀ ਇੱਕ ਵੋਟ ਬੈਂਕ ਦੇ ਰੂਪ ਵਿੱਚ ਰਹੀ ਹੈ। ਦੇਸ਼ ਦੀ ਜਨਸੰਖਿਆ ਵਿੱਚ 16-17 ਫ਼ੀਸਦੀ ਹਿੱਸੇ ਵਾਲਾ ਇਹ ਸਮਾਜ ਪੰਜਾਬ ਵਿੱਚ 33 ਫ਼ੀਸਦੀ, ਬਿਹਾਰ ਵਿੱਚ 20 ਫ਼ੀਸਦੀ ਅਤੇ ਉੱਤਰ ਪ੍ਰਦੇਸ਼ ਵਿੱਚ 19 ਫ਼ੀਸਦੀ ਦੇ ਕਰੀਬ ਹੈ ਪਰ ਆਜ਼ਾਦੀ ਦੇ 78 ਸਾਲਾਂ ਦੇ ਲੰਬੇ ਸਫ਼ਰ ਵਿੱਚ ਦਲਿਤਾਂ ਨੂੰ ਸਿਆਸੀ ਤੌਰ 'ਤੇ ਮੁੱਖ ਧਾਰਾ ਵਿੱਚ ਲਿਆਉਣ ਦੀ ਬਜਾਏ, ਉਨ੍ਹਾਂ ਨੂੰ ਵੋਟਾਂ ਦੀ ਸਿਆਸਤ ਦਾ ਹਿੱਸਾ ਬਣਾਇਆ ਗਿਆ ਹੈ। ਬਾਬੂ ਕਾਂਸ਼ੀ ਰਾਮ ਅਤੇ ਮਾਇਆਵਤੀ ਨੇ ਬਹੁਜਨ ਸਮਾਜ ਪਾਰਟੀ (ਬੀ.ਐਸ.ਪੀ.) ਦੇ ਜ਼ਰੀਏ ਦਲਿਤ ਰਾਜਨੀਤੀ ਨੂੰ ਨਵੀਂ ਦਿਸ਼ਾ ਦਿੱਤੀ ਸੀ, ਪਰ 2012 ਤੋਂ ਬਾਅਦ ਬੀ.ਐਸ.ਪੀ. ਦੀ ਪ੍ਰਸੰਗਿਕਤਾ ਘਟਣ ਨਾਲ ਦਲਿਤ ਸਿਆਸਤ ਦਾ ਨਵਾਂ ਦੌਰ ਸ਼ੁਰੂ ਹੋਇਆ ਹੈ।

ਇਸ ਨਵੇਂ ਦੌਰ ਵਿੱਚ ਦਲਿਤ ਸਮਾਜ ਸਿਰਫ਼ ਵੋਟ ਬੈਂਕ ਨਹੀਂ, ਸਗੋਂ ਸੱਤਾ ਦੀ ਲਾਲਸਾ ਰੱਖਣ ਵਾਲਾ ਸਮਾਜ ਵਜੋਂ ਉਭਰ ਰਿਹਾ ਹੈ। ਸੋਸ਼ਲ ਮੀਡੀਆ ਦੀ ਸਰਗਰਮੀ, ਦਲਿਤ ਬੁੱਧੀਜੀਵੀਆਂ ਦੀ ਜਾਗਰੂਕਤਾ ਅਤੇ ਸੰਵਿਧਾਨ ਦੀ ਰੱਖਿਆ ਦੇ ਨਾਅਰੇ ਨੇ ਦਲਿਤ ਸਮਾਜ ਨੂੰ ਆਪਣੀ ਰਾਜਨੀਤਕ ਤਾਕਤ ਦਾ ਅਹਿਸਾਸ ਕਰਵਾਇਆ ਜ਼ਰੂਰ ਕਰਵਾਇਆ ਹੈ, ਪਰ ਦਲਿਤਾਂ ਕੋਲ ਹੁਣ ਕਾਂਸ਼ੀ ਰਾਮ ਵਰਗਾ ਸੂਝਵਾਨ ਸਿਆਸੀ ਲੀਡਰ ਨਹੀਂ ਹੈ, ਜੋ ਗੁਰੂ ਗ੍ਰੰਥ ਸਾਹਿਬ ਨੂੰ ਆਪਣੀ ਪਾਰਟੀ ਦਾ ਏਜੰਡਾ ਬਣਾਕੇ ਉਭਰਿਆ ਸੀ। ਇਸ ਦੌਰ ਵਿੱਚ ਨਰਿੰਦਰ ਮੋਦੀ, ਰਾਹੁਲ ਗਾਂਧੀ, ਅਰਵਿੰਦ ਕੇਜਰੀਵਾਲ, ਅਖਿਲੇਸ਼ ਯਾਦਵ, ਤੇਜਸਵੀ ਯਾਦਵ ਅਤੇ ਅਸਦੁੱਦੀਨ ਓਵੈਸੀ ਵਰਗੇ ਆਗੂ ਅੰਬੇਦਕਰਵਾਦ ਦਾ ਝੰਡਾ ਚੁੱਕ ਰਹੇ ਹਨ। ਪਰ ਸਵਾਲ ਇਹ ਹੈ ਕਿ ਕੀ ਇਹ ਅੰਬੇਦਕਰਵਾਦ ਸੱਚਮੁੱਚ ਦਲਿਤ ਸਮਾਜ ਦੀ ਉਦਾਰਤਾ ਲਈ ਹੈ, ਜਾਂ ਸਿਰਫ਼ ਸਿਆਸੀ ਮੁਨਾਫ਼ੇ ਦੀ ਖੇਡ ਹੈ ?

**ਬਾਬੂ ਕਾਂਸ਼ੀ ਰਾਮ ਦੀ ਵਿਰਾਸਤ: ਮਾਇਆਵਤੀ ਰਾਜਨੀਤੀ ਵਿੱਚ ਕਿਉਂ ਪੱਛੜੀ**

ਬਾਬੂ ਕਾਂਸ਼ੀ ਰਾਮ ਨੇ 1980 ਦੇ ਦਹਾਕੇ ਵਿੱਚ ਬੀ.ਐਸ.ਪੀ. ਦੀ ਸਥਾਪਨਾ ਕਰਕੇ ਦਲਿਤ ਸਮਾਜ ਨੂੰ ਸਿਆਸੀ ਤੌਰ 'ਤੇ ਜਾਗਰੂਕ ਕੀਤਾ। ਉਨ੍ਹਾਂ ਦੀ ਅਗਵਾਈ ਵਿੱਚ ਮਾਇਆਵਤੀ ਨੇ ਉੱਤਰ ਪ੍ਰਦੇਸ਼ ਵਿੱਚ 2007 ਵਿੱਚ ਸਰਕਾਰ ਬਣਾਈ, ਜੋ ਦਲਿਤ ਸਿਆਸਤ ਦਾ ਸੁਨਹਿਰੀ ਦੌਰ ਸੀ। ਪਰ 2012 ਤੋਂ ਬਾਅਦ ਬੀ.ਐਸ.ਪੀ. ਦੀ ਪ੍ਰਸੰਗਿਕਤਾ ਘਟਣ ਲੱਗੀ। ਮਾਇਆਵਤੀ 'ਤੇ ਭਾਜਪਾ ਨਾਲ ਸਮਝੌਤੇ ਅਤੇ ਲਾਲਸਾ ਦੇ ਇਲਜ਼ਾਮ ਲੱਗੇ। ਮਾਇਆਵਤੀ ਦੀ ਰਾਜਨੀਤੀ ਵਿੱਚ ਆਏ ਨਿਘਾਰ ਨੇ ਇਸ ਨਵੇਂ ਦੌਰ ਨੂੰ ਜਨਮ ਦਿੱਤਾ, ਪਰ ਸੋਸ਼ਲ ਮੀਡੀਆ 'ਤੇ ਦਲਿਤ ਬੁੱਧੀਜੀਵੀਆਂ ਦੀ ਸਰਗਰਮੀ ਨੇ ਵੀ ਇਸ ਨੂੰ ਹੁਲਾਰਾ ਦਿੱਤਾ। ਦਲਿਤ ਸਮਾਜ ਨੂੰ ਅਹਿਸਾਸ ਹੋਇਆ ਕਿ ਉਨ੍ਹਾਂ ਦੀ ਆਬਾਦੀ ਤੋਂ ਘੱਟ ਸੰਖਿਆ ਵਾਲੀਆਂ ਉੱਚ ਜਾਤੀਆਂ ਉਨ੍ਹਾਂ ਦੀਆਂ ਵੋਟਾਂ ਨਾਲ ਸੱਤਾ ਹਾਸਲ ਕਰ ਰਹੀਆਂ ਹਨ, ਪਰ ਉਨ੍ਹਾਂ 'ਤੇ ਹੀ ਜ਼ੁਲਮ ਹੋ ਰਹੇ ਹਨ।

ਇਸ ਨੈਰਟਿਵ ਨੇ ਦਲਿਤ ਵੋਟਰਾਂ ਦਾ ਇੱਕ ਹਿੱਸਾ ਭਾਜਪਾ, ਸਮਾਜਵਾਦੀ ਪਾਰਟੀ (ਐਸ.ਪੀ.) ਅਤੇ ਕਾਂਗਰਸ ਵੱਲ ਖਿੱਚ ਲਿਆ। ਚੰਦਰਸ਼ੇਖਰ ਆਜ਼ਾਦ ਦੀ ਆਜ਼ਾਦ ਸਮਾਜ ਪਾਰਟੀ ਨੇ ਇਸ ਖਾਲੀਪਣ ਨੂੰ ਭਰਨ ਦੀ ਕੋਸ਼ਿਸ਼ ਕੀਤੀ, ਪਰ ਉਸ 'ਤੇ ਵੀ ਭਾਜਪਾ ਦੀ 'ਬੀ ਟੀਮ' ਹੋਣ ਦਾ ਠੱਪਾ ਲੱਗ ਗਿਆ। ਮਹਾਰਾਸ਼ਟਰ ਵਿੱਚ ਪ੍ਰਕਾਸ਼ ਅੰਬੇਦਕਰ ਅਤੇ ਰਾਮਦਾਸ ਅਠਾਵਲੇ ਦੀਆਂ ਪਾਰਟੀਆਂ ਵੀ ਮਜ਼ਬੂਤ ਆਧਾਰ ਨਹੀਂ ਬਣਾ ਸਕੀਆਂ। ਤਾਮਿਲਨਾਡੂ ਵਿੱਚ ਵੀ.ਸੀ.ਕੇ. ਵਰਗੀਆਂ ਦਲਿਤ ਪਾਰਟੀਆਂ ਦਾ ਅਸਰ ਸੀਮਤ ਰਿਹਾ।




ਇਸ ਦੌਰ ਵਿੱਚ ਨਵੇਂ ਅੰਬੇਦਕਰਵਾਦੀ ਆਗੂਆਂ ਦਾ ਉਭਾਰ ਹੋਇਆ, ਪਰ ਰਾਜਨੀਤੀ ਵਿੱਚ ਉਭਰ ਨਹੀਂ ਸਕੇ।

**ਬਿਹਾਰ, ਪੰਜਾਬ, ਯੂ.ਪੀ. ਅਤੇ ਮੱਧ ਪ੍ਰਦੇਸ਼: ਦਲਿਤ ਰਾਜਨੀਤੀ ਦੀਆਂ ਚੁਣੌਤੀਆਂ**

**ਬਿਹਾਰ:** ਬਿਹਾਰ ਵਿੱਚ ਦਲਿਤ ਸਮਾਜ ਦੀ ਆਬਾਦੀ 20 ਫ਼ੀਸਦੀ ਹੈ ਅਤੇ ਇੱਥੇ ਦਲਿਤ ਰਾਜਨੀਤੀ ਦੀਆਂ ਤਿੰਨ ਪਾਰਟੀਆਂ ਹਨ: ਲੋਕ ਜਨਸ਼ਕਤੀ ਪਾਰਟੀ (ਰਾਮਵਿਲਾਸ), ਰਾਸ਼ਟਰੀਜ ਲੋਕ ਜਨਸ਼ਕਤੀ ਪਾਰਟੀ ਅਤੇ ਹਿੰਦੁਸਤਾਨ ਅਵਾਮ ਮੋਰਚਾ। ਚਿਰਾਗ ਪਾਸਵਾਨ, ਪਸ਼ੂਪਤੀ ਪਾਰਸ ਅਤੇ ਜੀਤਨ ਰਾਮ ਮਾਂਝੀ ਵਰਗੇ ਆਗੂ ਆਪਣੀ ਜਾਤੀ ਦੇ ਨਾਇਕ ਬਣ ਕੇ ਰਹਿ ਗਏ ਹਨ। ਇਹ ਆਗੂ ਸਮੁੱਚੇ ਦਲਿਤ ਸਮਾਜ ਦੀ ਬਜਾਏ ਆਪਣੀ ਜਾਤੀ ਅਤੇ ਪਰਿਵਾਰ ਦੀ ਸਿਆਸਤ ਨੂੰ ਪਹਿਲ ਦਿੰਦੇ ਹਨ। ਇਸ ਕਾਰਨ ਵੱਡੀਆਂ ਪਾਰਟੀਆਂ ਇਨ੍ਹਾਂ ਨੂੰ ਸੀਮਤ ਅਸਰ ਵਾਲੇ ਸਹਿਯੋਗੀ ਵਜੋਂ ਵਰਤਦੀਆਂ ਹਨ। ਹਾਲ ਹੀ ਵਿੱਚ ਚੰਦਰ ਸ਼ੇਖਰ ਆਜ਼ਾਦ ਦੀ ਐਂਟਰੀ ਨੇ ਬਿਹਾਰ ਦੀ ਦਲਿਤ ਸਿਆਸਤ ਵਿੱਚ ਨਵਾਂ ਮੋੜ ਲਿਆਂਦਾ ਹੈ, ਪਰ ਇਸ ਦਾ ਅਸਰ ਅਜੇ ਸਪੱਸ਼ਟ ਨਹੀਂ ਹੈ।

**ਪੰਜਾਬ:** ਪੰਜਾਬ ਵਿੱਚ ਦਲਿਤ ਆਬਾਦੀ ਸਭ ਤੋਂ ਵੱਧ (31.9 ਫ਼ੀਸਦੀ) ਹੈ, ਪਰ ਇੱਥੇ ਦਲਿਤ ਰਾਜਨੀਤੀ ਪਛੜੀ ਹੋਈ ਹੈ। ਚਰਨਜੀਤ ਸਿੰਘ ਚੰਨੀ ਦੇ ਮੁੱਖ ਮੰਤਰੀ ਬਣਨ ਨਾਲ ਦਲਿਤ ਸਮਾਜ ਵਿੱਚ ਸਵੈਮਾਣ ਦੀ ਭਾਵਨਾ ਜਾਗੀ, ਪਰ ਇਹ ਸਿਆਸੀ ਤੌਰ 'ਤੇ ਮਜ਼ਬੂਤ ਆਧਾਰ ਨਹੀਂ ਬਣਾ ਸਕੀ। ਪੰਜਾਬ ਵਿੱਚ ਜਾਤ ਆਧਾਰਿਤ ਹਿੰਸਾ ਦੀਆਂ ਘਟਨਾਵਾਂ, ਜਿਵੇਂ ਮਾਨਸਾ ਦਾ ਝੱਬਰ ਕਾਂਡ ਜਾਂ ਅਬੋਹਰ ਦਾ ਭੀਮ ਟਾਂਕ ਕਾਂਡ, ਦਲਿਤ ਸਮਾਜ ਦੀ ਸਮਾਜਿਕ ਅਤੇ ਸਿਆਸੀ ਸਥਿਤੀ ਨੂੰ ਉਜਾਗਰ ਕਰਦੀਆਂ ਹਨ। ਅਕਾਲੀ ਦਲ ਵਰਗੀਆਂ ਖੇਤਰੀ ਪਾਰਟੀਆਂ ਸਿੱਖ ਸਿਆਸਤ 'ਤੇ ਜ਼ੋਰ ਦਿੰਦੀਆਂ ਹਨ, ਪਰ ਦਲਿਤ ਮੁੱਦਿਆਂ ਨੂੰ ਮੁੱਖ ਧਾਰਾ ਵਿੱਚ ਨਹੀਂ ਲਿਆ ਸਕੀਆਂ ਜਦ ਕਿ ਇਹ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਸੀ ਕਿ ਗਰੀਬਾਂ, ਦਲਿਤਾਂ,ਪਛੜਿਆਂ ਦੀ ਬਾਂਹ ਫ਼ੜਨੀ। ਅਕਾਲੀ ਰਾਜਨੀਤੀ ਨੇ ਮਜ਼ਹਬੀ ਸਿੱਖਾਂ ਨੂੰ ਵੀ ਨਹੀਂ ਉਭਰਨ ਦਿੱਤਾ ਜਦਕਿ ਅਕਾਲੀ ਰਾਜਨੀਤੀ ਦੀ ਸ਼ੁਰੂਆਤ ਵਿੱਚ ਰਾਮਦਾਸੀਆ, ਮਜ਼ਹਬੀ ਅਕਾਲੀ ਲੀਡਰਸ਼ਿਪ ਵਿੱਚ ਅਹਿਮ ਥਾਂ ਰਖਦੇ ਸਨ।

**ਉੱਤਰ ਪ੍ਰਦੇਸ਼:** ਯੂ.ਪੀ. ਵਿੱਚ 19 ਫ਼ੀਸਦੀ ਦਲਿਤ ਆਬਾਦੀ ਹੈ ਅਤੇ ਇਹ ਸੂਬਾ ਬੀ.ਐਸ.ਪੀ. ਦਾ ਗੜ੍ਹ ਰਿਹਾ ਹੈ। ਪਰ ਮਾਇਆਵਤੀ ਦੀ ਰਾਜਨੀਤੀ ਦੇ ਨਿਘਾਰ ਅਤੇ ਭਾਜਪਾ ਨਾਲ ਸਮਝੌਤੇ ਦੇ ਇਲਜ਼ਾਮ ਨੇ ਬੀ.ਐਸ.ਪੀ. ਦੇ ਵੋਟ ਬੈਂਕ ਨੂੰ ਖਿਲਾਰ ਦਿੱਤਾ। ਅਖਿਲੇਸ਼ ਯਾਦਵ ਨੇ ਪੀ.ਡੀ.ਏ. ਨਾਅਰੇ ਨਾਲ ਦਲਿਤ-ਪਛੜਾ-ਅਲਪਸੰਖਿਆਕ ਏਕਤਾ ਦੀ ਕੋਸ਼ਿਸ਼ ਕੀਤੀ, ਜਿਸ ਦਾ ਅਸਰ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਵਿਖਾਈ ਦਿੱਤਾ, ਜਿੱਥੇ ਸਪਾ-ਕਾਂਗਰਸ ਗਠਜੋੜ ਨੇ 43 ਸੀਟਾਂ ਜਿੱਤੀਆਂ। ਭਾਜਪਾ ਦੇ ਸਵਰਨ ਆਗੂਆਂ, ਖਾਸ ਕਰਕੇ ਯੋਗੀ ਆਦਿਤਿਆਨਾਥ ਦੀ ਅਗਵਾਈ ਨੇ ਵੀ ਦਲਿਤ ਵੋਟਾਂ ਨੂੰ ਵੰਡਿਆ।

**ਮੱਧ ਪ੍ਰਦੇਸ਼:** ਮੱਧ ਪ੍ਰਦੇਸ਼ ਵਿੱਚ ਦਲਿਤ ਰਾਜਨੀਤੀ ਮੁੱਖ ਧਾਰਾ ਵਿੱਚ ਨਹੀਂ ਉਭਰ ਸਕੀ। ਭਾਜਪਾ ਅਤੇ ਕਾਂਗਰਸ ਦੀ ਸਵਰਨ ਅਤੇ ਪੱਛੜੀ ਜਾਤੀਆਂ ਦੀ ਸਿਆਸਤ ਨੇ ਦਲਿਤ ਆਗੂਆਂ ਨੂੰ ਸੀਮਤ ਕਰ ਦਿੱਤਾ। ਇੱਥੇ ਵੀ ਸੋਸ਼ਲ ਮੀਡੀਆ 'ਤੇ ਦਲਿਤ ਜਾਗਰੂਕਤਾ ਵਧੀ ਹੈ, ਪਰ ਇਸ ਦਾ ਸਿਆਸੀ ਅਸਰ ਸੀਮਤ ਹੈ। ਦਲਿਤ ਸਮਾਜ ਦਾ ਸਮਾਜਿਕ ਅਤੇ ਰਾਜਨੀਤਕ ਸ਼ੋਸ਼ਣ ਸਦੀਆਂ ਤੋਂ ਜਾਰੀ ਹੈ। ਵਰਣ ਵਿਵਸਥਾ ਨੇ ਦਲਿਤਾਂ ਨੂੰ ਸਮਾਜ ਦੇ ਸਭ ਤੋਂ ਹੇਠਲੇ ਪਾਏ 'ਤੇ ਰੱਖਿਆ ਅਤੇ ਸੰਵਿਧਾਨਕ ਅਧਿਕਾਰਾਂ ਦੇ ਬਾਵਜੂਦ, ਉਨ੍ਹਾਂ ਨੂੰ ਆਰਥਿਕ ਅਤੇ ਸਮਾਜਿਕ ਸਰੋਤਾਂ ਤੋਂ ਵਾਂਝਾ ਰੱਖਿਆ ਗਿਆ। ਸਿਆਸੀ ਪਾਰਟੀਆਂ ਨੇ ਦਲਿਤਾਂ ਨੂੰ ਵੋਟ ਬੈਂਕ ਦੇ ਰੂਪ ਵਿੱਚ ਵਰਤਿਆ, ਪਰ ਉਨ੍ਹਾਂ ਦੇ ਸਮਾਜਿਕ ਸ਼ੋਸ਼ਣ ਨੂੰ ਖਤਮ ਕਰਨ ਲਈ ਠੋਸ ਕਦਮ ਨਹੀਂ ਚੁੱਕੇ।

**ਸਿੱਖੀ ਅਤੇ ਦਲਿਤ ਉਦਾਰਤਾ: ਪੰਥਕ ਸੰਸਥਾਵਾਂ ਦੀ ਭੂਮਿਕਾ ਅਤੇ ਸੰਭਾਵਨਾਵਾਂ**

ਸਿੱਖ ਧਰਮ ਦੀ ਸਥਾਪਨਾ ਸਮਾਜਿਕ ਸਮਾਨਤਾ ਦੇ ਸਿਧਾਂਤ 'ਤੇ ਹੋਈ ਸੀ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਜਾਤ-ਪਾਤ ਦੇ ਭੇਦਭਾਵ ਨੂੰ ਰੱਦ ਕਰਦਿਆਂ ਸਮਾਜ ਨੂੰ (ਬਾਕੀ ਸਫ਼ਾ 31 'ਤੇ)

# ਕੀ ਕਾਂਵੜ ਯਾਤਰਾ ਦੌਰਾਨ ਧਰਮ ਦੇ ਨਾਮ 'ਤੇ ਨਫ਼ਰਤੀ ਹਿੰਸਕ ਨਾਚ ਰੁਕੇਗਾ ?

➢ ਅਖ਼ਿਲ ਭਾਰਤੀ ਅਖਾੜਾ ਪ੍ਰੀਸ਼ਦ ਵੱਲੋਂ ਚਿੰਤਾ

➢ ਪਿਛਲੇ ਹਫ਼ਤੇ ਦੌਰਾਨ 170 ਤੋਂ ਵੱਧ ਕਾਂਵੜੀਆਂ 'ਤੇ ਮੁਕੱਦਮੇ ਦਰਜ ਹੋਏ ?

ਸਾਉਣ ਦਾ ਮਹੀਨਾ, ਜਦੋਂ ਸ਼ਿਵ ਭਗਤਾਂ ਦੇ ਦਿਲਾਂ ਵਿੱਚ ਭਗਤੀ ਦਾ ਜਵਾਰ ਉੱਠਦਾ ਹੈ ਤੇ ਹਰਿਦੁਆਰ ਦੀਆਂ ਗੰਗਾ ਘਾਟੀਆਂ 'ਤੇ ਕਾਂਵੜੀਆਂ ਦੀਆਂ ਟੋਲੀਆਂ ਜਲ ਭਰਨ ਲਈ ਉਮੜ ਪੈਂਦੀਆਂ ਹਨ। ਸਦੀਆਂ ਤੋਂ ਚੱਲੀ ਆ ਰਹੀ ਇਹ ਕਾਂਵੜ ਯਾਤਰਾ, ਜੋ ਕਦੇ ਸੇਵਾ, ਤਿਆਗ ਅਤੇ ਭਗਤੀ ਦਾ ਪ੍ਰਤੀਕ ਸੀ, ਹੁਣ ਕੁਝ ਹੱਦ ਤੱਕ ਨਫ਼ਰਤ, ਹਿੰਸਾ ਅਤੇ ਫ਼ਿਰਕੂ ਜਹਿਰ ਦਾ ਆਧਾਰ ਬਣਦੀ ਜਾ ਰਹੀ ਹੈ। ਪਿਛਲੇ ਸਾਲਾਂ ਵਿੱਚ ਕਾਂਵੜੀਆਂ ਦੀ ਗੁੰਡਾਗਰਦੀ, ਸੜਕਾਂ 'ਤੇ ਹਿੰਸਕ ਗਤੀਵਿਧੀਆਂ ਅਤੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਣ ਦੀਆਂ ਘਟਨਾਵਾਂ ਨੇ ਇਸ ਪੁਰਾਣੀ ਪਰੰਪਰਾ ਦੇ ਮੱਥੇ 'ਤੇ ਦਾਗ਼ ਲਾ ਦਿੱਤਾ ਹੈ। ਅਖਿਲ ਭਾਰਤੀ ਅਖਾੜਾ ਪ੍ਰੀਸ਼ਦ ਨੇ ਵੀ ਇਸ ਸਬੰਧ ਵਿੱਚ ਚਿੰਤਾ ਜਤਾਈ ਹੈ ਅਤੇ ਕਾਂਵੜੀਆਂ ਨੂੰ ਅਮਨ, ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕੀਤੀ ਹੈ। ਪਰ ਸਵਾਲ ਇਹ ਹੈ ਕਿ ਅਮਨ-ਕਾਨੂੰਨ ਦੀ ਮਸ਼ੀਨਰੀ ਇਸ ਹਿੰਸਕ ਨਾਚ ਅੱਗੇ ਬੇਬਸ ਕਿਉਂ ਹੈ ?





ਕੀ ਇਸ ਰਾਹੀਂ ਸਮਾਜ ਨੂੰ ਇਹ ਸੁਨੇਹਾ ਦਿੱਤਾ ਜਾ ਰਿਹਾ ਹੈ ਕਿ ਲੋਕਤੰਤਰ ਅਤੇ ਸੰਵਿਧਾਨਕ ਸੰਸਥਾਵਾਂ ਦੀ ਕੋਈ ਅਹਿਮੀਅਤ ਨਹੀਂ ? ਅਤੇ ਸਭ ਤੋਂ ਵੱਡਾ ਸਵਾਲ— ਮੁਸਲਮਾਨ ਹੀ ਨਿਸ਼ਾਨਾ ਕਿਉਂ ?

**ਕਾਂਵੜ ਯਾਤਰਾ ਦਾ ਅਸਲੀ ਰੂਪ**

ਕਾਂਵੜ ਯਾਤਰਾ ਦੀ ਸ਼ੁਰੂਆਤ ਦੀ ਗੱਲ ਕਰੀਏ ਤਾਂ ਇਹ ਸ਼ਿਵ ਭਗਤੀ ਦਾ ਇੱਕ ਪਵਿੱਤਰ ਅਨੁਸ਼ਠਾਨ ਸੀ। ਮਹੰਤ ਰਵੀਂਦਰ ਪੁਰੀ ਦੇ ਸ਼ਬਦਾਂ ਵਿੱਚ, ਇਹ ਸਿਰਫ਼ ਯਾਤਰਾ ਨਹੀਂ, ਸਗੋਂ ਤ੍ਰੇਤਾ ਯੁਗ ਤੋਂ ਚੱਲੀ ਆ ਰਹੀ ਭਗਤੀ ਦੀ ਸਾਧਨਾ ਹੈ, ਜਦੋਂ ਭਗਵਾਨ ਪਰਸ਼ੁਰਾਮ ਨੇ ਹਰਿਦੁਆਰ ਤੋਂ ਪਹਿਲੀ ਵਾਰ ਕਾਂਵੜ ਲਿਆਂਦੀ ਸੀ। ਸ਼੍ਰਵਣ ਕੁਮਾਰ ਦੀ ਕਹਾਣੀ, ਜਿਸ ਨੇ ਆਪਣੇ ਮਾਤਾ-ਪਿਤਾ ਨੂੰ ਕਾਂਵੜ 'ਤੇ ਬਿਠਾ ਕੇ ਯਾਤਰਾ ਕੀਤੀ, ਸੇਵਾ ਅਤੇ ਤਿਆਗ ਦਾ ਪ੍ਰਤੀਕ ਬਣੀ। ਇਸ ਯਾਤਰਾ ਵਿੱਚ ਸ਼ਰਧਾਲੂ ਅਤੇ ਸਮਾਜ ਵਿਚੋਂ ਬੇਦਖਲ ਕੀਤੇ ਲੋਕ ਤੇ ਦਲਿਤ, ਪੱਛੜੇ ਸ਼ਾਮਲ ਹੁੰਦੇ ਸਨ, ਜਿਨ੍ਹਾਂ ਨੂੰ ਇਸ ਨਾਲ ਸਤਿਕਾਰ ਮਿਲਦਾ ਸੀ। ਪਰ ਸਮੇਂ ਦੇ ਨਾਲ ਇਸ ਯਾਤਰਾ ਦਾ ਰੰਗ-ਰੂਪ ਬਦਲਦਾ ਗਿਆ। ਨੌਜਵਾਨ, ਜੋ ਮਸਤੀ, ਸੈਰ-ਸਪਾਟੇ ਜਾਂ ਨਸ਼ੇ ਦੀ ਖਾਤਰ ਇਸ ਵਿੱਚ ਸ਼ਾਮਲ ਹੋਣ ਲੱਗੇ, ਨੇ ਇਸ ਦੀ ਪਵਿੱਤਰਤਾ 'ਤੇ ਸੱਟ ਮਾਰੀ। ਹੁਣ, ਖਾਸਕਰ ਯੋਗੀ ਸਰਕਾਰ ਦੇ ਆਉਣ ਤੋਂ ਬਾਅਦ, ਇੱਕ ਨਵੀਂ ਕਿਸਮ ਦੇ ਕਾਂਵੜੀਏ ਸਾਹਮਣੇ ਆਏ ਹਨ—ਹਿੰਸਕ, ਖ਼ਰੂਦੀ, ਨਫ਼ਰਤੀ ਅਤੇ ਫ਼ਿਰਕੂ।

ਇਹ ਨਵੀਂ ਨਸਲ ਦੇ ਕਾਂਵੜੀਏ ਨਾ ਤਾਂ ਸ਼ਿਵ ਦੀ ਭਗਤੀ ਵਿੱਚ ਲੀਨ ਹਨ, ਨਾ ਹੀ ਸੇਵਾ-ਤਿਆਗ ਦੇ ਰਾਹ 'ਤੇ ਚੱਲਦੇ ਹਨ। ਇਹ ਇੱਕ ਅਜਿਹਾ ਗਰੋਹ ਹੈ, ਜੋ ਕਾਂਵੜ ਯਾਤਰਾ ਨੂੰ ਹਿੰਸਾ ਅਤੇ ਫ਼ਿਰਕੂ ਜਹਿਰ ਫ਼ੈਲਾਉਣ ਦੇ ਮੌਕੇ ਵਜੋਂ ਵਰਤਦਾ ਹੈ। ਸੜਕਾਂ 'ਤੇ ਤਬਾਹੀ ਮਚਾਉਣੀ, ਦੁਕਾਨਾਂ-ਢਾਬਿਆਂ ਨੂੰ ਤਹਿਸ-ਨਹਿਸ ਕਰਨਾ, ਮੁਸਾਫ਼ਰਾਂ ਨੂੰ ਕੁੱਟਣਾ—ਇਹ ਸਭ ਹੁਣ ਯਾਤਰਾ ਦਾ ਹਿੱਸਾ ਬਣਦਾ ਜਾ ਰਿਹਾ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਵੀਡੀਓਜ਼ ਵਿੱਚ ਸਾਫ਼ ਦਿਖਦਾ ਹੈ ਕਿ ਕਿਵੇਂ ਕਾਂਵੜੀਏ ਸਰਕਾਰੀ ਬੱਸਾਂ, ਨਿੱਜੀ ਕਾਰਾਂ ਅਤੇ ਮੁਸਾਫ਼ਰਾਂ 'ਤੇ ਹਮਲੇ ਕਰ ਰਹੇ ਹਨ। ਮੁਸਲਮਾਨਾਂ ਨੂੰ ਖਾਸ ਤੌਰ 'ਤੇ ਨਿਸ਼ਾਨਾ ਬਣਾਉਣ ਦੀਆਂ ਘਟਨਾਵਾਂ ਨੇ ਇਸ ਯਾਤਰਾ ਨੂੰ ਇੱਕ ਫ਼ਿਰਕੂ ਅਖਾੜੇ 'ਚ ਬਦਲ ਦਿੱਤਾ ਹੈ।ਪਿਛਲੇ ਸਾਲ ਤੋਂ ਨੇਮ ਪਲੇਟ ਦਾ ਨਵਾਂ ਡਰਾਮਾ ਸ਼ੁਰੂ ਹੋਇਆ ਸੀ, ਜਿਸ ਵਿੱਚ ਦੁਕਾਨਦਾਰਾਂ, ਢਾਬੇ ਵਾਲਿਆਂ ਅਤੇ ਰੇਹੜੀਆਂ ਵਾਲਿਆਂ ਨੂੰ ਆਪਣਾ ਨਾਂ-ਪਤਾ ਦਿਖਾਉਣ ਦਾ ਹੁਕਮ ਦਿੱਤਾ ਗਿਆ ਸੀ। ਇਸ ਦਾ ਮਕਸਦ ਸੀ ਮੁਸਲਮਾਨ ਦੁਕਾਨਦਾਰਾਂ ਦੀ ਪਛਾਣ ਕਰਕੇ ਉਨ੍ਹਾਂ ਦਾ ਬਾਈਕਾਟ ਕਰਨਾ। ਸੁਪਰੀਮ ਕੋਰਟ ਨੇ ਇਸ 'ਤੇ ਰੋਕ ਲਾਈ ਅਤੇ ਕਿਹਾ ਕਿ ਸਿਰਫ਼ ਸ਼ਾਕਾਹਾਰੀ ਜਾਂ ਮਾਸਾਹਾਰੀ ਹੋਣ ਦੀ ਜਾਣਕਾਰੀ ਦੇਣੀ ਕਾਫ਼ੀ ਹੈ, ਪਰ ਸਰਕਾਰ ਅਤੇ ਨਫ਼ਰਤੀ ਗਰੋਹ ਇੱਥੇ ਹੀ ਨਹੀਂ ਰੁਕੇ। ਹੁਣ ਤਾਂ ਯੂ-ਆਰ ਕੋਡ ਦਿਖਾਉਣ ਦੇ ਹੁਕਮ ਜਾਰੀ ਹੋਏ, ਅਤੇ ਕੁਝ ਮਾਮਲਿਆਂ ਵਿੱਚ ਤਾਂ ਆਧਾਰ ਕਾਰਡ ਵੀ ਕਾਫ਼ੀ ਨਹੀਂ ਰਿਹਾ। ਦਿੱਲੀ-ਦੇਹਰਾਦੂਨ ਹਾਈਵੇ 'ਤੇ ਹੋਈ ਇੱਕ ਘਟਨਾ, ਜਿੱਥੇ ਕਾਂਵੜੀਆਂ ਨੇ ਇੱਕ ਢਾਬੇ ਦੇ ਕਰਿੰਦੇ ਦੀ ਪੈਂਟ ਉਤਾਰ ਕੇ ਉਸ ਦਾ ਧਰਮ ਪਤਾ ਕਰਨ ਦੀ ਕੋਸ਼ਿਸ਼ ਕੀਤੀ, ਇਸ ਨਫ਼ਰਤ ਦੀ ਵੱਡੀ ਉਦਾਹਰਣ ਹੈ।

ਆਖਿਰ ਅਮਨ-ਕਾਨੂੰਨ ਦੀ ਮਸ਼ੀਨਰੀ ਇਸ ਸਾਰੇ ਤਮਾਸ਼ੇ ਅੱਗੇ ਕਿਉਂ ਬੇਬਸ ਹੈ ? ਜਦੋਂ ਮੁਸਲਮਾਨ ਜੁੰਮੇ ਦੀ ਨਮਾਜ਼ ਸੜਕ 'ਤੇ ਪੜ੍ਹ ਲੈਂਦੇ ਹਨ, ਤਾਂ ਸਰਕਾਰ ਅਤੇ ਪ੍ਰਸ਼ਾਸਨ ਸਖਤੀ ਕਰਦਾ ਹੈ। ਜੈਨ ਜਾਂ ਬੋਧੀਆਂ ਦੇ ਜਲੂਸਾਂ 'ਤੇ ਲਾਠੀਆਂ ਵਰ੍ਹਾਈਆਂ ਜਾਂਦੀਆਂ ਹਨ। ਪਰ ਕਾਂਵੜੀਆਂ ਦੀ ਗੁੰਡਾਗਰਦੀ 'ਤੇ ਪੁਲਿਸ ਅਧਿਕਾਰੀ ਫ਼ੁੱਲਾਂ ਦੇ ਹਾਰ ਪਾਉਂਦੇ ਨਜ਼ਰ ਆਉਂਦੇ ਹਨ। ਪਿਛਲੇ ਹਫ਼ਤੇ ਦੌਰਾਨ 170 ਤੋਂ ਵੱਧ ਕਾਂਵੜੀਆਂ 'ਤੇ ਮੁਕੱਦਮੇ ਦਰਜ ਹੋਏ, ਜਿਨ੍ਹਾਂ 'ਚ ਗੁੰਡਾਗਰਦੀ, ਦੰਗਾ, ਸੜਕਾਂ ਰੋਕਣ ਅਤੇ ਸਰਕਾਰੀ ਕੰਮ ਵਿੱਚ ਰੁਕਾਵਟ ਵਰਗੇ ਇਲਜ਼ਾਮ ਸ਼ਾਮਲ ਹਨ।

ਪਰ ਕੀ ਇਨ੍ਹਾਂ ਮੁਕੱਦਮਿਆਂ ਦਾ ਕੋਈ ਅਸਰ ਹੋਵੇਗਾ ? ਸ਼ਾਇਦ ਨਹੀਂ, ਕਿਉਂਕਿ (ਬਾਕੀ ਸਫ਼ਾ 30 'ਤੇ)

# ਗੁ. ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਵਿਖੇ ਸ਼੍ਰੋਮਣੀ ਕਮੇਟੀ ਵੱਲੋਂ ਯੂਟਿਊਬ ਚੈਨਲ ਸਥਾਪਤ

ਅੰਮ੍ਰਿਤਸਰ/ਏ.ਟੀ.ਨਿਊਜ਼ : ਸੰਗਤ ਹੁਣ ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਗੁਰਦੁਆਰਾ ਸ਼ਹੀਦ ਗੰਜ ਅੰਮ੍ਰਿਤਸਰ ਤੋਂ ਗੁਰਬਾਣੀ ਕੀਰਤਨ ਦਾ ਸਿੱਧਾ ਪ੍ਰਸਾਰਨ ਸਰਵਣ ਕਰ ਸਕੇਗੀ। ਇਸ ਸਬੰਧ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਪਣਾ ਅਧਿਕਾਰਤ ਯੂਟਿਊਬ ਚੈਨਲ ਸਥਾਪਤ ਕੀਤਾ ਗਿਆ, ਜਿਸ ਦਾ ਰਸਮੀ ਤੌਰ 'ਤੇ ਉਦਘਾਟਨ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਪ੍ਰਮੁੱਖ ਸ਼ਖਸੀਅਤਾਂ ਦੀ ਮੌਜੂਦਗੀ ਵਿੱਚ ਕੀਤਾ ਗਿਆ।



ਇਸ ਮੌਕੇ ਐਡਵੋਕਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਸੰਗਤ ਦੀ ਵੱਡੀ ਮੰਗ ਨੂੰ ਵੇਖਦਿਆਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਰਜ਼ 'ਤੇ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਤੋਂ ਗੁਰਬਾਣੀ ਕੀਰਤਨ ਦਾ ਸਿੱਧਾ ਪ੍ਰਸਾਰਨ ਸ਼ੁਰੂ ਕਰਨ ਦੀ ਪਹਿਲਕਦਮੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿੱਚ ਇੱਕ ਵੱਖਰਾ ਯੂਟਿਊਬ ਚੈਨਲ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਆਫੀਸ਼ੀਅਲ ਸਥਾਪਤ ਕੀਤਾ ਗਿਆ ਹੈ। ਇਸ ਚੈਨਲ 'ਤੇ ਅੰਮ੍ਰਿਤ ਵੇਲੇ ਤੋਂ ਲੈ ਕੇ ਰਾਤ ਤੱਕ ਸੰਗਤਾਂ ਗੁਰਬਾਣੀ ਕੀਰਤਨ ਸੁਣ ਸਕਣਗੀਆਂ। ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਹੋਰ ਗੁਰਦੁਆਰਾ ਸਾਹਿਬਾਨ ਤੋਂ ਵੀ ਜਲਦੀ ਹੀ ਗੁਰਬਾਣੀ ਕੀਰਤਨ ਸੰਗਤ ਤੀਕ ਪਹੁੰਚਾਉਣ ਦੇ ਕਾਰਜ ਨੂੰ ਅਮਲ ਵਿੱਚ ਲਿਆਂਦਾ ਜਾਵੇਗਾ।

ਇਸ ਮੌਕੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਮੈਂਬਰ ਅਮਰਜੀਤ ਸਿੰਘ ਭਲਾਈਪੁਰ, ਬਾਵਾ ਸਿੰਘ ਗੁਮਾਨਪੁਰਾ, ਅਮਰਜੀਤ ਸਿੰਘ ਬੰਡਾਲਾ, ਹਰਜਾਪ ਸਿੰਘ ਸੁਲਤਾਨਵਿੰਡ, ਓ.ਐਸ.ਡੀ. ਸਤਬੀਰ ਸਿੰਘ, ਸਕੱਤਰ ਪ੍ਰਤਾਪ ਸਿੰਘ, ਬਲਵਿੰਦਰ ਸਿੰਘ ਕਾਹਲਵਾਂ, ਨਿੱਜੀ ਸਕੱਤਰ ਸ਼ਾਹਬਾਜ਼ ਸਿੰਘ, ਵਧੀਕ ਸਕੱਤਰ ਬਿਜੈ ਸਿੰਘ, ਮੀਤ ਸਕੱਤਰ ਜਸਵਿੰਦਰ ਸਿੰਘ ਜੱਸੀ, ਹਰਭਜਨ ਸਿੰਘ ਵਕਤਾ, ਸਿੱਖ ਵਿਦਵਾਨ ਡਾ. ਅਮਰਜੀਤ ਸਿੰਘ, ਰਣਜੀਤ ਸਿੰਘ ਜਲੰਧਰ ਆਦਿ ਮੌਜੂਦ ਸਨ।

# ਸ੍ਰੀ ਗੁਰੂ ਨਾਨਕ ਦੇਵ ਜੀ 'ਤੇ ਪੀਐੱਚ.ਡੀ. ਕਰਨ ਵਾਲੀ ਮਹਿਲਾ ਦਾ ਸਨਮਾਨ

## ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰਿਣੀ ਹੈ ਪੰਜਾਬੀ ਚਿੰਤਨ : ਡਾ. ਸੁਮੈਰਾ



ਬਰੈਂਪਟਨ/ਏ.ਟੀ.ਨਿਊਜ਼: ਪਾਕਿਸਤਾਨ ਦੇ ਇਸਲਾਮਾਬਾਦ ਦੀ ਧੀ ਡਾ. ਸੁਮੈਰਾ ਸਫ਼ਦਰ ਸ੍ਰੀ ਗੁਰੂ ਨਾਨਕ ਦੇਵ ਜੀ 'ਤੇ ਪੀਐੱਚ.ਡੀ ਕਰਨ ਵਾਲੀ ਪਹਿਲੀ ਪਾਕਿਸਤਾਨੀ ਮਹਿਲਾ ਹੈ। ਬਰੈਂਪਟਨ ਦੇ ਪੰਜਾਬੀ ਭਵਨ ਵਿੱਚ ਵਿਸ਼ਵ ਪੰਜਾਬੀ ਸਭਾ ਵੱਲੋਂ ਡਾ. ਸੁਮੈਰਾ ਸਫ਼ਦਰ ਦੇ ਅਦਬ ਵਜੋਂ ਉਨ੍ਹਾਂ ਦਾ ਸਨਮਾਨ ਸਮਾਰੋਹ ਕਰਵਾਇਆ ਗਿਆ। ਇਹ ਸਮਾਰੋਹ ਡਾ. ਦਲਬੀਰ ਸਿੰਘ ਕਥੂਰੀਆ ਦੀ ਅਗਵਾਈ ਵਿੱਚ ਕਰਵਾਇਆ ਗਿਆ ਹੈ। ਇਸ ਮੌਕੇ ਚੰਡੀਗੜ੍ਹ ਦੇ ਸਾਬਕਾ ਮੇਅਰ ਬੀਬੀ ਹਰਜਿੰਦਰ ਕੌਰ ਨੇ ਕਿਹਾ, ਗੁਰੂ ਨਾਨਕ ਦੇ ਘਰ ਦੀ ਬਾਤ ਪਾਕਿਸਤਾਨ ਤੋਂ ਆਰੰਭ ਕਰਕੇ ਡਾ. ਸੁਮੈਰਾ ਨੇ ਚੜ੍ਹਦੇ ਪੰਜਾਬ ਨੂੰ ਹਲੂਣਾ ਦਿੱਤਾ ਹੈ। ਇਸਲਾਮਾਬਾਦ ਦੀ ਇਸ ਧੀ ਨੇ ਲਹਿੰਦੇ ਪੰਜਾਬ ਵਿੱਚ ਗੁਰੂ ਨਾਨਕ ਦੇਵ ਜੀ 'ਤੇ ਖੋਜ ਪੇਸ਼ ਕਰਕੇ ਪੰਜਾਬੀ ਕੌਮ ਨੂੰ ਇੱਕ ਮੰਚ 'ਤੇ ਖਲੋਣ ਲਈ ਸੱਦਾ ਦਿੱਤਾ ਹੈ। ਉਨ੍ਹਾਂ ਅੱਗੇ ਕਿਹਾ, 'ਸੰਸਾਰ ਭਰ 'ਚ ਗੁਰੂ ਨਾਨਕ ਦੇਵ ਜੀ 'ਤੇ ਅਜਿਹੀਆਂ ਖੋਜਾਂ ਕਰਦੇ ਰਹਿਣਾ ਚਾਹੀਦਾ ਹੈ ਤਾਂ ਜੋ ਤਪ ਰਹੀਆਂ ਪਰਮਾਣੂ ਭੱਠੀਆਂ ਨੂੰ ਠੰਡਾ ਕੀਤਾ ਜਾ ਸਕੇ।' ਸਮਾਗਮ 'ਚ ਸ਼ਿਰਕਤ ਕਰਨ ਵਾਲੇ ਹੋਰ ਬੁੱਧੀਜੀਵੀਆਂ ਨੇ ਵੀ ਡਾ. ਸੁਮੈਰਾ ਦੀ ਸਿਫ਼ਤ ਵਿੱਚ ਸ਼ਬਦ ਸਾਂਝੇ ਕੀਤੇ। ਇਸ ਮੌਕੇ ਡਾ. ਸੁਮੈਰਾ ਨੇ ਕਿਹਾ ਕਿ ਪੰਜਾਬੀ ਚਿੰਤਨ ਗੁਰੂ ਨਾਨਕ ਦੇਵ ਜੀ ਦਾ ਰਿਣੀ ਹੈ, ਇਹ ਰਿਣ ਅਸੀਂ ਆਪਣੇ ਵਿੱਚ ਗੁਣ ਧਾਰਨ ਕਰਕੇ ਹੀ ਉਤਾਰ ਸਕਦੇ ਹਾਂ, ਆਪੇ ਨੂੰ ਪਛਾਣਨ ਦੀ ਜੁਗਤ ਨਾਨਕ ਦੇ ਘਰ ਵਿੱਚੋਂ ਹੀ ਪ੍ਰਾਪਤ ਹੋ ਸਕਦੀ ਹੈ। ਉਨ੍ਹਾਂ ਚੜ੍ਹਦੇ ਲਹਿੰਦੇ ਪੰਜਾਬ ਦੇ ਸਾਹਿਤ ਕਲਾ ਅਤੇ ਸੱਭਿਆਚਾਰ 'ਤੇ ਤਫ਼ਸੀਲ ਵਿੱਚ ਚਾਨਣਾ ਪਾਇਆ। ਡਾ. ਸੁਮੈਰਾ ਨੇ ਖੋਜ ਕਰਦੇ ਸਮੇਂ ਆਈਆਂ ਮੁਸ਼ਕਲਾਂ ਦਾ ਵੀ ਜ਼ਿਕਰ ਕੀਤਾ। ਸਮਾਰੋਹ ਵਿੱਚ ਗਾਇਕ ਗੁਰਵਿੰਦਰ ਸਿੰਘ ਬਰਾੜ ਨੇ ਪੰਜਾਬੀ ਗੀਤ ਗਾ ਕੇ ਚੰਗਾ ਮਾਹੌਲ ਸਿਰਜਿਆ। ਇਸ ਮੌਕੇ ਹਾਜ਼ਰ ਲੋਕਾਂ ਨੇ ਵੀ ਆਪਣੀਆਂ ਰਚਨਾਵਾਂ ਸੁਣਾ ਕੇ ਸੋਹਣਾ ਰੰਗ ਬੰਨ੍ਹਿਆ।

# ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਬਣ ਰਹੀਆਂ ਉਸਾਰੀਆਂ ਦੀ ਉੱਚਾਈ ਨੂੰ ਨਿਯਮਤ ਕਰਨ ਵਾਸਤੇ ਦਿਸ਼ਾ ਨਿਰਦੇਸ਼ ਜਾਰੀ

ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਬਣ ਰਹੀਆਂ ਉੱਚੀਆਂ ਇਮਾਰਤਾਂ ਦਾ ਸਥਾਨਕ ਸਰਕਾਰਾਂ ਵਿਭਾਗ ਨੇ ਨੋਟਿਸ ਲਿਆ ਹੈ ਅਤੇ ਇਸ ਸਬੰਧ ਵਿੱਚ ਨਗਰ ਨਿਗਮ ਦੇ ਕਮਿਸ਼ਨਰ ਨੂੰ ਇੱਕ ਪੱਤਰ ਭੇਜਿਆ ਹੈ, ਜਿਸ ਵਿੱਚ ਉਨ੍ਹਾਂ ਨੂੰ ਗੁਰੂਘਰ ਦੇ ਆਲੇ ਦੁਆਲੇ ਬਣ ਰਹੀਆਂ ਉਸਾਰੀਆਂ ਦੀ ਉਚਾਈ ਨੂੰ ਨਿਯਮਤ ਕਰਨ ਵਾਸਤੇ ਦਿਸ਼ਾ ਨਿਰਦੇਸ਼ ਦਿੱਤੇ ਗਏ ਹਨ। ਕੁਝ ਸਮਾਂ ਪਹਿਲਾਂ ਕੁਝ ਜਥੇਬੰਦੀਆਂ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਬਣ ਰਹੀਆਂ ਉੱਚੀਆਂ ਇਮਾਰਤਾਂ 'ਤੇ ਇਤਰਾਜ਼ ਪ੍ਰਗਟਾਇਆ ਗਿਆ ਸੀ ਅਤੇ ਇਸ ਸਬੰਧ ਵਿੱਚ ਸਰਕਾਰ ਨੂੰ ਨੋਟਿਸ ਲੈਣ ਦੀ ਅਪੀਲ ਕੀਤੀ ਸੀ।



ਇਸ ਮਾਮਲੇ ਦਾ ਨੋਟਿਸ ਲੈਂਦਿਆਂ ਸਥਾਨਕ ਸਰਕਾਰਾਂ ਵਿਭਾਗ ਦੇ ਅਧੀਨ ਸਕੱਤਰ ਵੱਲੋਂ ਇਸ ਸਬੰਧ ਵਿੱਚ ਨਗਰ ਨਿਗਮ ਦੇ ਕਮਿਸ਼ਨਰ ਨੂੰ ਪਿਛਲੇ ਦਿਨੀਂ ਇੱਕ ਪੱਤਰ ਜਾਰੀ ਕੀਤਾ ਗਿਆ ਹੈ। ਪੱਤਰ ਵਿੱਚ ਉਨ੍ਹਾਂ ਕਿਹਾ ਕਿ ਸਥਾਨਕ ਸਰਕਾਰਾਂ ਮੰਤਰੀ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਇੱਥੇ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਉੱਚੀਆਂ ਇਮਾਰਤਾਂ ਬਣ ਰਹੀਆਂ ਹਨ, ਜਿਸ ਦਾ ਪ੍ਰਭਾਵ ਗੁਰੂਘਰ ਦੀ ਦਿਖ 'ਤੇ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਸਿੱਖ ਜਗਤ ਦਾ ਹੀ ਨਹੀਂ ਸਗੋਂ ਸਮੁੱਚੀ ਲੋਕਾਈ ਵਾਸਤੇ ਵੱਡੀ ਆਸਥਾ ਦਾ ਸਥਾਨ ਹੈ। ਇਸ ਤੋਂ ਇਲਾਵਾ ਇਹ ਗੁਰੂ ਅਸਥਾਨ ਵਿਲੱਖਣ ਅਤੇ ਵਿਰਾਸਤੀ ਦਰਜਾ ਵੀ ਰੱਖਦਾ ਹੈ। ਉਨ੍ਹਾਂ ਕਮਿਸ਼ਨਰ ਨੂੰ ਹਦਾਇਤ ਕੀਤੀ ਹੈ ਕਿ ਇਸ ਸਬੰਧ ਵਿੱਚ ਇਮਾਰਤਾਂ ਦੀ ਉਚਾਈ ਨੂੰ ਨਿਯਮਤ ਕੀਤਾ ਜਾਵੇ ਅਤੇ ਜੇਕਰ ਕੋਈ ਪਹਿਲਾਂ ਕਾਨੂੰਨ ਹੈ ਤਾਂ ਉਸ ਦੀ ਉਲੰਘਣਾ ਹੇਠ ਸਖ਼ਤ ਕਾਰਵਾਈ ਕੀਤੀ ਜਾਵੇ। ਸਥਾਨਕ ਸਰਕਾਰਾਂ ਵਿਭਾਗ ਵੱਲੋਂ ਇਸ ਸਬੰਧ ਵਿੱਚ ਨਗਰ ਨਿਗਮ ਕਮਿਸ਼ਨਰ ਕੋਲੋਂ ਇੱਕ ਹਫਤੇ ਵਿੱਚ ਕਾਰਵਾਈ ਰਿਪੋਰਟ ਮੰਗੀ ਹੈ।

ਇਸ ਤੋਂ ਪਹਿਲਾਂ ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ. ਰਵਜੋਤ ਸਿੰਘ ਵੱਲੋਂ ਇਸ ਮਾਮਲੇ ਵਿੱਚ ਵਿਭਾਗ ਨੂੰ ਕਾਰਵਾਈ ਵਾਸਤੇ ਹਦਾਇਤ ਕੀਤੀ ਗਈ ਸੀ। ਦੱਸਣਯੋਗ ਹੈ ਕਿ ਕੁਝ ਸਮਾਂ ਪਹਿਲਾਂ ਇਸ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਇੱਥੇ ਨੇੜੇ ਹੀ ਬਣਾਈ ਜਾ ਰਹੀ ਇੱਕ ਇਮਾਰਤ ਦੀ ਉਚਾਈ 'ਤੇ ਵੀ ਇਤਰਾਜ਼ ਕੀਤਾ ਗਿਆ ਸੀ, ਜਿਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਇਮਾਰਤ ਦੀ ਵਧੇਰੇ ਉਚਾਈ ਨੂੰ ਰੋਕਣ ਬਾਰੇ ਭਰੋਸਾ ਦਿੱਤਾ ਗਿਆ ਸੀ।

# ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਚੀਫ਼ ਖ਼ਾਲਸਾ ਦੀਵਾਨ ਦੀ ਕਾਰਜਕਾਰਨੀ ਅਤੇ ਮੈਂਬਰਾਂ ਨੇ ਸਪੱਸ਼ਟੀਕਰਨ ਦਿੱਤਾ

ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਿੱਖ ਸੰਸਥਾ ਚੀਫ਼ ਖ਼ਾਲਸਾ ਦੀਵਾਨ ਦੀ ਕਾਰਜਕਾਰਨੀ ਅਤੇ ਮੈਂਬਰਾਂ ਨੂੰ ਇੱਕ ਸਤੰਬਰ ਤੱਕ ਦਾ ਸਮਾਂ ਦਿੰਦਿਆਂ ਅੰਮ੍ਰਿਤਧਾਰੀ ਹੋਣ ਅਤੇ ਅੰਮ੍ਰਿਤਧਾਰੀ ਹੋਣ ਦੌਰਾਨ ਹੋਈ ਅਵਗਿਆ ਦੀ ਸੁਧਾਈ ਕਰਨ ਦਾ ਸਮਾਂ ਦਿੱਤਾ ਹੈ। ਇਸ ਸਮੇਂ ਤੋਂ ਬਾਅਦ ਅੰਮ੍ਰਿਤਧਾਰੀ ਨਾ ਹੋਣ ਵਾਲੇ ਮੈਂਬਰ ਦੀ ਮੈਂਬਰਸ਼ਿਪ ਖਾਰਜ ਕਰਨ ਦੀ ਚਿਤਾਵਨੀ ਦਿੱਤੀ ਗਈ ਹੈ।



ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਅਤੇ ਕਾਰਜਕਾਰਨੀ ਦੇ ਮੈਂਬਰ ਪਿਛਲੇ ਦਿਨੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਜਥੇਦਾਰ ਗੜਗੱਜ ਨੂੰ ਮਿਲੇ ਸਨ। ਉਨ੍ਹਾਂ ਨੂੰ ਇੱਥੇ ਆਪਣਾ ਸਪੱਸ਼ਟੀਕਰਨ ਦੇਣ ਵਾਸਤੇ ਸੱਦਿਆ ਗਿਆ ਸੀ। ਬੀਤੇ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਚੀਫ਼ ਖ਼ਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਦੇ ਪ੍ਰਬੰਧ, ਮੈਂਬਰਾਂ ਅਤੇ ਅਹੁਦੇਦਾਰਾਂ ਦੇ ਵਿਰੁੱਧ ਕੁਝ ਸ਼ਿਕਾਇਤਾਂ ਪੁੱਜੀਆਂ ਸਨ, ਜਿਸ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸੰਸਥਾ ਦੇ ਪ੍ਰਧਾਨ ਸਮੇਤ ਸਮੁੱਚੀ ਕਾਰਜਕਾਰਨੀ ਨੂੰ ਆਪਣਾ ਪੱਖ ਰੱਖਣ ਲਈ ਅਕਾਲ ਤਖ਼ਤ ਸਕੱਤਰੇਤ ਵਿਖੇ ਸੱਦਿਆ ਸੀ।

ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਇੰਦਰਬੀਰ ਸਿੰਘ ਨਿੱਜਰ ਸਮੇਤ ਕਾਰਜਕਾਰਨੀ ਕਮੇਟੀ ਦੇ ਕੁੱਲ 20 ਮੈਂਬਰ ਸਕੱਤਰੇਤ ਵਿਖੇ ਪੁੱਜੇ, ਜਿੱਥੇ ਉਨ੍ਹਾਂ ਨੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਜਥੇਦਾਰ ਗੜਗੱਜ ਨੇ ਚੀਫ਼ ਖ਼ਾਲਸਾ ਦੀਵਾਨ ਵਿਰੁੱਧ ਪੁੱਜੀਆਂ ਸ਼ਿਕਾਇਤਾਂ ਬਾਰੇ ਸਮੂਹ ਮੈਂਬਰਾਂ ਨਾਲ ਵਿਚਾਰ ਕਰਦਿਆਂ ਕੁਝ ਸਵਾਲ ਕੀਤੇ ਅਤੇ ਉਨ੍ਹਾਂ ਦਾ ਪੱਖ ਸੁਣਿਆ। ਉਪਰੰਤ ਜਥੇਦਾਰ ਗੜਗੱਜ ਨੇ ਚੀਫ਼ ਖ਼ਾਲਸਾ ਦੀਵਾਨ ਦੇ ਵਿਧਾਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪ੍ਰਵਾਣਿਤ ਸਿੱਖ ਰਹਿਤ ਮਰਯਾਦਾ ਦੀ ਰੋਸ਼ਨੀ ਵਿੱਚ ਮੌਕੇ ਉੱਤੇ ਹੀ ਕੁਝ ਅਹਿਮ ਫ਼ੈਸਲੇ ਕਰਦਿਆਂ ਸੰਸਥਾ ਦੇ ਨੁਮਾਇੰਦਿਆਂ ਨੂੰ ਹਦਾਇਤਾਂ ਜਾਰੀ ਕੀਤੀਆਂ।

ਜਥੇਦਾਰ ਨੇ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਚੀਫ਼ ਖ਼ਾਲਸਾ ਦੀਵਾਨ ਨਾਲ ਸਬੰਧਤ ਕੀਤੇ ਗਏ ਫ਼ੈਸਲਿਆਂ ਬਾਰੇ ਦੱਸਿਆ ਕਿ ਜੇਕਰ ਸੰਸਥਾ ਦਾ ਕੋਈ ਮੈਂਬਰ ਅੰਮ੍ਰਿਤਧਾਰੀ ਨਹੀਂ ਹੈ ਜਾਂ ਕਿਸੇ ਤੋਂ ਕੋਈ ਕੁਤਾਹੀ ਹੋਈ ਹੈ ਤਾਂ ਇਸ ਦੀ ਸੁਧਾਈ ਕਰਨ ਲਈ ਚੀਫ਼ ਖ਼ਾਲਸਾ ਦੀਵਾਨ ਨੂੰ 41 ਦਿਨਾਂ ਦਾ ਸਮਾਂ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਮੂਹ ਮੈਂਬਰ 41 ਦਿਨਾਂ ਦੇ ਅੰਦਰ 1 ਸਤੰਬਰ ਤੱਕ ਅੰਮ੍ਰਿਤਧਾਰੀ ਹੋ ਕੇ ਗੁਰਮਤਿ ਅਨੁਸਾਰ ਕੰਮ ਕਰਨਗੇ। ਚੀਫ਼ ਖ਼ਾਲਸਾ ਦੀਵਾਨ ਦਾ ਕੋਈ ਵੀ ਮੈਂਬਰ ਦਾੜ੍ਹੀ ਨਾ ਰੰਗਦਾ ਹੋਵੇ ਅਤੇ ਨਾ ਹੀ ਦਾੜ੍ਹੀ ਵਿੱਚ (**ਬਾਕੀ ਸਫ਼ਾ 30 'ਤੇ**)

# ਸ਼੍ਰੋਮਣੀ ਕਮੇਟੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿ ਜਾਣ ਵਾਲੇ ਸ਼ਰਧਾਲੂਆਂ ਤੋਂ ਮੰਗੇ ਪਾਸਪੋਰਟ



ਅੰਮ੍ਰਿਤਸਰ/ਏ.ਟੀ.ਨਿਊਜ਼: ਪਾਕਿਸਤਾਨ ਨਾਲ ਭਾਰਤ ਦੇ ਸੰਬਧ ਸੁਖਾਵੇਂ ਹੋਣੇ ਸ਼ੁਰੂ ਹੋ ਗਏ ਹਨ। ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਸ਼ਰਧਾਲੂਆਂ ਦਾ ਜਥਾ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਵਿਖੇ ਨਵੰਬਰ 2025 ਵਿੱਚ ਭੇਜਿਆ ਜਾਵੇਗਾ। ਇਸ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਵੀਜ਼ਾ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਸ਼ਰਧਾਲੂ ਆਪਣੇ ਪਾਸਪੋਰਟ 4 ਅਗਸਤ 2025 ਤੱਕ ਜਮ੍ਹਾ ਕਰਵਾ ਸਕਣਗੇ।

ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਜਥਾ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਭੇਜਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਜਿਹੜੇ ਸ਼ਰਧਾਲੂ ਇਸ ਇਤਿਹਾਸਕ ਪੁਰਬ ਮੌਕੇ ਪਾਕਿਸਤਾਨ ਸਥਿਤ ਗੁਰਦੁਆਰਾ ਪ੍ਰਕਾਸ਼ ਅਸਥਾਨ ਸ੍ਰੀ ਨਨਕਾਣਾ ਸਾਹਿਬ ਸਮੇਤ ਹੋਰ ਗੁਰਧਾਮਾਂ ਦੇ ਦਰਸ਼ਨ ਕਰਨਾ ਚਾਹੁੰਦੇ ਹਨ, ਉਹ ਆਪਣੇ ਪਾਸਪੋਰਟ ਸ਼੍ਰੋਮਣੀ ਕਮੇਟੀ ਦੇ ਹਲਕਾ ਮੈਂਬਰ ਦੀ ਸ਼ਿਫਾਰਸ ਸਹਿਤ 4 ਅਗਸਤ 2025 ਤੀਕ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਯਾਤਰਾ ਵਿਭਾਗ ਵਿੱਚ ਭੇਜਣ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

# ਹੰਗਾਮਿਆਂ ਨਾਲ ਭਰਪੂਰ ਹੈ ਸੰਸਦ ਦਾ ਮਾਨਸੂਨ ਸੈਸ਼ਨ

ਭਾਰਤ ਦੀ ਸੰਸਦ ਦੇ ਮਾਨਸੂਨ ਸੈਸ਼ਨ ਦੀ ਬੀਤੇ ਸੋਮਵਾਰ ਨੂੰ ਸ਼ੁਰੂਆਤ ਹੀ ਤੂਫ਼ਾਨੀ ਹੰਗਾਮਿਆਂ ਨਾਲ ਹੋਈ। ਪਹਿਲੇ ਦਿਨ ਤੋਂ ਲੈ ਕੇ ਅੱਜ ਬੁੱਧਵਾਰ ਤੱਕ ਸੰਸਦ ਦੇ ਦੋਵਾਂ ਸਦਨਾਂ ਵਿੱਚ ਲਗਾਤਾਰ ਹੰਗਾਮੇ ਹੋ ਰਹੇ ਹਨ। ਲੋਕ ਸਭਾ ਅਤੇ ਰਾਜ ਸਭਾ ਦੀਆਂ ਕਾਰਵਾਈਆਂ ਨੂੰ ਵਾਰ ਵਾਰ ਮੁਲਤਵੀ ਕੀਤਾ ਜਾ ਰਿਹਾ ਹੈ ਪਰ ਇਸ ਸੈਸ਼ਨ ਦੌਰਾਨ ਅਜੇ ਤੱਕ ਕੋਈ ਵੀ ਜ਼ਿਕਰਯੋਗ ਅਹਿਮ ਕੰਮ ਨਹੀਂ ਹੋਇਆ। ਮਾਨਸੂਨ ਸੈਸ਼ਨ ਦੇ ਪਹਿਲੇ ਦਿਨ ਹੀ ਸੰਸਦ ਵਿੱਚ ਪਹਿਲਗਾਮ ਹਮਲਾ ਅਤੇ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਮੁੜ ਸੁਧਾਈ ਦੇ ਮੁੱਦੇ ਛਾਏ ਰਹੇ। 21 ਜੁਲਾਈ ਤੋਂ ਸ਼ੁਰੂ ਹੋਏ ਅਤੇ 21 ਅਗਸਤ ਤੱਕ ਚੱਲਣ ਵਾਲੇ ਮਾਨਸੂਨ ਸੈਸ਼ਨ ਲਈ ਵਿਰੋਧੀ ਧਿਰ ਨੇ ਆਪਣੀਆਂ ਤਿਆਰੀਆਂ ਚੰਗੀ ਤਰ੍ਹਾਂ ਕੀਤੀਆਂ ਹੋਈਆਂ ਹਨ। ਇਸ ਸੈਸ਼ਨ ਵਿੱਚ ਸਰਕਾਰ ਨੂੰ ਘੇਰਨ ਦੀ ਰਣਨੀਤੀ ਬਣਾਉਣ ਲਈ 'ਇੰਡੀਆ ਅਲਾਇੰਸ' ਦੀ ਇੱਕ ਮੀਟਿੰਗ ਇਹ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਹੋਈ। ਭਾਵੇਂ ਕਿ ਆਮ ਆਦਮੀ ਪਾਰਟੀ ਨੇ ਇਸ ਵਿੱਚ ਹਿੱਸਾ ਨਹੀਂ ਲਿਆ, ਕਿਉਂਕਿ 'ਆਪ' ਆਗੂਆਂ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ 'ਇੰਡੀਆ ਅਲਾਇੰਸ' ਸਿਰਫ਼ ਲੋਕ ਸਭਾ ਤੱਕ ਸੀਮਤ ਸੀ, ਪਰ ਕਾਂਗਰਸ ਸਮੇਤ ਬਾਕੀ ਵਿਰੋਧੀ ਧਿਰਾਂ ਦੇ ਸਵਾਲ ਵੀ 'ਆਪ' ਦੇ ਵੀ ਉਹੀ ਸਵਾਲ ਹਨ। ਵੈਸੇ, ਇੰਡੀਆ ਬਲਾਕ ਦੀ ਮੀਟਿੰਗ ਇਹ ਫ਼ੈਸਲਾ ਕਰਨ ਲਈ ਹੋਈ ਸੀ ਕਿ ਮਾਨਸੂਨ ਸੈਸ਼ਨ ਵਿੱਚ ਕਿਹੜੇ ਮੁੱਦੇ ਪ੍ਰਮੁੱਖਤਾ ਨਾਲ ਉਠਾਏ ਜਾਣਗੇ, ਜਿਸ ਵਿੱਚ 24 ਪਾਰਟੀਆਂ ਦੇ ਨੇਤਾਵਾਂ ਨੇ ਹਿੱਸਾ ਲਿਆ। ਇੰਡੀਆ ਅਲਾਇੰਸ ਦੀ ਮੀਟਿੰਗ ਇੱਕ ਸਾਲ ਬਾਅਦ ਹੋਈ ਸੀ, ਪਰ 24 ਪਾਰਟੀਆਂ ਦੇ ਆਗੂਆਂ ਨੇ ਇਸ ਵਿੱਚ ਹਿੱਸਾ ਲਿਆ, ਇਸ ਲਈ ਇੱਕ ਗੱਲ ਸਪੱਸ਼ਟ ਹੋ ਗਈ ਹੈ ਕਿ ਵਿਰੋਧੀ ਧਿਰ ਅਜੇ ਵੀ ਇੱਕਜੁੱਟ ਹੈ। ਕੁਝ ਪਾਰਟੀਆਂ ਦੇ ਬਾਹਰ ਜਾਣ ਜਾਂ ਨਾਰਾਜ਼ਗੀ ਨੇ ਵਿਰੋਧੀ ਧਿਰ ਦੀ ਏਕਤਾ ਨੂੰ ਪ੍ਰਭਾਵਿਤ ਨਹੀਂ ਕੀਤਾ ਹੈ, ਨਾ ਹੀ ਇਸ ਨੇ ਲੋਕਤੰਤਰ ਅਤੇ ਸੰਵਿਧਾਨ ਨੂੰ ਬਚਾਉਣ ਲਈ ਆਪਣੀ ਵਚਨਬੱਧਤਾ ਨੂੰ ਘਟਾਇਆ ਹੈ। ਸੰਸਦ ਦੇ ਚੱਲ ਰਹੇ ਸੈਸ਼ਨ ਦੌਰਾਨ ਵਿਰੋਧੀ ਧਿਰ ਨੇ ਆਪਸ ਵਿੱਚ ਏਕਤਾ ਦਾ ਸਬੂਤ ਦਿੱਤਾ ਹੈ ਅਤੇ ਹਰ ਮੁੱਦੇ 'ਤੇ ਸਰਕਾਰ ਨੂੰ ਘੇਰਿਆ ਹੈ।

ਵਿਰੋਧੀ ਧਿਰ ਵੱਲੋਂ ਸੰਸਦ ਦੇ ਮਾਨਸੂਨ ਸੈਸ਼ਨ ਤੋਂ ਪਹਿਲਾਂ ਕੀਤੀ ਗਈ ਮੀਟਿੰਗ ਵਿੱਚ ਹੀ ਤੈਅ ਕਰ ਲਿਆ ਗਿਆ ਸੀ ਕਿ ਸੰਸਦ ਵਿੱਚ ਪਹਿਲਗਾਮ ਹਮਲਾ, ਅਪਰੇਸ਼ਨ ਸੰਧੂਰ, ਟਰੰਪ ਦੇ 24 ਬਿਆਨ, ਬਿਹਾਰ ਵਿੱਚ ਐਸ.ਆਈ.ਆਰ. ਅਭਿਆਸ, ਐਸ.ਸੀ., ਐਸ.ਟੀ. 'ਤੇ ਅੱਤਿਆਚਾਰ, ਹੱਦਬੰਦੀ, ਅਹਿਮਦਾਬਾਦ ਜਹਾਜ਼ ਹਾਦਸਾ ਵਰਗੇ ਮੁੱਦਿਆਂ 'ਤੇ ਸਰਕਾਰ ਨੂੰ ਘੇਰਿਆ ਜਾਵੇਗਾ। ਇਸ ਤੋਂ ਇਲਾਵਾ ਇਸ ਮੀਟਿੰਗ ਵਿੱਚ ਵਿਰੋਧੀ ਧਿਰ ਵੱਲੋਂ ਸੰਸਦ ਦੇ ਦੋਵੇਂ ਸਦਨਾਂ ਵਿੱਚ ਬੇਰੁਜ਼ਗਾਰੀ, ਮਹਿੰਗਾਈ, ਔਰਤਾਂ 'ਤੇ ਅੱਤਿਆਚਾਰ, ਕਿਸਾਨਾਂ 'ਤੇ ਅੱਤਿਆਚਾਰ ਵਰਗੇ ਮੁੱਦੇ ਵੀ ਉਠਾਉਣ ਦਾ ਫ਼ੈਸਲਾ ਕੀਤਾ ਗਿਆ। ਅਸਲ ਵਿੱਚ ਇਹ ਮੁੱਦੇ ਪਿਛਲੇ 11 ਸਾਲਾਂ ਤੋਂ ਸਥਾਈ ਮੁੱਦੇ ਬਣ ਗਏ ਹਨ, ਜੋ ਕਿ ਸੰਸਦ ਦੇ ਹਰ ਸੈਸ਼ਨ ਵਿੱਚ ਉਠਾਏ ਜਾਂਦੇ ਹਨ ਪਰ ਇਹਨਾਂ ਦਾ ਹੱਲ ਕੁੱਝ ਨਹੀਂ ਨਿਕਲਦਾ।

ਸੰਸਦ ਦੀ ਇੱਕ ਦਿਨ ਦੀ ਕਾਰਵਾਈ ਦੌਰਾਨ ਕਰੋੜਾਂ ਰੁਪਏ ਦਾ ਖਰਚਾ ਹੋ ਜਾਂਦਾ ਹੈ। ਰਿਪੋਰਟਾਂ ਅਨੁਸਾਰ, ਸੰਸਦ ਵਿੱਚ ਹਰ ਮਿੰਟ 2,50,000 ਰੁਪਏ ਖਰਚ ਹੁੰਦੇ ਹਨ। ਜੇਕਰ ਇਸ ਤਰ੍ਹਾਂ ਦੇਖਿਆ ਜਾਵੇ ਤਾਂ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਪ੍ਰਤੀ ਘੰਟਾ ਲਗਭਗ 1.5 ਕਰੋੜ ਰੁਪਏ ਖਰਚ ਹੁੰਦੇ ਹਨ। ਦੂਜੇ ਪਾਸੇ, ਜੇਕਰ ਸੰਸਦ ਦੀ ਕਾਰਵਾਈ ਪੂਰਾ ਦਿਨ ਚੱਲਦੀ ਰਹਿੰਦੀ ਹੈ, ਤਾਂ ਖਰਚ 9 ਕਰੋੜ ਤੱਕ ਪਹੁੰਚ ਸਕਦਾ ਹੈ। ਹਾਲਾਂ ਕਿ, ਇਸ ਖਰਚ ਲਈ ਕੋਈ ਅਧਿਕਾਰਤ ਅੰਕੜਾ ਨਹੀਂ ਦਿੱਤਾ ਗਿਆ ਹੈ। ਇਸ ਕਾਰਵਾਈ ਲਈ ਆਉਣ ਵਾਲੇ ਸੰਸਦ ਮੈਂਬਰਾਂ ਦਾ ਰੋਜ਼ਾਨਾ ਭੱਤਾ ਵੀ ਇਸ ਖਰਚੇ ਵਿੱਚੋਂ ਦਿੱਤਾ ਜਾਂਦਾ ਹੈ। ਇਸ ਪੂਰੀ ਪ੍ਰਕਿਰਿਆ ਨੂੰ ਜਨਤਾ ਤੱਕ ਪਹੁੰਚਾਉਣ ਲਈ, ਲਾਈਵ ਟੈਲੀਕਾਸਟ ਅਤੇ ਆਈਟੀ ਸਿਸਟਮ ਕੰਮ ਕਰਦਾ ਹੈ, ਜਿਸ ਲਈ ਰੋਜ਼ਾਨਾ ਕਰੋੜਾਂ ਖਰਚ ਕੀਤੇ ਜਾਂਦੇ ਹਨ। ਇਸ ਦੇ ਨਾਲ, ਜੇਕਰ ਸੰਸਦ ਹੰਗਾਮੇ ਕਾਰਨ ਭੰਗ ਹੋ ਜਾਂਦੀ ਹੈ, ਤਾਂ ਇਸ ਨਾਲ ਵੱਡਾ ਨੁਕਸਾਨ ਹੁੰਦਾ ਹੈ।

ਸੰਸਦ ਦੀ ਕਾਰਵਾਈ 'ਤੇ ਹੋਣ ਵਾਲਾ ਖਰਚਾ ਸਰਕਾਰ ਨੇ ਆਮ ਲੋਕਾਂ ਤੋਂ ਟੈਕਸਾਂ ਦੇ ਰੂਪ ਵਿੱਚ ਇਕੱਠਾ ਕੀਤਾ ਹੁੰਦਾ ਹੈ। ਇਸ ਤੋਂ ਇਲਾਵਾ ਲੋਕ ਸਭਾ ਦੇ ਨੁਮਾਇੰਦੇ ਆਮ ਲੋਕਾਂ ਵੱਲੋਂ ਹੀ ਵੋਟਾਂ ਪਾ ਕੇ ਚੁਣ ਕੇ ਭੇਜੇ ਜਾਂਦੇ ਹਨ, ਜਿਸ ਕਰਕੇ ਆਮ ਲੋਕਾਂ ਨੂੰ ਉਮੀਦ ਹੁੰਦੀ ਹੈ ਕਿ ਸੰਸਦ ਦੇ ਸੈਸ਼ਨ ਦੌਰਾਨ ਉਹਨਾਂ ਦੇ ਲੋਕ ਨੁਮਾਇੰਦੇ ਉਹਨਾਂ ਦੇ ਹੱਕਾਂ ਦੀ ਗੱਲ ਕਰਨਗੇ ਪਰ ਵੇਖਣ ਵਿੱਚ ਆਇਆ ਹੈ ਕਿ ਸੰਸਦ ਦੇ ਹਰ ਸੈਸ਼ਨ ਵਿੱਚ ਆਮ ਲੋਕਾਂ ਦੇ ਮੁੱਦਿਆਂ ਦੀ ਗੱਲ ਘੱਟ ਹੁੰਦੀ ਹੈ ਅਤੇ ਹਰ ਨੁਮਾਇੰਦੇ ਜਾਂ ਪਾਰਟੀ ਵੱਲੋਂ ਆਪਣੀ ਰਾਜਨੀਤੀ ਚਮਕਾਉਣ ਦਾ ਯਤਨ ਵਧੇਰੇ ਕੀਤਾ ਜਾਂਦਾ ਹੈ। ਆਮ ਲੋਕਾਂ ਨੂੰ ਸਰਕਾਰ ਤੋਂ ਵੀ ਉਮੀਦ ਹੁੰਦੀ ਹੈ ਕਿ ਮਾਨਸੂਨ ਸੈਸ਼ਨ ਦੌਰਾਨ ਉਹ ਕੋਈ ਅਜਿਹਾ ਬਿੱਲ ਲੈ ਕੇ ਆਵੇਗੀ, ਜੋ ਕਿ ਆਮ ਲੋਕਾਂ ਦੀ ਭਲਾਈ ਲਈ ਹੋਵੇਗਾ। ਅਕਸਰ ਸਰਕਾਰ ਵੱਲੋਂ ਅਨੇਕਾਂ ਬਿੱਲ ਲਿਆਂਦੇ ਵੀ ਜਾਂਦੇ ਹਨ, ਜਿਨ੍ਹਾਂ ਉੱਪਰ ਕਈ ਵਾਰ ਬਹਿਸ ਵੀ ਹੋ ਜਾਂਦੀ ਹੈ ਪਰ ਕਈ ਵਾਰ ਵਿਰੋਧੀ ਧਿਰ ਦੇ ਬਾਈਕਾਟ ਕਰਨ ਕਰਕੇ ਇਹ ਬਿੱਲ ਸਰਕਾਰ ਕੋਲ ਸੰਸਦ ਵਿੱਚ ਬਹੁਮਤ ਹੋਣ ਕਰਕੇ ਬਿਨਾਂ ਬਹਿਸ ਦੇ ਵੀ ਪਾਸ ਕਰ ਦਿੱਤੇ ਜਾਂਦੇ ਹਨ। ਸੰਸਦ ਵਿੱਚ ਮਹੱਤਵਪੂਰਨ ਮਸਲਿਆਂ 'ਤੇ ਉਸਾਰੂ ਬਹਿਸ ਹੋਣ ਦੀ ਥਾਂ ਅਕਸਰ ਰੌਲਾ ਰੱਪਾ ਹੀ ਪਿਆ ਰਹਿੰਦਾ ਹੈ। ਆਮ ਲੋਕਾਂ ਦੇ ਮੁੱਦੇ ਅਤੇ ਮਸਲੇ ਸੰਸਦ ਵਿੱਚ ਹੁੰਦੇ ਹੰਗਾਮੇ ਅਤੇ ਪੈਂਦੇ ਰੋਲੇ ਰੱਪੇ ਦੀ ਭੇਂਟ ਚੜ੍ਹ ਜਾਂਦੇ ਹਨ। ਦੇਸ਼ ਦੇ ਸਿਆਸੀ ਮੌਸਮ ਅਤੇ ਸੰਸਦ ਦੇ ਚੱਲ ਰਹੇ ਮਾਨਸੂਨ ਸੈਸ਼ਨ ਦੀ ਹੁਣ ਤੱਕ ਦੀ ਕਾਰਗੁਜ਼ਾਰੀ ਤੋਂ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਆਉਂਦੇ ਦਿਨਾਂ ਦੌਰਾਨ ਵੀ ਸੰਸਦ ਦਾ ਮਾਨਸੂਨ ਸੈਸ਼ਨ ਹੰਗਾਮੇ ਭਰਪੂਰ ਹੀ ਰਹੇਗਾ।

# ਪੰਜਾਬ ਸਰਕਾਰ ਦੀ ਪਾਲਿਸੀ ਲੈਂਡ ਪੂਲਿੰਗ ਨੀਤੀ ਦਾ ਕਿਸਾਨਾਂ ਵੱਲੋਂ ਵਿਰੋਧ ਅਤੇ ਅੰਦੋਲਨ ਦਾ ਐਲਾਨ

## ਅੰਦੋਲਨ ਤੋਂ ਡਰਦਿਆਂ ਪੰਜਾਬ ਸਰਕਾਰ ਵੱਲੋਂ ਨੀਤੀ ਵਿੱਚ ਬਦਲਾਅ: ਕਿਸਾਨਾਂ ਨੂੰ ਦਿੱਤੇ ਨਵੇਂ ਲਾਲਚ

## ਸੰਯੁਕਤ ਕਿਸਾਨ ਮੋਰਚਾ ਵੱਲੋਂ ਦਿੱਲੀ ਦੀ ਤਰਜ਼ 'ਤੇ ਸੰਘਰਸ਼ ਦੀ ਤਿਆਰੀ

ਪੰਜਾਬ ਸਰਕਾਰ ਦੀ 'ਲੈਂਡ ਪੂਲਿੰਗ ਨੀਤੀ' ਨੂੰ ਲੈ ਕੇ ਸੂਬੇ ਵਿੱਚ ਸਿਆਸੀ ਅਤੇ ਕਿਸਾਨ ਜਥੇਬੰਦੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਸੰਯੁਕਤ ਕਿਸਾਨ ਮੋਰਚਾ (ਐੱਸ.ਕੇ.ਐੱਮ.) ਨੇ ਇਸ ਨੀਤੀ ਖ਼ਿਲਾਫ਼ ਦਿੱਲੀ ਦੇ ਕਿਸਾਨ ਅੰਦੋਲਨ ਦੀ ਤਰਜ਼ 'ਤੇ ਸੰਘਰਸ਼ ਦਾ ਐਲਾਨ ਕੀਤਾ ਹੈ। ਇਸ ਦੇ ਨਾਲ ਹੀ, ਸਰਕਾਰ ਨੇ ਕਿਸਾਨਾਂ ਦੀ ਨਾਰਾਜ਼ਗੀ ਨੂੰ ਘਟਾਉਣ ਲਈ ਨੀਤੀ ਵਿੱਚ ਕੁਝ ਬਦਲਾਅ ਕਰਨ ਦਾ ਫ਼ੈਸਲਾ ਵੀ ਕੀਤਾ ਹੈ। ਪਰ ਸਵਾਲ ਇਹ ਹੈ ਕਿ ਕੀ ਸਰਕਾਰ ਦੀਆਂ ਇਹ ਕੋਸ਼ਿਸ਼ਾਂ ਕਿਸਾਨਾਂ ਨੂੰ ਸੰਤੁਸ਼ਟ ਕਰ ਸਕਣਗੀਆਂ ? ਅਤੇ ਕੀ ਇਹ ਨੀਤੀ ਪੰਜਾਬ ਦੀ ਖੇਤੀਬਾੜੀ ਜ਼ਮੀਨ ਨੂੰ ਨੁਕਸਾਨ ਪਹੁੰਚਾਏਗੀ ?

### ਕਿਸਾਨਾਂ ਦੀ ਨਾਰਾਜ਼ਗੀ ਅਤੇ ਅੰਦੋਲਨ ਦਾ ਐਲਾਨ

ਸੰਯੁਕਤ ਕਿਸਾਨ ਮੋਰਚੇ ਨੇ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਨੂੰ 'ਕਿਸਾਨ ਵਿਰੋਧੀ' ਅਤੇ 'ਪਿੰਡਾਂ ਨੂੰ ਉਜਾੜਨ ਵਾਲੀ' ਨੀਤੀ ਕਰਾਰ ਦਿੱਤਾ ਹੈ। ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਇਸ ਨੀਤੀ ਤਹਿਤ ਸਰਕਾਰ ਨੇ ਕਿਸਾਨਾਂ ਦੀ ਜ਼ਮੀਨ 'ਤੇ 'ਲਾਲ ਐਂਟਰੀ' ਪਾ ਦਿੱਤੀ ਹੈ, ਜਿਸ ਕਾਰਨ ਕਿਸਾਨ ਨਾ ਤਾਂ ਆਪਣੀ ਜ਼ਮੀਨ ਵੇਚ ਸਕਦੇ ਹਨ ਅਤੇ ਨਾ ਹੀ ਇਸ 'ਤੇ ਕਰਜ਼ਾ ਲੈ ਸਕਦੇ ਹਨ। ਕਿਸਾਨ ਆਗੂ ਰਮਿੰਦਰ ਸਿੰਘ ਨੇ ਸਪੱਸ਼ਟ ਕੀਤਾ ਕਿ ਇਹ ਨੀਤੀ ਪਿੰਡਾਂ ਦੀ ਖੇਤੀਬਾੜੀ ਨੂੰ ਤਬਾਹ ਕਰਨ ਦੀ ਸਾਜ਼ਿਸ਼ ਹੈ ਅਤੇ ਇਸ ਨਾਲ ਰਸੂਖਵਾਨ ਲੋਕਾਂ ਦੇ ਕਾਲੇ ਧਨ ਨੂੰ ਸਫ਼ੈਦ ਕਰਨ ਦੀ ਤਜਵੀਜ਼ ਸਾਹਮਣੇ ਆਉਂਦੀ ਹੈ।

ਐੱਸ.ਕੇ.ਐੱਮ. ਨੇ ਇਸ ਨੀਤੀ ਦੇ ਵਿਰੋਧ ਵਿੱਚ 30 ਜੁਲਾਈ ਨੂੰ ਸੂਬੇ ਭਰ ਵਿੱਚ ਟਰੈਕਟਰ ਮਾਰਚ ਅਤੇ 24 ਅਗਸਤ ਨੂੰ ਮਹਾ ਕਾਨਫ਼ਰੰਸ ਕਰਨ ਦਾ ਐਲਾਨ ਕੀਤਾ ਹੈ। ਇਹ ਅੰਦੋਲਨ 2020-21 ਦੇ ਦਿੱਲੀ ਕਿਸਾਨ ਅੰਦੋਲਨ ਦੀ ਤਰਜ਼ 'ਤੇ ਹੋਵੇਗਾ, ਜਿਸ ਨੇ ਕੇਂਦਰ ਸਰਕਾਰ ਦੇ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਇਆ ਸੀ। ਸਰਬ ਪਾਰਟੀ ਮੀਟਿੰਗ ਵਿੱਚ ਦਸ ਸਿਆਸੀ ਪਾਰਟੀਆਂ, ਜਿਨ੍ਹਾਂ ਵਿੱਚ ਕਾਂਗਰਸ, ਸ਼੍ਰੋਮਣੀ ਅਕਾਲੀ ਦਲ, ਭਾਜਪਾ, ਬਹੁਜਨ ਸਮਾਜ ਪਾਰਟੀ ਅਤੇ ਵੱਖ-ਵੱਖ ਵਾਮਪੰਥੀ ਜਥੇਬੰਦੀਆਂ ਸ਼ਾਮਲ ਸਨ, ਨੇ ਐੱਸ.ਕੇ.ਐੱਮ. ਦੇ ਅੰਦੋਲਨ ਨੂੰ ਸਮਰਥਨ ਦਿੱਤਾ। ਹੈਰਾਨੀ ਦੀ ਗੱਲ ਇਹ ਹੈ ਕਿ ਭਾਜਪਾ, ਜੋ ਪਹਿਲਾਂ ਕਿਸਾਨ ਅੰਦੋਲਨ ਦੇ ਵਿਰੋਧ ਵਿੱਚ ਸੀ, ਨੇ ਵੀ ਇਸ ਵਾਰ ਸਮਰਥਨ ਦਾ ਐਲਾਨ ਕੀਤਾ, ਜੋ ਸਿਆਸੀ ਤੌਰ 'ਤੇ ਵੱਡਾ ਸੰਕੇਤ ਹੈ।

ਪਰ ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਦਾ ਕੋਈ ਨੁਮਾਇੰਦਾ ਇਸ ਮੀਟਿੰਗ ਵਿੱਚ ਨਹੀਂ ਪੁੱਜਿਆ, ਹਾਲਾਂ ਕਿ ਉਨ੍ਹਾਂ ਨੂੰ ਰਸਮੀ ਸੱਦਾ ਪੱਤਰ ਦਿੱਤਾ ਗਿਆ ਸੀ। ਕਿਸਾਨ ਆਗੂਆਂ ਨੇ 'ਆਪ' ਸਰਕਾਰ 'ਤੇ ਦੋਸ਼ ਲਾਇਆ ਕਿ ਉਹ ਕਿਸਾਨਾਂ ਦੇ ਮੁੱਦਿਆਂ ਪ੍ਰਤੀ ਗੰਭੀਰ ਨਹੀਂ ਹੈ ਅਤੇ ਲੋਕਾਂ ਦਾ ਸਾਹਮਣਾ ਕਰਨ ਤੋਂ ਡਰ ਰਹੀ ਹੈ।



### ਸਰਕਾਰ ਦੇ ਬਦਲਾਅ ਅਤੇ ਲਾਲਚ

ਕਿਸਾਨਾਂ ਦੇ ਵਿਰੋਧ ਨੂੰ ਦੇਖਦਿਆਂ ਪੰਜਾਬ ਸਰਕਾਰ ਨੇ ਲੈਂਡ ਪੂਲਿੰਗ ਨੀਤੀ ਵਿੱਚ ਕੁਝ ਸੋਧਾਂ ਕਰਨ ਦਾ ਐਲਾਨ ਕੀਤਾ ਹੈ। ਸਰਕਾਰ ਦਾ ਕਹਿਣਾ ਹੈ ਕਿ ਇਸ ਨੀਤੀ ਦਾ ਮਕਸਦ ਖੇਤੀਬਾੜੀ ਜ਼ਮੀਨ ਨੂੰ ਨੁਕਸਾਨ ਪਹੁੰਚਾਉਣਾ ਨਹੀਂ, ਸਗੋਂ ਯੋਜਨਾਬੱਧ ਸ਼ਹਿਰੀਕਰਨ ਅਤੇ ਵਿਕਾਸ ਨੂੰ ਉਤਸ਼ਾਹ ਦੇਣਾ ਹੈ। ਸਰਕਾਰ ਨੇ ਫ਼ੈਸਲਾ ਕੀਤਾ ਹੈ ਕਿ ਕਿਸਾਨਾਂ ਨੂੰ ਪ੍ਰਤੀ ਏਕੜ 50,000 ਰੁਪਏ ਸਾਲਾਨਾ ਪੇਸ਼ਗੀ ਰਕਮ ਦਿੱਤੀ ਜਾਵੇਗੀ, ਜੋ ਜ਼ਮੀਨ 'ਤੇ ਵਿਕਾਸ ਕਾਰਜ ਸ਼ੁਰੂ ਹੋਣ ਤੱਕ ਮਿਲਦੀ ਰਹੇਗੀ। ਪਹਿਲਾਂ ਇਹ ਰਕਮ 30,000 ਰੁਪਏ ਸੀ, ਜਿਸ ਨੂੰ ਹੁਣ ਵਧਾਇਆ ਗਿਆ ਹੈ। ਜਦੋਂ ਵਿਕਾਸ ਕੰਮ ਸ਼ੁਰੂ ਹੋਣਗੇ, ਤਾਂ ਇਹ ਰਕਮ ਵਧਾ ਕੇ 1,00,000 ਰੁਪਏ ਪ੍ਰਤੀ ਏਕੜ ਕਰ ਦਿੱਤੀ ਜਾਵੇਗੀ ਅਤੇ ਹਰ ਸਾਲ 10% ਵਾਧਾ ਵੀ ਕੀਤਾ ਜਾਵੇਗਾ।

ਸਰਕਾਰ ਦਾ ਦਾਅਵਾ ਹੈ ਕਿ ਜਦੋਂ ਤੱਕ ਵਿਕਾਸ ਕੰਮ ਸ਼ੁਰੂ ਨਹੀਂ ਹੁੰਦੇ, ਕਿਸਾਨ ਆਪਣੀ ਜ਼ਮੀਨ 'ਤੇ ਖੇਤੀ ਜਾਰੀ ਰੱਖ ਸਕਣਗੇ। ਇਸ ਤੋਂ ਇਲਾਵਾ, ਸਰਕਾਰ ਨੇ ਵਾਅਦਾ ਕੀਤਾ ਹੈ ਕਿ ਜ਼ਮੀਨ ਮਾਲਕਾਂ ਨੂੰ ਰਿਹਾਇਸ਼ੀ ਅਤੇ ਵਪਾਰਕ ਪਲਾਟ ਦਿੱਤੇ ਜਾਣਗੇ, ਜੋ ਉਨ੍ਹਾਂ ਲਈ ਆਮਦਨ ਦਾ ਸਥਾਈ ਸਰੋਤ ਬਣ ਸਕਣਗੇ। ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਜ਼ਮੀਨ ਮਾਫ਼ੀਆ ਨੂੰ ਉਤਸ਼ਾਹ ਦੇ ਕੇ ਕਿਸਾਨਾਂ ਨੂੰ ਲੁੱਟਿਆ, ਪਰ 'ਆਪ' ਸਰਕਾਰ ਦੀ ਨੀਤੀ ਕਿਸਾਨਾਂ ਦੇ ਹਿੱਤ ਵਿੱਚ ਹੈ। ਉਨ੍ਹਾਂ ਨੇ ਦਾਅਵਾ ਕੀਤਾ ਕਿ ਜ਼ਮੀਨ ਸਿਰਫ਼ ਕਿਸਾਨਾਂ ਦੀ ਸਹਿਮਤੀ ਨਾਲ ਹੀ ਲਈ ਜਾਵੇਗੀ ਅਤੇ ਧੱਕੇ ਨਾਲ ਨਹੀਂ।

ਸਰਕਾਰ ਨੇ 164 ਪਿੰਡਾਂ ਦੇ ਕਿਸਾਨਾਂ ਅਤੇ ਵਸਨੀਕਾਂ ਨਾਲ ਚੰਡੀਗੜ੍ਹ ਵਿੱਚ ਮੀਟਿੰਗ ਕਰਕੇ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦਿੱਤੇ। ਕਿਸਾਨਾਂ ਨੇ ਸਰਕਾਰ ਨੂੰ ਸਵਾਲ ਕੀਤਾ ਕਿ 50,000 ਰੁਪਏ ਦਾ ਠੇਕਾ ਬਹੁਤ ਘੱਟ ਹੈ, ਕਿਉਂਕਿ ਉਹ 70,000 ਤੋਂ 80,000 ਰੁਪਏ ਸਾਲਾਨਾ ਕਮਾ ਲੈਂਦੇ ਹਨ। ਸਰਕਾਰ ਨੇ ਵਾਅਦਾ ਕੀਤਾ ਕਿ ਲੈਟਰ ਆਫ਼ ਇੰਟੈਂਟ 21 ਦਿਨਾਂ ਦੇ ਅੰਦਰ ਜਾਰੀ ਕੀਤਾ ਜਾਵੇਗਾ ਅਤੇ ਪੇਸ਼ਗੀ ਰਕਮ ਤੁਰੰਤ ਮਿਲਣੀ ਸ਼ੁਰੂ ਹੋ ਜਾਵੇਗੀ।

### ਕੀ ਖੇਤੀਬਾੜੀ ਜ਼ਮੀਨ ਨੂੰ ਨੁਕਸਾਨ ਹੋਵੇਗਾ ?

ਕਿਸਾਨ ਜਥੇਬੰਦੀਆਂ ਦਾ ਸਪੱਸ਼ਟ ਮੰਨਣਾ ਹੈ ਕਿ ਲੈਂਡ ਪੂਲਿੰਗ ਨੀਤੀ ਪੰਜਾਬ ਦੀ ਖੇਤੀਬਾੜੀ ਜ਼ਮੀਨ ਨੂੰ ਨੁਕਸਾਨ ਪਹੁੰਚਾਏਗੀ। ਪੰਜਾਬ ਦੀ ਅਰਥਚਾਰਾ ਮੁੱਖ ਤੌਰ 'ਤੇ ਖੇਤੀ 'ਤੇ ਨਿਰਭਰ ਹੈ, ਅਤੇ ਜ਼ਮੀਨ ਦੀ ਘਟਦੀ ਉਪਜਾਊ ਸਮਰੱਥਾ ਪਹਿਲਾਂ ਹੀ ਚਿੰਤਾ ਦਾ ਵਿਸ਼ਾ ਹੈ। ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਇਹ ਨੀਤੀ ਜ਼ਮੀਨ ਨੂੰ ਵਪਾਰਕ ਅਤੇ ਰਿਹਾਇਸ਼ੀ ਵਰਤੋਂ ਲਈ ਬਦਲ ਦੇਵੇਗੀ, ਜਿਸ ਨਾਲ ਖੇਤੀਬਾੜੀ ਜ਼ਮੀਨ ਦੀ ਮਾਤਰਾ ਘਟੇਗੀ। ਇਸ ਨਾਲ ਨਾ ਸਿਰਫ਼ ਖੁਰਾਕੀ ਸੁਰੱਖਿਆ 'ਤੇ ਅਸਰ ਪਵੇਗਾ, ਸਗੋਂ ਪਿੰਡਾਂ ਦੀ ਸਮਾਜਿਕ ਅਤੇ ਸਭਿਆਚਾਰਕ ਬੁਨਿਆਦ ਵੀ ਢਹਿ-ਢੇਰੀ ਹੋ ਸਕਦੀ ਹੈ।

ਇਸ ਦੇ ਨਾਲ ਹੀ, ਕਿਸਾਨਾਂ ਨੂੰ ਇਹ ਚਿੰਤਾ ਵੀ ਹੈ ਕਿ ਸਰਕਾਰ ਦੇ ਵਾਅਦੇ ਸਿਰਫ਼ ਕਾਗਜ਼ੀ ਹਨ। ਪਿਛਲੀਆਂ ਸਰਕਾਰਾਂ ਦੇ ਤਜਰਬਿਆਂ ਨੂੰ ਦੇਖਦਿਆਂ, ਕਿਸਾਨਾਂ ਨੂੰ ਡਰ ਹੈ ਕਿ ਉਨ੍ਹਾਂ ਦੀ ਜ਼ਮੀਨ ਸਸਤੇ ਵਿੱਚ ਲੈ ਕੇ ਵਪਾਰੀਆਂ ਅਤੇ ਰਸੂਖਵਾਨ ਲੋਕਾਂ ਨੂੰ ਫ਼ਾਇਦਾ ਪਹੁੰਚਾਇਆ ਜਾਵੇਗਾ। ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਸਰਕਾਰ ਦੀਆਂ ਨੀਤੀਆਂ ਪਿੰਡਾਂ ਨੂੰ ਉਜਾੜਨ ਅਤੇ ਕਿਸਾਨਾਂ ਨੂੰ ਮਜ਼ਦੂਰ ਬਣਾਉਣ ਵੱਲ ਲੈ ਜਾਣਗੀਆਂ।

### ਸਰਕਾਰ ਦਾ ਜਵਾਬ ਅਤੇ ਭਵਿੱਖ

ਸਰਕਾਰ ਦਾ ਕਹਿਣਾ ਹੈ ਕਿ ਇਹ ਨੀਤੀ ਕਿਸਾਨਾਂ ਦੇ ਹਿੱਤ ਵਿੱਚ ਹੈ ਅਤੇ ਇਸ ਨਾਲ ਪੰਜਾਬ ਵਿੱਚ ਯੋਜਨਾਬੱਧ ਸ਼ਹਿਰੀਕਰਨ ਨੂੰ ਉਤਸ਼ਾਹ ਮਿਲੇਗਾ। ਸਰਕਾਰ ਦਾ ਦਾਅਵਾ ਹੈ ਕਿ ਪਿਛਲੀਆਂ ਸਰਕਾਰਾਂ ਨੇ ਗੈਰ-ਕਾਨੂੰਨੀ ਕਾਲੋਨੀਆਂ ਨੂੰ ਉਤਸ਼ਾਹ ਦਿੱਤਾ, ਜਿਨ੍ਹਾਂ ਵਿੱਚ ਮੁੱਢਲੀਆਂ ਸਹੂਲਤਾਂ ਜਿਵੇਂ ਸੜਕਾਂ, ਸੀਵਰੇਜ ਅਤੇ ਪਾਰਕ ਵੀ ਨਹੀਂ ਸਨ। ਪਰ 'ਆਪ' ਸਰਕਾਰ ਦੀ ਨੀਤੀ ਨਾਲ ਕਿਸਾਨਾਂ ਨੂੰ ਰਿਹਾਇਸ਼ੀ ਅਤੇ ਵਪਾਰਕ ਪਲਾਟ ਮਿਲਣਗੇ, ਜੋ ਉਨ੍ਹਾਂ ਦੀ ਆਰਥਿਕ ਸਥਿਤੀ ਨੂੰ ਮਜ਼ਬੂਤ ਕਰਨਗੇ।

ਪਰ ਕਿਸਾਨ ਜਥੇਬੰਦੀਆਂ ਸਰਕਾਰ ਦੇ ਇਨ੍ਹਾਂ ਵਾਅਦਿਆਂ 'ਤੇ ਭਰੋਸਾ ਨਹੀਂ ਕਰ ਰਹੀਆਂ। ਉਨ੍ਹਾਂ ਦਾ ਮੰਨਣਾ ਹੈ ਕਿ ਸਰਕਾਰ ਇਸ ਨੀਤੀ ਦਾ ਨੋਟੀਫਿਕੇਸ਼ਨ ਪੂਰੀ ਤਰ੍ਹਾਂ ਰੱਦ ਕਰੇ। ਐੱਸ.ਕੇ.ਐੱਮ. ਨੇ ਸਪੱਸ਼ਟ ਕੀਤਾ ਹੈ ਕਿ ਜਦੋਂ ਤੱਕ ਸਰਕਾਰ ਇਹ ਨੀਤੀ ਵਾਪਸ ਨਹੀਂ ਲੈਂਦੀ, ਅੰਦੋਲਨ ਜਾਰੀ ਰਹੇਗਾ।

ਲੈਂਡ ਪੂਲਿੰਗ ਨੀਤੀ ਨੂੰ ਲੈ ਕੇ ਪੰਜਾਬ ਵਿੱਚ ਸਰਕਾਰ ਅਤੇ ਕਿਸਾਨਾਂ ਵਿਚਕਾਰ ਟਕਰਾਅ ਵਧਦਾ ਜਾ ਰਿਹਾ ਹੈ। ਸਰਕਾਰ ਜਿੱਥੇ ਇਸ ਨੀਤੀ ਨੂੰ ਵਿਕਾਸ ਦੀ ਚਾਬੀ ਦੱਸ ਰਹੀ ਹੈ, ਉੱਥੇ ਕਿਸਾਨ ਇਸ ਨੂੰ ਆਪਣੀ ਜ਼ਮੀਨ ਅਤੇ ਜੀਵਿਕਾ 'ਤੇ ਹਮਲੇ ਵਜੋਂ ਵੇਖ ਰਹੇ ਹਨ। ਅਗਲੇ ਕੁਝ ਹਫ਼ਤਿਆਂ ਵਿੱਚ ਟਰੈਕਟਰ ਮਾਰਚ ਅਤੇ ਮਹਾ ਕਾਨਫ਼ਰੰਸ ਨਾਲ ਇਹ ਅੰਦੋਲਨ ਹੋਰ ਤੇਜ਼ ਹੋਣ ਦੀ ਸੰਭਾਵਨਾ ਹੈ।

### ਲੈਂਡ ਪੂਲਿੰਗ ਨੀਤੀ ਕਾਰਨ 'ਆਪ' ਨੂੰ ਕੀ ਸਿਆਸੀ ਨੁਕਸਾਨ ਪੁੱਜੇਗਾ ?

ਕੀ ਕਿਸਾਨ ਅੰਦੋਲਨ ਦੇ ਉਭਾਰ ਕਾਰਨ ਬਸਪਾ-ਅਕਾਲੀ ਦਲ ਦਾ ਸਿਆਸੀ ਉਭਾਰ ਹੋਵੇਗਾ ?

ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਨੇ ਸੂਬੇ ਦੀ ਸਿਆਸਤ ਵਿੱਚ ਇੱਕ ਨਵਾਂ ਮੋੜ ਲਿਆਂਦਾ ਹੈ। ਇਹ ਨੀਤੀ, ਜਿਸ ਨੂੰ ਸਰਕਾਰ ਵਿਕਾਸ ਦੀ ਦਿਸ਼ਾ ਵਿੱਚ ਇੱਕ ਕਦਮ ਦੱਸ ਰਹੀ ਹੈ, ਨੂੰ ਕਿਸਾਨ ਸੰਗਠਨ ਜ਼ਮੀਨ ਹੜੱਪਣ ਦੀ ਸਾਜ਼ਿਸ਼ ਮੰਨ ਰਹੇ ਹਨ। ਇਸ ਨੀਤੀ ਦਾ ਸਿਆਸੀ, ਸਮਾਜਿਕ ਅਤੇ ਆਰਥਿਕ ਪ੍ਰਭਾਵ ਪੰਜਾਬ ਦੀ ਆਮ ਆਦਮੀ ਪਾਰਟੀ (ਆਪ) ਸਰਕਾਰ ਲਈ ਚੁਣੌਤੀ ਪੂਰਨ ਸਾਬਤ ਹੋ ਸਕਦਾ ਹੈ।

ਆਪ ਸਰਕਾਰ ਨੂੰ ਸਿਆਸੀ ਨੁਕਸਾਨ ਲੈਂਡ ਪੂਲਿੰਗ ਨੀਤੀ ਨੂੰ ਲੈ ਕੇ ਕਿਸਾਨਾਂ ਵਿੱਚ ਵਧ ਰਿਹਾ ਅਸੰਤੋਸ਼ ਆਪ ਸਰਕਾਰ ਲਈ ਸਿਆਸੀ ਨੁਕਸਾਨ ਦਾ ਕਾਰਨ ਬਣ ਸਕਦਾ ਹੈ। ਪੰਜਾਬ ਦੀ 21% ਜੱਟ ਸਿੱਖ ਅਤੇ 32% ਦਲਿਤ ਆਬਾਦੀ, ਜੋ ਮੁੱਖ ਤੌਰ 'ਤੇ ਖੇਤੀਬਾੜੀ ਨਾਲ ਜੁੜੀ ਹੈ, ਨੀਤੀ ਦੇ ਖ਼ਿਲਾਫ਼ ਵਿਰੋਧ ਵਿੱਚ ਇਕਜੁੱਟ ਹੋ ਸਕਦੀ ਹੈ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਪ ਨੇ 92 ਸੀਟਾਂ ਜਿੱਤ ਕੇ ਇਤਿਹਾਸਕ ਜਿੱਤ ਹਾਸਲ ਕੀਤੀ ਸੀ, ਪਰ ਇਹ ਜਿੱਤ ਕਾਂਗਰਸ ਅਤੇ ਅਕਾਲੀ ਦਲ ਦੇ ਵਿਰੋਧ 'ਤੇ ਆਧਾਰਿਤ ਸੀ। ਜੇਕਰ ਕਿਸਾਨ ਅੰਦੋਲਨ ਤੇਜ਼ ਹੁੰਦਾ ਹੈ, ਤਾਂ ਆਪ ਦੀ ਭਰੋਸੇਯੋਗਤਾ 'ਤੇ ਸਵਾਲ ਉੱਠ ਸਕਦੇ ਹਨ, ਕਿਉਂਕਿ ਇਸ ਨੇ 2020-21 ਦੇ ਕਿਸਾਨ ਅੰਦੋਲਨ ਦੌਰਾਨ ਕਿਸਾਨਾਂ ਦੇ ਹੱਕ ਵਿੱਚ ਖੜਨ ਦਾ ਦਾਅਵਾ ਕੀਤਾ ਸੀ। ਮੁੱਖ ਮੰਤਰੀ ਭਗਵੰਤ ਮਾਨ ਦਾ ਬਿਆਨ ਕਿ ਕਿਸੇ ਦੀ ਜ਼ਮੀਨ ਧੱਕੇ ਨਾਲ ਨਹੀਂ ਲਈ ਜਾਵੇਗੀ ਵੀ ਵਿਰੋਧੀਆਂ ਵੱਲੋਂ ਗੁੰਮਰਾਹਕੁੰਨ ਮੰਨਿਆ ਜਾ ਰਿਹਾ ਹੈ। ਇਸ ਨਾਲ ਆਪ ਦੀ ਵੋਟ ਬੈਂਕ, ਖਾਸ ਕਰਕੇ ਪੇਂਡੂ ਖੇਤਰਾਂ ਵਿੱਚ, ਕਮਜ਼ੋਰ ਹੋ ਸਕਦੀ ਹੈ।

ਕਿਸਾਨ ਅੰਦੋਲਨ ਦਾ ਸਾਹਮਣਾ ਪੰਜਾਬ ਸਰਕਾਰ ਲਈ ਕਿਸਾਨ ਅੰਦੋਲਨ ਦਾ ਸਾਹਮਣਾ ਕਰਨਾ ਵੱਡੀ ਚੁਣੌਤੀ ਹੈ।

2020-21 ਦੇ ਕਿਸਾਨ ਅੰਦੋਲਨ ਨੇ ਸੰਯੁਕਤ ਕਿਸਾਨ ਮੋਰਚੇ ਦੀ ਤਾਕਤ ਨੂੰ ਦਰਸਾਇਆ ਸੀ, ਜਿਸ ਨੇ ਦਿੱਲੀ ਦੀਆਂ ਸਰਹੱਦਾਂ 'ਤੇ ਕੇਂਦਰ ਸਰਕਾਰ ਨੂੰ ਝੁਕਣ ਲਈ ਮਜਬੂਰ ਕੀਤਾ। ਹੁਣ ਸੰਯੁਕਤ ਕਿਸਾਨ ਮੋਰਚੇ ਨੇ ਲੈਂਡ ਪੂਲਿੰਗ ਨੀਤੀ ਦੇ ਵਿਰੁੱਧ ਦਿੱਲੀ ਦੀ ਤਰਜ਼ 'ਤੇ ਸੰਘਰਸ਼ ਦੀ ਚਿਤਾਵਨੀ ਦਿੱਤੀ ਹੈ।

(ਬਾਕੀ ਸਫ਼ਾ 30 'ਤੇ)

# ਕਿਉਂ ਬਦਲ ਰਹੀ ਹੈ ਭਾਰਤ ਦੀ ਵਿਦੇਸ਼ ਨੀਤੀ ਦੀ ਦਿਸ਼ਾ ?



ਪ੍ਰਕਾਸ਼ ਕਰਾਤ

ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਰਤ ਸਰਕਾਰ ਦੀ ਵਿਦੇਸ਼ ਨੀਤੀ ਨੇ ਜੋ ਬਦਨਾਮੀ ਖੱਟੀ ਹੈ, ਉਸ ਨੂੰ ਘੱਟ ਕਰ ਕੇ ਨਹੀਂ ਦੇਖਿਆ ਜਾ ਸਕਦਾ। ਸੰਯੁਕਤ ਰਾਸ਼ਟਰ ਮਹਾਂਸਭਾ ਵਿੱਚ 13 ਜੂਨ ਨੂੰ ਸਪੇਨ ਦੁਆਰਾ ਪੇਸ਼ ਕੀਤਾ ਗਿਆ ਇੱਕ ਮਤਾ ਪਾਸ ਹੋਇਆ, ਇਸ ਮਤੇ ਵਿੱਚ ਗਾਜ਼ਾ ਵਿੱਚ ਤੁਰੰਤ ਅਤੇ ਬਿਨਾਂ ਸ਼ਰਤ ਜੰਗਬੰਦੀ ਦੀ ਮੰਗ ਕੀਤੀ ਗਈ ਸੀ। 193 ਮੈਂਬਰ ਦੇਸ਼ਾਂ ’ਚੋਂ 149 ਨੇ ਮਤੇ ਦੇ ਹੱਕ ਵਿੱਚ ਵੋਟ ਪਾਈ, 12 ਨੇ ਵਿਰੋਧ ਕੀਤਾ ਜਦੋਂ ਕਿ 19 ਗੈਰਹਾਜ਼ਰ ਰਹੇ। ਭਾਰਤ ਨੇ ਮਤੇ ਦੇ ਹੱਕ ਵਿੱਚ ਵੋਟ ਨਹੀਂ ਪਾਈ ਤੇ ਵੋਟਿੰਗ ਤੋਂ ਦੂਰ ਰਿਹਾ। ਇਹ ਇੱਕ ਬਹੁਤ ਹੀ ਸ਼ਰਮਨਾਕ ਸਟੈਂਡ ਸੀ, ਕਿਉਂਕਿ ਗਾਜ਼ਾ ਵਿੱਚ ਇਜ਼ਰਾਇਲ ਵੱਲੋਂ ਫ਼ਲਸਤੀਨੀਆਂ ਦੀ ਨਸਲਕੁਸ਼ੀ ਕਰਨ ਵਰਗੀ ਜੰਗ ਅਤੇ 20 ਲੱਖ ਲੋਕਾਂ ਲਈ ਭੁੱਖਮਰੀ ਵਾਲੇ ਹਾਲਾਤ ਪੈਦਾ ਕਰ ਕੇ ਉਨ੍ਹਾਂ ਦੀ ਇੱਕ ਹਥਿਆਰ ਵਜੋਂ ਸਮੂਹਿਕ ਰੂਪ ਵਿੱਚ ਵਰਤੋਂ ਕਰਨ ਦੇ ਪਿਛੋਕੜ ਵਿੱਚ ਜੰਗਬੰਦੀ ਦੀ ਤੁਰੰਤ ਲੋੜ ਸਪੱਸ਼ਟ ਤੌਰ ’ਤੇ ਦਿਖਾਈ ਦੇ ਰਹੀ ਸੀ। ਭਾਰਤ ਦਾ ਗੈਰਹਾਜ਼ਰ ਰਹਿਣ ਦਾ ਤਰਕ ਕਮਜ਼ੋਰ ਤੇ ਧੋਖੇ ਵਾਲਾ ਸੀ ਕਿ ‘ਸਥਾਈ ਸ਼ਾਂਤੀ ਸਿਰਫ਼ ਸਿੱਧੀ ਗੱਲਬਾਤ ਨਾਲ ਹੀ ਸਥਾਪਿਤ ਹੋ ਸਕਦੀ ਹੈ।’ ਇਹ ਇੱਕ ਧੋਖਾ ਸੀ, ਕਿਉਂਕਿ ਇਜ਼ਰਾਇਲ ਨੇ ਹੀ ਪਿਛਲੀ ਵਾਰ ਜੰਗਬੰਦੀ ਤੋੜਦਿਆਂ ਗਾਜ਼ਾ ਨੂੰ ਜਾਣ ਵਾਲੀਆਂ ਸਭ ਸਪਲਾਈ ਲਾਈਨਾਂ ਦੀ ਪੂਰੀ ਤਰ੍ਹਾਂ ਨਾਕਾਬੰਦੀ ਕਰ ਦਿੱਤੀ ਸੀ। ਭਾਰਤ ਦਾ ਵੋਟਿੰਗ ਤੋਂ ਦੂਰ ਰਹਿਣਾ ਉਸ ਦੇ 6 ਮਹੀਨੇ ਪਹਿਲਾਂ ਦਸੰਬਰ 2024 ਵਿੱਚ ਲਏ ਗਏ ਸਟੈਂਡ ਦੇ ਉਲਟ ਸੀ, ਜਦੋਂ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਨੇ ਜੰਗਬੰਦੀ ਦੀ ਮੰਗ ਕਰਨ ਵਾਲਾ ਇੱਕ ਮਤਾ ਪਾਸ ਕੀਤਾ ਸੀ ਅਤੇ ਭਾਰਤ ਨੇ ਮਤੇ ਦੇ ਹੱਕ ਵਿੱਚ ਵੋਟ ਪਾਈ ਸੀ। ਭਾਰਤ ਤੇ ਤਿਮੋਰ-ਲੇਸਟੇ ਸਿਰਫ਼ ਦੋ ਹੀ ਏਸ਼ਿਆਈ ਦੇਸ਼ ਹਨ, ਜੋ ਵੋਟਿੰਗ ਤੋਂ ਗ਼ੈਰਹਾਜ਼ਰ ਰਹੇ, ਜਦਕਿ ਹੋਰ ਸਾਰੇ ਏਸ਼ਿਆਈ ਦੇਸ਼ਾਂ, ਇੱਥੋਂ ਤੱਕ ਕਿ ਜਪਾਨ ਤੇ ਦੱਖਣੀ ਕੋਰੀਆ ਵਰਗੇ ਅਮਰੀਕਾ ਦੇ ਕੱਟੜ ਸਹਿਯੋਗੀਆਂ ਨੇ ਵੀ ਜੰਗਬੰਦੀ ਦੇ ਮਤੇ ਦੇ ਹੱਕ ਵਿੱਚ ਵੋਟ ਪਾਈ ਹੈ।

ਰਾਸ਼ਟਰਪਤੀ ਟਰੰਪ ਵੱਲੋਂ ਫ਼ਲਸਤੀਨੀਆਂ ਨੂੰ ਪੂਰੀ ਤਰ੍ਹਾਂ ਮਿਟਾਉਣ ਦੀ ਨੇਤਨਯਾਹੂ ਦੀ ਯੋਜਨਾ ਨੂੰ ਪੂਰਨ ਸਮਰਥਨ ਦੇਣ ਤੋਂ ਬਾਅਦ ਮੋਦੀ ਸਰਕਾਰ ਨੇ ਸਪੱਸ਼ਟ ਤੌਰ ’ਤੇ ਇਜ਼ਰਾਇਲ ਪੱਖੀ ਸਟੈਂਡ ਲੈਣ ਦੀ ਹਿੰਮਤ ਦਿਖਾਈ ਹੈ। ਟਰੰਪ ਪ੍ਰਸ਼ਾਸਨ ਨੇ ਇਹ ਵੀ ਸੰਕੇਤ ਦਿੱਤਾ ਹੈ ਕਿ ਉਹ ਹੁਣ ਦੋ-ਰਾਸ਼ਟਰ ਹੱਲ ਦਾ ਸਮਰਥਨ ਨਹੀਂ ਕਰਦਾ। ਹਰ ਕੀਮਤ ’ਤੇ ਟਰੰਪ ਦੇ ਨਾਲ ਖੜ੍ਹੇ ਹੋਣ ਦੇ ਗੁਲਾਮੀ ਭਰੇ ਰਵੱਈਏ ਕਾਰਨ ਭਾਰਤ ਨੇ ਫ਼ਲਸਤੀਨੀ ਮੁੱਦੇ ਪ੍ਰਤੀ ਆਪਣੇ ਸਿਧਾਂਤਕ ਸਮਰਥਨ ਨੂੰ ਪੂਰੀ ਤਰ੍ਹਾਂ ਤਿਆਗ ਦਿੱਤਾ ਹੈ ਅਤੇ ਇਜ਼ਰਾਇਲੀ ਸ਼ਾਸਨ ਦੀਆਂ ਬਸਤੀਵਾਦੀ-ਨਸਲਕੁਸ਼ੀ ਦੀਆਂ ਨੀਤੀਆਂ ਦਾ ਪੱਖ ਪੂਰਿਆ ਹੈ। ਇਸ ਗੱਲ ਨਾਲ ਇੱਕ ਵਾਰ ਫ਼ਿਰ ਸਪੱਸ਼ਟ ਹੋ ਗਿਆ ਕਿ ਸਾਡੀ ਵਿਦੇਸ਼ ਨੀਤੀ ਅਮਰੀਕਾ-ਇਜ਼ਰਾਇਲ ਧੁਰੇ ਅੱਗੇ ਗਿਰਵੀ ਰੱਖ ਦਿੱਤੀ ਗਈ ਹੈ। ਭਾਰਤ ਨੇ 14 ਜੂਨ ਨੂੰ ਸ਼ੰਘਾਈ ਸਹਿਯੋਗ ਸੰਗਠਨ (ਐਸ.ਸੀ.ਓ.) ਦੁਆਰਾ ਜਾਰੀ ਕੀਤੇ ਗਏ ਬਿਆਨ ਤੋਂ ਵੀ ਆਪਣੇ-ਆਪ ਨੂੰ ਦੂਰ ਕਰ ਲਿਆ ਸੀ, ਜਿਸ ਵਿੱਚ ਇਰਾਨ ’ਤੇ ਇਜ਼ਰਾਇਲੀ ਫ਼ੌਜੀ ਹਮਲਿਆਂ ਨੂੰ ਅੰਤਰਰਾਸ਼ਟਰੀ ਕਾਨੂੰਨ ਅਤੇ ਸੰਯੁਕਤ ਰਾਸ਼ਟਰ ਚਾਰਟਰ ਦੀ ਉਲੰਘਣਾ ਦੱਸਿਆ ਗਿਆ ਸੀ।



ਇਸ ਸੰਬੰਧੀ ਭਾਰਤ ਸਰਕਾਰ ਨੇ ਤੁਰੰਤ ਐਲਾਨ ਕੀਤਾ ਕਿ ਬਿਆਨ ਜਾਰੀ ਕਰਨ ਤੋਂ ਪਹਿਲਾਂ ਉਨ੍ਹਾਂ ਨਾਲ ਸਲਾਹ-ਮਸ਼ਵਰਾ ਨਹੀਂ ਕੀਤਾ ਗਿਆ ਸੀ। ਇੱਥੋਂ ਤੱਕ ਕਿ ਤੱਥ ਇਹ ਹੈ ਕਿ ਇਰਾਨ ਐਸ.ਸੀ.ਓ. ਦਾ ਮੈਂਬਰ ਹੈ ਅਤੇ ਉਸ ’ਤੇ ਹਮਲਾ ਹੋਇਆ ਸੀ, ਫ਼ਿਰ ਵੀ ਮੋਦੀ ਸਰਕਾਰ ਦੀ ਜ਼ਮੀਰ ਇਸ ਤੋਂ ਪ੍ਰੇਸ਼ਾਨ ਨਹੀਂ ਹੋਈ। ਮੋਦੀ ਸਰਕਾਰ ਨੇ ਇਰਾਨ, ਜੋ ਇੱਕ ਮਿੱਤਰ ਦੇਸ਼ ਹੈ ਅਤੇ ਉਸ ਨਾਲ ਭਾਰਤ ਦੀ ਰਣਨੀਤਕ ਭਾਈਵਾਲੀ ਹੈ, ਉਸ ’ਤੇ ਹੋਏ ਇਜ਼ਰਾਇਲ ਦੇ ਫ਼ੌਜੀ ਹਮਲੇ ਦੀ ਆਲੋਚਨਾ ਜਾਂ ਨਿੰਦਾ ਨਹੀਂ ਕੀਤੀ। ਭਾਰਤ ਦੇ ਇਸ ਰੁਖ਼ ਦੀ ਤੁਲਨਾ ਜਪਾਨ ਦੀ ਪ੍ਰਤੀਕਿਰਿਆ ਨਾਲ ਕੀਤੀ ਜਾ ਸਕਦੀ ਹੈ, ਜੋ ਕਿ ਅਮਰੀਕਾ ਦਾ ਨਜ਼ਦੀਕੀ ਸਹਿਯੋਗੀ ਅਤੇ ਕਵਾਡ ਦਾ ਮੈਂਬਰ ਹੈ। ਫ਼ਿਰ ਵੀ ਜਪਾਨ ਦੀ ਸਰਕਾਰ ਨੇ ਇਰਾਨ ’ਤੇ ਹੋਏ ਇਜ਼ਰਾਇਲੀ ਹਮਲੇ ਦੀ ਸਖ਼ਤ ਨਿੰਦਾ ਕਰਦਿਆਂ ਇਸ ਨੂੰ ਅੰਤਰਰਾਸ਼ਟਰੀ ਕਾਨੂੰਨ ਤੇ ਇਰਾਨ ਦੀ ਪ੍ਰਭੂਸੱਤਾ ਦੀ ਘੋਰ ਉਲੰਘਣਾ ਦੱਸਿਆ ਸੀ।

ਜਦੋਂ ਅਮਰੀਕਾ ਨੇ 22 ਜੂਨ ਨੂੰ ਇਰਾਨ ਦੇ ਤਿੰਨ ਪਰਮਾਣੂ ਟਿਕਾਣਿਆਂ ’ਤੇ ਸਾਰੇ ਅੰਤਰਰਾਸ਼ਟਰੀ ਕਾਨੂੰਨਾਂ ਤੇ ਨਿਯਮਾਂ ਦੀ ਘੋਰ ਉਲੰਘਣਾ ਕਰਦਿਆਂ ਬੰਬਾਰੀ ਕੀਤੀ, ਤਾਂ ਵੀ ਭਾਰਤ ਚੁੱਪ ਰਿਹਾ। ਪ੍ਰਧਾਨ ਮੰਤਰੀ ਮੋਦੀ ਨੇ ਇਰਾਨੀ ਰਾਸ਼ਟਰਪਤੀ ਨੂੰ ਫ਼ੋਨ ਕਰ ਕੇ ਚਿੰਤਾ ਪ੍ਰਗਟ ਕਰਨ ਅਤੇ ਤਣਾਅ ਘਟਾਉਣ ਦੀ ਅਪੀਲ ਕੀਤੀ। ਇਸ ਤਰ੍ਹਾਂ ਹਮਲੇ ਦੇ ਪੀੜਤ ਦੇਸ਼ ਨੂੰ ਸਲਾਹ ਦਿੱਤੀ ਗਈ ਕਿ ਉਹ ਆਪਣੀ ਰੱਖਿਆ ਲਈ ਕੋਈ ਕਦਮ ਨਾ ਉਠਾਏ। ਬ੍ਰਾਜ਼ੀਲ ਦੇ ਰੀਓ ਡੀ ਜਨੇਰੀਓ ਵਿੱਚ ਹੋਏ ‘ਬ੍ਰਿਕਸ’ ਨੇਤਾਵਾਂ ਦੇ ਸੰਮੇਲਨ ਦੌਰਾਨ ਮੋਦੀ ਨੇ ਆਪਣੇ ਭਾਸ਼ਣ ਵਿੱਚ ਇਰਾਨ ’ਤੇ ਇਜ਼ਰਾਇਲੀ ਹਮਲੇ ਅਤੇ ਅਮਰੀਕਾ ਦੁਆਰਾ ਉਸ ਦੇ ਪਰਮਾਣੂ ਟਿਕਾਣਿਆਂ ’ਤੇ ਕੀਤੀ ਬੰਬਾਰੀ ਦੀ ਆਲੋਚਨਾ ਕਰਨ ਤੋਂ ਗੁਰੇਜ਼ ਕੀਤਾ। ਹਾਲਾਂਕਿ ਸੰਮੇਲਨ ਦੁਆਰਾ ਜਾਰੀ ਕੀਤੇ ਗਏ ਸਾਂਝੇ ਬਿਆਨ ਵਿੱਚ ਇਰਾਨ ’ਤੇ ਹੋਏ ਹਮਲੇ ਦੀ ਸਖ਼ਤ ਨਿੰਦਾ ਕੀਤੀ ਗਈ। ਸਪੱਸ਼ਟ ਹੈ ਕਿ ਬ੍ਰਿਕਸ ਦੇ 10 ਹੋਰ ਮੈਂਬਰ ਦੇਸ਼ ਇਸ ਮਾਮਲੇ ’ਤੇ ਭਾਰਤ ਦੇ ਵਿਚਾਰਾਂ ਨਾਲ ਸਹਿਮਤ ਨਹੀਂ ਹਨ।


ਵਿਦੇਸ਼ ਨੀਤੀ ਵਿੱਚ ਸੱਜੇ ਪੱਖੀ (ਦੱਖਣਪੰਥੀ) ਝੁਕਾਅ ਰਾਸ਼ਟਰਪਤੀ ਟਰੰਪ ਦਾ ਪੱਖ ਲੈਣ ਤੇ ਉਸ ਦੀਆਂ ਬੇਤੁਕੀਆਂ ਮੰਗਾਂ ਨੂੰ ਪੂਰਾ ਕਰਨ ਦੀ ਉਤਸੁਕਤਾ ਵਿਚੋਂ ਪੈਦਾ ਹੋਇਆ ਹੈ। 1 ਜੁਲਾਈ ਨੂੰ ਵਾਸ਼ਿੰਗਟਨ ਵਿੱਚ ਕਵਾਡ ਵਿਦੇਸ਼ ਮੰਤਰੀਆਂ ਦੀ ਬੈਠਕ ਵਿੱਚ ਚੀਨ ਨੂੰ ਇਕ ਸੁਰੱਖਿਆ ਖ਼ਤਰਾ ਦੱਸਦਿਆਂ ਉਸ ਦੇ ਵਧਦੇ ਆਰਥਿਕ ਪ੍ਰਭਾਵ ਦਾ ਮੁਕਾਬਲਾ ਕਰਨ ਲਈ ਹੋਰ ਵੀ ਤਿੱਖੇ ਤਰੀਕੇ ਅਪਣਾਉਣ ਲਈ ਕਿਹਾ ਗਿਆ। ਭਾਰਤ ਇਹ ਯਕੀਨੀ ਬਣਾਉਣ ਵਿਚ ਲੱਗਾ ਹੋਇਆ ਹੈ ਕਿ ਟਰੰਪ ਇਸ ਸਾਲ ਦੇ ਅੰਤ ਵਿੱਚ ਦਿੱਲੀ ਵਿਖੇ ਹੋਣ ਵਾਲੇ ਕਵਾਡ ਨੇਤਾਵਾਂ ਦੇ ਸੰਮੇਲਨ ਵਿੱਚ ਸ਼ਾਮਿਲ ਹੋਣ। ਭਾਰਤ ਨੂੰ ਵਪਾਰ ਅਤੇ ਟੈਰਿਫ਼ ਦੇ ਮੋਰਚੇ ’ਤੇ ਵੀ ਟਰੰਪ ਦੀਆਂ ਮੰਗਾਂ ਨੂੰ ਮੰਨਣਾ ਪਵੇਗਾ। ਇੱਥੇ ਵੀ, ਮੋਦੀ ਸਰਕਾਰ ਕੋਈ ਮਜ਼ਬੂਤ ਸਟੈਂਡ ਲੈਣ ਤੋਂ ਅਸਮਰੱਥ ਰਹੀ ਹੈ। ਸਾਰੇ ਸੰਕੇਤ ਇਹੀ ਸਨ ਕਿ ਭਾਰਤ 9 ਜੁਲਾਈ ਦੀ ਸਮਾਂ ਹੱਦ ਤੋਂ ਪਹਿਲਾਂ ਅਮਰੀਕਾ ਨਾਲ ਅੰਤਰਿਮ ਵਪਾਰ ਸਮਝੌਤੇ ਨੂੰ ਅੰਤਿਮ ਰੂਪ ਦੇਣ ਲਈ ਉਸ ਨੂੰ ਵੱਡੀਆਂ ਰਿਆਇਤਾਂ ਦੇਣ ਲਈ ਤਿਆਰ ਸੀ, ਜਦੋਂ ਕਿ ਟਰੰਪ ਦੁਆਰਾ ਐਲਾਨੇ ਗਏ ਇੱਕ ਤਰਫ਼ਾ ਟੈਰਿਫ਼ ਦੀ 90 ਦਿਨਾਂ ਦੀ ਮਿਆਦ ਖਤਮ ਹੋਣ ਵਾਲੀ ਸੀ। ਹਾਲਾਂਕਿ, ਹੁਣ ਤੱਕ ਗੱਲਬਾਤ ਇੱਕ ਤਸੱਲੀਬਖਸ਼ ਨਤੀਜੇ ’ਤੇ ਨਹੀਂ ਪਹੁੰਚ ਸਕੀ।

(ਬਾਕੀ ਸਫ਼ਾ 31 ’ਤੇ)

# ਸੁਖਾਂਵੇਂ ਹੋਣ ਭਾਰਤ ਦੇ ਆਪਣੇ ਗੁਆਂਢੀ ਮੁਲਕਾਂ ਨਾਲ ਸਬੰਧ



ਹਰਸ਼. ਵੀ. ਪੰਤ



ਸ਼ਿਵਮ ਸ਼ੇਖਾਵਤ

ਡੋਨਾਲਡ ਟਰੰਪ ਵੱਲੋਂ ਅਮਰੀਕਾ ਦੀ ਦੁਬਾਰਾ ਕਮਾਨ ਸੰਭਾਲਣ ਤੋਂ ਬਾਅਦ ਤੋਂ ਆਲਮੀ ਢਾਂਚੇ ਵਿੱਚ ਅਸਥਿਰਤਾ ਅਤੇ ਬੇਭਰੋਸਗੀ ਦਾ ਭਾਵ ਨਿਰੰਤਰ ਵਧ ਰਿਹਾ ਹੈ। ਨੀਤੀ ਨਿਰਮਾਣ ਨਾਲ ਜੁੜੇ ਉਨ੍ਹਾਂ ਦੇ ਮਨਮਾਨੇ ਅਤੇ ਇਕਤਰਫ਼ਾ ਰਵੱਈਏ ਦਾ ਅਸਰ ਅਮਰੀਕਾ ਦੇ ਦੋਸਤਾਂ ਦੇ ਨਾਲ-ਨਾਲ ਉਸ ਦੇ ਮੁਕਾਬਲੇਬਾਜ਼ਾਂ ’ਤੇ ਵੀ ਸਮਾਨ ਤੌਰ ’ਤੇ ਪੈ ਰਿਹਾ ਹੈ। ਯੂਕ੍ਰੇਨ-ਰੂਸ ਜੰਗ, ਪੱਛਮੀ ਏਸ਼ੀਆ ਵਿੱਚ ਜਾਰੀ ਟਕਰਾਅ, ਦੱਖਣੀ ਏਸ਼ੀਆ ਵਿੱਚ ਦਹਿਸ਼ਤਗਰਦੀ ਦਾ ਵਧਦਾ ਪ੍ਰਕੋਪ ਅਤੇ ਚੀਨ ਦੇ ਹਮਲਾਵਰ ਰੌਂਅ ਵਿੱਚ ਹੋ ਰਹੇ ਵਾਧੇ ਵਰਗੇ ਪਹਿਲੂ ਵੀ ਕੌਮਾਂਤਰੀ ਮਾਮਲਿਆਂ ਦੀ ਦਸ਼ਾ-ਦਿਸ਼ਾ ’ਤੇ ਆਪਣਾ ਅਸਰ ਪਾ ਰਹੇ ਹਨ।

ਸਮੇਂ ਦੇ ਨਾਲ ਆਲਮੀ ਮਾਮਲਿਆਂ ਵਿੱਚ ਭਾਰਤ ਦੀ ਭੂਮਿਕਾ ਵੀ ਵਧੀ ਹੈ, ਤਾਂ ਆਲਮੀ ਢਾਂਚੇ ਨੂੰ ਨਵਾਂ ਆਕਾਰ ਦੇਣ ਵਿੱਚ ਭਾਰਤੀਆਂ ਦੀਆਂ ਉਮੀਦਾਂ ਵੀ ਉਸੇ ਅਨੁਪਾਤ ਵਿੱਚ ਵਧ ਰਹੀਆਂ ਹਨ। ਅਬਜ਼ਰਵਰ ਰਿਸਰਚ ਫਾਊਂਡੇਸ਼ਨ (ਓਆਰਐੱਫ) ਨੇ ਇੱਕ ਸਰਵੇ ਜ਼ਰੀਏ ਇਨ੍ਹਾਂ ਆਸਾਂ-ਉਮੀਦਾਂ ਦੀ ਥਾਹ ਲੈਣ ਦਾ ਯਤਨ ਕੀਤਾ ਹੈ। ਇਸ ਵਿੱਚ ਕੁੱਝ ਦਿਲਚਸਪ ਸੰਕੇਤ ਉੱਭਰਦੇ ਹਨ। ਇਸ ਵਾਰ ਓ.ਆਰ.ਐੱਫ. ਦਾ ਵਿਦੇਸ਼ ਨੀਤੀ ਸਬੰਧੀ ਸਰਵੇ ਚੀਨ ਦੀਆਂ ਚੁਣੌਤੀਆਂ ਦੇ ਸਬੰਧ ਵਿੱਚ ਨੌਜਵਾਨ ਭਾਰਤ ਦੇ ਮਨ ਦੀ ਥਾਹ ਲੈਣ ’ਤੇ ਕੇਂਦਰਿਤ ਹੈ। ਆਖ਼ਰ ਦੇਸ਼ ਦਾ ਨੌਜਵਾਨ ਵਰਗ ਵਿਦੇਸ਼ ਨੀਤੀ ਸਬੰਧੀ ਫ਼ੈਸਲਿਆਂ ਅਤੇ ਚੁਣੌਤੀਆਂ ਨੂੰ ਕਿਸ ਰੂਪ ਵਿੱਚ ਦੇਖਦਾ ਹੈ। ਇਸ ਸਰਵੇ ਵਿੱਚ ਦੇਸ਼ ਦੇ 19 ਸ਼ਹਿਰਾਂ ਵਿੱਚ 11 ਭਾਸ਼ਾਵਾਂ ਜ਼ਰੀਏ 18 ਤੋਂ 35 ਸਾਲ ਦੀ ਉਮਰ ਵਰਗ ਦੇ ਪੰਜ ਹਜ਼ਾਰ ਤੋਂ ਵੱਧ ਨੌਜਵਾਨ ਮੁੰਡਿਆਂ-ਕੁੜੀਆਂ ਨਾਲ ਗੱਲਬਾਤ ਕੀਤੀ ਗਈ।

ਕਿਉਂਕਿ ਇਹ ਸਰਵੇ ਬੀਤੇ ਸਾਲ 22 ਜੁਲਾਈ ਤੋਂ 26 ਸਤੰਬਰ ਵਿਚਾਲੇ ਹੋਇਆ, ਇਸ ਲਈ ਇਸ ਵਿੱਚ ਟਰੰਪ ਦੇ ਦੁਬਾਰਾ ਅਮਰੀਕਾ ਦੀ ਕਮਾਨ ਸੰਭਾਲਣ ਦੇ ਪ੍ਰਭਾਵ ਤੋਂ ਲੈ ਕੇ ਪਹਿਲਗਾਮ ਅੱਤਵਾਦੀ ਹਮਲੇ ਅਤੇ ਉਸ ਦੇ ਜਵਾਬ ਵਿੱਚ ਆਪ੍ਰੇਸ਼ਨ ਸਿੰਧੂਰ ਵਰਗੀ ਮੁਹਿੰਮ ਅਤੇ ਭਾਰਤ-ਪਾਕਿਸਤਾਨ ਵਿਚਾਲੇ ਵਧੇ ਤਣਾਅ ’ਤੇ ਨਜ਼ਰੀਆ ਸਾਹਮਣੇ ਨਹੀਂ ਆ ਸਕਿਆ ਪਰ ਇਸ ਦੀ ਵਿਆਪਕ ਝਲਕ ਜ਼ਰੂਰ ਮਿਲਦੀ ਹੈ ਕਿ ਵਰਤਮਾਨ ਆਲਮੀ ਹਾਲਾਤ ਅਤੇ ਉਨ੍ਹਾਂ ਪ੍ਰਤੀ ਭਾਰਤ ਦੇ ਦ੍ਰਿਸ਼ਟੀਕੋਣ ਨੂੰ ਲੈ ਕੇ ਸਾਡਾ ਨੌਜਵਾਨ ਵਰਗ ਕੀ ਸੋਚਦਾ-ਸਮਝਦਾ ਹੈ ?

ਸਭ ਤੋਂ ਪ੍ਰਮੁੱਖ ਪਹਿਲੂ ਤਾਂ ਇਹ ਉੱਭਰਿਆ ਕਿ ਭਾਰਤ ਦੀ ਵਿਦੇਸ਼ ਨੀਤੀ ਪ੍ਰਤੀ ਸਮਰਥਨ ਵਿੱਚ ਨਿਰੰਤਰ ਵਾਧਾ ਹੋ ਰਿਹਾ ਹੈ ਅਤੇ ਲਗਪਗ 88 ਪ੍ਰਤੀਸ਼ਤ ਉੱਤਰਦਾਤਿਆਂ ਦਾ ਰਵੱਈਆ ਇਸ ਨੂੰ ਲੈ ਕੇ ਹਾਂ-ਪੱਖੀ ਹੈ। ਮੌਜੂਦਾ ਹਾਲਾਤ ਨਾਲ ਸਿੱਝਣ ਵਿੱਚ ਭਾਰਤ ਦੀ ਸਫਲਤਾ ਨੂੰ ਲੈ ਕੇ ਇਹ ਵਧਦੇ ਭਰੋਸੇ ਦਾ ਪ੍ਰਤੀਕ ਹੈ।

ਚੀਨ ਨੂੰ ਲੈ ਕੇ ਭਾਵਨਾਵਾਂ ਦਾ ਮੁਲਾਂਕਣ ਕਰਨਾ ਸੀ ਤਾਂ ਉੱਤਰਦਾਤਿਆਂ ਵਿਚਾਲੇ ਵੀ ਇਸ ਮੁੱਦੇ ਦੀ ਅਹਿਮੀਅਤ ਬਾਖ਼ੂਬੀ ਮਹਿਸੂਸ ਹੋਈ ਤੇ 89 ਪ੍ਰਤੀਸ਼ਤ ਨੇ ਮੰਨਿਆ ਕਿ ਚੀਨ ਨਾਲ ਸਰਹੱਦੀ ਵਿਵਾਦ ਭਾਰਤ ਵਾਸਤੇ ਸਭ ਤੋਂ ਵੱਡੀ ਚੁਣੌਤੀ ਹੈ। ਇਸ ਤੋਂ ਬਾਅਦ 86 ਪ੍ਰਤੀਸ਼ਤ ਨੇ ਪਾਕਿਸਤਾਨ ਪ੍ਰਾਯੋਜਿਤ ਅੱਤਵਾਦ ਨੂੰ ਦੂਜੀ, ਜਦਕਿ 85 ਫ਼ੀਸਦ ਨੇ ਪਾਕਿਸਤਾਨ ਨਾਲ ਸਰਹੱਦੀ ਵਿਵਾਦ ਨੂੰ ਤੀਜੀ ਸਭ ਤੋਂ ਵੱਡੀ ਚੁਣੌਤੀ ਦੇ ਰੂਪ ਵਿਚ ਦੱਸਿਆ।

ਭਾਵੇਂ ਹੀ ਭਾਰਤ-ਚੀਨ ਨੇ ਤਣਾਅ ਘਟਾਉਣ ਦੀ ਦਿਸ਼ਾ ਵਿੱਚ ਕੁਝ ਯਤਨ ਕੀਤੇ ਹਨ ਪਰ ਬੇਭਰੋਸਗੀ ਦੀ ਖੱਡ ਇੰਨੀ ਡੂੰਘੀ ਹੈ ਕਿ ਰਿਸ਼ਤਿਆਂ ਵਿੱਚ ਸੁਧਾਰ ਨੂੰ ਲੈ ਕੇ ਉਮੀਦ ਬਹੁਤ ਘੱਟ ਦਿਸ ਰਹੀ ਹੈ। ਇਕ ਸਾਲ ਪਹਿਲਾਂ ਚੀਨ ਨੂੰ ਲੈ ਕੇ ਭਰੋਸੇ ਦੀ ਜੋ ਕਮੀ ਸੀ, ਉਹ ਹੋਰ ਜ਼ਿਆਦਾ ਵਧ ਗਈ ਹੈ। ਗਲਵਾਨ ਦੇ ਹਿੰਸਕ ਸੰਘਰਸ਼ ਤੋਂ ਪੰਜ ਸਾਲ ਬਾਅਦ ਵੀ ਚੀਨ ਪ੍ਰਤੀ ਦੂਰੀ ਘੱਟ ਨਹੀਂ ਹੋਈ ਹੈ। ਜ਼ਿਆਦਾਤਰ ਨੌਜਵਾਨ ਵਰਗ ਉਸ ਦੇ ਉੱਭਰਨ ਨੂੰ ਲੈ ਕੇ ਫ਼ਿਕਰਮੰਦ ਹੋਣ ਦੇ ਨਾਲ ਹੀ ਉਸ ਨੂੰ ਇੱਕ ਫ਼ੌਜੀ ਖ਼ਤਰੇ ਦੇ ਤੌਰ ’ਤੇ ਵੀ ਦੇਖਦਾ ਹੈ। ਇਨ੍ਹਾਂ ’ਚੋਂ 81 ਫ਼ੀਸਦ ਉੱਤਰਦਾਤੇ ਤਿੱਬਤ ’ਤੇ ਨਾਜਾਇਜ਼ ਕਬਜ਼ੇ ਨੂੰ ਰਿਸ਼ਤਿਆਂ ਵਿੱਚ ਵੱਡਾ ਅੜਿੱਕਾ ਮੰਨਦੇ ਹਨ। ਲਗਪਗ 84% ਨੌਜਵਾਨ ਆਰਥਿਕ ਸਾਂਝੇਦਾਰੀ ’ਤੇ ਰਾਸ਼ਟਰੀ ਸੁਰੱਖਿਆ ਨੂੰ ਤਰਜੀਹ ਦਿੰਦੇ ਹਨ ਜੋ ਚੀਨ ਤੋਂ ਦਰਾਮਦ ਘਟਾਉਣ ਦੇ ਵੱਡੇ ਹਮਾਇਤੀ ਹਨ। ਓਥੇ ਹੀ, 79 ਪ੍ਰਤੀਸ਼ਤ ਯੁਵਾ ਵਰਗ ਦਾ ਮੰਨਣ ਹੈ ਕਿ ਚੀਨ ਦੇ ਬੀ.ਆਰ.ਆਈ. ਪ੍ਰਾਜੈਕਟ ਤੋਂ ਦੂਰ ਰਹਿਣ ਦਾ ਫ਼ੈਸਲਾ ਸਾਡੇ ਲਈ ਬਹੁਤ ਜ਼ਿਆਦਾ ਹਿਤਕਾਰੀ ਹੈ।

ਭਾਰਤ ਦੇ ਲੋਕਾਂ ਅਤੇ ਖ਼ਾਸ ਤੌਰ ’ਤੇ ਨੌਜਵਾਨ ਵਰਗ ਵਿਚਾਲੇ ਰਣਨੀਤਕ ਮੁਹਾਂਦਰੇ ’ਤੇ ਹਿੰਦ ਮਹਾਸਾਗਰ ਖੇਤਰ ਦਾ ਮਹੱਤਵ ਵਧਿਆ ਹੈ। ਇਸ ਤੋਂ ਬਾਅਦ ਦੱਖਣੀ ਏਸ਼ੀਆ ਅਤੇ ਹਿੰਦ-ਪ੍ਰਸ਼ਾਂਤ ਖੇਤਰ ਦੀ ਵਾਰੀ ਆਉਂਦੀ ਹੈ। ਇਸ ਵਿੱਚ ਸਮੁੰਦਰੀ ਮੁਹਾਜ਼ ’ਤੇ ਚੀਨ ਦੇ ਵਧਦੇ ਦਖ਼ਲ ਦੀ ਚਿੰਤਾ ਝਲਕਦੀ ਹੈ। ਭਾਰਤ ਦੀ ‘ਨੇਬਰ ਫਸਟ’ ਨੀਤੀ ਨੂੰ ਵੀ ਭਰਪੂਰ ਸਮਰਥਨ ਮਿਲ ਰਿਹਾ ਹੈ।

ਸਭ ਤੋਂ ਵੱਧ 72 ਪ੍ਰਤੀਸ਼ਤ ਨੌਜਵਾਨ ਨੇਪਾਲ ਨੂੰ ਸਭ ਤੋਂ ਭਰੋਸੇਮੰਦ ਗੁਆਂਢੀ ਦੇ ਤੌਰ ’ਤੇ ਦੇਖਦੇ ਹਨ। ਇਸ ਤੋਂ ਬਾਅਦ ਭੂਟਾਨ ਅਤੇ ਸ੍ਰੀਲੰਕਾ ਦਾ ਸਥਾਨ ਆਉਂਦਾ ਹੈ। ਬੰਗਲਾਦੇਸ਼ ਨੂੰ ਲੈ ਕੇ ਭਰੋਸਾ 2022 ਤੋਂ ਲਗਾਤਾਰ ਘਟਦਾ ਜਾ ਰਿਹਾ ਹੈ। ਪਾਕਿਸਤਾਨ ਤੇ ਅਫ਼ਗਾਨਿਸਤਾਨ ਪ੍ਰਤੀ ਸਭ ਤੋਂ ਵੱਧ ਸ਼ੰਕਾ ਬਣੀ ਹੋਈ ਹੈ ਪਰ ਅਫ਼ਗਾਨਿਸਤਾਨ ਨੂੰ ਲੈ ਕੇ ਨਜ਼ਰੀਆ ਬੀਤੇ ਸਾਲ ਦੇ ਮੁਕਾਬਲੇ ਥੋੜ੍ਹਾ ਸੁਧਰਿਆ ਹੈ ਜਦਕਿ ਪਹਿਲਗਾਮ ਦੀ ਅੱਤਵਾਦੀ ਘਟਨਾ ਅਤੇ ਆਪ੍ਰੇਸ਼ਨ ਸਿੰਧੂਰ ਤੋਂ ਬਾਅਦ ਤਾਂ ਪਾਕਿਸਤਾਨ ਨੂੰ ਲੈ ਕੇ ਭਾਵਨਾਵਾਂ ਯਕੀਨਨ ਹੋਰ ਤਲਖ਼ ਹੋਈਆਂ ਹੋਣਗੀਆਂ।

ਚਾਹੇ ਕਵਾਡ ਵਰਗੇ ਸੰਗਠਨ ਵਿੱਚ ਸਹਿਯੋਗੀਆਂ ਨਾਲ ਰਿਸ਼ਤਿਆਂ ਨੂੰ ਨਿੱਘਾ ਬਣਾਉਣਾ ਹੋਵੇ ਜਾਂ ਰੂਸ ਵਰਗੇ ਸਦਾਬਹਾਰ ਦੋਸਤ ਨੂੰ ਸੇਧ ਕੇ ਰੱਖਣਾ, ਰਣਨੀਤਕ ਖ਼ੁਦਮੁਖਤਾਰੀ ਨੂੰ ਲੈ ਕੇ ਭਾਰਤ ਦੇ ਉਪਰਾਲਿਆਂ ਨੂੰ ਨੌਜਵਾਨ ਵਰਗ ਦੀ ਸਰਾਹਨਾ ਮਿਲ ਰਹੀ ਹੈ।

ਸਭ ਤੋਂ ਵੱਧ ਹਾਂ-ਪੱਖੀ ਰਵੱਈਆ ਅਮਰੀਕਾ ਨੂੰ ਲੈ ਕੇ ਦਿਸਿਆ ਜਿਸ ਵਿੱਚ 86 ਪ੍ਰਤੀਸ਼ਤ ਨੌਜਵਾਨ ਉਸ ਨਾਲ ਰਿਸ਼ਤਿਆਂ ਨੂੰ ਤਸੱਲੀਬਖ਼ਸ਼ ਮੰਨਦੇ ਹੋਏ ਅਗਲੇ ਦਸ ਸਾਲਾਂ ਵਿੱਚ ਉਸ ਨੂੰ ਸਭ ਤੋਂ ਵੱਡੇ ਵਪਾਰਕ ਜੋਟੀਦਾਰ ਦੇ ਰੂਪ ਵਿੱਚ ਦੇਖ ਰਹੇ ਹਨ। ਕਿਉਂਕਿ ਇਹ ਭਾਵਨਾਵਾਂ ਬੀਤੇ ਕੁਝ ਸਮੇਂ ਤੋਂ ਪਰਵਾਨ ਚੜ੍ਹ ਰਹੇ ਰਿਸ਼ਤਿਆਂ ਦੇ ਆਧਾਰ ’ਤੇ ਪਨਪੀਆਂ ਹਨ, ਇਸ ਲਈ ਟਰੰਪ ਦੇ ਵਤੀਰੇ ਨੂੰ ਦੇਖਦੇ ਹੋਏ ਆਗਾਮੀ ਦਿਨਾਂ ਵਿੱਚ ਕਝ ਅਲੱਗ ਤਸਵੀਰ ਦਿਸ ਸਕਦੀ ਹੈ। ਉਹ ਆਪਣੇ ਬਿਆਨਾਂ ’ਤੇ ਟਿਕਦੇ ਨਹੀਂ, ਇਸ ਕਾਰਨ ਉਨ੍ਹਾਂ ਦੀ ਭਰੋਸੇਯੋਗਤਾ ਦਾਅ ’ਤੇ ਲੱਗੀ ਹੋਈ ਹੈ। ਉਹ ਕਈ ਮੌਕਿਆਂ ’ਤੇ ਭਾਰਤ ਨੂੰ ਵੀ ਡਰਾਉਣ-ਧਮਕਾਉਣ ਦਾ ਯਤਨ ਕਰ ਚੁੱਕੇ ਹਨ, ਇਸ ਲਈ ਭਾਰਤ ਨੂੰ ਟਰੰਪ ’ਤੇ ਅੱਖਾਂ ਬੰਦ ਕਰ ਕੇ ਹਰਗਿਜ਼ ਯਕੀਨ ਨਹੀਂ ਕਰਨਾ ਚਾਹੀਦਾ। ਹੁਣ ਤਾਂ ਟਰੰਪ ਭਾਰਤ ਨੂੰ ਇਹ ਧਮਕੀ ਦੇ ਰਹੇ ਹਨ ਕਿ ਜੇ ਰੂਸ ਤੋਂ ਤੇਲ ਖ਼ਰੀਦਣਾ ਜਾਰੀ ਰੱਖਿਆ ਤਾਂ 100 ਪ੍ਰਤੀਸ਼ਤ ਟੈਰਿਫ ਲਗਾ ਦਿੱਤਾ ਜਾਵੇਗਾ।

ਹਾਲਾਂਕਿ 54 ਪ੍ਰਤੀਸ਼ਤ ਨੌਜਵਾਨ ਹਾਲੇ ਵੀ ਮੰਨਦੇ ਹਨ ਕਿ ਚੀਨੀ ਚੁਣੌਤੀ ਦੀ ਕਾਟ ਲਈ ਭਾਰਤ ਨੂੰ ਅਮਰੀਕਾ ਨਾਲ ਆਪਣੀ ਜੁਗਲਬੰਦੀ ਹੋਰ ਬਿਹਤਰ ਕਰਨੀ ਚਾਹੀਦੀ ਹੈ। ਜਿੱਥੇ ਕਵਾਡ ਨੂੰ ਲੈ ਕੇ ਉਤਸ਼ਾਹ ਹੈ, ਓਥੇ ਹੀ ਸ਼ੰਘਾਈ ਸਹਿਯੋਗ ਸੰਗਠਨ ਯਾਨੀ ਐੱਸ.ਸੀ.ਓ. ਨੂੰ ਲੈ ਕੇ ਸੰਦੇਹ ਹੈ ਕਿਉਂਕਿ ਇਸ ਵਿੱਚ ਚੀਨ ਦਾ ਦਬਦਬਾ ਹੈ।

ਜ਼ਿਆਦਾਤਰ ਨੌਜਵਾਨ ਵਰਗ ਲਈ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਿੱਚ ਭਾਰਤ ਦੀ ਸਥਾਈ ਮੈਂਬਰੀ ਦਾ ਮੁੱਦਾ ਬਹੁਤ ਮਹੱਤਵਪੂਰਨ ਹੈ ਤਾਂ ਇੱਕ ਵੱਡਾ ਵਰਗ ਜੀ-7 ਵਰਗੇ ਸਮੂਹ ਵਿੱਚ ਵੀ ਭਾਰਤ ਨੂੰ ਪੱਕੇ ਤੌਰ ’ਤੇ ਮੈਂਬਰ ਦੇ ਰੂਪ ਵਿੱਚ ਦੇਖਣਾ ਚਾਹੁੰਦਾ ਹੈ ਤਾਂ ਜੋ ਇਸ ਵਿੱਚ ਸ਼ਾਮਲ ਹੋਰ ਵਿਕਸਤ ਦੇਸ਼ਾਂ ਦੇ ਨਾਲ ਸਰਗਰਮੀ ਵਧਾ ਕੇ ਆਪਣੇ ਹਿੱਤਾਂ ਨੂੰ ਪੋਸ਼ਿਤ ਕੀਤਾ ਜਾ ਸਕੇ।

ਸਰਵੇਖਣ ਦੇ ਨਾਲ ਕੌਮਾਂਤਰੀ ਮਾਮਲਿਆਂ ਵਿੱਚ ਚੌਕਸ ਭਾਰਤੀਆਂ ਦੀ ਦਿਲਚਸਪੀ ਇਹ ਦਰਸਾਉਂਦੀ ਹੈ ਕਿ ਭਾਰਤ ਦੇ ਸਾਹਮਣੇ ਚੁਣੌਤੀਆਂ ਨੂੰ ਲੈ ਕੇ ਉਨ੍ਹਾਂ ਵਿੱਚ ਅਤੇ ਖ਼ਾਸ ਤੌਰ ’ਤੇ ਨੌਜਵਾਨ ਵਰਗ ਵਿੱਚ ਡੂੰਘੀ ਸਮਝ ਹੈ।

ਆਉਣ ਵਾਲੇ ਸਮੇਂ ਵਿੱਚ ਉਨ੍ਹਾਂ ਦੇ ਦ੍ਰਿਸ਼ਟੀਕੋਣ ਵਿੱਚ ਕੁਝ ਬਦਲਾਅ ਵੀ ਪ੍ਰਤੱਖ ਦਿਸਣਗੇ ਪਰ ਜਿਸ ਤਰ੍ਹਾਂ ਦੇ ਹਾਲਾਤ ਆਕਾਰ ਲੈ ਰਹੇ ਹਨ, ਉਸ ਵਿੱਚ ਉਨ੍ਹਾਂ ਦੇ ਮਨੋਭਾਵਾਂ ਨੂੰ ਹੋਰ ਮਜ਼ਬੂਤੀ ਹੀ ਮਿਲੇਗੀ। ਅਜਿਹਾ ਇਸ ਲਈ, ਕਿਉਂਕਿ ਚੀਨ-ਪਾਕਿਸਤਾਨ ਦੀ ਖ਼ਤਰਨਾਕ ਹੁੰਦੀ ਜੋੜੀ ਨੂੰ ਲੈ ਕੇ ਉਹ ਪਹਿਲਾਂ ਤੋਂ ਹੀ ਸਾਵਧਾਨ ਹਨ। ਇਹ ਵੀ ਧਿਆਨ ਰਹੇ ਕਿ ਚੀਨ-ਅਮਰੀਕੀ ਮੁਕਾਬਲੇਬਾਜ਼ੀ ਪਹਿਲਾਂ ਤੋਂ ਹੀ ਭਾਰਤ ਦੀ ਵਿਦੇਸ਼ ਨੀਤੀ ਨੂੰ ਨਿਰਧਾਰਤ ਕਰਨ ਦਾ ਧੁਰਾ ਬਣੀ ਹੋਈ ਹੈ।

(ਪੰਤ ਅਬਜ਼ਰਵਰ ਰਿਸਰਚ ਫਾਊਂਡੇਸ਼ਨ ਵਿੱਚ ਉਪ ਮੁਖੀ ਅਤੇ ਸ਼ੇਖਾਵਤ ਜੂਨੀਅਰ ਫੈਲੋ ਹੈ)।

# ਕੀ ਨਾਬਰਾਬਰੀ ਸਬੰਧੀ ਸਰਕਾਰੀ ਦਾਅਵੇ ਝੂਠੇ ਹਨ ?



ਅਭੈ ਕੁਮਾਰ ਦੂਬੇ



ਪਿਛਲੇ ਕੁਝ ਮਹੀਨਿਆਂ ਦੌਰਾਨ ਕਈ ਸੰਸਥਾਵਾਂ ਨੇ ਭਾਰਤ ਵਿੱਚ ਲੋਕਾਂ ਦੀ ਆਮਦਨੀ ਦਾ ਅਧਿਐਨ ਕਰ ਕੇ 'ਇਨਕਮ ਦੇ ਪਿਰਾਮਿਡ' ਬਣਾ ਕੇ ਦਿਖਾਏ ਹਨ। ਇਨ੍ਹਾਂ ਕੋਸ਼ਿਸ਼ਾਂ ਦਾ ਨਤੀਜਾ ਇਹ ਨਿਕਲਿਆ ਕਿ ਦੇਸ਼ ਦੇ 90 ਫ਼ੀਸਦੀ ਲੋਕਾਂ ਦੀ ਅਸਲ ਮਾੜੀ ਹਾਲਤ ਸਾਹਮਣੇ ਆ ਗਈ ਹੈ। ਇਸ ਦਾ ਦੂਜਾ ਨਤੀਜਾ ਇਹ ਨਿਕਲਿਆ ਕਿ ਸਰਕਾਰ ਦੇ ਵੱਡੇ-ਵੱਡੇ ਦਾਅਵਿਆਂ 'ਤੇ ਸਵਾਲੀਆ ਨਿਸ਼ਾਨ ਲੱਗ ਗਏ ਹਨ। ਸਰਕਾਰ ਦਾ ਕਹਿਣਾ ਹੈ ਕਿ ਇਸ ਸਮੇਂ ਦੇਸ਼ ਦੀ ਅਰਥਵਿਵਸਥਾ ਦੁਨੀਆ 'ਚ 5ਵੇਂ ਸਥਾਨ 'ਤੇ ਹੈ, ਜੋ ਜਲਦੀ ਹੀ ਤੀਜੇ ਨੰਬਰ ਦੀ ਅਰਥਵਿਵਸਥਾ ਬਣ ਜਾਵੇਗੀ। ਹੋਰ ਤਾਂ ਹੋਰ ਸਰਕਾਰ ਦਾ ਇਹ ਵੀ ਦਾਅਵਾ ਹੈ ਕਿ ਉਹ 2047 ਤੱਕ ਦੇਸ਼ ਦੀ ਆਜ਼ਾਦੀ ਦੇ 100ਵੇਂ ਸਾਲ ਪੂਰੇ ਹੋਣ ਤੱਕ ਭਾਰਤ ਨੂੰ ਵਿਕਸਿਤ ਬਣਾ ਦੇਵੇਗੀ ਅਤੇ ਦੇਸ਼ ਦੁਨੀਆ ਦੀ ਸਰਬੋਤਮ ਅਰਥਵਿਵਸਥਾ 'ਚੋਂ ਇੱਕ ਹੋਵੇਗਾ। ਵਿਕਸਿਤ ਭਾਰਤ ਦਾ ਨਾਅਰਾ ਵੀ ਇਸੇ ਦਾਅਵੇ ਦੇ ਮੱਦੇਨਜ਼ਰ ਦਿੱਤਾ ਜਾਂਦਾ ਹੈ। ਆਮਦਨ ਦੇ ਇਨ੍ਹਾਂ ਪਿਰਾਮਿਡਾਂ ਨੇ ਅਜਿਹੀਆਂ ਸਭ ਦਾਅਵੇਦਾਰੀਆਂ ਦੀਆਂ ਹਵਾ ਕੱਢ ਦਿੱਤੀ ਹੈ। ਇਹ ਦੇਖ ਕੇ ਸਰਕਾਰ ਨੇ ਸੋਚਿਆ ਕਿ ਕਿਉਂ ਨਾ ਇਸ ਚਰਚਾ ਨੂੰ ਪੱਟੜੀ ਤੋਂ ਉਤਾਰਨ ਲਈ ਕੋਈ ਹੋਰ ਵਧਾਅ-ਚੜ੍ਹਾਅ ਕੇ ਦਾਅਵਾ ਕੀਤਾ ਜਾਵੇ।

ਦਰਅਸਲ ਲੋਕਤੰਤਰੀ ਰਾਜਨੀਤੀ ਵਿੱਚ ਅੱਧੇ ਸੱਚ ਦਾ ਚਾਲਾਕੀ ਨਾਲ ਇਸਤੇਮਾਲ ਕਰਕੇ ਕਈ ਤਰ੍ਹਾਂ ਦੇ ਸੰਕਟਾਂ ਦਾ ਪ੍ਰਬੰਧਨ ਕੀਤਾ ਜਾਂਦਾ ਹੈ। ਭਾਵੇਂ ਅੱਜ ਮੀਡੀਆ ਸੱਤਾਪੱਖੀ, ਇਕਪਾਸੜ ਅੰਕੜਿਆਂ ਤੇ ਬਿਰਤਾਂਤਾਂ ਦੇ ਜ਼ਰੀਏ ਪ੍ਰਬੰਧਨ ਮੁਹਾਰਤ ਨਾਲ ਸਿਆਸੀ ਨੁਕਸਾਨ ਘਟਾ ਦਿੰਦਾ ਹੈ, ਪਰ ਆਰਥਿਕ ਸੰਕਟ ਅਜਿਹਾ ਹੈ, ਜਿਸ ਦਾ ਪ੍ਰਭਾਵ ਪ੍ਰਬੰਧਨ ਦੇ ਇਨ੍ਹਾਂ ਹਥਕੰਡਿਆਂ ਨਾਲ ਘੱਟ ਨਹੀਂ ਹੁੰਦਾ। ਮਹਿੰਗਾਈ (ਮੁਦਰਾ ਸਫ਼ੀਤੀ) ਦੇ ਅੰਕੜਿਆਂ ਨੂੰ ਡੇਟਾ-ਚਲਾਕੀ ਦੇ ਜ਼ਰੀਏ ਕਿੰਨਾ ਵੀ ਘੱਟ ਕਰ ਕੇ ਦਿਖਾਉਂਦੇ ਰਹੋ, ਜੇਕਰ ਮਹਿੰਗਾਈ ਸੱਚਮੁੱਚ ਵਧੀ ਹੋਈ ਹੈ ਤਾਂ ਉਹ ਰਾਜਨੀਤਕ ਨਾਰਾਜ਼ਗੀ ਨੂੰ ਵਧਾ ਕੇ ਮੰਨੇਗੀ। ਇਸੇ ਤਰ੍ਹਾਂ ਵਧੀ ਹੋਈ ਬੇਰੁਜ਼ਗਾਰੀ ਦਾ ਗੁੱਸਾ ਨੌਜਵਾਨਾਂ ਤੇ ਪੜ੍ਹੇ-ਲਿਖਿਆਂ ਦੀ ਨਾਰਾਜ਼ਗੀ ਨਾਲ ਨਿਕਲਣਾ ਲਾਜ਼ਮੀ ਹੈ, ਭਾਵੇਂ ਬੇਰੁਜ਼ਗਾਰਾਂ ਦੀ ਸੰਖਿਆ ਨੂੰ ਵੱਖ-ਵੱਖ ਵਿਧੀਆਂ ਨਾਲ ਕਿੰਨਾ ਵੀ ਘੱਟ ਕਰ ਕੇ ਕਿਉਂ ਨਾ ਦਿਖਾਇਆ ਜਾਵੇ। ਇਸੇ ਤਰ੍ਹਾਂ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਦੇ ਅੰਕੜਿਆਂ ਨੂੰ ਦਿਲ-ਖਿੱਚਵੇਂ ਤਾਂ ਬਣਾਇਆ ਜਾ ਸਕਦਾ ਹੈ, ਪਰ ਇਨ੍ਹਾਂ ਦੇ ਆਧਾਰ 'ਤੇ ਨਿੱਜੀ ਖੇਤਰ ਨੂੰ ਅਰਥਵਿਵਸਥਾ ਵਿੱਚ ਨਿਵੇਸ਼ ਕਰਨ ਲਈ ਤਿਆਰ ਨਹੀਂ ਕੀਤਾ ਜਾ ਸਕਦਾ। ਭਾਵੇਂ 'ਮੇਕ ਇਨ ਇੰਡੀਆ' ਦੇ ਕਿੰਨੇ ਵੀ ਦਾਅਵੇ ਕਿਉਂ ਨਾ ਕੀਤੇ ਜਾਣ, ਪਰ ਉਪਭੋਗਤਾਵਾਂ ਨੂੰ ਬਾਜ਼ਾਰ ਵਿੱਚ ਇਹ ਦੇਖਣ ਤੋਂ ਕੋਈ ਨਹੀਂ ਰੋਕ ਸਕਦਾ, ਜਿੱਥੇ ਸਾਰਾ ਚੀਨ ਦਾ ਮਾਲ ਭਰਿਆ ਪਿਆ ਹੈ।ਸਰਕਾਰ ਚੰਗੀ ਤਰ੍ਹਾਂ ਨਾਲ ਜਾਣਦੀ ਹੈ ਕਿ ਪ੍ਰਤੀ ਵਿਅਕਤੀ ਆਮਦਨੀ ਦੇ ਲਿਹਾਜ਼ ਨਾਲ ਸਾਡਾ ਦੇਸ਼ ਇਕ ਘੱਟ ਆਮਦਨ ਵਰਗ ਵਾਲੇ ਦੇਸ਼ਾਂ 'ਚ ਆਉਂਦਾ ਹੈ। ਜੇਕਰ ਉੱਪਰ ਦੇ 10-12 ਫ਼ੀਸਦੀ ਲੋਕਾਂ ਨੂੰ ਛੱਡ ਦਿੱਤਾ ਜਾਵੇ ਤਾਂ ਬਾਕੀ ਦੇ ਲੋਕ ਕਿਸੇ ਨਾ ਕਿਸੇ ਪੱਧਰ 'ਤੇ ਗਰੀਬੀ ਤੇ ਥੁੜਾਂ ਦਾ ਸਾਹਮਣਾ ਕਰ ਰਹੇ ਹਨ। ਇਸ ਦੇ ਬਾਵਜੂਦ ਸਰਕਾਰ ਆਪਣੇ ਬੁੱਧੀਜੀਵੀਆਂ ਤੇ ਮਾਹਿਰਾਂ ਦੀ ਮਦਦ ਨਾਲ ਵਿਚ-ਵਿਚਾਲਾ ਕਰ ਕੇ ਅੰਕੜਾ ਪ੍ਰਬੰਧਨ ਦੀ ਮਦਦ ਨਾਲ ਦਾਅਵੇ ਕਰਦੀ ਰਹਿੰਦੀ ਹੈ, ਕਿ ਦੇਸ਼ ਵਿੱਚ ਗ਼ਰੀਬੀ ਘਟ ਰਹੀ ਹੈ ਜਾਂ ਆਰਥਿਕ ਖੜੋਤ 'ਚ ਕਮੀ ਆ ਰਹੀ ਹੈ, ਪਰ ਜਿਉਂ ਹੀ ਇਨ੍ਹਾਂ ਅੰਕੜਿਆਂ ਦੀ ਜਾਂਚ ਕੀਤੀ ਜਾਂਦੀ ਹੈ ਤਾਂ ਇਹ ਦਾਅਵੇ ਆਪਣੇ ਮੂੰਹ ਲੁਕਾਉਂਦੇ ਫ਼ਿਰਦੇ ਹਨ। ਐਨ.ਆਈ.ਟੀ.ਆਈ. ਕਮਿਸ਼ਨ ਵੱਲੋਂ 2024 ਦੀਆਂ ਚੋਣਾਂ ਤੋਂ ਕੁਝ ਸਮਾਂ ਪਹਿਲਾਂ ਗ਼ਰੀਬੀ ਘੱਟ ਹੋਣ ਦਾ ਕਥਿਤ ਦਾਅਵਾ ਕੀਤਾ ਗਿਆ ਸੀ, ਜਿਸ ਦੀ ਵਰਤੋਂ ਪ੍ਰਧਾਨ ਮੰਤਰੀ ਨੇ ਬੜੀ ਕਾਹਲੀ ਨਾਲ ਆਪਣੇ ਭਾਸ਼ਨ 'ਚ ਕਰ ਦਿੱਤੀ। ਪਰ ਬਾਅਦ ਵਿੱਚ ਪਤਾ ਲੱਗਾ ਕਿ ਇਹ ਦਾਅਵਾ ਕਮਿਸ਼ਨ ਦਾ ਨਹੀਂ ਸੀ, ਸਗੋਂ ਨਿੱਜੀ ਪੱਧਰ 'ਤੇ ਲਿਖ ਕੇ ਕਮਿਸ਼ਨ ਅੱਗੇ ਪੇਸ਼ ਕੀਤੇ ਗਏ ਇੱਕ ਲੇਖ 'ਚ ਕੀਤਾ ਗਿਆ ਸੀ। ਸਪੱਸ਼ਟ ਹੈ ਕਿ ਕਮਿਸ਼ਨ ਨੇ ਇਸ ਦਾਅਵੇ ਦੀ ਅਧਿਕਾਰਤ ਤੌਰ 'ਤੇ ਕਦੇ ਪੁਸ਼ਟੀ ਨਹੀਂ ਕੀਤੀ। ਇਸ ਮਹੀਨੇ ਵਿਸ਼ਵ ਬੈਂਕ ਦੇ ਹਵਾਲੇ ਨਾਲ ਸਰਕਾਰ ਵੱਲੋਂ ਇੱਕ ਨਵਾਂ ਦਾਅਵਾ ਕੀਤਾ ਗਿਆ ਹੈ ਕਿ ਭਾਰਤ ਦੁਨੀਆ ਵਿੱਚ ਸਭ ਤੋਂ ਘੱਟ ਨਾ-ਬਰਾਬਰੀ ਵਾਲਾ ਚੌਥਾ ਦੇਸ਼ ਬਣ ਗਿਆ ਹੈ। ਆਰਥਿਕ ਮਾਮਲਿਆਂ ਦੇ ਜਾਣਕਾਰਾਂ ਨੇ ਇਸ ਦਾਅਵੇ ਦੀਆਂ ਵੀ ਧੱਜੀਆਂ ਉਡਾ ਦਿੱਤੀਆਂ ਹਨ।

ਅਸੀਂ ਜਾਣਦੇ ਹਾਂ ਕਿ ਵਿਸ਼ਵ ਬੈਂਕ ਹੋਵੇ ਜਾਂ ਅੰਤਰਰਾਸ਼ਟਰੀ ਮੁਦਰਾ ਫ਼ੰਡ ਇਹ ਸੰਗਠਨ ਕਿਸੇ ਵੀ ਦੇਸ਼ ਦੀ ਅਰਥਵਿਵਸਥਾ ਦੇ ਅੰਕੜੇ ਸੁਤੰਤਰ ਰੂਪ ਵਿੱਚ ਇੱਕਠੇ ਨਹੀਂ ਕਰਦੇ। ਉਹ ਉਨ੍ਹਾਂ ਅੰਕੜਿਆਂ ਦੇ ਆਧਾਰ 'ਤੇ ਹੀ ਆਪਣੇ ਅਨੁਮਾਨ ਲਗਾਉਂਦੇ ਹਨ, ਜੋ ਸਰਕਾਰਾਂ ਉਨ੍ਹਾਂ ਨੂੰ ਮੁਹੱਈਆ ਕਰਵਾਉਂਦੀਆਂ ਹਨ। ਇਸੇ ਮਹੀਨੇ ਵਿਸ਼ਵ ਬੈਂਕ ਦੇ 'ਪਾਵਰਟੀ ਐਂਡ ਇਕੁਇਟੀ ਬ੍ਰੀਫ਼' ਵਿੱਚ ਦੱਸਿਆ ਗਿਆ ਹੈ ਕਿ ਭਾਰਤ ਦਾ 2011-12 ਵਿੱਚ ਖ਼ਰਚ ਆਧਾਰਿਤ 'ਜਿਨੀ ਇੰਡੈਕਸ' 28.8 ਸੀ, ਜੋ 2022-23 ਵਿੱਚ ਘਟ ਕੇ 25.5 ਰਹਿ ਗਿਆ ਹੈ। ਵਿਸ਼ਵ ਬੈਂਕ ਦੀ ਇਸ ਸੰਖੇਪ ਜਾਣਕਾਰੀ ਨੂੰ ਫ਼ੜ ਕੇ ਸਰਕਾਰ ਨੇ ਤੁਰੰਤ ਭਾਰਤ ਨੂੰ ਨਾਬਰਾਬਰੀ ਘਟਾਉਣ ਵਾਲੀ ਦੁਨੀਆ ਦੀ ਚੌਥੀ ਅਰਥਵਿਵਸਥਾ ਐਲਾਨ ਦਿੱਤਾ। ਇਥੇ ਚਲਾਕੀ ਵਰਤਦਿਆਂ ਵਿਸ਼ਵ ਬੈਂਕ ਦੁਆਰਾ ਕਹੀ ਗਈ ਪੂਰੀ ਗੱਲ ਨੂੰ ਵੀ ਛੁਪਾ ਲਿਆ ਗਿਆ, ਕਿਉਂਕਿ ਬੈਂਕ ਨੇ ਨਾਲ ਹੀ ਇਹ ਵੀ ਕਿਹਾ ਸੀ ਕਿ ਹੋ ਸਕਦਾ ਹੈ ਕਿ ਉਸ ਨੇ ਨਾਬਰਾਬਰੀ ਬਾਰੇ ਘੱਟ ਅਨੁਮਾਨ ਲਗਾਇਆ ਹੈ, ਕਿਉਂਕਿ ਉਨ੍ਹਾਂ ਕੋਲ ਅੰਕੜੇ ਸੀਮਤ ਸਨ। ਇਸ ਤੋਂ ਬਾਅਦ ਬੈਂਕ ਨੇ ਇਹ ਵੀ ਕਿਹਾ ਕਿ ਵਿਸ਼ਵ ਨਾ-ਬਰਾਬਰੀ ਡੇਟਾਬੇਸ ਦਿਖਾਉਂਦਾ ਹੈ ਕਿ ਆਮਦਨੀ ਸੰਬੰਧੀ ਨਾਬਰਾਬਰੀ ਦਾ 'ਜਿਨੀ ਇੰਡੈਕਸ' 2004 ਦੇ 52 ਤੋਂ ਵਧ ਕੇ 2023 ਵਿੱਚ 62 ਹੋ ਗਿਆ ਹੈ। ਸਪੱਸ਼ਟ ਹੈ ਕਿ ਸਰਕਾਰ ਨੇ ਬੈਂਕ ਨੂੰ ਆਮਦਨੀ ਸੰਬੰਧੀ ਅੰਕੜੇ ਨਹੀਂ ਦਿੱਤੇ ਜਾਂ ਬਹੁਤ ਘੱਟ ਦਿੱਤੇ ਹਨ, ਜੋ ਦਿੱਤੇ ਗਏ ਉਹ ਖਰਚ ਸੰਬੰਧੀ ਅੰਕੜੇ ਸਨ।ਇਥੇ ਸਰਕਾਰ ਦੀ ਨੀਅਤ ਖਰਚ ਸੰਬੰਧੀ ਅੰਕੜਿਆਂ ਨੂੰ ਆਪਣੇ ਪੱਖ ਵਿੱਚ ਪੇਸ਼ ਕਰਨ ਦੀ ਸੀ, ਪਰ ਇਹ ਅੰਕੜੇ ਪਹਿਲੀ ਨਜ਼ਰੇ ਸੱਚਾਈ ਤੋਂ ਦੂਰ ਸਾਬਤ ਹੋ ਜਾਂਦੇ ਹਨ। ਕੀ ਕਿਸੇ ਨੂੰ ਯਕੀਨ ਹੋਵੇਗਾ ਕਿ ਭਾਰਤ ਦੇ ਸਭ ਤੋਂ ਅਮੀਰ 5 ਫ਼ੀਸਦੀ ਲੋਕ ਸਾਲ ਭਰ ਵਿੱਚ ਪ੍ਰਤੀ ਵਿਅਕਤੀ ਢਾਈ ਲੱਖ ਰੁਪਏ ਲਗਭਗ (20,824/- ਰੁਪਏ ਪ੍ਰਤੀ ਮਹੀਨਾ) ਹੀ ਖ਼ਰਚ ਕਰਦੇ ਹਨ ? ਸੱਚਾਈ ਤਾਂ ਇਹ ਹੈ ਕਿ ਇਹ ਲੋਕ ਬਾਹਰ ਰੈਸਟੋਰੈਂਟਾਂ 'ਚ ਖਾਣ-ਪੀਣ, ਵਿਦੇਸ਼ਾਂ ਤੇ ਭਾਰਤ ਵਿੱਚ ਸੈਰ-ਸਪਾਟਾ ਕਰਨ, ਡਿਜ਼ਾਈਨਰ ਕੱਪੜੇ, ਮਹਿੰਗੀਆਂ ਘੜੀਆਂ ਤੇ ਇਲੈਕਟ੍ਰਾਨਿਕ ਸਾਮਾਨ ਖਰੀਦਣ ਵਿੱਚ ਇਸ ਤੋਂ ਕਈ ਗੁਣਾ ਜ਼ਿਆਦਾ ਖ਼ਰਚ ਕਰਦੇ ਹਨ। ਇਸ ਦੇ ਮੁਕਾਬਲੇ ਦਿੱਲੀ ਤੇ ਮੁੰਬਈ ਵਿੱਚ ਰਹਿਣ ਵਾਲਾ 4 ਲੋਕਾਂ ਦਾ ਆਮ ਪਰਿਵਾਰ (ਜੋ ਦੇਸ਼ ਦੀ ਆਬਾਦੀ ਦਾ ਕਰੀਬ 80 ਫ਼ੀਸਦੀ ਹਨ) ਦੱਸਦਾ ਹੈ ਕਿ ਉਹ ਹਰ ਮਹੀਨੇ 30,692 ਰੁਪਏ ਖ਼ਰਚ ਕਰਦੇ ਹਨ। ਅਜਿਹੇ ਅੰਕੜਿਆਂ ਨਾਲ ਜੋ ਤੁਲਨਾਤਮਿਕ 'ਜਿਨੀ ਇੰਡੈਕਸ' ਬਣਦੀ ਹੈ, ਉਹ ਸਾਡੀ ਆਰਥਿਕ ਅਸਲੀਅਤ ਦੀ ਨੁਮਾਇੰਦਗੀ ਨਹੀਂ ਕਰਦੀ।

ਆਰਥਿਕ ਨਾਬਰਾਬਰੀ ਦੀ ਚਰਚਾ ਕਰਦੇ ਸਮੇਂ ਸਾਨੂੰ ਹਮੇਸ਼ਾ ਆਮਦਨੀ ਤੇ ਸੰਪਤੀ ਸੰਬੰਧੀ ਮਾਲਕੀ ਦੇ ਅੰਕੜਿਆਂ 'ਤੇ ਹੀ ਗ਼ੌਰ ਕਰਨਾ ਚਾਹੀਦਾ ਹੈ। ਅਸਲੀਅਤ ਇਹ ਹੈ ਕਿ ਦੇਸ਼ ਦੇ ਅਮੀਰ 10 ਫ਼ੀਸਦੀ ਲੋਕਾਂ ਦੀ ਆਮਦਨੀ ਦਾ ਹਿੱਸਾ ਦੇਸ਼ ਦੀ ਕੁੱਲ ਆਮਦਨ ਦਾ 57.7 ਫ਼ੀਸਦੀ ਹੈ, ਜਦਕਿ ਹੇਠਲੇ 50 ਫ਼ੀਸਦੀ ਲੋਕਾਂ ਦੀ ਹਿੱਸੇਦਾਰੀ ਸਿਰਫ਼ 14.6 ਫ਼ੀਸਦੀ ਹੈ।

ਸੰਪਤੀਆਂ ਦੇ ਲਿਹਾਜ ਨਾਲ ਦੇਖਿਆ ਜਾਵੇ ਤਾਂ ਉੱਪਰਲੇ 10 ਫ਼ੀਸਦੀ ਲੋਕ 65 ਫ਼ੀਸਦੀ ਸੰਪਤੀਆਂ ਦੇ ਮਾਲਕ ਹਨ, ਜਦਕਿ ਹੇਠਲੇ 50 ਫ਼ੀਸਦੀ ਲੋਕਾਂ ਕੋਲ ਸਿਰਫ਼ 6.4 ਫ਼ੀਸਦੀ ਸੰਪਤੀ ਹੈ। ਸਪੱਸ਼ਟ ਹੈ ਕਿ ਆਮਦਨੀ ਤੋਂ ਵੀ ਜ਼ਿਆਦਾ ਨਾ-ਬਰਾਬਰੀ ਸੰਪਤੀਆਂ ਦੇ ਮਾਮਲੇ ਵਿੱਚ ਹੈ। ਬਾਕੀ ਦੇ 30 ਫ਼ੀਸਦੀ ਲੋਕ ਭਾਵੇਂ ਆਪਣੀ ਰੋਜ਼ੀ-ਰੋਟੀ ਚਲਾ ਲੈਂਦੇ ਹਨ, ਪਰ ਉਨ੍ਹਾਂ ਦੀ ਆਮਦਨੀ ਇੰਨੀ ਨਹੀਂ ਹੁੰਦੀ ਕਿ ਉਹ ਆਪਣੀਆਂ ਮਨਭਾਉਂਦੀਆਂ ਚੀਜ਼ਾਂ ਦੀ ਖ਼ਰੀਦਦਾਰੀ ਕਰ ਸਕਣ।

ਗੱਲ ਖ਼ਤਮ ਕਰਨ ਤੋਂ ਪਹਿਲਾਂ ਇਸ ਗੱਲ 'ਤੇ ਵੀ ਗ਼ੌਰ ਕਰਨਾ ਜ਼ਰੂਰੀ ਹੈ ਕਿ ਜੀ.ਐਸ.ਟੀ. ਦਾ 64 ਫ਼ੀਸਦੀ ਇਨ੍ਹਾਂ ਹੇਠਲੇ 50 ਫ਼ੀਸਦੀ ਲੋਕਾਂ ਕੋਲੋਂ ਹੀ ਆਉਂਦਾ ਹੈ, ਜਦਕਿ ਉਪਰਲੇ 10 ਫ਼ੀਸਦੀ ਲੋਕ ਜੀ.ਐਸ.ਟੀ. ਦਾ ਸਿਰਫ਼ 4 ਫ਼ੀਸਦੀ ਹੀ ਦਿੰਦੇ ਹਨ।

**-ਲੇਖਕ ਅੰਬੇਡਕਰ ਯੂਨੀਵਰਸਿਟੀ, ਦਿੱਲੀ ਵਿੱਚ ਪ੍ਰੋਫ਼ੈਸਰ ਤੇ ਭਾਰਤੀ ਭਾਸ਼ਾਵਾਂ 'ਚ ਅਭਿਲੇਖਾਗਰੀ ਸੋਧ ਪ੍ਰੋਗਰਾਮ ਦੇ ਨਿਰਦੇਸ਼ਕ ਰਹਿ ਚੁੱਕੇ ਹਨ।**

# ਕੀ ਰਾਜਨੀਤਕ ਪਾਰਟੀਆਂ ਜਾਤੀਵਾਦ ਲਈ ਜ਼ਿੰਮੇਵਾਰ ਨੇ ?

ਰਵਿੰਦਰ ਚੋਟ



ਹੁਣੇ ਹੁਣੇ ਹੀ ਭਾਰਤ ਸਰਕਾਰ ਵੱਲੋਂ ਮਰਦਮਸ਼ੁਮਾਰੀ ਦਾ ਐਲਾਨ ਕੀਤਾ ਗਿਆ ਹੈ। ਭਾਵੇਂ ਇਹ ਪਹਿਲੀ ਮਰਦਮਸ਼ੁਮਾਰੀ ਨਹੀਂ ਹੈ, ਸਗੋਂ ਇਹ 16ਵੀਂ ਮਰਦਮਸ਼ੁਮਾਰੀ ਹੈ। ਇਸ ਤੋਂ ਪਹਿਲਾਂ ਮਰਦਮਸ਼ੁਮਾਰੀ 2011 ਵਿੱਚ ਸ੍ਰ. ਮਨਮੋਹਨ ਸਿੰਘ ਦੀ ਵਜ਼ਾਰਤ ਵੇਲੇ ਕਰਵਾਈ ਗਈ ਸੀ। ਹੁਣ 16 ਸਾਲਾਂ ਬਾਅਦ ਫ਼ਿਰ ਮਰਦਮਸ਼ੁਮਾਰੀ ਇੱਕ ਅਪ੍ਰੈਲ 2026 ਨੂੰ ਸ਼ੁਰੂ ਹੋਣ ਜਾ ਰਹੀ ਹੈ। ਇਸ ਵਾਰੀ ਹੋ ਰਹੀ ਮਰਦਮਸ਼ੁਮਾਰੀ ਵਿੱਚ ਖਾਸ ਵਾਧਾ ਇਹ ਕੀਤਾ ਗਿਆ ਹੈ ਕਿ ਹਰ ਭਾਰਤ ਵਾਸੀ ਦੀ ਜਾਤ ਦੀ ਨਿਰਖ-ਪਰਖ ਵੀ ਕੀਤੀ ਜਾਵੇਗੀ। ਭਾਵੇਂ 2011 ਵਾਲੀ ਮਰਦਮਸ਼ੁਮਾਰੀ ਵੇਲੇ ਬਣੀ ਕੈਬਨਿਟ ਕਮੇਟੀ ਨੇ ਵੀ ਇਸ ਮੁੱਦੇ 'ਤੇ ਵਿਚਾਰ ਕਰ ਕੇ ਇਹ ਪਾਸ ਕੀਤਾ ਸੀ ਕਿ ਮਰਦਮਸ਼ੁਮਾਰੀ ਵੇਲੇ ਭਾਰਤ ਵਾਸੀਆਂ ਦਾ ਸਮਾਜਿਕ, ਆਰਥਿਕ ਅਤੇ ਜਾਤ ਵੇਰਵਾ ਲਿਆ ਜਾਵੇ, ਪਰ ਮਰਦਮਸ਼ੁਮਾਰੀ ਵੇਲੇ ਜਾਤ 'ਤੇ ਬਹੁਤਾ ਜ਼ੋਰ ਨਹੀਂ ਸੀ ਦਿੱਤਾ ਗਿਆ।

ਇਹ ਮਰਦਮਸ਼ੁਮਾਰੀ ਦੋ ਪੜਾਵਾਂ ਵਿੱਚ ਕਰਵਾਈ ਜਾਵੇਗੀ। ਪਹਿਲੇ ਪੜਾਅ ਵਿੱਚ ਮਕਾਨਾਂ ਦੀ ਗਿਣਤੀ ਕਰਨ ਦੇ ਨਾਲ-ਨਾਲ ਰਹਿਣ ਸਹਿਣ ਦੇ ਹਾਲਾਤ 'ਤੇ ਸਹੂਲਤਾਂ ਦੀ ਜਾਣਕਾਰੀ ਇਕੱਠੀ ਕੀਤੀ ਜਾਵੇਗੀ। ਪਹਿਲਾ ਪੜਾਅ ਤਕਰੀਬਨ ਡੇਢ ਮਹੀਨੇ ਵਿੱਚ ਪੂਰਾ ਹੋਣ ਦੀ ਸੰਭਾਵਨਾ ਦੱਸੀ ਗਈ ਹੈ। ਦੂਜੇ ਪੜਾਅ ਵਿੱਚ ਅਸਲੀ ਆਬਾਦੀ ਗਿਣੀ ਜਾਵੇਗੀ। ਹਰ ਘਰ ਵਿੱਚ ਰਹਿਣ ਵਾਲੇ ਪ੍ਰਾਣੀਆਂ ਦਾ ਵੇਰਵਾ ਇਕੱਠਾ ਕੀਤਾ ਜਾਵੇਗਾ, ਜਿਸ ਵਿੱਚ ਬਿਜਲੀ, ਪਾਣੀ, ਗੈਸ, ਹੋਰ ਰਸੋਈ ਵਿੱਚ ਵਰਤੇ ਜਾਣ ਵਾਲੇ ਉਪਕਰਨ, ਕੰਧਾਂ-ਫ਼ਰਸ਼ 'ਤੇ ਵਰਤੀ ਗਈ ਸਮੱਗਰੀ, ਦੋ ਪਹੀਆ ਤੇ ਚਾਰ ਪਹੀਆ ਵਾਹਨ ਆਦਿ ਦਾ ਵੇਰਵਾ ਲਿਆ ਜਾਵੇਗਾ। ਮਰਦਮਸ਼ੁਮਾਰੀ ਦੇ ਐਲਾਨ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਸਾਡੇ ਦੇਸ਼ ਦੇ ਜਿਹੜੇ ਇਲਾਕਿਆਂ ਵਿੱਚ ਬਰਫ਼ ਪੈਂਦੀ ਹੈ ਜਿਵੇਂ ਲੱਦਾਖ, ਜੰਮੂ-ਕਸ਼ਮੀਰ, ਹਿਮਾਚਲ ਅਤੇ ਉੱਤਰਾਖੰਡ ਦੇ ਬਰਫ਼ੀਲੇ ਇਲਾਕਿਆਂ ਵਿੱਚ ਜ਼ਿਆਦਾ ਬਰਫ਼ ਪੈਣ ਤੋਂ ਪਹਿਲਾਂ ਹੀ ਮਰਦਮਸ਼ੁਮਾਰੀ ਕਰਵਾ ਲਈ ਜਾਵੇਗੀ। ਇਹ ਮਰਦਮਸ਼ੁਮਾਰੀ ਪਹਿਲੀ ਮਾਰਚ 2027 ਤੱਕ ਪੂਰੀ ਹੋ ਜਾਵੇਗੀ।

ਅੰਗਰੇਜ਼ ਹਕੂਮਤ ਵੇਲੇ ਵੀ ਮਰਦਮਸ਼ੁਮਾਰੀ 1881 ਤੋਂ 1931 ਤੱਕ ਜਾਤ ਆਧਾਰਿਤ ਕਰਵਾਈ ਜਾਂਦੀ ਰਹੀ ਹੈ। ਉਨ੍ਹਾਂ ਦੀ ਨੀਤੀ 'ਵੰਡੋ ਤੇ ਰਾਜ ਕਰੋ' ਦੀ ਸੀ, ਜਿਸ ਵਿੱਚ ਉਹ ਸਫ਼ਲ ਵੀ ਰਹੇ। ਆਜ਼ਾਦ ਭਾਰਤ ਵਿੱਚ ਵੀ ਸੰਨ 1951 ਵਿੱਚ ਅਨਸੂਚਿਤ ਜਾਤਾਂ ਅਤੇ ਅਨਸੂਚਿਤ ਕਬੀਲਿਆਂ ਦੀ ਗਿਣਤੀ ਕਰਵਾਈ ਗਈ ਸੀ। ਹੁਣ 1931 ਤੋਂ ਬਾਅਦ ਫ਼ਿਰ ਉਸੇ ਤਰੀਕੇ ਨਾਲ ਜਾਤ ਆਧਾਰਿਤ ਮਰਦਮਸ਼ੁਮਾਰੀ ਕਰਵਾਈ ਜਾ ਰਹੀ ਹੈ। ਇਸ ਮਰਦਮਸ਼ੁਮਾਰੀ ਦੇ ਨਾਲ-ਨਾਲ ਕੌਮੀ ਆਬਾਦੀ ਰਜਿਸਟਰ (ਐਨ.ਪੀ.ਆਰ) ਵੀ ਪੂਰਾ ਕਰਨ ਦੀ ਸੰਭਾਵਨਾ ਹੈ। ਇਸ ਮਰਦਮਸ਼ੁਮਾਰੀ ਅਤੇ ਕੌਮੀ ਆਬਾਦੀ ਰਜਿਸਟਰ ਦਾ ਮੰਤਵ ਦੱਸਿਆ ਜਾ ਰਿਹਾ ਹੈ ਕਿ ਇਸ ਦੇ ਅੰਕੜਿਆਂ ਦੀ ਸਹਾਇਤਾ ਨਾਲ ਆਬਾਦੀ ਵਿੱਚ ਆ ਰਹੇ ਬਦਲਾਅ, ਅਬਾਦੀ ਦੀ ਆਰਥਿਕ ਹਾਲਤ ਅਤੇ ਉਨ੍ਹਾਂ ਦੇ ਵਿਸ਼ਵਾਸਾਂ ਤੇ ਰੀਤੀ-ਰਿਵਾਜਾਂ ਬਾਰੇ ਖੋਜ ਹੋ ਸਕੇਗੀ। ਇਹ ਵੀ ਕਿਹਾ ਜਾਂਦਾ ਹੈ ਇਸ ਨਾਲ ਔਰਤਾਂ ਦਾ ਸੰਸਦ, ਅਸੈਂਬਲੀਆਂ ਤੇ ਹੋਰ ਅਦਾਰਿਆਂ ਵਿੱਚ ਰਾਖਵਾਂਕਰਨ ਨਿਰਧਾਰਤ ਕਰਨ ਵਿੱਚ ਮਦਦ ਮਿਲੇਗੀ। ਜਾਤ ਤੇ ਬਰਾਦਰੀਆਂ ਨੂੰ ਉਨ੍ਹਾਂ ਦਾ ਬਣਦਾ ਹੱਕ ਦਿੱਤਾ ਜਾ ਸਕਦਾ ਹੈ। ਇਸ ਮੁਹਿੰਮ ਵਿੱਚ ਲਗਭਗ 34 ਲੱਖ ਗਿਣਤੀਕਾਰ ਤੇ ਨਿਰੀਖਕ ਕੰਮ ਕਰਨਗੇ। ਇਨ੍ਹਾਂ ਤੋਂ ਇਲਾਵਾ ਤੀਹ ਹਜ਼ਾਰ ਜਨਗਣਨਾ ਅਧਿਕਾਰੀ ਵੀ ਕੰਮ ਕਰਨਗੇ। ਕਿਉਂਕਿ ਇਹ ਮਰਦਮਸ਼ੁਮਾਰੀ ਡਿਜੀਟਲ ਉਪਕਰਨ ਰਾਹੀਂ ਕੀਤੀ ਜਾਵੇਗੀ। ਇਸ ਲਈ 1.3 ਲੱਖ ਉਪਕਰਨ ਵਰਤੇ ਜਾਣਗੇ। ਇਸ ਕਵਾਇਦ ਤੇ 13000 ਕਰੋੜ ਖ਼ਰਚ ਆਉਣ ਦੀ ਸੰਭਾਵਨਾ ਹੈ। ਇਹ ਸਹੂਲਤ ਵੀ ਦਿੱਤੀ ਗਈ ਹੈ ਕਿ ਰਜਿਸਟਰਾਰ ਜਨਰਲ ਆਫ਼ ਇੰਡੀਆ ਦੇ ਪੋਰਟਲ 'ਤੇ ਵਿਅਕਤੀ ਖੁਦ ਵੀ ਆਪਣੀ ਸਾਰੀ ਜਾਣਕਾਰੀ ਭਰ ਸਕਣਗੇ।

2011 ਦੀ ਮਰਦਮਸ਼ੁਮਾਰੀ ਮੁਤਾਬਕ ਅਬਾਦੀ ਦੀ ਵੰਡ ਇਸ ਤਰ੍ਹਾਂ ਸੀ- 18.46% ਅਨਸੂਚਿਤ ਜਾਤੀਆਂ ਨਾਲ ਸੰਬੰਧਿਤ ਸਨ, 10.97% ਸ਼ਡਿਊਲ ਟਰਾਈਬਜ਼ ਨਾਲ ਸਬੰਧਿਤ ਅਤੇ 68.52% ਹੋਰ ਜਾਤਾਂ ਦੇ ਲੋਕ ਸਨ ਅਤੇ 2.04% ਲੋਕਾਂ ਨੇ ਆਪਣੀ ਕੋਈ ਵੀ ਜਾਤ ਨਹੀਂ ਲਿਖਵਾਈ ਸੀ। ਹੁਣ ਹੋਣ ਵਾਲੀ ਮਰਦਮਸ਼ੁਮਾਰੀ ਦੇ ਨਤੀਜੇ ਇਨ੍ਹਾਂ ਤੋਂ ਬਿਲਕੁਲ ਭਿੰਨ ਆਉਣ ਦੀ ਸੰਭਾਵਨਾ ਲਗਦੀ ਹੈ ਕਿਉਂਕਿ ਆਬਾਦੀ ਵਿੱਚ ਬਹੁਤ ਵਾਧਾ ਹੋ ਚੁੱਕਾ ਹੈ ਅਤੇ ਜਾਤੀ ਵਖਰੇਵੇਂ ਵੀ ਵਧ ਚੁੱਕੇ ਹਨ। ਜਾਤ ਸਪੈਨਿਸ਼ ਸ਼ਬਦ ਕਾਸਟਾ ਤੋਂ ਸਾਡੇ ਕੋਲ ਆਇਆ ਜਿਸ ਦਾ ਅਰਥ ਹੈ ਸਾਡਾ ਖਾਨਦਾਨ ਜਾਂ ਕਬੀਲਾ। ਪਰ ਸਾਡੇ ਦੇਸ਼ ਵਿੱਚ ਤਾਂ ਇਸ ਨੂੰ ਹੋਰ ਹੀ ਰੰਗਤ ਦੇ ਦਿੱਤੀ ਗਈ ਹੈ। 2011 ਦੀ ਮਰਦਮਸ਼ੁਮਾਰੀ ਵੇਲੇ ਸਾਰੇ ਦੇਸ਼ ਵਿੱਚ 46 ਲੱਖ ਜਾਤਾਂ ਦੀ ਗਿਣਤੀ ਕੀਤੀ ਗਈ ਸੀ। ਹੁਣ ਤਾਂ ਇੱਕ ਜਾਤ ਵਿੱਚ ਕਿੰਨੀਆਂ ਉਪ ਜਾਤਾਂ ਪੈਦਾ ਹੋ ਚੁੱਕੀਆਂ ਹਨ। ਭਾਵੇਂ ਮਰਦਮਸ਼ੁਮਾਰੀ ਦਾ ਕੰਮ/ਮੁੱਦਾ ਸੰਵਿਧਾਨ ਦੇ ਆਰਟੀਕਲ 246 ਮੁਤਾਬਕ ਕੇਂਦਰ ਸਰਕਾਰ ਨਾਲ ਸੰਬੰਧਿਤ ਹੈ ਜਿਹੜਾ ਕਿ ਯੂਨੀਅਨ ਲਿਸਟ ਦੇ ਸੱਤਵੇਂ ਸ਼ਡਿਊਲ ਵਿੱਚ 69 ਨੰਬਰ 'ਤੇ ਦਰਜ ਹੈ। ਪਰ ਕਈ ਸੂਬਿਆਂ ਨੇ ਜਾਤਾਂ ਦਾ ਰਾਜਨੀਤਕ ਲਾਭ ਲੈਣ ਲਈ ਆਪਣੇ ਤੌਰ 'ਤੇ ਵੀ ਜਾਤਾਂ 'ਤੇ ਆਧਾਰਿਤ ਮਰਦਮਸ਼ੁਮਾਰੀ ਕਰਵਾਈ ਸੀ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਰਾਜਨੀਤਕ ਪਾਰਟੀਆਂ ਜਾਤ ਆਧਾਰਿਤ ਮਰਦਮਸ਼ੁਮਾਰੀ ਤੋਂ ਕੀ ਲਾਭ ਲੈਣਾ ਚਾਹੁੰਦੀਆਂ ਹਨ ? ਸਾਡਾ ਸੰਵਿਧਾਨ ਦੇਸ਼ ਦੇ ਹਰ ਨਾਗਰਿਕ ਨੂੰ ਇਕੋ ਅੱਖ ਨਾਲ ਵੇਖਦਾ ਹੈ। ਕਿਸੇ ਜਾਤ ਬਰਾਦਰੀ ਨੂੰ ਉੱਚਾ ਜਾਂ ਨੀਵਾਂ ਨਹੀਂ ਸਮਝਦਾ। ਸੰਵਿਧਾਨ ਨੇ ਬਰਾਬਰਤਾ ਦੇ ਨਾਲ ਨਾਲ ਆਰਥਿਕ ਤੌਰ 'ਤੇ ਪਛੜੀਆਂ ਸ਼੍ਰੇਣੀਆਂ ਨੂੰ ਬਰਾਬਰ ਪੱਧਰ 'ਤੇ ਲਿਆਉਣ ਲਈ ਦਸ ਸਾਲ ਲਈ ਰਾਖਵਾਂਕਰਨ ਦਿੱਤਾ ਸੀ। ਪਰ ਰਾਜਨੀਤਕ ਪਾਰਟੀਆਂ ਨੇ ਹੁਣ ਤਕ ਇਸ ਨੂੰ ਵੀ ਆਪਣੀ ਕੁਰਸੀ ਦੇ ਹਿੱਤਾਂ ਲਈ ਵਰਤਿਆ ਹੈ। ਪਿਛਲੀਆਂ ਪਾਰਲੀਮੈਂਟ ਦੀਆਂ ਚੋਣਾਂ ਵੇਲੇ ਕਾਂਗਰਸ ਦੇ ਮੁੱਖ ਆਗੂ ਰਾਹੁਲ ਗਾਂਧੀ ਨੇ ਇਹ ਮੰਗ ਉਠਾਈ ਸੀ ਕਿ ਮਰਦਮਸ਼ੁਮਾਰੀ ਜਾਤ ਦੇ ਆਧਾਰ 'ਤੇ ਕਰਵਾਈ ਜਾਵੇ। ਇਸ ਮੱਦ ਨੂੰ ਉਨ੍ਹਾਂ ਨੇ ਚੋਣਾਂ ਦਾ ਮੁੱਖ ਮੁੱਦਾ ਬਣਾ ਕੇ ਆਪਣੀਆਂ ਚੋਣ ਰੈਲੀਆਂ ਵਿੱਚ ਖ਼ੂਬ ਪ੍ਰਚਾਰ ਕੀਤਾ। ਕਾਂਗਰਸ ਪਾਰਟੀ ਨੇ ਸ਼ੁਰੂ ਤੋਂ ਹੀ ਇਸ ਪੱਤੇ ਨੂੰ ਖ਼ੂਬ ਵਰਤਿਆ ਅਤੇ ਦਲਿਤ ਵੋਟ ਬੈਂਕ ਦੇ ਸਿਰ ਤੇ ਉਹ ਬਹੁਤ ਸਾਰੀਆਂ ਚੋਣਾਂ ਜਿੱਤਦੀ ਰਹੀ। ਉਨ੍ਹਾਂ ਨੇ ਤਾਂ ਇੱਥੋਂ ਤੱਕ ਵੀ ਕੀਤਾ ਜਦੋਂ ਪਿੰਡਾਂ ਵਿੱਚ ਦਲਿਤ ਲੋਕ ਅਤੇ ਅਖੌਤੀ ਜਨਰਲ ਵਰਗ ਇੱਕ ਦੂਜੇ ਦੇ ਨੇੜੇ ਰਿਹਾਇਸ਼ ਕਰਨ ਲੱਗੇ ਤਾਂ ਕਾਂਗਰਸ ਨੂੰ ਵੋਟ ਬੈਂਕ ਨੂੰ ਖੋਰਾ ਲੱਗਣ ਦਾ ਖਦਸ਼ਾ ਹੋਇਆਂ ਤਾਂ

(ਬਾਕੀ ਸਫ਼ਾ 31 'ਤੇ)

# ਪੰਜਾਬ ਪੁਲਿਸ, ਗੈਂਗਸਟਰ, ਕ੍ਰਾਈਮ ਅਤੇ ਝੂਠੇ ਮੁਕਾਬਲਿਆਂ ਦਾ ਕਾਲਾ ਅਧਿਆਏ


ਬਘੇਲ ਸਿੰਘ ਧਾਲੀਵਾਲ
99142-58142




ਪੰਜਾਬ, ਜਿਹੜਾ ਆਪਣੀ ਵੀਰਤਾ ਅਤੇ ਸੱਭਿਆਚਾਰਕ ਵਿਰਸੇ ਲਈ ਜਾਣਿਆ ਜਾਂਦਾ ਹੈ, ਅੱਜ-ਕੱਲ੍ਹ ਇੱਕ ਅਜਿਹੇ ਦੌਰ ਵਿੱਚੋਂ ਲੰਘ ਰਿਹਾ ਹੈ, ਜਿੱਥੇ ਅਪਰਾਧ ਅਤੇ ਪੁਲਿਸ ਦੀ ਕਾਰਗੁਜ਼ਾਰੀ ਨੇ ਲੋਕਾਂ ਦਾ ਜੀਣ ਮੁਹਾਲ ਕਰ ਦਿੱਤਾ ਹੈ। ਸਰਕਾਰ ਦੀਆਂ ਰਿਪੋਰਟਾਂ ਨੂੰ ਹੀ ਸਹੀ ਮੰਨੀਏ ਤਾਂ ਇਸ ਵੇਲੇ ਪੰਜਾਬ ਵਿੱਚ ਹਜ਼ਾਰਾਂ ਨੌਜਵਾਨ ਹਨ ਜੋ ਜੀਵਨ ਦੀ ਸਹੀ ਤੋਰ ਤੋਂ ਭਟਕ ਕੇ ਗੈਂਗਸਟਰਾਂ ਦਾ ਜੀਵਨ ਜੀਉ ਰਹੇ ਹਨ। ਸਿੱਧੇ ਸਾਦੇ ਨੌਜਵਾਨ ਪੜ੍ਹਨ ਦੀ ਉਮਰੇ ਅਜਿਹੇ ਪੁੱਠੇ ਕਾਰਿਆਂ ਵਿੱਚ ਕਿਉਂ ਫ਼ਸ ਜਾਂਦੇ ਹਨ, ਜੋ ਉਹਨਾਂ ਦੀ ਬਰਬਾਦੀ ਦਾ ਕਾਰਨ ਬਣਦੇ ਹਨ। ਸਭ ਤੋਂ ਪਹਿਲਾ ਅਤੇ ਵੱਡਾ ਕਾਰਨ ਸਾਡੇ ਰਾਜਨੀਤਕ ਲੀਡਰ ਹਨ। ਅੱਜਕੱਲ੍ਹ ਰਾਜਨੀਤੀ ਵਿੱਚ ਗੁੰਡਾਗਰਦੀ ਦੇ ਅੰਸ਼ ਵਧ ਰਹੇ ਹਨ। ਜਿਹੜੀ ਵੀ ਧਿਰ ਸ਼ਕਤੀ ਵਿੱਚ ਆਉਂਦੀ ਹੈ, ਉਹੀ ਵਿਰੋਧੀਆਂ ਨੂੰ ਦਬਾਉਣ ਲਈ ਗੁੰਡਾ ਅਨਸਰਾਂ ਦਾ ਸਹਾਰਾ ਲੈਂਦੀ ਹੈ। ਇੱਕ ਲੀਡਰ (ਵਿਸ਼ੇਸ਼ ਤੌਰ ’ਤੇ ਸਾਡੇ ਐੱਮ. ਐੱਲ. ਏਜ.) ਅਤੇ ਉਸਦੇ ਇਲਾਕੇ ਵਿੱਚ ਰਹਿਣ ਵਾਲੇ ਉਸਦੇ ਨੇੜਲੇ ਆਦਮੀਆਂ ਦੁਆਲੇ ਅਜਿਹੇ ਨੌਜਵਾਨ ਜੁੜ ਜਾਂਦੇ ਹਨ, ਜੋ ਨਜਾਇਜ਼ ਕਬਜ਼ੇ ਕਰਨ ਅਤੇ ਇਲਾਕੇ ਵਿੱਚ ਹੁੰਦੇ ਝਗੜਿਆਂ ਵਿੱਚ ਘੜੰਮ ਚੌਧਰੀ ਬਣਨ ਦੀ ਲਾਲਸਾ ਰੱਖਦੇ ਹਨ। ਇਹ ਛੋਟੇ ਛੋਟੇ ਲੀਡਰ ਵੱਡੇ ਲੀਡਰ ਦੀ ਹਮਾਇਤ ਅਤੇ ਪੁਲਿਸ ਦੀ ਮਦਦ ਨਾਲ ਆਪਣੀ ਚੱਕਵੀਂ ਕਿਸਮ ਦੀ ਲੀਡਰੀ ਕਰਨ ਲੱਗ ਪੈਂਦੇ ਹਨ। ਕਿਉਂਕਿ ਲੀਡਰ ਅਤੇ ਉਸਦੇ ਆਦਮੀਆਂ ਨੇ ਇਹਨਾਂ ਨੌਜਵਾਨਾਂ ਨੂੰ ਹਰ ਇਲੈਕਸ਼ਨ ਵਿੱਚ ਜਾਇਜ਼ ਨਜਾਇਜ਼ ਕੰਮਾਂ ਲਈ ਵਰਤਣਾ ਹੁੰਦਾ ਹੈ, ਇਸ ਲਈ ਉਹ ਇਹਨਾਂ ਨੌਜਵਾਨਾਂ ਦੀ ਹਮਾਇਤ ਕਰਦੇ ਹਨ। ਇਸ ਲੁਕਵੀਂ ਹਮਾਇਤ ਸਦਕਾ ਪੁਲਿਸ ਇਹਨਾਂ ਦੇ ਕੰਮਾਂ (ਕਿਤੇ ਕਿਸੇ ਦਾ ਕਬਜ਼ਾ ਕਰਾਇਆ, ਕਿਸੇ ਨੂੰ ਧਮਕੀ ਦਿੱਤੀ, ਕਿਸੇ ਨੂੰ ਕੁੱਟ ਦਿੱਤਾ) ਤੋਂ ਅੱਖਾਂ ਮੀਟ ਰੱਖਦੀ ਹੈ। ਅਕਸਰ ਇਹ ਨੌਜਵਾਨ ਨਸ਼ੇੜੀ ਕਿਸਮ ਦੇ ਹੁੰਦੇ ਹਨ। ਹਰ ਇਲਾਕੇ ਦਾ ਐੱਮ. ਐੱਲ. ਏ. ਅਤੇ ਐੱਸ. ਐੱਚ. ਓ. ਇਹਨਾਂ ਦੇ ਨਸ਼ਿਆਂ ਦੀ ਪੂਰਤੀ ਕਰਦੇ ਹਨ। ਮੁਫ਼ਤ ਵਿੱਚ ਮਿਲਦੇ ਨਸ਼ਿਆਂ ਕਾਰਨ ਇਹ ਲੋਕ ਆਪਣੇ ਜੋਟੀਦਾਰਾਂ ਵਿੱਚ ਵਾਧਾ ਕਰਦੇ ਜਾਂਦੇ ਹਨ। ਜਦੋਂ ਮਹਿੰਗੇ ਨਸ਼ਿਆਂ ਦੀ ਪੂਰਤੀ ਵਿੱਚ ਕਮੀ ਆਉਂਦੀ ਹੈ ਤਾਂ ਇਹ ਲੋਕ ਨਸ਼ਿਆਂ ਦੇ ਕਾਰੋਬਾਰ ਵਿੱਚ ਪੈ ਜਾਂਦੇ ਹਨ। ਕਿਉਂਕਿ ਇਹ ਲੋਕ ਨਸ਼ਿਆਂ ਦੇ ਕਾਰੋਬਾਰ ਤੋਂ ਪੂਰੀ ਤਰ੍ਹਾਂ ਜਾਣੂ ਹੁੰਦੇ ਹਨ, ਇਸ ਲਈ ਛੇਤੀ ਹੀ ਪੈਸੇ ਵੀ ਕਮਾਉਣ ਲੱਗ ਪੈਂਦੇ ਹਨ। ਇੰਝ ਐਸ਼ ਪ੍ਰਸਤ ਜ਼ਿੰਦਗੀ ਜਿਊਣ ਵਾਲੇ ਲਈ ਗੈਂਗਸਟਰ ਬਣਨ ਦਾ ਰਾਹ ਖੁੱਲ੍ਹਦਾ ਹੈ।

ਇਹਨਾਂ ਨੌਜਵਾਨਾਂ ਨੂੰ ਸੁਚੇਤ ਹੋਣਾ ਚਾਹੀਦਾ ਹੈ ਕਿ ਇਹ ਨਸ਼ਿਆਂ ਦੀ ਦਲਦਲ ਵਿੱਚ ਧਕੇਲ ਰਹੇ ਲੀਡਰ ਉਹਨਾਂ ਦਾ ਭਲਾ ਨਹੀਂ ਕਰ ਰਹੇ। ਉਹਨਾਂ ਦੁਆਲੇ ਜੋ ਤਾਕਤ ਦੇ ਖੰਭ ਨਿਕਲੇ ਹਨ, ਇਹ ਪਰਾਏ ਹਨ। ਜਦੋਂ ਤੁਸੀਂ ਲੀਡਰਾਂ ਦੇ ਕਹਿਣੇ ਵਿੱਚ ਨਾ ਰਹੇ ਜਾਂ ਉਹਨਾਂ ਦੇ ਕੰਮ ਦੇ ਨਾ ਰਹੇ, ਤੁਹਾਨੂੰ ਕਾਨੂੰਨ ਦੇ ਸ਼ਿਕੰਜੇ ਵਿੱਚੋਂ ਬਚਾਉਣ ਵਾਲਾ ਕੋਈ ਨਹੀਂ ਹੋਵੇਗਾ। ਕਾਨੂੰਨ ਨਾਲ ਖਿਲਵਾੜ ਜੇਲ੍ਹ ਅਤੇ ਗੁਮਨਾਮੀ ਵੱਲ ਜਾਂਦਾ ਰਸਤਾ ਹੈ, ਜੀਵਨ ਤੇ ਖੁਸ਼ਹਾਲੀ ਵੱਲ ਨਹੀਂ।

ਗੈਂਗਸਟਰ ਬਣਨ ਦਾ ਦੂਸਰਾ ਵੱਡਾ ਕਾਰਨ ਬੇਰੁਜ਼ਗਾਰੀ ਹੈ। ਪਿੰਡ ਕੀ, ਸ਼ਹਿਰ ਕੀ, ਹਰ ਥਾਂ ਪੜ੍ਹੇ ਲਿਖੇ ਨੌਜਵਾਨ ਬੇਰੁਜ਼ਗਾਰ ਹਨ। ਸਰਕਾਰਾਂ ਦੀਆਂ ਤਰਜੀਹਾਂ ਬਦਲ ਗਈਆਂ ਹਨ। ਪਹਿਲੀਆਂ ਸਰਕਾਰਾਂ ਆਪਣੇ ਦੇਸ਼ ਦੇ ਪੜ੍ਹੇ ਲਿਖੇ ਨੌਜਵਾਨਾਂ ਲਈ ਰੋਜ਼ਗਾਰ ਪੈਦਾ ਕਰਨ ਬਾਰੇ ਸੋਚਦੀਆਂ ਸਨ, ਪਰ ਅੱਜ ਦੀਆਂ ਸਰਕਾਰਾਂ ਤਾਂ ਸਿਰਫ਼ ਦਲਾਲੀ ਕਰਨ ਨੂੰ ਹੀ ਰਾਜਨੀਤੀ ਸਮਝਦੀਆਂ ਹਨ। ਵੱਡੀਆਂ ਵੱਡੀਆਂ ਬਹੁਰਾਸ਼ਟਰੀ ਕੰਪਨੀਆਂ ਨੂੰ ਦੇਸ਼ ਦੇ ਕੁਦਰਤੀ ਸ੍ਰੋਤ ਵੇਚੀ ਜਾ ਰਹੀਆਂ ਹਨ। ਨੌਜਵਾਨਾਂ ਦੀ ਭਲਾਈ ਲਈ ਕੋਈ ਸਕੀਮ ਨਹੀਂ। ਜੇਕਰ ਸਕੀਮ ਹੈ ਤਾਂ ਮੁਫ਼ਤ ਫ਼ੋਨ, ਮੁਫ਼ਤ ਮੋਬਾਇਲ ਡਾਟਾ, ਮੁਫ਼ਤ ਯਾਤਰਾ ਆਦਿ। ਪਰਿਵਾਰ ਪਾਲਣ ਦੀ ਉਮਰੇ ਬੇਰੁਜ਼ਗਾਰ ਨੌਜਵਾਨ ਜਾਂ ਤਾਂ ਧਾਰਮਿਕ ਡੇਰਿਆਂ ਤੇ ਬਾਬਿਆਂ ਦੇ ਅੰਧਵਿਸ਼ਵਾਸੀ ਪ੍ਰਵਚਨ ਸੁਣਨ ਲਈ ਜਾਂਦੇ ਹਨ ਜਾਂ ਫ਼ਿਰ ਰਾਜਨੀਤਕ ਲੀਡਰਾਂ ਦੇ ਚਮਚਿਆਂ ਕੋਲ ਨਸ਼ਿਆਂ ਦੀ ਪੂਰਤੀ ਕਰਨ। ਨੌਜਵਾਨ ਪੀੜ੍ਹੀ ਕੋਲ ਕੋਈ ਆਦਰਸ਼ ਨਹੀਂ ਰਹਿ ਗਿਆ। ਰੋਜ਼ਗਾਰ ’ਤੇ ਲੱਗਾ ਹੋਇਆ ਕੋਈ ਵਿਅਕਤੀ ਸੌਖਿਆਂ ਗੈਂਗਸਟਰ ਨਹੀਂ ਬਣਦਾ ਪਰ ਬੇਰੁਜ਼ਗਾਰੀ ਦੀ ਹਾਲਤ ਵਿੱਚ ਗੈਂਗਸਟਰ ਬਣਨ ਦੇ ਬਹੁਤ ਮੌਕੇ ਹੋ ਸਕਦੇ ਹਨ। ਰੋਜ਼ਗਾਰ ਲੈਣਾ ਦੇਸ਼ ਦੇ ਨਾਗਰਿਕਾਂ ਦਾ ਹੱਕ ਹੁੰਦਾ ਹੈ, ਕੋਈ ਖੈਰਾਤ ਨਹੀਂ ਹੁੰਦੀ।

ਪੰਜਾਬ ਪੁਲਿਸ, ਜਿਹੜੀ ਲੋਕਾਂ ਦੀ ਸੁਰੱਖਿਆ ਅਤੇ ਇਨਸਾਫ਼ ਦੀ ਰਾਖੀ ਲਈ ਹੋਣੀ ਚਾਹੀਦੀ ਸੀ, ਉਹ ਅਕਸਰ ਆਪਣੇ ਹੀ ਲੋਕਾਂ ਵਿਰੁੱਧ ਜ਼ੁਲਮ ਦੀ ਮਿਸਾਲ ਬਣ ਜਾਂਦੀ ਹੈ। ਝੂਠੇ ਪੁਲਿਸ ਮੁਕਾਬਲੇ, ਜਿਨ੍ਹਾਂ ਦੀਆਂ ਕਹਾਣੀਆਂ 70-80 ਦੇ ਦਹਾਕੇ ਤੋਂ ਚੱਲੀਆਂ ਆ ਰਹੀਆਂ ਹਨ, ਅੱਜ ਵੀ ਪੰਜਾਬ ਦੇ ਲੋਕਾਂ ਦੇ ਜ਼ਖ਼ਮਾਂ ਨੂੰ ਹੋਰ ਡੂੰਘਾ ਕਰ ਰਹੀਆਂ ਹਨ। ਤਾਜ਼ਾ ਮਾਮਲਾ ਅਬੋਹਰ ਦਾ ਹੈ, ਜਿੱਥੇ ਇੱਕ ਕੱਪੜਾ ਵਪਾਰੀ ਦੇ ਕਤਲ ਤੋਂ ਬਾਅਦ ਪੁਲਿਸ ਵੱਲੋਂ ਦੋ ਨੌਜਵਾਨਾਂ ਨੂੰ ਝੂਠੇ ਮੁਕਾਬਲੇ ਵਿੱਚ ਮਾਰਨ ਦੀ ਚਰਚਾ ਨੇ ਸਾਰੇ ਪੰਜਾਬ ਨੂੰ ਹਿਲਾ ਕੇ ਰੱਖ ਦਿੱਤਾ। ਇਹ ਕਹਾਣੀਆਂ ਹੁਣ ਇੰਨੀਆਂ ਪੁਰਾਣੀਆਂ ਹੋ ਚੁੱਕੀਆਂ ਹਨ ਕਿ ਲੋਕਾਂ ਦਾ ਭਰੋਸਾ ਪੁਲਿਸ ਤੋਂ ਉੱਠਦਾ ਜਾ ਰਿਹਾ ਹੈ। ਹਰ ਵਾਰ ਇੱਕੋ ਜਿਹੀ ਕਹਾਣੀ— ਕੋਈ ਮੁਲਜ਼ਮ ਅਸਲੇ ਦੀ ਬਰਾਮਦਗੀ ਸਮੇਂ ਪੁਲਿਸ ’ਤੇ ਹਮਲਾ ਕਰਦਾ ਹੈ ਅਤੇ ਜਵਾਬੀ ਗੋਲੀਬਾਰੀ ਵਿੱਚ ਮਾਰਿਆ ਜਾਂਦਾ ਹੈ। ਕੀ ਇਹ ਸੰਭਵ ਹੈ ਕਿ ਹਰ ਵਾਰ ਮੁਲਜ਼ਮ ਨੂੰ ਅਜਿਹਾ ਮੌਕਾ ਮਿਲ ਜਾਵੇ? ਇਹ ਸਵਾਲ ਹਰ ਇਨਸਾਫ਼ ਪਸੰਦ ਵਿਅਕਤੀ ਦੇ ਮਨ ਵਿੱਚ ਉੱਠ ਰਿਹਾ ਹੈ। ਪੰਜਾਬ ਪੁਲਿਸ ਕੋਲ ਅੱਜ ਨਵੀਨਤਮ ਹਥਿਆਰ, ਸੰਚਾਰ ਸਾਧਨ ਅਤੇ ਤਕਨੀਕ ਹੈ, ਪਰ ਫ਼ਿਰ ਵੀ ਇਹ ਝੂਠੇ ਮੁਕਾਬਲਿਆਂ ਦੀਆਂ ਪੁਰਾਣੀਆਂ ਕਹਾਣੀਆਂ ਤੋਂ ਅੱਗੇ ਨਹੀਂ ਵਧ ਸਕੀ। ਇਹ ਸਿਰਫ਼ ਪੁਲਿਸ ਦੀ ਨਾਕਾਮੀ ਨਹੀਂ, ਸਗੋਂ ਸੂਬਾ ਸਰਕਾਰ ਦੀ ਨੀਅਤ ਅਤੇ ਕੇਂਦਰ ਦੀ ਪੰਜਾਬ ਵਿਰੋਧੀ ਸੋਚ ਦਾ ਨਤੀਜਾ ਵੀ ਹੈ। ਪੁਲਿਸ ਦੀ ਇਹ ਕਾਰਗੁਜ਼ਾਰੀ ਨਾ ਸਿਰਫ਼ ਲੋਕਾਂ ਦੇ ਹੱਕਾਂ ਦੀ ਉਲੰਘਣਾ ਕਰਦੀ ਹੈ, ਸਗੋਂ ਸਮਾਜ ਵਿੱਚ ਅਸੁਰੱਖਿਆ ਅਤੇ ਡਰ ਦਾ ਮਾਹੌਲ ਪੈਦਾ ਕਰਦੀ ਹੈ। ਇਸ ਦੇ ਨਾਲ ਹੀ, ਪੰਜਾਬ ਵਿੱਚ ਅਪਰਾਧ ਦਾ ਗ੍ਰਾਫ਼ ਵੀ ਘਟਣ ਦੀ ਬਜਾਏ ਵਧ ਰਿਹਾ ਹੈ। ਨਸ਼ਿਆਂ ਦੀ ਸਮੱਸਿਆ, ਜਿਸ ਖਿਲਾਫ਼ ਸਰਕਾਰ ਵੱਲੋਂ ਵੱਡੇ-ਵੱਡੇ ਦਾਅਵੇ ਕੀਤੇ ਜਾਂਦੇ ਹਨ, ਅੱਜ ਵੀ ਜਿਉਂ ਦੀ ਤਿਉਂ ਹੈ। ਪਿੰਡ-ਪਿੰਡ ਵਿੱਚ ਨਸ਼ੇ ਦੀ ਉਪਲਬਧਤਾ ਅਤੇ ਨਸ਼ਿਆਂ ਕਾਰਨ ਹੋ ਰਹੀਆਂ ਮੌਤਾਂ ਨੇ ਸਰਕਾਰ ਅਤੇ ਪੁਲਿਸ ਦੀਆਂ ਪੋਲਾਂ ਖੋਲ੍ਹ ਦਿੱਤੀਆਂ ਹਨ। ਗੈਂਗਵਾਰ ਅਤੇ ਫ਼ਿਰੌਤੀਆਂ ਦਾ ਖੌਫ਼ ਲੋਕਾਂ ਦੀ ਨੀਂਦ ਉਡਾ ਰਿਹਾ ਹੈ। ਸਿੱਧੂ ਮੂਸੇਵਾਲਾ ਵਰਗੇ ਮਸ਼ਹੂਰ ਗਾਇਕ ਦਾ ਕਤਲ ਅਜੇ ਵੀ ਪੰਜਾਬ ਦੇ ਸਿਸਟਮ ਤੇ ਕਾਲਖ ਦਾ ਧੱਬਾ ਹੈ। ਸਵਾਲ ਇਹ ਹੈ ਕਿ ਪੁਲਿਸ ਆਪਣੀਆਂ ਨਾਕਾਮੀਆਂ ਨੂੰ ਲੁਕਾਉਣ ਲਈ ਅਜਿਹੇ ਗੁਨਾਹ ਕਿਉਂ ਕਰਦੀ ਹੈ? ਕੀ ਕਾਨੂੰਨ ਦੀ ਪਾਲਣਾ ਕਰਨਾ ਪੁਲਿਸ ਦਾ ਮੁੱਢਲਾ ਫ਼ਰਜ਼ ਨਹੀਂ? ਜੇਕਰ ਪੁਲਿਸ ਹੀ ਕਾਨੂੰਨ ਦੀ ਧੱਜੀਆਂ ਉਡਾਵੇਗੀ, ਤਾਂ ਲੋਕਾਂ ਨੂੰ ਇਨਸਾਫ਼ ਕਿੱਥੋਂ ਮਿਲੇਗਾ? ਸਰਕਾਰ ਨੂੰ ਚਾਹੀਦਾ ਹੈ ਕਿ ਇਸ ਪਾਸੇ ਸਖ਼ਤੀ ਨਾਲ ਧਿਆਨ ਦੇਵੇ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਨੌਕਰਸ਼ਾਹੀ ’ਤੇ ਨਕੇਲ ਕੱਸਣ ਦੀ ਲੋੜ ਹੈ, ਨਹੀਂ ਤਾਂ ਆਉਣ ਵਾਲਾ ਸਮਾਂ ਹੋਰ ਮੁਸ਼ਕਿਲਾਂ ਖੜ੍ਹੀਆਂ ਕਰ ਸਕਦਾ ਹੈ। ਅੰਤ ਵਿੱਚ, ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਪਰਮਾਤਮਾ ਦੀ ਕਚਹਿਰੀ ਵਿੱਚ ਸਭ ਨੂੰ ਹਿਸਾਬ ਦੇਣਾ ਪੈਂਦਾ ਹੈ। ਭਾਵੇਂ ਅਪਰਾਧੀ ਹੋਵੇ, ਪੁਲਿਸ ਅਧਿਕਾਰੀ ਜਾਂ ਸਿਆਸਤਦਾਨ, ਕਰਮਾਂ ਦਾ ਫ਼ਲ ਸਭ ਨੂੰ ਮਿਲਦਾ ਹੈ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਲੋਕਾਂ ਦੇ ਹਿੱਤਾਂ ਨੂੰ ਪਹਿਲ ਦੇਵੇ ਅਤੇ ਪੁਲਿਸ ਨੂੰ ਜਵਾਬਦੇਹ ਬਣਾਵੇ, ਤਾਂ ਜੋ ਪੰਜਾਬ ਦੇ ਲੋਕਾਂ ਨੂੰ ਇਨਸਾਫ਼ ਅਤੇ ਸੁਰੱਖਿਆ ਮਿਲ ਸਕੇ। 2027 ਦੀਆਂ ਚੋਣਾਂ ਵਿੱਚ ਲੋਕ-ਕਚਹਿਰੀ ਸਰਕਾਰ ਦੀ ਹਰ ਕਾਰਗੁਜ਼ਾਰੀ ਦਾ ਹਿਸਾਬ ਮੰਗੇਗੀ ਅਤੇ ਉਸ ਸਮੇਂ ਸਵਾਲਾਂ ਦੇ ਜਵਾਬ ਦੇਣੇ ਪੈਣਗੇ।

# ਦੇਸ਼ ਦੀ ਵੰਡ ਦਾ ਦੁਖਾਂਤ, ਪ੍ਰਕਿਰਿਆ ਅਤੇ ਕਾਰਨ


ਸੁੱਚਾ ਸਿੰਘ ਗਿੱਲ

ਭਾਰਤ ਦੀ ਆਜ਼ਾਦੀ ਨੇ 1947 ਵਿੱਚ ਦੇਸ਼ ਦੀ ਵੰਡ ਨਾਲ ਦਸਤਕ ਦਿੱਤੀ। ਇਸ ਆਜ਼ਾਦੀ ਨੇ ਧਾਰਮਿਕ ਆਧਾਰ ’ਤੇ ਦੇਸ਼ ਦੀ ਵੰਡ ਕਰ ਕੇ ਮੁਸਲਮਾਨ ਭਾਈਚਾਰੇ ਵਾਸਤੇ ਇੱਕ ਨਵੇਂ ਦੇਸ਼ ਪਾਕਿਸਤਾਨ ਨੂੰ ਜਨਮ ਦਿੱਤਾ। ਵੰਡ ਕਰਦੇ ਸਮੇਂ ਪੰਜਾਬ ਅਤੇ ਬੰਗਾਲ ਦੇ ਸੂਬਿਆਂ ਨੂੰ ਵੰਡਿਆ ਗਿਆ। ਭਾਰਤ ਵਿਚੋਂ ਖਾਸ ਤੌਰ ’ਤੇ ਪੰਜਾਬ ਤੇ ਬੰਗਾਲ ਦੇ ਸੂਬਿਆਂ ’ਚੋਂ ਮੁਸਲਮਾਨਾਂ ਦਾ ਉਜਾੜਾ ਹੋਇਆ ਅਤੇ ਉਹ ਪਾਕਿਸਤਾਨ ਵੱਲ ਨੂੰ ਪਲਾਇਨ ਕਰਨ ਵਾਸਤੇ ਮਜਬੂਰ ਹੋਏ। ਪਾਕਿਸਤਾਨ ਵਿਚੋਂ ਹਿੰਦੂ-ਸਿੱਖ ਧਰਮਾਂ ਦੇ ਲੋਕਾਂ ਨੂੰ ਮਜਬੂਰਨ ਘਰ-ਘਾਟ ਛੱਡ ਕੇ ਭਾਰਤ ਵੱਲ ਆਉਣਾ ਪਿਆ। ਇਸ ਵੰਡ ਕਾਰਨ ਵਸੋਂ ਦੇ ਤਬਾਦਲੇ ਨੇ ਬਹੁਤ ਭਿਆਨਕ ਦੁਖਾਂਤ ਪੈਦਾ ਕੀਤਾ ਸੀ। ਇਸ ਦੁਖਾਂਤ ਬਾਰੇ ਇਤਿਹਾਸਕਾਰਾਂ ਵੱਲੋਂ ਖੋਜ ਆਧਾਰਿਤ ਕਿਤਾਬਾਂ ਅਤੇ ਲੇਖ ਲਿਖੇ ਗਏ ਹਨ ਅਤੇ ਇਸ ਬਾਰੇ ਹੋਰ ਖੋਜ ਵੀ ਜਾਰੀ ਹੈ। ਇਨ੍ਹਾਂ ਖੋਜਾਂ ਵਿੱਚ ਇਸ ਦੁਖਾਂਤ ਦੀ ਗਹਿਰਾਈ ਬਾਰੇ ਜਾਣਕਾਰੀ ਮਿਲ ਜਾਂਦੀ ਹੈ ਅਤੇ ਇਸ ਦੇ ਕਾਰਨਾਂ ਦੀ ਨਿਸ਼ਾਨਦੇਹੀ ਕੀਤੀ ਜਾ ਰਹੀ ਹੈ। ਇਸ ਬਾਰੇ ਮੌਲਿਕ ਸਾਹਿਤ ਅੰਗਰੇਜ਼ੀ ਭਾਸ਼ਾ ਵਿੱਚ ਰਚਿਆ ਗਿਆ ਹੈ ਅਤੇ ਇਸ ਦੇ ਕੁਝ ਉਲੱਥੇ ਪੰਜਾਬੀ ਭਾਸ਼ਾ ਵਿੱਚ ਉਪਲਬਧ ਹੋ ਗਏ ਹਨ। ਪੌਣੀ ਸਦੀ ਲੰਘਣ ਤੋਂ ਬਾਅਦ ਭਾਵੁਕਤਾ ਨੂੰ ਛੱਡ ਕੇ ਤੱਥਾਂ ’ਤੇ ਆਧਾਰਿਤ ਇਤਿਹਾਸਕ ਲਿਖਤਾਂ ਨੂੰ ਪੈਰ ਜਮਾਉਣ ਦਾ ਮੌਕਾ ਮਿਲ ਗਿਆ ਹੈ। ਸਰਕਾਰਾਂ ਵੱਲੋਂ ਗੁਪਤ ਰਿਕਾਰਡ ਨੂੰ ਜਨਤਕ ਕਰਨ ਨਾਲ ਨਵੇਂ ਸਬੂਤ ਅਤੇ ਦਲੀਲਾਂ ਸਾਹਮਣੇ ਆ ਰਹੀਆਂ ਹਨ। ਇਸ ਨਾਲ ਵਾਪਰੇ ਦੁਖਾਂਤਾਂ ਨੂੰ ਸਮਝਣ ਵਿੱਚ ਮਦਦ ਮਿਲਦੀ ਹੈ ਅਤੇ ਭਵਿੱਖ ਵਿਚ ਇਨ੍ਹਾਂ ਨੂੰ ਰੋਕਣ ਦੇ ਰਸਤੇ ਖੁੱਲ੍ਹਦੇ ਹਨ।

ਇਸ ਸੰਦਰਭ ਵਿੱਚ ਜੋਗਿੰਦਰ ਸਿੰਘ ਤੂਰ ਵੱਲੋਂ ਲਿਖੀ ਕਿਤਾਬ ਵੰਡ ਦੀ ‘ਅਕੱਥ ਕਥਾ’ ਲੋਕਗੀਤ ਪ੍ਰਕਾਸ਼ਨ ਮੋਹਾਲੀ (2025, ਕੀਮਤ 400 ਰੁਪਏ) ਪੰਜਾਬੀ ਇਤਿਹਾਸਕਾਰੀ ਵਿੱਚ ਇਕ ਮਹੱਤਵਪੂਰਨ ਵਾਧਾ ਕਰਦੀ ਹੈ। ਇਹ ਕਿਤਾਬ ਤਿੰਨ ਨੁਕਤਿਆਂ ’ਤੇ ਕੇਂਦਰਿਤ ਕਰ ਕੇ ਲਿਖੀ ਗਈ ਹੈ। ਇਹ ਹਨ: (1) ਦੇਸ਼ ਦੀ ਵੰਡ ਸਮੇਂ ਆਬਾਦੀ ਦੇ ਤਬਾਦਲੇ ਦੇ ਦੌਰਾਨ ਦੋਹੀ ਪਾਸੀਂ ਹੋਏ ਜ਼ੁਲਮ ਦਾ ਅੱਖੀਂ ਵੇਖਿਆ ਵੇਰਵਾ (2) ਦੇਸ਼ ਦੀ ਵੰਡ ਦੇ ਪਿਛੋਕੜ ਵਿਚ ਘਟਨਾਵਾਂ ਅਤੇ ਵੰਡ ਦੇ ਕਾਰਨਾਂ ਦੀ ਇਤਿਹਾਸਕ ਜਾਣਕਾਰੀ ਅਤੇ (3) ਆਜ਼ਾਦੀ ਮੌਕੇ 565 ਰਿਆਸਤਾਂ ਨੂੰ ਦੇਸ਼ ਵਿੱਚ ਸ਼ਾਮਿਲ ਕਰਨ ਦਾ ਵੇਰਵਾ। ਇਸ ਪੱਖੋਂ ਲੇਖਕ ਵੱਲੋਂ ਇਨ੍ਹਾਂ ਤਿੰਨਾਂ ਪੱਖਾਂ ਬਾਰੇ ਵੇਰਵੇ ਦਸਤਾਵੇਜ਼ਾਂ ਦੀ ਮਦਦ ਨਾਲ ਦਰਜ ਕੀਤੇ ਗਏ ਹਨ।



ਲੇਖਕ ਵਲੋਂ ਕਿਤਾਬ ਦੀ ਸ਼ੁਰੂਆਤ ਮੁਗਲ ਅਤੇ ਬਰਤਾਨਵੀ ਹਾਕਮਾਂ ਦੀ ਹਿੰਦੋਸਤਾਨੀਆਂ ਬਾਰੇ ਸਮਝ ਤੋਂ ਸ਼ੁਰੂ ਕੀਤੀ ਗਈ ਹੈ। ਇਹ ਦਰਜ ਕੀਤਾ ਗਿਆ ਹੈ ਕਿ ਮੁਗਲਾਂ ਦੇ ਆਉਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਭਾਰਤ ਕਈ ਹਕੂਮਤਾਂ ਵਿੱਚ ਵੰਡਿਆ ਹੋਇਆ ਸੀ। ਇਸ ਤੋਂ ਇਲਾਵਾ ਲੋਕ ਧਾਰਮਿਕ ਫਿਰਕਿਆਂ ਅਤੇ ਜਾਤਾਂ ਵਿੱਚ ਵੀ ਵੰਡੇ ਹੋਏ ਸਨ। ਇਨ੍ਹਾਂ ਵਖਰੇਵਿਆਂ ਕਾਰਨ ਉਨ੍ਹਾਂ ਵਿੱਚ ਦਾਨਸ਼ਮੰਦਾਂ ਵਾਲੀ ਸਮਝ ਅਤੇ ਸਮਰੱਥਾਵਾਂ ਦੀ ਘਾਟ ਸੀ। ਇਸ ਕਾਰਨ ਇਥੇ ਧਾੜਵੀ ਆਉਂਦੇ,ਕਤਲੇਆਮ, ਲੁੱਟਮਾਰ ਅਤੇ ਜ਼ੁਲਮ ਕਰਦੇ ਅਤੇ ਰਾਜਸੱਤਾ ’ਤੇ ਕਾਬਜ਼ ਹੋ ਜਾਂਦੇ ਸਨ। ਅੰਗਰੇਜ਼ ਹਾਕਮਾਂ ਨੇ ਬੰਗਾਲ ਤੋਂ ਸ਼ੁਰਆਤ ਕਰਦਿਆਂ ਇੱਕ-ਇੱਕ ਕਰ ਕੇ ਰਿਆਸਤਾਂ ਨੂੰ ਹਰਾ ਕੇ ਸਾਰੇ ਦੇਸ਼ ਸਮੇਤ ਬਰਮਾ/ਮਿਆਂਮਾਰ ’ਤੇ ਕਬਜ਼ਾ ਕਰ ਲਿਆ। ਦੇਸ਼ ਵਿੱਚ 585 ਰਿਆਸਤਾਂ ਨਾਲ ਸੰਧੀਆਂ ਕਰ ਕੇ ਉਨ੍ਹਾਂ ਨੂੰ ਆਪਣੇ ਅਧੀਨ ਕਰ ਲਿਆ। ਇਸ ਪ੍ਰਸੰਗ ਵਿੱਚ ਦੇਸ਼ ਦੀ ਵੰਡ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਕਿਤਾਬ ਦੇ ਚੈਪਟਰ 2-4 ਲੇਖਕ ਵੱਲੋਂ ਅੱਖੀਂ ਵੇਖੇ ਅਤੇ ਹੰਡਾਏ ਸੰਤਾਪ ਨੂੰ ਬਿਆਨ ਕਰਦੇ ਹਨ। ਦੇਸ਼ ਦੀ ਵੰਡ ਸਮੇਂ ਲੇਖਕ 10 ਸਾਲ ਦੀ ਉਮਰੇ 5ਵੀਂ ਜਮਾਤ ਵਿੱਚ ਪੜ੍ਹਦਾ ਸੀ। ਉਸ ਅਨੁਸਾਰ ਅਗਸਤ 1947 ਤੋਂ ਕਈ ਮਹੀਨੇ ਪਹਿਲਾਂ ਦੇਸ਼ ਦੀ ਆਜ਼ਾਦੀ ਅਤੇ ਵੰਡ ਕਾਰਨ ਪਿੰਡ ਛੱਡਣ ਦੀਆਂ ਗੱਲਾਂ ਉਸ ਨੇ ਸੁਣੀਆਂ ਸਨ। ਪਰ ਅਗਸਤ ਦੇ ਨੇੜੇ ਆਉਣ ’ਤੇ ਲਾਗਲੇ ਪਿੰਡਾਂ ਵਿੱਚ ਫਿਰਕੂ ਫਸਾਦ ਪਹੁੰਚਣ ਬਾਅਦ ਮੁਸਲਮਾਨਾਂ ਵੱਲੋਂ ਹਿੰਦੂ-ਸਿੱਖਾਂ ਦੇ ਪਿੰਡਾਂ ਉੱਪਰ ਹਮਲੇ ਹੋਣ ਲੱਗ ਪਏ ਸਨ। ਲੇਖਕ ਦੇ ਪਿੰਡ ਵਿੱਚ ਵੀ ਲਾਗਲੇ ਪਿੰਡਾਂ ਦੇ ਮੁਸਲਮਾਨਾਂ ਵੱਲੋਂ ਹਿੰਦੂ-ਸਿੱਖਾਂ ਦੇ ਖੂਹਾਂ ਤੋਂ ਮੱਝਾਂ ਅਤੇ ਬਲਦ ਜ਼ਬਰਦਸਤੀ ਖੋਲ੍ਹ ਕੇ ਲਿਜਾਣ ਬਾਰੇ ਸੁਣਿਆ ਗਿਆ ਸੀ। ਇਸ ਧੱਕੇਸ਼ਾਹੀ ਦੀ ਇੱਕ ਘਟਨਾ ਦੌਰਾਨ ਪਿੰਡ ਦੇ ਸਿੱਖਾਂ ਵੱਲੋਂ ਮੁਕਾਬਲਾ ਕਰਨ ’ਤੇ ਇੱਕ ਮੁਸਲਮਾਨ ਹਮਲਾਵਰ ਨੂੰ ਜ਼ਖਮੀ ਕਰ ਕੇ ਫੜ ਲਿਆ ਗਿਆ ਸੀ। ਇਸ ਕਾਰਨ ਉਨ੍ਹਾਂ ਦੇ ਪਿੰਡ ਦੇ ਆਸਪਾਸ ਹਿੰਦੂ-ਸਿੱਖਾਂ ਵਿਰੁੱਧ ਮਾਹੌਲ ਹੋਰ ਵੀ ਤੇਜ਼ ਹੋ ਗਿਆ। ਜੋ ਉਨ੍ਹਾਂ ਦੇ ਪਿੰਡ ਦੇ ਛੋਟੇ ਮੁਸਲਮਾਨ ਬੱਚਿਆਂ ਦੇ ਆਮ ਵਿਹਾਰ ਤੋਂ ਵੀ ਨਜ਼ਰ ਆਉਣ ਲੱਗ ਪਿਆ ਸੀ। ਪਿੰਡ ਦੇ ਮੁਸਲਮਾਨਾਂ ਵੱਲੋਂ ਹਿਮਾਇਤ ਦਾ ਭਰੋਸਾ ਦੇਣ ਦੇ ਬਾਵਜੂਦ ਉਹ ਜਲਦੀ ਹੀ ਲਾਗਲੇ ਪਿੰਡਾਂ ਵਿੱਚ ਫਿਰਕੂ ਸ਼ਕਤੀਆਂ ਦੇ ਸਾਹਮਣੇ ਟਿਕਣ ਤੋਂ ਅਸਮਰਥ ਹੋ ਗਏ ਅਤੇ ਉਨ੍ਹਾਂ ਹਿੰਦੂ-ਸਿੱਖ ਪਰਿਵਾਰਾਂ ਨੂੰ ਪਿੰਡ ਛੱਡਣ ਦੀ ਸਲਾਹ ਦਿੱਤੀ ਗਈ ਸੀ। ਪਿੰਡ ਦੇ ਮੁਸਲਮਾਨਾਂ ਦੀ ਹਮਦਰਦੀ ਕਾਰਨ ਹੀ ਲੇਖਕ ਦੇ ਪਰਿਵਾਰ ਅਤੇ ਕੁਝ ਸੰਬੰਧੀਆਂ ਨੂੰ ਨੇੜੇ ਦੀ ਮੰਡੀ ਵਿੱਚ ਇਕੱਠੇ ਹੋਏ ਕਾਫਲੇ ’ਤੇ ਸੰਭਾਵਿਤ ਹਮਲੇ ਬਾਰੇ ਪਹਿਲਾਂ ਸੂਚਿਤ ਕੀਤਾ ਗਿਆ ਅਤੇ ਉਨ੍ਹਾਂ ਦਾ ਬਚਾਅ ਸੰਭਵ ਹੋ ਸਕਿਆ ਸੀ। ਉਹ ਬਚ ਕੇ ਫਿਰੋਜ਼ਪੁਰ ਦੇ ਬਾਰਡਰ ਤੋਂ ਆਜ਼ਾਦ ਭਾਰਤ ਵਿੱਚ ਦਾਖਲ ਹੋਏ ਸਨ। ਵੰਡ ਦੇ ਸ਼ਿਕਾਰ ਪਰਿਵਾਰਾਂ ਨੂੰ ਲੁੱਟ-ਪੁੱਟ ਹੋ ਕੇ ਆਉਣ ਤੋਂ ਬਾਅਦ ਸ਼ਰਨਾਰਥੀ ਕੈਂਪ ਵਿੱਚ ਠਹਿਰਣ ਵਾਸਤੇ ਮਜਬੂਰ ਹੋਣਾ ਪਿਆ ਸੀ। ਭਾਰਤ ਆ ਕੇ ਵੇਖਿਆ ਕਿ ਇਹੋ ਵਰਤਾਰਾ ਹਿੰਦੂ-ਸਿੱਖਾਂ ਵੱਲੋਂ ਮੁਸਲਮਾਨਾਂ ਨਾਲ ਕੀਤਾ ਗਿਆ ਸੀ। ਬੇਕਸੂਰ ਲੋਕਾਂ ਦੇ ਕਤਲ ਕੀਤੇ ਗਏ, ਔਰਤਾਂ ਦੀ ਇੱਜ਼ਤ ਲੁੱਟੀ ਗਈ ਅਤੇ ਉਨ੍ਹਾਂ ਨੂੰ ਉਧਾਲਿਆ ਗਿਆ। ਮਾਸੂਮ ਬੱਚਿਆਂ ਦੇ ਕਤਲ ਕੀਤੇ ਗਏ। ਵਿਰੋਧੀ ਫਿਰਕਿਆਂ ਦੇ ਘਰ-ਬਾਰ ਲੁੱਟ ਗਏ ਅਤੇ ਧਾਰਮਿਕ ਅਸਥਾਨ ਸਾੜੇ ਗਏ।

(ਬਾਕੀ ਸਫ਼ਾ 31 ’ਤੇ)










# ਪੰਜਾਬੀਆਂ ਦੇ ਸ਼ੌਂਕ ਅਵੱਲੜੇ . . .

➢ ਘੁੰਮਣ-ਫਿਰਨ ਦੇ ਬਹੁਤ ਸ਼ੌਕੀਨ ਹਨ ਪੰਜਾਬੀ

➢ ਹਥਿਆਰਾਂ ਨਾਲ ਵੀ ਮੋਹ ਹੈ ਪੰਜਾਬੀਆਂ ਨੂੰ

➢ ਆਲੀਸ਼ਾਨ ਘਰ ਬਣਾਉਣ ਦਾ ਵੀ ਵਧਿਆ ਰੁਝਾਨ

➢ ਕਬੂਤਰਬਾਜ਼ੀ ਅਤੇ ਘੋੜੇ ਪਾਲਣ ਦਾ ਵੀ ਹੈ ਅਨੇਕਾਂ ਪੰਜਾਬੀਆਂ ਨੂੰ ਸ਼ੌਕ

**ਪੰਜਾਬ ਦੁਨੀਆ ਦਾ ਇੱਕਲੌਤਾ ਅਜਿਹਾ ਇਲਾਕਾ ਹੈ, ਜਿਥੇ ਇੱਕ ਸਾਲ ਵਿੱਚ ਛੇ ਰੁੱਤਾਂ ਆਉਂਦੀਆਂ ਹਨ। ਇਹਨਾਂ ਰੁੱਤਾਂ ਦੇ ਬਦਲਣ ਦੇ ਨਾਲ ਹੀ ਪੰਜਾਬੀਆਂ ਦੇ ਸ਼ੌਂਕ ਵੀ ਬਦਲਦੇ ਰਹਿੰਦੇ ਹਨ ਪਰ ਪੰਜਾਬੀਆਂ ਦੇ ਕੁਝ ਸ਼ੌਂਕ ਅਜਿਹੇ ਹਨ ਜੋ ਕਿ ਉਹਨਾਂ ਦੇ ਧੁਰ ਅੰਦਰ ਤੱਕ ਵਸੇ ਹੋਏ ਹਨ। ਇਹਨਾਂ ਸ਼ੌਂਕਾਂ ਦੀ ਪੂਰਤੀ ਲਈ ਪੰਜਾਬੀ ਦਿਨ ਰਾਤ ਮਿਹਨਤ ਕਰਦੇ ਹਨ**



ਪੰਜਾਬੀਆਂ ਦੀ ਪੂਰੀ ਦੁਨੀਆ ਵਿੱਚ ਵੱਖਰੀ ਹੀ ਸ਼ਾਨ ਹੈ। ਇਹਨਾਂ ਦੀ ਜ਼ਿੰਦਗੀ ਨਿਰਾਲੀ ਹੀ ਹੁੰਦੀ ਹੈ। ਪੰਜਾਬੀਆਂ ਨੂੰ ਵੱਡੀ ਗਿਣਤੀ ਸ਼ੌਕ ਹੁੰਦੇ ਹਨ। ਆਪਣੇ ਇਹਨਾਂ ਸ਼ੌਂਕਾਂ ਦੀ ਪੂਰਤੀ ਲਈ ਪੰਜਾਬੀ ਸਖ਼ਤ ਮਿਹਨਤ ਵੀ ਕਰਦੇ ਹਨ। ਪੰਜਾਬੀਆਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਕਣਕ ਅਤੇ ਝੋਨੇ ਦੀ ਬਿਜਾਈ ਤੋਂ ਬਾਅਦ ਪੰਜਾਬੀ ਆਪਣੇ ਸ਼ੌਂਕਾਂ ਖਾਤਰ ਵੀ ਸਮਾਂ ਕੱਢ ਲੈਂਦੇ ਹਨ। ਇਸ ਤੋਂ ਇਲਾਵਾ ਵੱਡੀ ਗਿਣਤੀ ਪੰਜਾਬੀ ਸਰਕਾਰੀ ਤੇ ਪ੍ਰਾਈਵੇਟ ਨੌਕਰੀਆਂ ਵੀ ਕਰਦੇ ਹਨ। ਰੁਜ਼ਗਾਰ ਨਾਲ ਜੁੜੇ ਹੋਣ ਦੇ ਬਾਵਜੂਦ ਪੰਜਾਬੀ ਆਪਣੇ ਸ਼ੌਂਕਾਂ ਵੱਲ ਵੀ ਪੂਰਾ ਧਿਆਨ ਦਿੰਦੇ ਹਨ ਅਤੇ ਆਪਣੇ ਸ਼ੌਂਕ ਪੂਰੇ ਕਰਨ ਵਿੱਚ ਮਾਣ ਮਹਿਸੂਸ ਕਰਦੇ ਹਨ।

ਪੰਜਾਬੀਆਂ ਨੂੰ ਸਭ ਤੋਂ ਵੱਡਾ ਸ਼ੌਂਕ ਘੁੰਮਣ ਫਿਰਨ ਦਾ ਹੈ। ਹਰ ਰੁੱਤ ਵਿੱਚ ਹੀ ਪੰਜਾਬੀ ਪਹਾੜੀ ਸਥਾਨਾਂ, ਹਿੱਲ ਸਟੇਸ਼ਨਾਂ ਅਤੇ ਪ੍ਰਸਿੱਧ ਸ਼ਹਿਰਾਂ ਵਿੱਚ ਘੁੰਮਣ ਫਿਰਨ ਜਾਂਦੇ ਹਨ। ਪੰਜਾਬ ਦੇ ਵੱਡੀ ਗਿਣਤੀ ਲੋਕ ਟਰੱਕ ਡਰਾਇਵਰ/ਮਾਲਕ ਅਤੇ ਟੈਕਸੀ ਚਾਲਕ/ਮਾਲਕ ਹਨ, ਜਿਨ੍ਹਾਂ ਵਿਚੋਂ ਵੱਡੀ ਗਿਣਤੀ ਪੰਜਾਬੀਆਂ ਨੇ ਇਹ ਕਿੱਤਾ ਸਿਰਫ਼ ਭਾਰਤ ਦੇ ਵੱਖ- ਵੱਖ ਸੂਬਿਆਂ ਵਿੱਚ ਘੁੰਮਣ ਫਿਰਨ ਲਈ ਹੀ ਅਪਣਾਇਆ ਹੋਇਆ ਹੈ। ਇਸ ਕਿੱਤੇ ਨਾਲ ਜੁੜ ਕੇ ਪੰਜਾਬੀ ਨਾਲੇ ਕਮਾਈ ਕਰ ਲੈਂਦੇ ਹਨ ਅਤੇ ਨਾਲ ਹੀ ਭਾਰਤ ਦੇ ਵੱਖ-ਵੱਖ ਸੂਬਿਆਂ ਵਿੱਚ ਘੁੰਮ ਕੇ ਉਹ ਆਪਣਾ ਸ਼ੌਂਕ ਵੀ ਪੂਰਾ ਕਰ ਲੈਂਦੇ ਹਨ। ਇਸ ਤੋਂ ਇਲਾਵਾ ਵੱਡੀ ਗਿਣਤੀ ਪੰਜਾਬੀ ਸਾਰਾ ਸਾਲ ਦਿਨ ਰਾਤ ਸਖ਼ਤ ਮਿਹਨਤ ਕਰਦੇ ਹਨ ਅਤੇ ਚੰਗੀ ਕਮਾਈ ਕਰਦੇ ਹਨ। ਫਿਰ ਆਪਣੀ ਕਮਾਈ ਨਾਲ ਜੋੜੇ ਹੋਏ ਪੈਸਿਆਂ ਨੂੰ ਲੈ ਕੇ ਉਹ ਪਹਾੜੀ ਸਥਾਨਾਂ ਅਤੇ ਹਿੱਲ ਸਟੇਸ਼ਨਾਂ 'ਤੇ ਘੁੰਮਣ ਜਾਂਦੇ ਹਨ। ਪੰਜਾਬ ਵਿੱਚ ਪਹਾੜ ਨਾ ਹੋਣ ਕਾਰਨ ਪੰਜਾਬੀਆਂ ਨੂੰ ਪਹਾੜ ਬਹੁਤ ਸੁੰਦਰ ਲੱਗਦੇ ਹਨ, ਇਸ ਕਾਰਨ ਗਰਮੀ ਤੇ ਸਰਦੀਆਂ ਦੌਰਾਨ ਵੱਡੀ ਗਿਣਤੀ ਪੰਜਾਬੀ ਪਹਾੜੀ ਸਥਾਨਾਂ 'ਤੇ ਸੈਰ ਸਪਾਟਾ ਕਰਨ ਜਾਂਦੇ ਹਨ। ਇਸ ਤੋਂ ਇਲਾਵਾ ਉੱਚੇ ਪਹਾੜੀ ਸਥਾਨਾਂ 'ਤੇ ਪੈਂਦੀ ਬਰਫ਼ ਵੇਖ ਕੇ ਪੰਜਾਬੀ ਬਹੁਤ ਆਨੰਦ ਉਠਾਉਂਦੇ ਹਨ। ਇਸ ਤੋਂ ਇਲਾਵਾ ਵੱਡੀ ਗਿਣਤੀ ਪੰਜਾਬੀ ਵਿਦੇਸ਼ਾਂ ਵਿੱਚ ਵੀ ਘੁੰਮਣ ਜਾਂਦੇ ਹਨ ਅਤੇ ਉਥੋਂ ਦੀਆਂ ਯਾਦਾਂ ਵਾਪਸ ਆ ਕੇ ਆਪਣੇ ਦੋਸਤਾਂ ਨਾਲ ਸਾਂਝੀਆਂ ਕਰਦੇ ਹਨ।



ਵੱਡੀ ਗਿਣਤੀ ਪੰਜਾਬੀਆਂ ਨੂੰ ਹਥਿਆਰਾਂ ਨਾਲ ਵੀ ਮੋਹ ਹੈ ਅਤੇ ਹਥਿਆਰਾਂ ਦਾ ਸ਼ੌਕ ਪੂਰਾ ਕਰਨ ਲਈ ਵੱਡੀ ਗਿਣਤੀ ਪੰਜਾਬੀ ਖੁੱਲ ਕੇ ਖਰਚਾ ਕਰਦੇ ਹਨ। ਵੱਡੀ ਗਿਣਤੀ ਪੰਜਾਬੀਆਂ ਕੋਲ ਆਪਣੇ ਲਾਇਸੈਂਸੀ ਹਥਿਆਰ ਹਨ। ਅਕਸਰ ਵੱਡੀ ਗਿਣਤੀ ਪੰਜਾਬੀ ਆਪਣੇ ਲਾਇਸੈਂਸੀ ਹਥਿਆਰਾਂ ਨੂੰ ਆਪਣੇ ਨਾਲ ਰੱਖਦੇ ਹਨ। ਵੱਡੀ ਗਿਣਤੀ ਪੰਜਾਬੀਆਂ ਦੇ ਫ਼ੌਜ ਵਿੱਚ ਭਰਤੀ ਹੋਣ ਦਾ ਕਾਰਨ ਵੀ ਉਹਨਾਂ ਦਾ ਹਥਿਆਰਾਂ ਨਾਲ ਮੋਹ ਹੁੰਦਾ ਹੈ। ਅਮਰੀਕਾ ਵਾਂਗ 'ਗੰਨ ਕਲਚਰ' ਹੁਣ ਪੰਜਾਬੀਆਂ ਦੀ ਜ਼ਿੰਦਗੀ ਦਾ ਅਹਿਮ ਹਿੱਸਾ ਬਣ ਚੁੱਕਿਆ ਹੈ। ਹਥਿਆਰ ਰੱਖਣੇ ਹੁਣ ਪੰਜਾਬੀਆਂ ਦਾ 'ਸਟੇਟਸ ਸਿੰਬਲ' ਬਣ ਚੁੱਕਿਆ ਹੈ। ਹਥਿਆਰ ਨੂੰ ਨਾਲ ਰੱਖ ਕੇ ਪੰਜਾਬੀ ਆਪਣੀ ਵੱਖਰੀ ਹੀ ਸ਼ਾਨ ਸਮਝਦੇ ਹਨ।

ਆਲੀਸ਼ਾਨ ਘਰ ਬਣਾਉਣ ਦਾ ਰੁਝਾਨ ਵੀ ਪੰਜਾਬੀਆਂ ਦਾ ਇੱਕ ਸ਼ੌਕ ਹੀ ਹੈ। ਹੁਣ ਪਿੰਡਾਂ ਵਿੱਚ ਵੀ ਕੱਚੇ ਅਤੇ ਬੋੜੇ ਦਰਾਂ ਵਾਲੇ ਘਰ ਨਹੀਂ ਰਹੇ, ਸਗੋਂ ਪੰਜਾਬ ਦੇ ਵੱਖ- ਵੱਖ ਪਿੰਡਾਂ ਵਿੱਚ ਵੀ ਆਲੀਸ਼ਾਨ ਕੋਠੀਆਂ ਬਣ ਚੁੱਕੀਆਂ ਹਨ। ਦੋਆਬੇ ਦੇ ਪਿੰਡਾਂ ਵਿੱਚ ਤਾਂ ਪੰਜਾਬੀਆਂ ਨੇ ਆਪਣੀਆਂ ਕੋਠੀਆਂ ਉੱਪਰ ਹਵਾਈ ਜਹਾਜ਼, ਫੁੱਟਬਾਲ, ਚਾਹ ਦਾ ਕੱਪ, ਬਲਦਾਂ ਦੀਆਂ ਜੋੜੀਆਂ ਅਤੇ ਹੋਰ ਪਤਾ ਨਹੀਂ ਕੀ ਕੁੱਝ ਬਣਾ ਰੱਖਿਆ ਹੈ। ਇਹ ਰੁਝਾਨ ਹੁਣ ਪੰਜਾਬ ਦੇ ਮਾਲਵਾ ਅਤੇ ਮਾਝਾ ਇਲਾਕੇ ਵਿੱਚ ਵੀ ਵੇਖਿਆ ਜਾ ਰਿਹਾ ਹੈ। ਪੰਜਾਬ ਦੇ ਸ਼ਹਿਰਾਂ ਦੇ ਨਾਲ ਨਾਲ ਪਿੰਡਾਂ ਵਿੱਚ ਵੀ ਵੱਡੀ ਗਿਣਤੀ ਪੰਜਾਬੀਆਂ ਨੇ ਆਲੀਸ਼ਾਨ ਕੋਠੀਆਂ ਬਣਾਈਆਂ ਹੋਈਆਂ ਹਨ, ਜਿਨ੍ਹਾਂ ਵਿਚੋਂ ਅਨੇਕਾਂ ਕੋਠੀਆਂ ਐਨ.ਆਰ.ਆਈ. ਪੰਜਾਬੀਆਂ ਦੀਆਂ ਹਨ। ਆਲੀਸ਼ਾਨ ਕੋਠੀਆਂ ਕਾਰਨ ਪੰਜਾਬ ਦੀ ਦੁਨੀਆ ਵਿੱਚ ਵੱਖਰੀ ਹੀ ਸ਼ਾਨ ਹੈ।



ਵੱਡੀ ਗਿਣਤੀ ਪੰਜਾਬੀਆਂ ਨੂੰ ਬਰਾਂਡਿਡ ਕੱਪੜੇ ਪਾਉਣ ਅਤੇ ਮਹਿੰਗੀਆਂ ਗੱਡੀਆਂ ਰੱਖਣ ਦਾ ਵੀ ਸ਼ੌਕ ਹੈ। ਹੁਣ ਕਈ ਘਰਾਂ ਵਿੱਚ ਦੋ ਦੋ ਤਿੰਨ ਤਿੰਨ ਗੱਡੀਆਂ ਹੋਣਾ ਆਮ ਗੱਲ ਹੋ ਗਈ ਹੈ। ਸ਼ਹਿਰਾਂ ਦੇ ਨਾਲ ਪਿੰਡਾਂ ਵਿੱਚ ਵੀ ਵੱਡੀ ਗਿਣਤੀ ਪੰਜਾਬੀਆਂ ਨੇ ਆਪਣੀ ਸਹੂਲਤ ਅਤੇ ਸ਼ੌਕ ਲਈ ਮਹਿੰਗੀਆਂ ਗੱਡੀਆਂ ਰੱਖੀਆਂ ਹੋਈਆਂ ਹਨ। 'ਥਾਰ' ਇਸ ਸਮੇਂ ਪੰਜਾਬੀਆਂ ਦੀ ਪਹਿਲੀ ਪਸੰਦ ਬਣੀ ਹੋਈ ਹੈ। ਕਿਹਾ ਜਾਂਦਾ ਹੈ ਕਿ ਪੰਜਾਬੀਆਂ ਵੱਲੋਂ 'ਥਾਰ' ਜ਼ਿਆਦਾ ਖ਼ਰੀਦੇ ਜਾਣ ਕਾਰਨ ਇਸ ਨੂੰ ਬਣਾਉਣ ਵਾਲੀ ਕੰਪਨੀ ਨੇ ਇਸ ਦੇ ਭਾਅ ਵਿੱਚ ਵਾਧਾ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਕਾਲੀ ਜਿਪਸੀ ਵੀ ਪੰਜਾਬੀਆਂ ਦੀ ਪਹਿਲੀ ਪਸੰਦ ਰਹੀ ਹੈ। ਵੱਡੀ ਗਿਣਤੀ ਪੰਜਾਬੀਆਂ ਨੇ ਬੁਲੇਟ ਮੋਟਰਸਾਈਕਲ ਪਟਾਕੇ ਪਾਉਣ ਨੂੰ ਰੱਖਿਆ ਹੋਇਆ ਹੈ। ਬਰਾਂਡਿਡ ਕੱਪੜੇ ਪਾ ਕੇ ਬੁਲੇਟ ਮੋਟਰਸਾਈਕਲ ਉੱਪਰ ਸ਼ਹਿਰਾਂ ਵਿੱਚ ਗੇੜੀਆਂ ਲਗਾਉਣਾ ਵੀ ਪੰਜਾਬੀ ਨੌਜਵਾਨਾਂ ਦਾ ਸ਼ੌਕ ਹੈ। ਅਨੇਕਾਂ ਪੰਜਾਬੀਆਂ ਨੂੰ ਕਬੂਤਰਬਾਜ਼ੀ ਦਾ ਵੀ ਸ਼ੌਕ ਹੈ। ਅਨੇਕਾਂ ਪੰਜਾਬੀਆਂ ਨੇ ਚੀਨੇ ਕਬੂਤਰ ਅਤੇ ਹੋਰ ਕਈ ਕਿਸਮਾਂ ਦੇ ਕਬੂਤਰ ਪਾਲੇ ਹੋਏ ਹਨ। ਅਕਸਰ ਕਬੂਤਰਾਂ ਦੀਆਂ ਉਡਾਰੀਆਂ ਦੇ ਮੁਕਾਬਲੇ ਵੀ ਕਰਵਾਏ ਜਾਂਦੇ ਹਨ। ਪੰਜਾਬੀ ਇਹਨਾਂ ਕਬੂਤਰਾਂ ਨੂੰ ਵਿਸ਼ੇਸ਼ ਖ਼ੁਰਾਕ ਵੀ ਖਵਾਉਂਦੇ ਹਨ। ਇਸ ਤੋਂ ਇਲਾਵਾ ਕਈ ਪੰਜਾਬੀਆਂ ਨੂੰ ਘੋੜੇ ਪਾਲਣ ਦਾ ਵੀ ਸ਼ੌਕ ਹੈ। ਕਈ ਪੰਜਾਬੀਆਂ ਕੋਲ ਤਾਂ ਅਜਿਹੇ ਘੋੜੇ ਹਨ, ਜਿਨ੍ਹਾਂ ਦੀ ਕੀਮਤ ਲੱਖਾਂ ਰੁਪਏ ਵਿੱਚ ਹੈ। ਅੱਜ ਕੱਲ੍ਹ ਦੇ ਤੇਜ਼ ਰਫ਼ਤਾਰੀ ਵਾਲੇ ਯੁੱਗ ਵਿੱਚ ਵੀ ਅਨੇਕਾਂ ਪੰਜਾਬੀ ਘੋੜ ਸਵਾਰੀ ਦਾ ਆਪਣਾ ਸ਼ੌਕ ਪੂਰਾ ਕਰ ਰਹੇ ਹਨ। ਘੋੜੇ ਪਾਲਣਾ ਜਾਂ ਘੋੜਿਆਂ ਦੀ ਸਵਾਰੀ ਕਰਨਾ ਪੰਜਾਬ ਦੇ ਸੱਭਿਆਚਾਰ ਨਾਲ ਜੁੜਿਆ ਹੋਇਆ ਹੈ।ਪੰਜਾਬ ਵਿੱਚ ਜਿੱਥੇ ਕਈ ਲੋਕ ਸ਼ੌਂਕ ਲਈ ਘੋੜੇ ਰੱਖਦੇ ਹਨ ਉੱਥੇ ਹੀ ਕਈ ਘੋੜਿਆਂ ਨੂੰ ਇੱਕ ਕਿੱਤੇ(ਵਪਾਰ) ਵਜੋਂ ਵੀ ਪਾਲਦੇ ਹਨ।ਮਾਹਰ ਦੱਸਦੇ ਹਨ ਕਿ 'ਸਟੱਡ ਫਾਰਮਜ਼' ਨਾਲ ਕਰੋੜਾਂ ਦੀ ਆਰਥਿਕਤਾ ਜੁੜੀ ਹੋਈ ਹੈ।ਹਾਲਾਂਕਿ ਪੰਜਾਬ ਵਿੱਚ ਇਸ ਕਿੱਤੇ ਵਿੱਚ ਬਹੁਤੀ ਗਿਣਤੀ ਮਰਦਾਂ ਦੀ ਹੈ ਪਰ ਕੁੜੀਆਂ ਵੀ ਘੋੜੇ ਪਾਲਣ ਦੇ ਕਿੱਤੇ ਵਿੱਚ ਮੱਲਾਂ ਮਾਰ ਰਹੀਆਂ ਹਨ।

ਇਸ ਤੋਂ ਇਲਾਵਾ ਪੰਜਾਬੀਆਂ ਨੂੰ ਹੋਰ ਵੀ ਕਈ ਸ਼ੌਕ ਹਨ। ਪੰਜਾਬੀਆਂ ਦੇ ਅਵੱਲੜੇ ਸ਼ੌਕਾਂ ਬਾਰੇ ਇੱਕ ਵੱਖਰੀ ਕਿਤਾਬ ਲਿਖੀ ਜਾ ਸਕਦੀ ਹੈ। ਇਹਨਾਂ ਸ਼ੌਕਾਂ ਕਰਕੇ ਪੰਜਾਬੀਆਂ ਦੀ ਪੂਰੀ ਦੁਨੀਆ ਵਿੱਚ ਵੱਖਰੀ ਹੀ ਸ਼ਾਨ ਅਤੇ ਪਹਿਚਾਣ ਹੈ।



# ਕੁਦਰਤ ਦਾ ਕੌਤਕ ਸੀ ਬਾਬਾ ਫ਼ੌਜਾ ਸਿੰਘ



ਪ੍ਰਿੰ. ਸਰਵਣ ਸਿੰਘ
+1-905-779-1661



ਬਾਬਾ ਫ਼ੌਜਾ ਸਿੰਘ ਕੁਦਰਤ ਦਾ ਕ੍ਰਿਸ਼ਮਾ ਸੀ। ਉਹ ਮਾਤਾ ਗਿਆਨ ਕੌਰ ਦੀ ਕੁੱਖੋਂ ਤੇ ਰਹਿਮੋ ਦਾਈ ਦੇ ਹੱਥੋਂ ਜੰਮਿਆ ਤਾਂ ਉਹਦੇ ਬਚਣ ਦੀ ਆਸ ਨਹੀਂ ਸੀ। ਪਰ ਉਹ 114 ਸਾਲ 3 ਮਹੀਨੇ 14 ਦਿਨ ਜੀਵਿਆ। ਨਾ ਸਿਰਫ਼ ਜੀਵਿਆ ਬਲਕਿ ਗੁਰਾਂ ਦੀ ਦੱਸੀ ਜੀਵਨ ਜਾਚ, 'ਹਸੰਦਿਆਂ, ਖੇਲੰਦਿਆਂ, ਖਵੰਦਿਆਂ, ਪੈਨੰਦਿਆਂ' ਨਾਲ ਮੈਰਾਥਨ ਦੌੜਾਂ ਦੌੜਨ ਦਾ ਕੌਤਕ ਵੀ ਵਰਤਾਅ ਗਿਆ। ਇਹ ਵੀ ਕੋਈ ਕੌਤਕ ਹੋਵੇਗਾ ਕਿ ਬਚਪਨ ਦੇ ਪਹਿਲੇ ਪੰਜ ਸਾਲ ਉਹ ਪੰਜ ਕਦਮ ਤੁਰਨ ਜੋਗਾ ਵੀ ਨਹੀਂ ਸੀ ਹੋਇਆ! ਇਥੋਂ ਤੱਕ ਕਿ ਰਿੜ੍ਹਨ ਤੇ ਖੜ੍ਹਨ ਵੀ ਬੜੀ ਦੇਰ ਨਾਲ ਲੱਗਾ। ਛੇਵਾਂ ਸਾਲ ਲੱਗਣ 'ਤੇ ਜਦੋਂ ਉਹ ਤੁਰਨ ਜੋਗਾ ਹੋਇਆ ਤਾਂ ਘਰ ਦਿਆਂ ਨੇ ਪਿੰਡ 'ਚ ਕੜਾਹ ਵੰਡਿਆ।

ਉਹਦੇ ਪਿਤਾ ਦਾ ਨਾਂ ਮਿਹਰ ਸਿੰਘ ਸੀ। ਉਹ ਵਿਚਾਰਾ ਥੁੜਿਆ ਟੁੱਟਿਆ ਕਿਸਾਨ ਸੀ ਜਿਸ ਦਾ ਵੱਡਾ ਪਰਿਵਾਰ ਸੀ। ਕਰਜ਼ੇ ਲਾਹੁੰਦਾ, ਹਲ ਵਾਹੁੰਦਾ, ਪਾਣੀ ਲਾਉਂਦਾ, ਪੱਠੇ ਢੋਂਦਾ ਤੇ ਡੰਗਰ ਪਾਲਦਾ ਉਹ ਕੀਹਦਾ ਕੀਹਦਾ ਇਲਾਜ ਕਰਾਉਂਦਾ? ਮਿਹਰ ਸਿੰਘ ਦੀ ਮਿਹਰ ਨਾਲੋਂ ਉਹਦੇ ਪੁੱਤਰ ਫ਼ੌਜੂ ਤੋਂ ਬਾਬਾ ਫ਼ੌਜਾ ਸਿੰਘ ਬਣੇ ਮੈਰਾਥਨ ਦੇ ਮਹਾਂਰਥੀ ਉੱਤੇ ਕੁਦਰਤ ਦੇ ਕਾਦਰ ਦੀ ਮਿਹਰ ਵਧੇਰੇ ਰਹੀ।

ਫ਼ੌਜਾ ਹੱਲ ਵਾਹੁਣ ਲੱਗਾ ਤਾਂ ਉਹਦਾ ਪੱਚੀ ਸਾਲ ਦੀ ਉਮਰ ਵਿੱਚ ਵਿਆਹ ਹੋਇਆ। ਬਰਾਤ ਗੱਡੇ ਉੱਤੇ ਚੜ੍ਹ ਕੇ ਪਿੰਡ ਕਾਲਘਟਾਂ ਗਈ। ਇੱਕ ਬਲਦ ਉਹਨਾਂ ਦੇ ਘਰ ਦਾ ਸੀ ਦੂਜਾ ਉਹਦੇ ਮਸੇਰ ਦਾ।

ਵਿਆਂਦੜ ਹੋਣ ਕਰਕੇ ਹੀ ਉਸ ਨੂੰ ਚਾਬੀ ਦੇ ਲੱਠੇ ਵਾਲੇ ਨਵੇਂ ਕਪੜੇ ਜੁੜੇ ਸਨ। ਉਹ ਹਲ ਵਾਹੀ ਕਰ ਕੇ ਟੱਬਰ ਪਾਲਣ ਲੱਗਾ। ਕਦੇ ਫ਼ਸਲ ਚੰਗੀ ਹੋ ਜਾਂਦੀ ਕਦੇ ਮਾੜੀ, ਕਦੇ ਮੌਸਮ ਦੀ ਕਰੋਪੀ ਨਾਲ ਮਾਰੀ ਜਾਂਦੀ। ਉਹਦੇ ਘਰ ਤਿੰਨ ਪੁੱਤਰਾਂ ਤੇ ਤਿੰਨ ਧੀਆਂ ਨੇ ਜਨਮ ਲਿਆ ਜਿਨ੍ਹਾਂ ਨੂੰ ਉਹ ਪੜ੍ਹਾ ਲਿਖਾ ਤਾਂ ਨਾ ਸਕਿਆ ਪਰ ਇੱਕ ਪੁੱਤਰ ਤੇ ਧੀ ਨੂੰ ਇੰਗਲੈਂਡ ਤੇ ਕੈਨੇਡਾ ਵਿਆਹੁਣ ਵਿੱਚ ਕਾਮਯਾਬ ਹੋ ਗਿਆ।

ਬਚਪਨ ਵਿੱਚ ਨਾ ਉਹ ਖੇਡਣ ਜੋਗਾ ਸੀ ਤੇ ਨਾ ਪੜ੍ਹਨ ਜੋਗਾ। ਗੱਭਰੂ ਹੋ ਕੇ ਉਹ ਫ਼ੁੱਟਬਾਲ ਨੂੰ ਕਿੱਕਾਂ ਮਾਰਨ ਲੱਗ ਪਿਆ। 1947 ਦੇ ਰੌਲਿਆਂ ਗੌਲਿਆਂ ਵਿੱਚ ਫ਼ੁੱਟਬਾਲ ਦੀਆਂ ਕਿੱਕਾਂ ਵੀ ਭੁੱਲ ਗਈਆਂ। ਪੜ੍ਹਾਈ ਲਿਖਾਈ ਜਾਂ ਕਿਸੇ ਹੁਨਰ ਵੱਲੋਂ ਉਹ ਅਸਲੋਂ ਕੋਰਾ ਸੀ। ਸਿਰਫ਼ ਆਪਣੇ ਦਸਖ਼ਤ ਕਰਨੇ ਹੀ ਸਿੱਖਿਆ ਤੇ ਉਹ ਵੀ ਉਰਦੂ ਵਿੱਚ। ਇੰਗਲੈਂਡ 'ਚ ਬੁਢਾਪਾ ਪੈਨਸ਼ਨ ਲੈਣ ਵੇਲੇ ਵੀ ਉਹ ਉਰਦੂ ਵਿੱਚ ਹੀ ਦਸਖ਼ਤ ਕਰਦਾ ਸੀ। ਐਨਕ ਦੀ ਉਹਨੂੰ ਕਦੇ ਲੋੜ ਨਹੀਂ ਸੀ ਪਈ। ਦੰਦ ਜਾੜ੍ਹਾਂ ਡੰਗਸਾਰੂ ਸਨ। ਕੰਨਾਂ ਤੋਂ ਉੱਚਾ ਸੁਣਨ ਲੱਗਾ ਸੀ। ਬੁੱਲ੍ਹ ਪਤਲੇ, ਉਤਲੇ ਦੰਦ ਚੌੜੇ ਤੇ ਹੇਠਲੇ ਬਰੀਕ ਸਨ। ਦੰਦਾਂ ਵਿੱਚ ਵਿਰਲਾਂ ਪੈ ਗਈਆਂ ਸਨ। ਦਾੜ੍ਹੀ ਹੋਰ ਲੰਮੀ ਤੇ ਹੋਰ ਬੱਗੀ ਹੋ ਗਈ ਸੀ।

ਬਾਲਕ ਫ਼ੌਜੂ ਜੀਵਨ ਦੇ ਪਹਿਲੇ ਪੰਜ ਸਾਲ ਬੇਸ਼ਕ ਪੰਜ ਕਦਮ ਵੀ ਨਹੀਂ ਸੀ ਤੁਰ ਸਕਿਆ ਪਰ ਪਿੱਛੋਂ ਏਨਾ ਏਨਾ ਤੁਰਿਆ, ਏਨਾ ਦੌੜਿਆ ਕਿ ਉਮਰ ਦੇ 80ਵਿਆਂ ਤੋਂ ਲੈ ਕੇ 110ਵਿਆਂ ਤਾਂਈਂ ਦੌੜ ਦੌੜ ਧਰਤੀ ਘਸਾ ਦਿੱਤੀ! ਉਹਦੀਆਂ ਲੰਮੀਆਂ ਦੌੜਾਂ ਤੇ ਨਿਰੰਤਰ ਤੋਰਾਂ ਦਾ ਕੋਈ ਅੰਤ ਨਾ ਰਿਹਾ। ਆਖ਼ਰ ਉਹਦਾ ਅੰਤ 14 ਜੁਲਾਈ 2025 ਨੂੰ ਉਹਦੇ ਘਰ ਕੋਲ ਹੀ ਸੜਕ ਹਾਦਸੇ 'ਚ ਹੋਇਆ।

1992 'ਚ ਪਤਨੀ ਗਿਆਨ ਕੌਰ ਗੁਜ਼ਰ ਗਈ। 1990 ਵਿੱਚ ਗਭਲਾ ਪੁੱਤਰ ਕੁਲਦੀਪ ਸਿੰਘ ਵੀ ਛੱਤ ਤੋਂ ਡਿੱਗ ਕੇ ਮੁੱਕ ਗਿਆ। ਉਨ੍ਹਾਂ ਦੇ ਵਿਜੋਗ ਵਿੱਚ ਉਹ ਕਮਲਾ ਹੋਇਆ ਸਿਵਿਆਂ 'ਚ ਬੈਠਾ ਰਹਿੰਦਾ। ਪਿੰਡ ਵਾਲੇ ਸੋਚਦੇ, ਹੁਣ ਇਹ ਵੀ ਨੀ ਬਚਦਾ। ਉਹਦਾ ਵੱਡਾ ਪੁੱਤਰ ਸੁਖਵਿੰਦਰ ਸਿੰਘ ਵਲਾਇਤ ਵਿੱਚ ਸੀ। ਉਸ ਨੇ ਬਾਪ ਨੂੰ ਮੰਗਵਾਉਣ ਲਈ ਪਾਸਪੋਰਟ ਬਣਵਾਇਆ, ਅਟੇ ਸਟੇ ਜਨਮ ਤਾਰੀਖ 1 ਅਪ੍ਰੈਲ 1911 ਲਿਖੀ ਗਈ ਤੇ ਦਿਲ ਛੱਡੀ ਬੈਠੇ ਉਦਾਸੇ ਬਾਪ ਨੂੰ ਇੰਗਲੈਂਡ ਸੱਦ ਗਿਆ।

ਫ਼ੌਜਾ ਸਿੰਘ ਦਾ ਵਲਾਇਤ ਵਿੱਚ ਵੀ ਜੀਅ ਨਾ ਲੱਗਾ। ਉਹ ਮੁੜ ਪਿੰਡ ਪਰਤ ਆਇਆ। ਪਿੰਡ ਆ ਕੇ ਫ਼ਿਰ ਉਹੀ ਸ਼ੁਦਾਈਆਂ ਵਾਲਾ ਹਾਲ ਹੋਇਆ। ਦੁਬਾਰਾ ਇੰਗਲੈਂਡ ਗਿਆ ਤੇ ਫ਼ਿਰ ਪਿੰਡ ਨੂੰ ਪਰਤ ਪਿਆ।

ਤਿੰਨ ਗੇੜੇ ਮਾਰ ਕੇ ਉਹ ਇੰਗਲੈਂਡ ਵਿੱਚ ਈ ਟਿਕ ਗਿਆ। ਇੰਗਲੈਂਡ 'ਚ ਟਿਕਾਇਆ ਬਠਿੰਡੇ ਵੱਲ ਦੇ ਇੰਗਲੈਂਡ ਪਹੁੰਚੇ ਦੌੜਾਕ ਹਰਮੰਦਰ ਸਿੰਘ ਨੇ। ਉਥੇ ਫ਼ਿਰ ਇੱਕ ਕੌਤਕ ਹੋਰ ਵਰਤਿਆ।

ਹਰਮੰਦਰ ਸਿੰਘ ਖ਼ੁਦ 10000 ਮੀਟਰ ਦੌੜ ਦਾ ਦੌੜਾਕ ਸੀ। ਮਾਸਕੋ-1980 ਦੀਆਂ ਉਲੰਪਿਕ ਖੇਡਾਂ ਲਈ ਉਸ ਨੇ ਟਰਾਇਲ ਦਿੱਤੇ ਸਨ ਪਰ ਬਰਤਾਨੀਆ ਦੀ ਟੀਮ 'ਚ ਚੁਣੇ ਜਾਣੋ ਰਹਿ ਗਿਆ ਸੀ। ਫ਼ਿਰ ਉਹ ਵੈਟਰਨ ਦੌੜਾਕ ਵਜੋਂ ਮੈਰਾਥਨ ਦੌੜਾਂ ਲਾਉਣ ਲੱਗ ਪਿਆ। ਉਹ ਪਾਰਕ ਵਿੱਚ ਦੌੜਨ ਜਾਂਦਾ ਤਾਂ ਫ਼ੌਜਾ ਸਿੰਘ ਨੂੰ ਬੈਂਚ ਉਤੇ ਸਿਰ ਸੁੱਟੀ ਬੈਠਾ ਵੇਖਦਾ। ਇੱਕ ਦਿਨ ਉਸ ਨੇ ਨਿਮੋਝੂਣੇ ਬੈਠੇ ਫ਼ੌਜਾ ਸਿੰਘ ਨੂੰ ਕਿਹਾ ਕਿ ਜੇ ਤੂੰ ਮੇਰੇ ਨਾਲ ਦੌੜਨ ਲੱਗ ਪਵੇਂ ਤਾਂ ਤੇਰੀ ਉਦਾਸੀ ਦੂਰ ਹੋ ਜਾਵੇਗੀ।

ਬੁਢਾਪੇ 'ਚ ਪਹੁੰਚਾ ਫ਼ੌਜਾ ਸਿੰਘ, ਹਰਮੰਦਰ ਸਿੰਘ ਦੀ ਪ੍ਰੇਰਨਾ ਨਾਲ ਹੌਲੀ-ਹੌਲੀ ਦੌੜਨ ਲੱਗ ਪਿਆ ਤੇ ਦੌੜ ਕੇ ਨੇੜੇ ਦੇ ਗੁਰਦੁਆਰਿਆਂ ਵਿੱਚ ਜਾਣ ਲੱਗ ਪਿਆ। ਉਹ ਇੱਕ ਸ਼ਹਿਰ ਤੋਂ ਦੂਜੇ ਸ਼ਹਿਰ, ਇੱਕ ਪਾਰਕ ਤੋਂ ਦੂਜੇ ਪਾਰਕ ਤੇ ਇੱਕ ਗੁਰਦੁਆਰੇ ਤੋਂ ਦੂਜੇ ਗੁਰਦੁਆਰੇ ਤੱਕ ਦੌੜਨ ਲੱਗੇ। ਇੰਝ ਕੋਚ ਹਰਮੰਦਰ ਸਿੰਘ ਦਾ ਫ਼ੌਜਾ ਸਿੰਘ ਨੂੰ ਮੈਰਾਥਨਾਂ ਲੁਆਉਣ ਵਿੱਚ ਸਭ ਤੋਂ ਵੱਧ ਯੋਗਦਾਨ ਪਿਆ।

ਫ਼ੌਜਾ ਸਿੰਘ ਨੇ ਚੁਰਾਸੀ ਕੱਟ ਕੇ ਦੌੜਨਾ ਸ਼ੁਰੂ ਕੀਤਾ ਸੀ। ਉਸ ਦੀ ਜੀਵਨ ਕਹਾਣੀ ਦੱਸਦੀ ਹੈ ਕਿ ਕਿਸੇ ਬੰਦੇ ਦੇ ਜੀਵਨ ਵਿੱਚ ਕਿੰਨੇ ਵੀ ਦੁੱਖ ਕਿਉਂ ਨਾ ਆਏ ਹੋਣ ਤੇ ਉਹ ਕਿੱਡੀ ਵੀ ਵੱਡੀ ਉਮਰ ਦਾ ਕਿਉਂ ਨਾ ਹੋ ਗਿਆ ਹੋਵੇ, ਜੇ ਹਿੰਮਤ ਧਾਰ ਲਵੇ ਤਾਂ ਕੁਛ ਦਾ ਕੁਛ ਕਰ ਸਕਦਾ ਹੈ। ਜੋ ਕੁੱਝ ਫ਼ੌਜਾ ਸਿੰਘ ਨੇ ਕੀਤਾ ਉਹ ਲਾਮਿਸਾਲ ਹੈ!

ਬਾਬਾ ਵਲਾਇਤ ਤੋਂ ਬਿਆਸ ਪਿੰਡ ਆਇਆ ਹੋਇਆ ਸੀ। ਆਉਣ ਸਾਰ ਕੋਵਿਡ ਦੀਆਂ ਬੰਧਸ਼ਾਂ ਲੱਗ ਗਈਆਂ। ਤੋਰਾ ਫ਼ੇਰਾ ਤੇ ਮਿਲਣਾ ਗਿਲਣਾ ਬੰਦ ਹੋ ਗਿਆ। ਉਤੋਂ ਗਰਮੀਆਂ ਆ ਗਈਆਂ।

ਮੈਨੂੰ ਸਥਾਨਕ ਪੱਤਰਕਾਰ ਦਾ ਫ਼ੋਨ ਆਇਆ ਕਿ ਬਾਬਾ ਫ਼ੌਜਾ ਸਿੰਘ ਦਾ ਹਾਲ ਚਾਲ ਠੀਕ ਨਹੀਂ। ਤੁਰੰਤ ਆ ਕੇ ਮਿਲੋ। ਮੈਂ ਫ਼ੋਨ ਕੀਤਾ ਤਾਂ ਬਾਬਾ ਪੈਂਦੀ ਸੱਟੇ ਬੋਲਿਆ, ਮੈਨੂੰ ਜਹਾਜ਼ ਚੜ੍ਹਾ, ਨਹੀਂ ਤਾਂ ਮੈਂ ਦਸ ਦਿਨ ਨੀ ਕੱਟਦਾ।

ਮੈਂ 'ਫ਼ਲਾਈਂਗ ਵਿੰਗਜ਼' ਵਾਲੇ ਆਪਣੇ ਗੁਆਂਢੀ ਅਜੀਤ ਪਾਲ ਨੂੰ ਕਿਹਾ, ਕਰੋ ਕੋਈ ਇਲਾਜ, ਚੜ੍ਹਾ ਦਿਓ ਬਾਬੇ ਨੂੰ ਜਹਾਜ਼। ਉਹ ਕਹਿੰਦਾ, ਦਿੱਲੀ ਤੋਂ ਚੜ੍ਹਾ ਦਿੰਨੇ ਆਂ। ਪਰ ਮੋੜਵੀਂ ਟਿਕਟ ਅੰਮ੍ਰਿਤਸਰੋਂ ਚੜ੍ਹਨ ਦੀ ਸੀ। ਮੈਂ ਬਾਬੇ ਦੇ ਪੁੱਤਰ ਨੂੰ ਪੁੱਛਿਆ। ਦਿੱਲੀ ਤੋਂ ਚੜ੍ਹਾਉਣ ਲਈ ਨਾ ਪੁੱਤ ਮੰਨੇ ਨਾ ਪਿਓ। ਬਾਬਾ ਇਹੋ ਦੁਹਾਈ ਪਾਈ ਜਾਵੇ ਕਿ ਅੰਬਰਸਰੋਂ ਚੜ੍ਹਾਓ, ਨਹੀਂ ਤਾਂ ਮੈਂ ਚੱਲਿਆ। ਫ਼ੇਰ ਨਾ ਅਖਿਓ, ਪਹਿਲਾਂ ਨੀ ਦੱਸਿਆ।

ਫ਼ੇਰ ਕੌਤਕ ਵਰਤਿਆ। ਅਜੀਤ ਪਾਲ ਦਾ ਫ਼ੋਨ ਆਇਆ ਕਿ ਅੰਮ੍ਰਿਤਸਰੋਂ ਲੰਡਨ ਜਾਣ ਵਾਲੀ ਫ਼ਲਾਈਟ ਖੁੱਲ੍ਹ ਗਈ। ਬਾਬੇ ਦਾ ਪਹਿਲੀ ਫ਼ਲਾਈਟ ਵਿੱਚ ਹੀ ਜਾਣ ਦਾ ਪ੍ਰਬੰਧ ਹੋ ਗਿਆ। ਸਭ ਨੇ ਸ਼ੁਕਰ ਮਨਾਇਆ। ਹਰਵਿੰਦਰ ਸਿੰਘ ਬਾਪ ਨੂੰ ਜਹਾਜ਼ ਚੜ੍ਹਾਅ ਆਇਆ ਤੇ ਫ਼ੋਨ ਕੀਤਾ, ਜੀਅ ਬਾਪੂ ਦਾ ਇੱਥੇ ਵੀ ਨੀ ਲੱਗਣਾ। ਉਹੀ ਗੱਲ ਹੋਈ। ਇੰਗਲੈਂਡ 'ਚ ਕੋਵਿਡ ਦੀਆਂ ਪਾਬੰਦੀਆਂ ਪੰਜਾਬ ਤੋਂ ਵੀ ਵੱਧ ਸਨ। ਵਲਾਇਤ ਦੀ ਜੇਲ੍ਹ ਤੋਂ ਅੱਕਿਆ ਉਹ ਮੁੜ ਬਿਆਸ ਪਿੰਡ ਆ ਪੁੱਜਾ ਜਿਥੇ ਉਸ ਨੇ ਅੰਤਲੇ ਸਾਹ ਲੈਣੇ ਸਨ।

ਬਾਬਾ ਫ਼ੌਜਾ ਸਿੰਘ ਨਾਲ ਮੇਰੀਆਂ ਅਨੇਕ ਮੁਲਾਕਾਤਾਂ ਹੋਈਆਂ। ਕਦੇ ਲੰਡਨ ਲਾਗੇ ਈਰਥ ਵੂਲਿਚ, ਕਦੇ ਟੋਰਾਂਟੋ, ਬਰੈਂਪਟਨ, ਸਰੀ, ਵੈਨਕੂਵਰ ਤੇ ਕਦੇ ਪਟਿਆਲੇ। ਕਦੇ ਸਾਡੇ ਪਿੰਡ ਚਕਰ ਜਿਥੇ ਉਸ ਨੂੰ ਕਿਸਤੀ 'ਚ ਝੀਲ ਦੀ ਸੈਰ ਕਰਾਈ ਤੇ ਨੌਂ ਮਾਡਰਨ ਸੱਥਾਂ 'ਚ ਬਜ਼ੁਰਗਾਂ ਨਾਲ ਮਿਲਵਾਇਆ। ਬਿਆਸ ਪਿੰਡ ਮੁੜ ਕੇ ਉਹ ਆਪਣੇ ਯਾਰਾਂ ਬੇਲੀਆਂ ਲਈ 'ਚਾਨਣ ਮੁਨਾਰਾ' ਬਣੇ 'ਚਕਰ' ਦੀਆਂ ਗੱਲਾਂ ਸੁਣਾਉਂਦਾ ਰਿਹਾ।

6 ਮਾਰਚ 2025 ਨੂੰ ਸ਼੍ਰੀ ਗੁਰੂ ਅੰਗਦ ਦੇਵ ਕਾਲਜ ਖਡੂਰ ਸਾਹਿਬ ਦੀ ਅਥਲੈਟਿਕਸ ਮੀਟ ਸੀ। ਅਸੀਂ ਮੀਟ ਦਾ ਉਦਘਾਟਨ ਕਰ ਕੇ ਵਿਹਲੇ ਹੋਏ ਤਾਂ ਮੁੜਦਿਆਂ ਬਾਬਾ ਫ਼ੌਜਾ ਸਿੰਘ ਦੀਆਂ ਗੱਲਾਂ ਚੱਲ ਪਈਆਂ। ਮੈਂ ਮੀਟ ਦੇ ਉਦਘਾਟਨੀ ਭਾਸ਼ਨ 'ਚ ਬਾਬੇ ਦਾ ਜ਼ਿਕਰ ਜੁ ਕਰ ਬੈਠਾ ਸਾਂ। ਜੀ.ਟੀ. ਰੋਡ 'ਤੇ ਚੜ੍ਹਦਿਆਂ ਮੈਂ ਨਾਲ ਦਿਆਂ ਨੂੰ ਪੁੱਛਿਆ, ਬਾਬਾ ਫ਼ੌਜਾ ਸਿੰਘ ਨੂੰ ਮਿਲਣੈ? ਅਮਰਦੀਪ ਕਾਲਜ ਮੁਕੰਦਪੁਰ ਦੇ ਬਾਨੀ ਗੁਰਚਰਨ ਸਿੰਘ ਸ਼ੇਰਗਿੱਲ ਤੇ ਕਾਰ ਚਲਾ ਰਹੇ ਮੇਰੇ ਪੁੱਤਰ ਜਗਵਿੰਦਰ ਸਿੰਘ ਨੇ ਹਾਮੀ ਭਰ ਦਿੱਤੀ। ਮੈਂ ਹਰਵਿੰਦਰ ਸਿੰਘ ਨੂੰ ਫ਼ੋਨ ਕੀਤਾ ਤਾਂ ਉਸ ਨੇ ਕਿਹਾ, ਮੈਂ ਤਾਂ ਬਾਹਰ ਹਾਂ ਪਰ ਬਾਪੂ ਜੀ ਘਰ ਈ ਨੇ, ਆ ਜਾਓ, ਜੀ ਆਇਆਂ ਨੂੰ।

ਗੱਡੀ ਅਸੀਂ ਕਰਤਾਰਪੁਰੋਂ ਮੋੜਨੀ ਸੀ ਪਰ ਮੋੜੀ ਜਲੰਧਰ-ਪਠਾਨਕੋਟ ਹਾਈਵੇ ਤੋਂ। ਬਿਆਸ ਪਿੰਡ ਨੂੰ ਉਥੋਂ ਮੁੜੇ ਜਿਥੇ ਬਾਅਦ ਵਿੱਚ ਬਾਬਾ ਫ਼ੌਜਾ ਸਿੰਘ ਨਾਲ ਹਾਦਸਾ ਵਾਪਰਿਆ। ਅਸੀਂ ਫ਼ਿਰਨੀ ਦਾ ਚੱਕਰ ਲਾ ਕੇ ਬਾਬੇ ਦੇ ਘਰ ਪੁੱਜੇ। ਦਰ ਖੁੱਲ੍ਹਾ ਸੀ, ਸਾਹਮਣੇ ਰੁੱਖ ਦੀ ਛਾਵੇਂ ਬਾਬਾ ਮੰਜੇ 'ਤੇ ਪਿਆ ਸੀ। ਟ੍ਰੈਕਟਰ, ਟਰਾਲੀ, ਸਕੂਟਰ ਤੇ ਖੇਤੀਬਾੜੀ ਦੇ ਸੰਦਾਂ ਨਾਲ ਵਿਹੜਾ ਭਰਿਆ ਹੋਇਆ ਸੀ।

ਅਸੀਂ ਕਾਰ 'ਚੋਂ ਨਿਕਲੇ ਤਾਂ ਬਾਬੇ ਨੇ ਗੰਜੇ ਸਿਰ 'ਤੇ ਪੱਗ ਰੱਖੀ ਤੇ ਮੰਜੇ ਤੋਂ ਉਠ ਖੜ੍ਹਿਆ। ਅਸੀਂ ਬੈਠੇ ਰਹਿਣ ਲਈ ਕਿਹਾ ਪਰ ਉਹ ਖੂੰਡੀ ਲੈ ਕੇ ਚਾਹ ਪਾਣੀ ਪਿਆਉਣ ਲਈ ਸਾਨੂੰ ਬੈਠਕ ਵੱਲ ਲੈ ਤੁਰਿਆ। ਬੈਠਕ ਖੇਡ ਸਨਮਾਨਾਂ ਨਾਲ ਭਰੀ ਹੋਈ ਸੀ। ਇੱਕ ਅਲਮਾਰੀ ਵਿੱਚ ਉਹਦਾ ਦੌੜਨ ਵਾਲਾ ਸੁਰਮਈ ਬੂਟ ਪਿਆ ਸੀ ਜੋ ਖੇਡਾਂ ਦਾ ਸਮਾਨ ਬਣਾਉਣ ਵਾਲੀ ਐਡੀਡਾਸ ਕੰਪਨੀ ਨੇ ਮੁਹੰਮਦ ਅਲੀ ਤੇ ਡੇਵਿਡ ਬੈਕੁਮ ਤੋਂ ਬਾਅਦ 2004 ਵਿੱਚ ਫ਼ੌਜਾ ਸਿੰਘ ਨੂੰ ਆਪਣਾ ਅੰਬੈਸਟਰ ਬਣਾ ਕੇ ਭੇਟ ਕੀਤਾ ਸੀ। ਉਹਦੇ ਇੱਕ ਬੂਟ ਉਤੇ 'ਫ਼ੌਜਾ' ਤੇ ਦੂਜੇ ਉਤੇ 'ਸਿੰਘ' ਦੇ ਸਟਿੱਕਰ ਲੱਗੇ ਸਨ। ਬਾਬੇ ਨੂੰ ਦਿਸਦਾ ਠੀਕ ਸੀ ਪਰ ਸੁਣਦਾ ਉੱਚਾ ਸੀ। ਚਮੜੀ ''ਤੇ ਫ਼ੁਲਬਹਿਰੀ ਦੇ ਚਿੱਟੇ ਦਾਗ ਪੈਣੇ ਸ਼ੁਰੂ ਹੋ ਗਏ ਸਨ। ਗੱਲਾਂ ਕਰਦਾ ਦੂਜੀ ਗੱਲ ਭੁੱਲ ਜਾਂਦਾ ਸੀ ਤੇ ਉੱਘ ਦੀਆਂ ਪਤਾਲ ਮਾਰਨ ਲੱਗ ਪੈਂਦਾ ਸੀ। ਪਰ ਹਾਸਾ ਪਹਿਲਾਂ ਵਾਲਾ ਹੀ ਹੱਸਦਾ ਸੀ। ਉਸ ਦਾ ਵੱਡਾ ਪੁੱਤਰ ਸੁਖਵਿੰਦਰ ਸਿੰਘ ਫ਼ਰਵਰੀ 'ਚ ਮਿਲਣ ਆਇਆ ਬਾਪ ਲਈ ਵਲਾਇਤੀ ਵਿਸਕੀ ਛੱਡ ਗਿਆ ਸੀ। ਗੱਲੀਂ ਬਾਤੀਂ ਪਤਾ ਲੱਗਾ ਕਿ ਪਰਿਵਾਰ ਦੇ 15 ਖੇਤ ਹਨ ਤੇ ਏਨੇ ਕੁ ਹੋਰ ਠੇਕੇ 'ਤੇ ਲੈ ਕੇ ਛੋਟਾ ਪੁੱਤਰ ਖੇਤੀ ਕਰਦਾ ਹੈ।

ਮੈਂ ਸੋਚਿਆ ਸੀ ਕਿ ਜਦੋਂ ਨਵੰਬਰ 'ਚ ਕੈਨੇਡਾ ਤੋਂ ਪੰਜਾਬ ਮੁੜਾਂਗਾ ਤਾਂ ਨਵਦੀਪ ਗਿੱਲ ਤੇ ਹੋਰ ਖੇਡ ਲੇਖਕਾਂ ਨੂੰ ਨਾਲ ਲੈ ਕੇ ਬਾਬੇ ਸੰਗ ਪਿਕਨਿਕ ਮਨਾਵਾਂਗੇ। ਨਾਲੇ 'ਮੈਰਾਥਨ ਦਾ ਮਹਾਂਰਥੀ ਬਾਬਾ ਫ਼ੌਜਾ ਸਿੰਘ' ਨਾਂ ਦੀ ਪੁਸਤਕ ਲੋਕ ਅਰਪਣ ਕਰਾਂਗੇ ਜੋ ਮੈਂ ਤਿਆਰ ਕਰ ਰਿਹਾਂ। ਪਰ ਕੁਦਰਤ ਨੂੰ ਕੁੱਝ ਹੋਰ ਮਨਜ਼ੂਰ ਸੀ ਜਿਸ ਨੇ 14 ਜੁਲਾਈ ਨੂੰ ਹੀ ਭਾਣਾ ਵਰਤਾਅ ਦਿੱਤਾ।

ਫ਼ੌਜਾ ਸਿੰਘ ਨੂੰ ਮੈਂ ਪਹਿਲੀ ਵਾਰ 1999 ਵਿੱਚ ਈਰਥ-ਵੂਲਿਚ ਦੇ ਟੂਰਨਾਮੈਂਟ 'ਚ ਵੇਖਿਆ ਸੀ। ਮੈਂ ਕੁਮੈਂਟਰੀ ਕਰ ਰਿਹਾ ਸਾਂ ਤੇ ਉਹ ਕਬੱਡੀ ਦੇ ਦਾਇਰੇ ਦੁਆਲੇ ਰੇਵੀਏ ਪਿਆ ਗੇੜੇ 'ਤੇ ਗੇੜੇ ਲਾ ਰਿਹਾ ਸੀ। ਕਾਫ਼ੀ ਦੇਰ ਬਾਅਦ ਜਦ ਰੁਕਿਆ ਤਾਂ ਮੈਂ ਉਹਦੇ ਨਾਲ ਗੱਲਾਂ ਕੀਤੀਆਂ ਪਰ ਕਾਪੀ ਵਿੱਚ ਨੋਟ ਨਾ ਕਰ ਸਕਿਆ। ਉਂਝ ਪਤਾ ਲੱਗ ਗਿਆ ਕਿ ਬਾਬਾ ਕਮਾਲ ਦੀ ਸ਼ੈਅ ਹੈ।

2000 ਵਿੱਚ ਮੈਂ ਫ਼ੌਜਾ ਸਿੰਘ ਦੀਆਂ ਤਸਵੀਰਾਂ ਅਖ਼ਬਾਰਾਂ 'ਚ ਛਪੀਆਂ ਵੇਖੀਆਂ। ਉਸ ਨੇ ਲੰਡਨ ਦੀ ਮੈਰਾਥਨ ਦੌੜ ਵਿੱਚ ਅੱਸੀ ਸਾਲ ਤੋਂ ਵੱਡੀ ਉਮਰ ਦੇ ਦੌੜਾਕਾਂ 'ਚ ਨਵਾਂ ਵਿਸ਼ਵ ਰਿਕਾਰਡ ਰੱਖ ਦਿੱਤਾ ਸੀ! ਉਸ ਮੈਰਾਥਨ ਵਿੱਚ 32860 ਦੌੜਾਕਾਂ ਨੇ ਭਾਗ ਲਿਆ ਸੀ ਤੇ ਉਹ ਦਸ ਹਜ਼ਾਰ ਦੌੜਾਕਾਂ ਨੂੰ ਪਿੱਛੇ ਛੱਡ ਗਿਆ ਸੀ। ਮੈਨੂੰ ਝੋਰਾ ਹੋਇਆ ਕਿ ਈਰਥ ਵਿੱਚ ਮੈਂ ਉਸ ਦੀ ਇੰਟਰਵਿਊ ਕਿਉਂ ਨਾ ਲੈ ਸਕਿਆ?


28 ਸਤੰਬਰ 2003 ਨੂੰ 'ਸਕੋਸ਼ੀਆਬੈਂਕ ਟੋਰਾਂਟੋ ਵਾਟਰਫ਼ਰੰਟ ਮੈਰਾਥਨ' ਟੋਰਾਂਟੋ ਵਿੱਚ ਲੱਗੀ।

ਮੈਂ ਉਦੋਂ ਉਥੇ ਹੀ ਸਾਂ। ਫ਼ੌਜਾ ਸਿੰਘ ਇੰਗਲੈਂਡ ਤੋਂ ਦੌੜ ਵਿੱਚ ਭਾਗ ਲੈਣ ਆਇਆ। ਉਹਦੇ ਕੇਸਰੀ ਪੱਗ ਬੱਧੀ




ਹੋਈ ਸੀ ਤੇ ਦੌੜਦੇ ਦੀ ਲੰਮੀ ਦਾਹੜੀ ਲਹਿਰਾਅ ਰਹੀ ਸੀ। ਦੌੜ ਮੁੱਕੀ ਤਾਂ ਉਸ ਨੇ ਆਪਣਾ ਹੀ ਰਿਕਾਰਡ ਪਹਿਲਾਂ ਨਾਲੋਂ 31 ਮਿੰਟ ਘੱਟ ਸਮੇਂ ਨਾਲ ਤੋੜ ਦਿੱਤਾ। ਮੇਮਾਂ ਇੱਕ ਦੂਜੀ ਤੋਂ ਅੱਗੇ ਹੋ ਕੇ ਫ਼ੌਜਾ ਸਿੰਘ ਨੂੰ ਜੱਫ਼ੀਆਂ ਪਾਉਂਦੀਆਂ ਵਧਾਈਆਂ ਦੇਣ ਲੱਗੀਆਂ। ਨਿਆਣੇ ਆਟੋਗਰਾਫ਼ ਲੈਣ ਲੱਗੇ। ਬਿਆਸ ਪਿੰਡੀਆਂ ਨੇ ਫ਼ੌਜਾ ਸਿੰਘ ਨੂੰ ਮੋਢਿਆਂ 'ਤੇ ਚੁੱਕ ਲਿਆ। ਫ਼ੌਜਾ ਸਿੰਘ ਦੀ ਬੱਲੇ-ਬੱਲੇ ਹੋ ਗਈ। ਉਹਦੀ ਵਿਲੱਖਣਤਾ ਸੀ ਕਿ ਉਹ ਝੂਲਦੀ ਸਫ਼ੈਦ ਦਾੜ੍ਹੀ ਨਾਲ ਕੇਸਰੀ ਦਸਤਾਰ 'ਤੇ ਖੰਡਾ ਸਜਾ ਕੇ ਦੌੜਿਆ ਸੀ। ਉਹਦੇ ਨਿਆਰੇ ਸਰੂਪ ਨੇ ਉਹਦੀ ਮਸ਼ਹੂਰੀ ਹੋਰ ਵੀ ਵੱਧ ਕਰਾਈ!

ਸ਼ਾਮੀ ਅਸੀਂ ਲਾਂਭੇ ਬਹਿ ਕੇ ਖੁੱਲ੍ਹੀਆਂ ਗੱਲਾਂ ਕੀਤੀਆਂ। ਉਸ ਨੇ ਹੁੱਬ ਕੇ ਦੱਸਿਆ ਕਿ ਪਿੰਡ ਹਲ ਵਾਹੁੰਦਿਆਂ ਉਹ ਨੂੰ ਕੋਈ ਪਾਣੀ ਵੀ ਨਹੀਂ ਸੀ ਪੁੱਛਦਾ ਪਰ ਹੁਣ ਮੇਮਾਂ ਕੋਕ ਚੁੱਕੀ ਪਿਛੇ-ਪਿਛੇ ਤੁਰੀਆਂ ਫ਼ਿਰਦੀਆਂ। ਕੈਮਰਿਆਂ ਵਾਲੇ ਫ਼ੋਟੂ ਲੌਹਣੋਂ ਨੀ ਹਟਦੇ। ਪਿੰਡ ਵਾਲੇ ਮੈਨੂੰ ਫ਼ੌਜੂ ਕਹਿੰਦੇ ਸੀ, ਅਖ਼ਬਾਰਾਂ ਵਾਲੇ ਬਾਬਾ ਫ਼ੌਜਾ ਸਿੰਘ ਲਿਖੀ ਜਾਂਦੇ ਹਨ। ਉਸ ਨੇ ਕਿਹਾ, ਇਹ ਸਭ ਕੁਦਰਤ ਦੀ ਖੇਡ ਐ। ਗੱਲਾਂ ਬਾਤਾਂ ਕਰਦਿਆਂ ਮੈਂ ਨੋਟ ਕੀਤਾ ਕਿ ਬਾਬਾ ਫ਼ੌਜਾ ਸਿੰਘ ਅੰਦਰ ਅਜੇ ਵੀ ਸ਼ੌਂਕੀ ਬੰਦਾ ਛੁਪਿਆ ਬੈਠਾ ਸੀ। ਉਹਨੇ ਸੋਨੇ ਦਾ ਕੜਾ ਪਾਇਆ ਹੋਇਆ ਸੀ ਤੇ ਸੁਨਹਿਰੀ ਘੜੀ ਬੱਧੀ ਹੋਈ ਸੀ। ਘੜੀ ਮਾੜੀ ਮੋਟੀ ਨਈਂ, ਰਾਡੋ ਸੀ ਜੋ ਸਾਢੇ ਤਿੰਨ ਸੌ ਪੌਂਡ ਦੀ ਲਈ ਸੀ। ਉਹਨੇ ਗੁੰਮਨਾਮੀ 'ਚ ਚੱਲ ਵਸਣਾ ਸੀ ਜੇ ਦੌੜਨ ਨਾ ਲੱਗਦਾ। ਦੌੜਾਂ ਲਾਉਣ ਨਾਲ ਉਹ ਮਰਨੋ ਬਚ ਗਿਆ। ਗ਼ਮਗ਼ੀਨੀ 'ਚੋਂ ਨਿਕਲ ਕੇ ਜਿਉਂਦਿਆਂ 'ਚ ਹੋ ਗਿਆ। ਬੁੱਢੇਵਾਰੇ ਦੌੜਾਂ 'ਚ ਪੈ ਕੇ ਉਹਨੇ ਪੂਰੇ ਵਿਸਵ ਵਿੱਚ ਬੱਲੇ-ਬੱਲੇ ਕਰਵਾਈ। ਉਸ ਨੂੰ 2004, 2008 ਤੇ 2012 ਦੀਆਂ ਉਲੰਪਿਕ ਖੇਡਾਂ ਦੀ ਮਿਸ਼ਾਲ ਲੈ ਕੇ ਦੌੜਨ ਦਾ ਮਾਣ ਮਿਲਿਆ। ਬਾਬੇ ਨੂੰ ਬਰਤਾਨੀਆ ਦੀ ਮਹਾਰਾਣੀ ਐਲਜ਼ਾਬੈੱਥ ਨੇ ਸੌ ਸਾਲ ਦਾ ਸੀਨੀਅਰ ਸਿਟੀਜ਼ਨ ਹੋ ਜਾਣ ਦੀ ਵਧਾਈ ਦਿੱਤੀ ਤੇ ਸ਼ਾਹੀ ਮਹਿਲਾਂ ਵਿੱਚ ਖਾਣੇ 'ਤੇ ਸੱਦਿਆ। ਮਹਾਰਾਣੀ ਨੂੰ ਮਿਲ ਕੇ ਉਹ ਹੋਰ ਜੁਆਨ ਹੋ ਗਿਆ! ਫ਼ੌਜਾ ਸਿੰਘ ਪੁੰਨ ਦੇ ਕਾਰਜਾਂ ਲਈ ਦੌੜਦਾ ਰਿਹਾ। ਚੈਰਟੀ ਲਈ 'ਕੱਠੇ ਹੋਏ ਪੈਸਿਆਂ ਵਿੱਚ ਥੋੜ੍ਹੇ ਬਹੁਤੇ ਆਪਣੇ ਵੱਲੋਂ ਵੀ ਪਾਉਂਦਾ ਰਿਹਾ। 2003 ਵਿੱਚ ਉਹ ਨਿਊਯਾਰਕ ਦੀ ਮੈਰਾਥਨ 'ਸਿੱਖ ਪਛਾਣ' ਲਈ ਦੌੜਿਆ। (ਬਾਕੀ ਸਫ਼ਾ 31 'ਤੇ)



8 ਮਾਰਚ 2025 ਨੂੰ ਬਾਬਾ ਫੌਜਾ ਸਿੰਘ ਦੇ ਬਿਆਸ ਪਿੰਡ ਵਾਲੇ ਘਰ ਪ੍ਰਿੰਸੀਪਲ ਸਰਵਣ ਸਿੰਘ ਆਪਣੀ ਨਵੀਂ ਪੁਸਤਕ 'ਸੰਸਾਰ ਦੇ ਪ੍ਰਸਿੱਧ ਖਿਡਾਰੀ' ਬਾਬਾ ਜੀ ਨੂੰ ਭੇਟ ਕਰਦਿਆਂ। ਉਦੋਂ ਕੀ ਪਤਾ ਸੀ ਕਿ ਇਸ ਘਰ ਦੇ ਕੋਲ ਹੀ 'ਮੈਰਾਥਨ ਦੇ ਮਹਾਂਰਥੀ' ਨੇ ਕਾਰ ਹਾਦਸੇ ਦਾ ਸ਼ਿਕਾਰ ਹੋ ਜਾਣਾ ਹੈ।

# ਕਾਲੀ ਵੇਈਂ ਦੀ ਕਾਰ ਸੇਵਾ ਦੇ 25 ਵਰ੍ਹੇ

ਪ੍ਰਦੀਪ ਯਾਦਵ

ਪਵਿੱਤਰ ਕਾਲੀ ਵੇਈਂ ਦੀ ਕਾਰ ਸੇਵਾ ਨੂੰ 21ਵੀਂ ਸਦੀ ਵਿੱਚ ਕਿਰਤ ਦੇ ਮਨਾਏ ਜਾ ਰਹੇ ਜਸ਼ਨ ਵਜੋਂ ਦੇਖਣਾ ਚਾਹੀਦਾ ਹੈ। ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਵਾਲਿਆਂ ਦੀ ਅਗਵਾਈ ਹੇਠ 25 ਸਾਲਾਂ ਤੋਂ ਚੱਲ ਰਹੀ ਕਾਰ ਸੇਵਾ ਨੇ ਵਾਤਾਵਰਣ ਦੇ ਖੇਤਰ ਵਿੱਚ ਪੰਜਾਬ ਨੂੰ ਨਵਾਂ ਮੋੜਾ ਦਿੱਤਾ ਹੈ। ਇਨ੍ਹਾਂ 25 ਸਾਲਾਂ ਵਿੱਚ ਪੰਜਾਬੀਆਂ ਨੇ ਆਪਣੇ ਪਾਣੀ ਦੇ ਕੁਦਰਤੀ ਸਰੋਤਾਂ ਨੂੰ ਸੰਭਾਲਣ ਅਤੇ ਧਰਤੀ ਦੀ ਗੋਦ ਹਰੀ-ਭਰੀ ਕਰਨ ਵੱਲ ਕਦਮ ਪੁੱਟਿਆ ਹੈ।

ਇਹ ਸਾਰਾ ਕੁਝ ਵੇਈਂ ਦੀ ਕਾਰ ਸੇਵਾ ਦੁਆਲੇ ਹੀ ਘੁੰਮਦਾ ਨਜ਼ਰ ਆਵੇਗਾ। ਸੁਲਤਾਨਪੁਰ ਲੋਧੀ ਕਸਬਾ ਆਪਣੇ ਖੰਡਰਾਂ ਵਿੱਚ ਇਸ ਖਿੱਤੇ ਦਾ ਅਜ਼ੀਮ ਇਤਿਹਾਸ ਸੰਭਾਲੀ ਬੈਠਾ ਹੈ। ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਲੋਧੀ ਵਿੱਚ 14 ਸਾਲ 9 ਮਹੀਨੇ 13 ਦਿਨ ਤੱਕ ਰਹੇ ਸਨ।

ਇੱਥੇ ਗੁਰੂ ਸਾਹਿਬ ਦੀ ਭੈਣ ਬੇਬੇ ਨਾਨਕੀ ਜੀ ਵਿਆਹੇ ਹੋਏ ਸਨ। ਇੱਥੇ ਵਗਦੀ ਕਾਲੀ ਵੇਈਂ ਕਿਨਾਰੇ ਹੀ ਗੁਰੂ ਜੀ ਤਪ ਕਰਦੇ ਸਨ ਤੇ ਇਸੇ ਵੇਈਂ ਵਿੱਚ ਇਸ਼ਨਾਨ ਕਰਦੇ ਸਨ। ਤ੍ਰਾਸਦੀ ਇਹ ਹੈ ਕਿ ਅਸੀਂ ਬਾਬੇ ਨਾਨਕ ਦੀ ਨਦੀ ਨੂੰ ਪਲੀਤ ਕਰੀ ਗਏ। ਇਹ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਵੱਡੀ ਚੁਣੌਤੀ ਸੀ ਤੇ ਸਾਡੇ ਮਨ ਦਾ ਇਹ ਡਰ ਸੀ ਕਿ ਆਉਣ ਵਾਲੀਆਂ ਪੀੜ੍ਹੀਆਂ ਕਿਧਰੇ ਸਾਨੂੰ ਲਾਹਨਤਾਂ ਨਾ ਪਾਉਣ ਕਿ ਸਾਡੇ ਵੱਡੇ-ਵਡੇਰਿਆਂ ਨੇ ਬਾਬੇ ਨਾਨਕ ਦੀ ਵੇਈਂ ਵੀ ਨਹੀਂ ਸੰਭਾਲੀ ? ਇਹ ਡਰ ਸੱਚਮੁੱਚ ਵੱਢ-ਵੱਢ ਖਾਣ ਵਾਲਾ ਸੀ।ਇਸੇ ਫ਼ਿਕਰਮੰਦੀ ਵਿੱਚੋਂ ਧਰਤਿ ਸੁਹਾਵੀ ਸੰਸਥਾ ਨੇ 15 ਜੁਲਾਈ 2000 ਨੂੰ ਜਲੰਧਰ ਵਿੱਚ ਇੱਕ ਮੀਟਿੰਗ ਰੱਖੀ ਸੀ। ਇਸੇ ਮੀਟਿੰਗ ਵਿੱਚ ਜਦੋਂ ਬੁੱਧੀਜੀਵੀਆਂ ਨੇ ਬਾਬੇ ਨਾਨਕ ਦੀ ਪਲੀਤ ਹੋਈ ਵੇਈਂ ਬਾਰੇ ਬੜੇ ਵਿਸਥਾਰ ਨਾਲ ਚਰਚਾ ਕੀਤੀ ਤਾਂ ਅਖ਼ੀਰ ਵਿੱਚ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਸੰਬੋਧਨ ਕੀਤਾ। ਉਨ੍ਹਾਂ ਸਾਰੇ ਬੁਲਾਰਿਆਂ ਦੇ ਵਿਚਾਰ ਪਹਿਲਾਂ ਸੁਣ ਲਏ ਸਨ। ਉਨ੍ਹਾਂ ਨੇ ਕਿਹਾ ਕਿ ਜੇ ਬਾਬੇ ਨਾਨਕ ਦੀ ਵੇਈਂ ਦੀ ਹਾਲਤ





ਇੰਨੀ ਜ਼ਿਆਦਾ ਖ਼ਰਾਬ ਹੈ ਤਾਂ ਫਿਰ ਸਾਨੂੰ ਹੁਣੇ ਹੀ ਚੱਲਣਾ ਚਾਹੀਦਾ ਹੈ। ਸੰਤ ਸੀਚੇਵਾਲ ਨੇ ਅਗਲੇ ਦਿਨ ਭਾਵ 16 ਜੁਲਾਈ 2000 ਨੂੰ ਸੁਲਤਾਨਪੁਰ ਲੋਧੀ ਵਿਖੇ ਗੁਰਦੁਆਰਾ ਬੇਰ ਸਾਹਿਬ ਵਿਖੇ ਅਰਦਾਸ ਕਰ ਕੇ ਵੇਈਂ ਵਿੱਚ ਛਾਲ ਮਾਰ ਦਿੱਤੀ।

ਇਸੇ ਛਾਲ ਨਾਲ ਪੰਜਾਬੀਆਂ ਵਿੱਚ ਆਪਣੇ ਪਾਣੀਆਂ ਪ੍ਰਤੀ ਕਾਫ਼ੀ ਹੱਦ ਤੱਕ ਚੇਤਨਾ ਪੈਦਾ ਹੋਈ ਕਿ ਜੇ ਪਾਣੀਆਂ ਦੇ ਕੁਦਰਤੀ ਸਰੋਤ ਨਾ ਸੰਭਾਲੇ ਤਾਂ ਬਹੁਤ ਦੇਰ ਹੋ ਜਾਵੇਗੀ। ਗੁਰੂ ਨਾਨਕ ਦੇਵ ਜੀ ਵੱਲੋਂ 'ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ' ਦੇ ਸਿਧਾਂਤ ਨੂੰ ਸੰਤ ਸੀਚੇਵਾਲ ਨੇ ਕਾਰ ਸੇਵਾ ਦਾ ਕੇਂਦਰੀ ਧੁਰਾ ਬਣਾ ਲਿਆ ਤੇ ਇਸੇ ਦੁਆਲੇ 25 ਸਾਲਾਂ ਤੋਂ ਕਾਰ ਸੇਵਾ ਚੱਲਦੀ ਆ ਰਹੀ ਹੈ। ਕਹਿੰਦੇ ਹਨ ਕਿ ਜਿਨ੍ਹਾਂ ਦੇ ਮਕਸਦ ਵੱਡੇ ਹੁੰਦੇ ਹਨ ਉਨ੍ਹਾਂ ਦੇ ਰਸਤਿਆਂ ਵਿੱਚ ਚੁਣੌਤੀਆਂ ਵੀ ਵੱਡੀਆਂ ਹੁੰਦੀਆਂ ਹਨ। ਸੰਤ ਸੀਚੇਵਾਲ ਇਸ ਕਥਨ 'ਤੇ ਖ਼ਰੇ ਉਤਰਦੇ ਹਨ।

ਉਨ੍ਹਾਂ ਨੂੰ ਪਹਿਲਾਂ 'ਸੜਕਾਂ ਵਾਲੇ ਬਾਬੇ' ਕਿਹਾ ਜਾਣ ਲੱਗਾ ਸੀ ਕਿਉਂਕਿ ਉਨ੍ਹਾਂ ਨੇ ਦੋਨਾ ਇਲਾਕੇ ਦੀ ਕੋਈ ਸੜਕ ਨਹੀਂ ਸੀ ਛੱਡੀ ਜਿੱਥੋਂ ਉਨ੍ਹਾਂ ਦੀ ਲਾਲ ਜੀਪ ਨੇ ਗੇੜਾ ਨਾ ਕੱਢਿਆ ਹੋਵੇ। ਜਿਸ ਪਿੰਡ ਵਿੱਚੋਂ ਦੀ ਇਹ ਜੀਪ ਲੰਘ ਜਾਂਦੀ ਸੀ ਤਾਂ ਲੋਕਾਂ ਦੀ ਧਾਰਨਾ ਬਣ ਜਾਂਦੀ ਸੀ ਕਿ ਹੁਣ ਇਹ ਰਸਤਾ ਬਣਿਆ ਲਓ। ਵੇਈਂ ਦੀ ਕਾਰ ਸੇਵਾ ਸ਼ੁਰੂ ਕਰਨੀ ਹੀ ਅਸੰਭਵ ਸ਼ਬਦ ਨੂੰ ਸੰਭਵ ਬਣਾਉਣਾ ਸੀ। ਸੰਤ ਸੀਚੇਵਾਲ ਦੇ ਸ਼ਬਦਕੋਸ਼ ਵਿੱਚ ਅਸੰਭਵ ਨਾਂ ਦਾ ਸ਼ਬਦ ਹੈ ਹੀ ਨਹੀਂ। ਸੌਲਾਂ ਜੁਲਾਈ 2000 ਸਾਉਣ ਦੀ ਸੰਗਰਾਂਦ ਤੋਂ ਲੈ ਕੇ 16 ਜੁਲਾਈ 2025 ਦੀ ਸਾਉਣ ਦੀ ਸੰਗਰਾਂਦ ਤੱਕ ਦੇ ਇਨ੍ਹਾਂ 25 ਸਾਲਾਂ ਦੇ ਅਰਸੇ ਦੌਰਾਨ ਬਹੁਤ ਸਾਰਾ ਪਾਣੀ ਸਮੇਂ ਦੇ ਪੁਲਾਂ ਹੇਠੋਂ ਦੀ ਲੰਘ ਗਿਆ।

ਇਸ ਸਦੀ ਦੇ ਪਹਿਲੇ 25 ਸਾਲਾਂ ਵਿੱਚ ਨਾਨਕ ਨਾਮਲੇਵਾ ਸੰਗਤਾਂ ਨੇ ਰਲ ਕੇ ਵੇਈਂ ਦੇ ਗੀਤ ਗਾਉਂਦਿਆਂ ਇਸ ਦੇ ਪਲੀਤ ਹੋਏ ਪਾਣੀ ਨੂੰ ਨਿਰਮਲ-ਧਾਰਾ ਵਿੱਚ ਬਦਲ ਕੇ ਰੱਖ ਦਿੱਤਾ। ਸਾਲ 2003 ਵਿੱਚ ਵੇਈਂ ਦੀ ਕਾਰ ਸੇਵਾ ਗਾਲੋਵਾਲ ਤੋਂ ਸ਼ੁਰੂ ਕੀਤੀ ਗਈ ਸੀ। ਇਹ ਵੇਈਂ ਇੱਧਰੋਂ ਹੀ ਆਉਂਦੀ ਹੈ।

ਦੇਖਦਿਆਂ-ਦੇਖਦਿਆਂ ਇਸ ਦੀ ਨੁਹਾਰ ਬਦਲ ਗਈ। ਵੇਈਂ ਦੇ ਪਾਣੀ ਦੀ ਹੁੰਦੀ ਜਾ ਰਹੀ ਨਿਰਮਲ ਜਲਧਾਰਾ ਨੇ ਸੰਗਤਾਂ ਵੱਲੋਂ ਕੀਤੇ ਗਏ ਇਸ ਕਾਰਜ ਦੀ ਚਰਚਾ ਦੁਨੀਆ ਭਰ ਵਿੱਚ ਛੇੜ ਦਿੱਤੀ ਸੀ। ਸੰਨ 2004 ਦੇ ਮਈ ਮਹੀਨੇ 'ਚ ਤਕਨਾਲੋਜੀ ਦਿਵਸ ਮੌਕੇ ਤਤਕਾਲੀ ਰਾਸ਼ਟਰਪਤੀ ਡਾ. ਏਪੀਜੇ ਅਬਦੁਲ ਕਲਾਮ ਨੇ ਵੇਈਂ ਦੀ ਕਾਰ ਸੇਵਾ ਦਾ ਜ਼ਿਕਰ ਕਰ ਕੇ ਇਸ ਕਾਰਜ ਨੂੰ ਦੇਸ਼ ਦੇ ਨਕਸ਼ੇ 'ਤੇ ਲੈ ਦਿੱਤਾ ਸੀ। ਸੰਨ 2006 'ਚ ਪੰਜਾਬ ਸਰਕਾਰ ਨੇ ਕਾਲੀ ਵੇਈਂ ਨੂੰ ਪਵਿੱਤਰ ਵੇਈਂ ਐਲਾਨ ਦਿੱਤਾ। ਇਹ ਦੇਸ਼ ਦੀ ਪਹਿਲੀ ਨਦੀ ਬਣ ਗਈ ਜਿਸ ਨੂੰ ਪਵਿੱਤਰ ਐਲਾਨਿਆ ਗਿਆ ਹੋਵੇ।

ਸਤਾਰਾਂ ਅਗਸਤ 2006 ਨੂੰ ਰਾਸ਼ਟਰਪਤੀ ਡਾ. ਕਲਾਮ ਪਹਿਲੀ ਵਾਰ ਵੇਈਂ ਦੀ ਕਾਰ ਸੇਵਾ ਨੂੰ ਦੇਖਣ ਲਈ ਸੁਲਤਾਨਪੁਰ ਲੋਧੀ ਆਏ ਸਨ। ਸੰਨ 2007 ਦੀ ਵਰ੍ਹੇਗੰਢ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਜੋਗਿੰਦਰ ਸਿੰਘ ਵੇਦਾਂਤੀ ਵੱਲੋਂ ਇਹ ਸੰਦੇਸ਼ ਜਾਰੀ ਕੀਤਾ ਗਿਆ ਕਿ ਪਵਿੱਤਰ ਵੇਈਂ ਵਿੱਚ ਕੋਈ ਵੀ ਜਾਣੇ-ਅਣਜਾਣੇ ਵਿੱਚ ਗੰਦੇ ਪਾਣੀ ਦੀ ਇੱਕ ਵੀ ਬੂੰਦ ਨਾ ਪਾਵੇ। ਜੁਲਾਈ 2008 ਵਿੱਚ ਇੱਕ ਵਾਰ ਫਿਰ ਕਾਲੀ ਵੇਈਂ ਦੀ ਵਰ੍ਹੇਗੰਢ ਮੌਕੇ ਵੀ ਸੇਵਾ ਮੁਕਤੀ ਤੋਂ ਬਾਅਦ ਡਾ. ਕਲਾਮ ਆਏ ਸਨ। ਸੰਨ 2008 'ਚ ਹੀ ਇਸ ਨਦੀ ਦੀ ਕਾਰ ਸੇਵਾ 'ਚ ਪੰਜਾਬ ਦੇ ਹੋਰ ਕੁਦਰਤੀ ਸਰੋਤਾਂ ਨੂੰ ਬਚਾਉਣ ਦੀ ਲਹਿਰ ਨਿਕਲੀ ਸੀ।ਇਸੇ ਸਾਲ ਪੰਜਾਬ ਦੀ ਸਭ ਤੋਂ ਦੂਸ਼ਿਤ ਡਰੇਨ ਕਾਲਾ ਸੰਘਿਆਂ ਨੂੰ ਪਹਿਲੀ ਵਾਰ ਬੰਨ੍ਹ ਮਾਰਿਆ ਗਿਆ ਸੀ। ਸਾਲ 2009 'ਚ ਜਦੋਂ ਦੇਸ਼ ਵਿੱਚ ਲੋਕ ਸਭਾ ਦੀਆਂ ਚੋਣਾਂ ਹੋ ਰਹੀਆਂ ਸਨ ਤਾਂ ਉਦੋਂ ਸੰਤ ਸੀਚੇਵਾਲ ਨੇ ਵਾਤਾਵਰਣ ਦਾ ਝੰਡਾ ਬੁਲੰਦ ਕੀਤਾ ਹੋਇਆ ਸੀ।


ਇੱਕ ਅਪ੍ਰੈਲ 2009 ਤੋਂ ਵਾਤਾਵਰਣ ਚੇਤਨਾ ਮਾਰਚ ਨਾਲ ਪੰਜਾਬ ਦੇ ਦੂਸ਼ਿਤ ਪਾਣੀਆਂ ਵਿਰੁੱਧ ਇੱਕ ਵੱਡਾ ਸੰਘਰਸ਼ ਆਰੰਭ ਕਰ ਦਿੱਤਾ ਗਿਆ ਸੀ। ਸੰਤ ਸੀਚੇਵਾਲ ਨੇ ਪਵਿੱਤਰ ਵੇਈਂ ਦੀ ਕਾਰ ਸੇਵਾ ਬਾਰੇ ਪੂਰੀ ਦੁਨੀਆ ਨੂੰ ਕੌਮਾਂਤਰੀ ਮੰਚਾਂ ਤੋਂ ਜਾਣੂ ਕਰਵਾਇਆ।

ਵਿੰਡਸਰ ਕੈਸਲ ਤੇ ਕੋਪਨਹੈਗਨ ਦੀਆਂ ਕਾਨਫਰੰਸਾਂ ਵਿੱਚ ਬਾਬੇ ਨਾਨਕ ਦੀ ਵੇਈਂ ਦੀ ਚਰਚਾ ਕੀਤੀ ਗਈ। ਸਾਲ 2009 'ਚ ਸੰਤ ਬਲਬੀਰ ਸਿੰਘ ਨੂੰ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦਾ ਮੈਂਬਰ ਨਾਮਜ਼ਦ ਕਰ ਦਿੱਤਾ ਗਿਆ। ਬੋਰਡ ਦੀਆਂ ਮੀਟਿੰਗਾਂ 'ਚ ਕਾਲਾ ਸੰਘਿਆਂ ਡਰੇਨ, ਚਿੱਟੀ ਵੇਈਂ ਤੇ ਬੁੱਢੇ ਨਾਲੇ ਦੇ ਦੂਸ਼ਿਤ ਪਾਣੀਆਂ ਦੀ ਚਰਚਾ ਛੇੜ ਦਿੱਤੀ ਗਈ। ਸੰਨ 2011 ਦੇ ਮਈ ਮਹੀਨੇ 'ਚ ਕਾਲਾ ਸੰਘਿਆਂ ਡਰੇਨ ਦੇ ਜ਼ਹਿਰੀਲੇ ਤੇ ਗੰਦੇ ਪਾਣੀਆਂ ਨੂੰ ਦੂਜੀ ਵਾਰ ਫਿਰ ਬੰਨ੍ਹ ਲਾਇਆ ਗਿਆ। ਇਸ ਕਾਰ ਸੇਵਾ ਨੂੰ ਮਾਣ ਦਿੰਦਿਆਂ ਹੋਇਆਂ ਸੰਤ ਬਲਬੀਰ ਸਿੰਘ ਸੀਚੇਵਾਲ ਨੂੰ ਪਦਮਸ੍ਰੀ ਨਾਲ ਨਿਵਾਜਿਆ ਗਿਆ।

ਮਈ 2018 'ਚ ਬਿਆਸ ਦਰਿਆ ਵਿੱਚ ਸੀਰਾ ਘੁਲਣ ਦੀ ਘਟਨਾ ਨੇ ਪੰਜਾਬ ਦੇ ਦਰਿਆਵਾਂ ਵਿੱਚ ਪੈ ਰਹੀਆਂ ਜ਼ਹਿਰਾਂ ਵੱਲ ਧਿਆਨ ਦਿਵਾਇਆ। ਸਾਲ 2022 ਦੀ ਕਾਰ ਸੇਵਾ ਮਨਾਉਣ ਵਾਲੇ ਜੁਲਾਈ ਮਹੀਨੇ ਵਿੱਚ ਹੀ ਸੰਤ ਸੀਚੇਵਾਲ ਰਾਜ ਸਭਾ ਦੇ ਮੈਂਬਰ ਬਣ ਗਏ ਸਨ। ਉਨ੍ਹਾਂ ਨੂੰ ਜਦੋਂ ਸੰਸਦ ਵਿੱਚ ਬੋਲਣ ਦਾ ਸਮਾਂ ਮਿਲਿਆ ਤਾਂ ਪਹਿਲਾ ਮਸਲਾ ਹੀ ਪਾਣੀਆਂ ਦਾ ਚੁੱਕਿਆ। ਸਾਲ 2023 ਵਿੱਚ ਹੜ੍ਹ ਆਉਣ ਕਾਰਨ ਵਰ੍ਹੇਗੰਢ ਦੇ ਸਮਾਗਮ ਸੰਖੇਪ ਕੀਤੇ ਗਏ ਸਨ। ਸਾਲ 2024 ਦੇ ਹਿੱਸੇ ਇਹ ਗੱਲ ਆਈ ਹੈ ਕਿ ਪੰਜਾਬ ਦੇ ਸਭ ਤੋਂ ਦੂਸ਼ਿਤ ਬੁੱਢੇ ਨਾਲੇ ਨੂੰ ਬੁੱਢੇ ਦਰਿਆ ਵਿੱਚ ਬਦਲਿਆ ਜਾ ਰਿਹਾ ਹੈ। ਇਹ ਕਾਰ ਸੇਵਾ ਵੀ ਪਵਿੱਤਰ ਕਾਲੀ ਵੇਈਂ ਦੀ ਤਰਜ਼ 'ਤੇ ਹੀ ਕੀਤੀ ਜਾ ਰਹੀ ਹੈ।



# ਕਿਸਾਨ ਦੀ ਪਹੁੰਚ ਤੋਂ ਕਿਉਂ ਦੂਰ ਹੁੰਦੀ ਜਾ ਰਹੀ ਹੈ ਜ਼ਮੀਨ ?



ਡਾ. ਐਸ. ਐਸ. ਛੀਨਾ

ਹਰ ਕਾਰੋਬਾਰੀ ਦਾ ਉਦੇਸ਼ ਤੇ ਖੁਸ਼ੀ ਆਪਣੇ ਕਾਰੋਬਾਰ ਨੂੰ ਵਧਾਉਣ ਵਿੱਚ ਹੈ। ਇੱਕ ਕਿਸਾਨ ਦੀ ਖੁਸ਼ੀ ਵੀ ਜ਼ਮੀਨ ਦਾ ਆਕਾਰ ਵਧਾਉਣ ’ਚ ਹੈ, ਪਰ ਆਜ਼ਾਦੀ ਤੋਂ ਬਾਅਦ ਜ਼ਮੀਨ ਵਾਹੀਕਾਰ ਦੀ ਪਹੁੰਚ ਤੋਂ ਦੂਰ ਹੁੰਦੀ ਗਈ ਹੈ। ਅੱਜ ਜਦੋਂ ਜ਼ਮੀਨਾਂ ਦੀਆਂ ਕੀਮਤਾਂ 20 ਲੱਖ ਰੁਪਏ ਪ੍ਰਤੀ ਏਕੜ ਤੋਂ ਕਿਤੇ ਉੱਪਰ ਹੋ ਚੁੱਕੀਆਂ ਹਨ ਤਾਂ ਉਹ ਕਿਸਾਨ ਦੀ ਪਹੁੰਚ ਤੋਂ ਹੋਰ ਵੀ ਪਰ੍ਹੇ ਹੋ ਗਈਆਂ ਹਨ। ਭਾਰਤ ’ਚ ਆਜ਼ਾਦੀ ਤੋਂ ਬਾਅਦ ਅਪਣਾਏ ਗਏ ਭੂਮੀ ਸੁਧਾਰਾਂ ’ਚੋਂ ਪਹਿਲਾ ਜ਼ਿਮੀਂਦਾਰੀ ਪ੍ਰਣਾਲੀ ਦਾ ਖ਼ਾਤਮਾ ਜਿਸ ਦੇ ਅਧੀਨ ਦੇਸ਼ ਦੀ 38 ਫ਼ੀਸਦੀ ਭੂਮੀ ਸੀ ਅਤੇ 1-1 ਜ਼ਿਮੀਂਦਾਰ ਕੋਲ ਹਜ਼ਾਰਾਂ ਏਕੜ ਜ਼ਮੀਨ ਸੀ, ਦੂਸਰਾ ਹਰ ਪ੍ਰਾਂਤ ਵਿੱਚ ਜ਼ਮੀਨ ਦੀ ਉੱਪਰਲੀ ਹੱਦ ਮਿੱਥਣੀ, ਜੋ ਪੰਜਾਬ ’ਚ 30 ਏਕੜ ਮਿੱਥੀ ਗਈ ਪਰ ਕੁਝ ਛੋਟਾਂ ਦਿੱਤੀਆਂ ਗਈਆਂ, ਜਿਨ੍ਹਾਂ ’ਚ ਸਹਿਕਾਰੀ ਸਭਾਵਾਂ, ਸੰਸਥਾਵਾਂ, ਉਦਯੋਗਿਕ ਇਕਾਈਆਂ ਆਉਂਦੀਆਂ ਹਨ। ਜ਼ਮੀਨ ਦੀ ਉੱਪਰਲੀ ਹੱਦ ਮਿੱਥਣੀ ਬੜੀ ਜਾਇਜ਼ ਸੀ, ਕਿਉਂਕਿ ਜਿਹੜੇ ਜ਼ਿਮੀਂਦਾਰਾਂ ਕੋਲ ਸੈਂਕੜੇ ਤੇ ਹਜ਼ਾਰਾਂ ਏਕੜ ਜ਼ਮੀਨ ਸੀ, ਉਸ ’ਚੋਂ ਬਹੁਤੀ ਜ਼ਮੀਨ ਵਿਹਲੀ ਪਈ ਰਹਿੰਦੀ ਸੀ। ਭਾਰਤ ਖੇਤੀ ਪ੍ਰਧਾਨ ਦੇਸ਼ ਹੋਣ ਦੇ ਬਾਵਜੂਦ ਵੀ ਖ਼ੁਰਾਕ ਦੇ ਮਾਮਲੇ ’ਚ ਆਤਮ ਨਿਰਭਰ ਨਹੀਂ ਸੀ ਤੇ ਵਿਦੇਸ਼ਾਂ ਤੋਂ ਅਨਾਜ ਮੰਗਵਾਉਂਦਾ ਸੀ।

ਪਰ ਜ਼ਿਮੀਂਦਾਰੀ ਪ੍ਰਣਾਲੀ ਖ਼ਤਮ ਕਰਨ ਦਾ ਜ਼ਿਆਦਾ ਲਾਭ ਨਾ ਹੋਇਆ। ਬਹੁਤ ਸਾਰੀਆਂ ਸੰਸਥਾਵਾਂ, ਜਿਨ੍ਹਾਂ ’ਚ ਧਾਰਮਿਕ ਸੰਸਥਾਵਾਂ ਵੀ ਆਉਂਦੀਆਂ ਹਨ, ਨੇ ਹਜ਼ਾਰਾਂ, ਲੱਖਾਂ ਏਕੜ ਜ਼ਮੀਨ ’ਤੇ ਸਾਰੇ ਭਾਰਤ ’ਚ ਕਬਜ਼ਾ ਕਰ ਲਿਆ, ਜਿਸ ’ਚੋਂ ਜ਼ਿਆਦਾ ਜ਼ਮੀਨ ਵਿਹਲੀ ਹੀ ਰਹਿੰਦੀ ਹੈ। ਭਾਰਤ ਜ਼ਮੀਨ ਦੀ ਘਾਟ ਵਾਲਾ ਦੇਸ਼ ਹੈ। ਦੇਸ਼ ਦੀ ਕੁੱਲ ਜ਼ਮੀਨ ਦੁਨੀਆ ਦੀ ਜ਼ਮੀਨ ਦਾ ਸਿਰਫ਼ 2.4 ਫ਼ੀਸਦੀ ਹੈ, ਜਦਕਿ ਵਸੋਂ 17.6 ਫ਼ੀਸਦੀ ਹੈ। ਇਸ ਲਈ ਜ਼ਮੀਨ ਦੀ ਥੁੜ ਹੈ, ਪਰ ਇਸ ਥੁੜ ਨੂੰ ਕਿਸਾਨਾਂ ਲਈ ਹੋਰ ਵਧਾ ਦਿੱਤਾ ਗਿਆ ਕਿਉਂਕਿ ਸੰਸਥਾਵਾਂ ਵੱਲੋਂ ਲਈਆਂ ਜ਼ਮੀਨਾਂ ਅਤੇ ਉਦਯੋਗਿਕ ਇਕਾਈਆਂ ਵੱਲੋਂ ਲਈਆਂ ਜ਼ਮੀਨਾਂ ਲੋੜ ਤੋਂ ਕਿਤੇ ਵੱਧ ਜ਼ਮੀਨ ਅਤੇ ਆਮਦਨ ਨਾ ਬਰਾਬਰੀ ਕਰਕੇ, ਕਈ ਲੋਕਾਂ ਕੋਲ ਏਕੜਾਂ ’ਚ ਸ਼ਹਿਰ ਦੇ ਬਾਹਰ ਘਰ ਹਨ, ਜਿਨ੍ਹਾਂ ’ਚੋਂ ਜ਼ਿਆਦਾ ਜ਼ਮੀਨ ਦਾ ਰਕਬਾ ਵਿਹਲਾ ਪਿਆ ਰਹਿੰਦਾ ਹੈ।

ਜਦੋਂ ਜ਼ਮੀਨ ਦੀ ਉੱਪਰਲੀ ਹੱਦ ਲਾਈ ਗਈ ਸੀ ਤਾਂ ਉਸ ਵੇਲੇ ਬਹੁਤ ਸਾਰੇ ਲੋਕਾਂ ਵੱਲੋਂ ਇਹ ਸੁਝਾਅ ਵੀ ਦਿੱਤਾ ਗਿਆ ਸੀ ਕਿ ਸ਼ਹਿਰੀ ਜ਼ਮੀਨ ’ਤੇ ਵੀ ਉੱਪਰਲੀ ਸੀਮਾ ਲਾਈ ਜਾਣੀ ਚਾਹੀਦੀ ਹੈ, ਪਰ ਇਸ ਵਿਚਾਰ ਨੂੰ ਇਸ ਸੋਚ ਨਾਲ ਨਕਾਰ ਦਿੱਤਾ ਗਿਆ ਸੀ ਕਿ ਇਸ ਨਾਲ ਉਦਯੋਗ ਨਿਰਉਤਸ਼ਾਹਿਤ ਹੋਣਗੇ, ਪਰ ਇਸ ਦੀ ਗ਼ਲਤ ਵਰਤੋਂ ਹੋਈ। ਹੁਣ ਹਰ ਕੋਈ ਜ਼ਮੀਨ ਖ਼ਰੀਦ ਸਕਦਾ ਹੈ।

ਆਜ਼ਾਦੀ ਤੋਂ ਪਹਿਲਾਂ ਇਹ ਵਿਵਸਥਾ ਵੀ ਕੀਤੀ ਗਈ ਸੀ ਕਿ ਸਿਰਫ਼ ਉਹ ਕਿਸਾਨ ਹੀ ਜ਼ਮੀਨ ਦੀ



ਖ਼ਰੀਦ ਕਰਨ, ਜਿਨ੍ਹਾਂ ਨੇ ਆਪ ਵਾਹੀ ਕਰਨੀ ਹੈ, ਪਰ ਜ਼ਮੀਨ ਨੂੰ ਆਮਦਨ ਟੈਕਸ ’ਚ ਛੋਟ ਦੇਣ ਦੀ ਵਿਵਸਥਾ ਕਰਕੇ ਜ਼ਮੀਨ ਨੂੰ ਡਾਕਟਰਾਂ, ਠੇਕੇਦਾਰਾਂ, ਉਦਯੋਗਪਤੀਆਂ ਅਤੇ ਵਪਾਰੀਆਂ ਆਦਿ ਨੇ ਖ਼ਰੀਦਣਾ ਸ਼ੁਰੂ ਕਰ ਦਿੱਤਾ, ਜੋ ਉੱਚੀਆਂ ਕੀਮਤਾਂ ’ਤੇ ਵੀ ਜ਼ਮੀਨ ਖ਼ਰੀਦ ਲੈਂਦੇ ਹਨ ਅਤੇ ਇਸ ਕਾਰਨ ਜ਼ਮੀਨ ਦੀ ਕੀਮਤ ਦਿਨੋ-ਦਿਨ ਵਧਦੀ ਗਈ ਅਤੇ ਇਸ ਦੇ ਨਾਲ ਹੀ ਜ਼ਮੀਨ ਦੀ ਪੂਰਤੀ ਦਿਨੋ-ਦਿਨ ਘਟਦੀ ਗਈ, ਜਿਸ ਕਰਕੇ ਕਿਸਾਨ ਜ਼ਮੀਨ ਦਾ ਆਕਾਰ ਵਧਾਉਣ ਤੋਂ ਅਸਮਰੱਥ ਹੋ ਗਏ।

ਪੰਜਾਬ ਨੂੰ ਭਾਰਤ ਦੀ ‘ਫਾਰਮ ਸਟੇਟ’ ਕਿਹਾ ਜਾਂਦਾ ਹੈ, ਕਿਉਂ ਜੋ ਪੰਜਾਬ ਦੀ 100 ਫ਼ੀਸਦੀ ਧਰਤੀ ’ਤੇ ਖੇਤੀ ਕੀਤੀ ਜਾਂਦੀ ਹੈ, ਜਦਕਿ ਭਾਰਤ ਦੇ ਪੱਧਰ ’ਤੇ ਸਿਰਫ਼ 46 ਫ਼ੀਸਦੀ ਭੂਮੀ ’ਤੇ ਹੀ ਖੇਤੀ ਹੋ ਸਕਦੀ ਹੈ। ਪੰਜਾਬ ’ਚ ਰੁੱਤਾਂ ਅਨੁਸਾਰ ਹਰ ਪ੍ਰਕਾਰ ਦੀ ਫ਼ਸਲ ਲਈ ਜਾ ਸਕਦੀ ਹੈ। ਇਹੋ ਵਜ੍ਹਾ ਹੈ ਕਿ ਪੰਜਾਬ ਦੀ ਧਰਤੀ ਦਾ ਆਕਾਰ ਭਾਰਤ ਦੀ ਧਰਤੀ ਦੇ ਆਕਾਰ ਦਾ ਸਿਰਫ਼ 1.5 ਫ਼ੀਸਦੀ ਹੋਣ ਦੇ ਬਾਵਜੂਦ ਇਹ ਦੇਸ਼ ਦੇ ਅੰਨ ਭੰਡਾਰਾਂ ’ਚ 60 ਫ਼ੀਸਦੀ ਤੱਕ ਦਾ ਵੀ ਹਿੱਸਾ ਪਾਉਂਦਾ ਰਿਹਾ ਹੈ।

ਪਰ ਪੰਜਾਬ ਦੀ ਉਪਜਾਊ ਧਰਤੀ ਨੂੰ ਖੇਤੀ ਤੋਂ ਬਦਲ ਕੇ ਹੋਰ ਅਣਉਪਜਾਊ ਕੰਮਾਂ ਲਈ ਵਰਤਿਆ ਜਾ ਰਿਹਾ ਹੈ। ਭਾਵ ਖੇਤੀ ਦੀ ਥਾਂ ਗ਼ੈਰ ਖੇਤੀ ਪੇਸ਼ਿਆਂ ਨਾਲ ਸੰਬੰਧਿਤ ਕੰਮਾਂ ਲਈ ਵਰਤਿਆ ਜਾ ਰਿਹਾ ਹੈ। ਕੇਰਲਾ ਤੋਂ ਬਾਅਦ ਪੰਜਾਬ ਹੀ ਉਹ ਪ੍ਰਾਂਤ ਹੈ, ਜਿਸ ਦੇ ਸਭ ਤੋਂ ਵੱਧ ਲੋਕ ਪ੍ਰਦੇਸ਼ਾਂ ’ਚ ਜਾ ਕੇ ਉੱਚੀਆਂ ਕਮਾਈਆਂ ਕਰ ਰਹੇ ਹਨ ਤੇ ਉਹ ਆਪਣੀਆਂ ਬੱਚਤਾਂ ਪੰਜਾਬ ’ਚ ਭੇਜ ਰਹੇ ਹਨ, ਜਿਨ੍ਹਾਂ ’ਚੋਂ ਪਿਛਲੇ ਸਮਿਆਂ ’ਚ ਜ਼ਿਆਦਾ ਪੈਸੇ ਜ਼ਮੀਨ ਖ਼ਰੀਦਣ ਲਈ ਵਰਤੇ ਗਏ ਸਨ। ਹੁਣ ਵੀ ਕਈ ਪਰਵਾਸੀ ਭਾਰਤੀ ਭਾਰਤ ’ਚ ਜ਼ਮੀਨ ਅਤੇ ਪਲਾਟ ਖ਼ਰੀਦਣ ’ਚ ਇਸ ਗੱਲ ਨਾਲੋਂ ਜ਼ਿਆਦਾ ਕਮਾਈ ਸਮਝਦੇ ਹਨ, ਜਿੰਨੀ ਉਹ ਉਨ੍ਹਾਂ ਦੇਸ਼ਾਂ ’ਚ ਦਿਨ ਵਿੱਚ 12-12 ਘੰਟੇ ਕਰਕੇ ਕਰਦੇ ਹਨ ਅੱਜ-ਕੱਲ੍ਹ ਸਰਕਾਰ ਨੇ ‘ਲੈਂਡ ਪੂਲਿੰਗ’ ਨੀਤੀ ਦਾ ਐਲਾਨ ਕੀਤਾ ਹੈ। ਉਹ ਲੋਕ ਜਿਨ੍ਹਾਂ ਕੋਲ ਘਰ ਨਹੀਂ, ਉਹ ਜ਼ਿਆਦਾ ਪਿੰਡਾਂ ’ਚ ਰਹਿੰਦੇ ਹਨ। ਇਹ ਕਿਸ ਤਰ੍ਹਾਂ ਸੰਭਵ ਹੋਵੇਗਾ ਕਿ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ’ਚ ਭੱਠੇ ’ਤੇ ਕੰਮ ਕਰਨ ਵਾਲਾ ਮੁਹਾਲੀ ਜਾਂ ਲੁਧਿਆਣੇ ਜਾ ਕੇ ਪੁੱਡਾ ਦਾ ਪਲਾਟ ਖ਼ਰੀਦ ਲਵੇ, ਜਿਹੜਾ ਪਿਛਲੇ ਕਈ ਦਹਾਕੇ ਆਪਣੇ ਪਿੰਡ ’ਚ ਨਹੀਂ ਖਰੀਦ ਸਕਿਆ। ਪੰਜਾਬ ਦੇ ਕਿਸੇ ਸ਼ਹਿਰ ਜਾਂ ਟਾਊਨ ’ਚ ਚਲੇ ਜਾਓ, ਹਰ ਸ਼ਹਿਰ ਤੋਂ 10-12 ਕਿਲੋਮੀਟਰ ਬਾਹਰ ਤੱਕ ਗ਼ੈਰ ਆਬਾਦ ਕਾਲੋਨੀਆਂ ਕੱਟੀਆਂ ਹੋਈਆਂ ਹਨ, ਜਿਨ੍ਹਾਂ ’ਚ ਸੜਕਾਂ ਅਤੇ ਬਿਜਲੀ ਦੇ ਲੱਗੇ ਖੰਭੇ ਨਜ਼ਰ ਆਉਂਦੇ ਹਨ। ਇਕੱਲੇ ਪੰਜਾਬ ’ਚ ਹੀ ਇਸ ਤਰ੍ਹਾਂ ਦੀ ਲੱਖਾਂ ਏਕੜ ਜ਼ਮੀਨ ਪਿਛਲੇ ਇੱਕ ਦਹਾਕੇ ਤੋਂ ਹਰ ਸ਼ਹਿਰ ਦੇ ਬਾਹਰ ਪਈ ਹੋਈ ਹੈ, ਜਿਹੜੀ ਨਾ ਕੋਈ ਉਪਜ ਦੇ ਰਹੀ ਹੈ, ਨਾ ਕੋਈ ਰੁਜ਼ਗਾਰ।

ਰੀਅਲ ਅਸਟੇਟ ਜਾਂ ਪਲਾਟਾਂ ਦੇ ਵਪਾਰ ’ਚ ਜਿੱਥੇ ਆਮਦਨ ਵਿੱਚ ਛੇਤੀ ਵਾਧਾ ਹੁੰਦਾ ਹੈ, ਉੱਥੇ ਇਕ ਦਿਲਚਸਪ ਤੱਤ ਨਜ਼ਰ ਆਇਆ ਹੈ ਕਿ ਜਿਨ੍ਹਾਂ ਲੋਕਾਂ ਨੂੰ ਘਰਾਂ ਦੀ ਲੋੜ ਹੈ, ਉਨ੍ਹਾਂ ਕੋਲੋਂ ਤਾਂ ਉਹ ਪਲਾਟ ਖਰੀਦੇ ਨਹੀਂ ਜਾਂਦੇ ਪਰ ਜਿਨ੍ਹਾਂ ਕੋਲ ਪਹਿਲਾਂ ਹੀ ਚੰਗੇ ਘਰ ਹਨ, ਉਹ ਇੱਕ ਸ਼ਹਿਰ ’ਚ ਹੀ ਕਈ ਕਈ ਪਲਾਟ ਵਪਾਰ ਲਈ ਖ਼ਰੀਦ ਲੈਂਦੇ ਹਨ। ਫਿਰ ਕਈ ਉਹ ਵੀ ਹਨ, ਜਿਨ੍ਹਾਂ ਨੇ ਇੱਕ ਸ਼ਹਿਰ ’ਚ ਨਹੀਂ, ਸਗੋਂ ਕਈ ਸ਼ਹਿਰਾਂ ’ਚ ਪਲਾਟ ਖਰੀਦੇ ਹੁੰਦੇ ਹਨ। ਇਸ ਪ੍ਰਕਾਰ ਜ਼ਮੀਨ ਦੀ ਪੂਰਤੀ ਜਾਂ ਉਪਲਬਤਾ ਹੋਰ ਘੱਟ ਹੋ ਗਈ, ਜਿਹੜੀ ਜ਼ਮੀਨ ਨੂੰ ਕਿਸਾਨ ਦੀ ਪਹੁੰਚ ਤੋਂ ਦੂਰ ਕਰ ਰਹੀ ਹੈ।ਭਾਰਤ ਅਜੇ ਵੀ ਬਹੁਤ ਸਾਰੀਆਂ ਖੇਤੀ ਵਸਤੂਆਂ ਦਾ ਆਯਾਤ ਕਰ ਰਿਹਾ ਹੈ। ਭਾਵੇਂ ਪਿਛਲੇ ਸਾਲਾਂ ’ਚ ਇਸ ਵਿੱਚ ਕਮੀ ਆਈ ਹੈ, ਪਰ ਅਜੇ ਵੀ ਭਾਰਤ ਹਰ ਸਾਲ 1.5 ਲੱਖ ਕਰੋੜ ਰੁਪਏ ਦੀਆਂ ਦਾਲਾਂ ਅਤੇ ਇੰਨੇ ਹੀ ਮੁੱਲ ਦੇ ਤੇਲਾਂ ਦੇ ਬੀਜ ਵਿਦੇਸ਼ਾਂ ਤੋਂ ਦਰਾਮਦ ਕਰ ਰਿਹਾ ਹੈ। ਜੇ ਭਾਰਤ ’ਚ ਇਨ੍ਹਾਂ ਵਿਹਲੀਆਂ ਪਈਆਂ ਕਾਲੋਨੀਆਂ ਦੀ ਜ਼ਮੀਨ ਦਾਲਾਂ ਤੇ ਤੇਲਾਂ ਦੇ ਬੀਜਾਂ ਅਧੀਨ ਲਿਆਂਦੀ ਜਾਵੇ ਤਾਂ ਭਾਰਤ ਆਸਾਨੀ ਨਾਲ ਇਨ੍ਹਾਂ ਦੋਵਾਂ ਵਸਤੂਆਂ ਦੀ ਮੰਗ ਆਪਣੇ ਹੀ ਦੇਸ਼ ’ਚ ਹੀ ਪੂਰੀ ਕਰ ਸਕਦਾ ਹੈ।

ਪੰਜਾਬ ’ਚ ਖੇਤੀ ਸੰਬੰਧੀ ਇੱਕ ਹੋਰ ਦਿਲਚਸਪ ਤੱਥ ਨਜ਼ਰ ਆਇਆ ਹੈ। 1971 ’ਚ ਪੰਜਾਬ ਵਿੱਚ 37 ਫ਼ੀਸਦੀ ਖੇਤੀ ਜੋਤਾਂ ਢਾਈ ਏਕੜ ਤੋਂ ਥੱਲੇ ਸਨ, ਭਾਰਤ ਵਿੱਚ ਵੀ ਇੰਨੀਆਂ ਹੀ ਸਨ, ਪਰ ਹੁਣ ਭਾਰਤ ਵਿੱਚ ਨਾਗਾਲੈਂਡ ਨੂੰ ਛੱਡ ਕੇ ਪੰਜਾਬ ’ਚ ਉਹ ਸੀਮਾਂਤ ਜੋਤਾਂ (ਢਾਈ ਏਕੜ ਤੋਂ ਘੱਟ) ਸਾਰੇ ਭਾਰਤ ਵਿੱਚ ਘੱਟ ਜਾਂ ਸਿਰਫ਼ 13 ਫ਼ੀਸਦੀ ਹਨ, ਜਦਕਿ ਭਾਰਤ ਵਿੱਚ 74 ਫ਼ੀਸਦੀ ਹਨ। ਇਸ ਦੇ ਮੁਕਾਬਲੇ ਭਾਰਤ ਵਿੱਚ ਪੰਜਾਬ ਹੀ ਇੱਕ ਉਹ ਪ੍ਰਾਂਤ ਹੈ, ਜਿੱਥੇ ਨਾਗਾਲੈਂਡ ਨੂੰ ਛੱਡ ਕੇ ਸਭ ਤੋਂ ਵੱਧ ਵੱਡੀਆਂ ਜੋਤਾਂ ਜਾਂ 25 ਏਕੜ ਤੋਂ ਵੱਧ ਵਾਲੀਆਂ ਜੋਤਾਂ ਸਾਰੇ ਭਾਰਤ ’ਚੋਂ ਵੱਧ ਜਾਂ 6.8 ਫ਼ੀਸਦੀ ਹਨ, ਜਦਕਿ ਭਾਰਤ ਵਿੱਚ ਇਹ ਸਿਰਫ਼ 0.7 ਫ਼ੀਸਦੀ ਹਨ। ਇਸ ਦੇ ਮਗਰ ਕਾਰਨ ਇਹ ਨਜ਼ਰ ਆਇਆ ਹੈ ਕਿ ਛੋਟੀਆਂ ਜੋਤਾਂ ਵਾਲਿਆਂ ਨੇ ਆਪਣੀ ਜ਼ਮੀਨ ਵੇਚ ਕੇ ਜਾਂ ਠੇਕੇ ’ਤੇ ਦੇ ਕੇ ਕੋਈ ਹੋਰ ਕਾਰੋਬਾਰ ਕਰ ਲਿਆ ਹੈ ਜਾਂ ਪਹਿਲਾਂ ਹੀ ਜ਼ਿਆਦਾ ਜ਼ਮੀਨ ਵਾਲੀਆਂ ਜੋਤਾਂ ਨੇ ਹੋਰ ਜ਼ਮੀਨਾਂ ਖ਼ਰੀਦ ਲਈਆਂ ਹਨ।

(ਬਾਕੀ ਸਫ਼ਾ 31 ’ਤੇ)



# ਜਿੰਨੀਆਂ ਹਨੇਰੀਆਂ, ਓਨੇ ਮੀਂਹ ...

ਜੋਗਿੰਦਰ ਕੌਰ ਅਗਨੀਹੋਤਰੀ

ਕੁਦਰਤ ਨੇ ਆਪਣੀ ਗੋਦ ਵਿੱਚ ਬਹੁਤ ਕੁਝ ਛੁਪਾ ਕੇ ਰੱਖਿਆ ਹੋਇਆ ਹੈ। ਇਹ ਕਿਸੇ ਵਿਅਕਤੀ ਦੇ ਵੱਸ ਵਿੱਚ ਨਹੀਂ ਹੈ। ਭਾਵੇਂ ਰੁੱਤਾਂ ਬਦਲਦੀਆਂ ਹਨ, ਪਰ ਇਹ ਸਭ ਕੁਝ ਕੁਦਰਤ ਦੇ ਹੱਥ ਹੀ ਹੈ। ਮਨੁੱਖ ਨੇ ਪ੍ਰਕਿਰਤੀ ਨਾਲ ਖਿਲਵਾੜ ਕਰਨ ਦੀ ਕੋਈ ਕਸਰ ਬਾਕੀ ਨਹੀਂ ਛੱਡੀ, ਪਰ ਫਿਰ ਵੀ ਕੁਦਰਤ ਬਲਵਾਨ ਹੈ। ਧਰਤੀ 'ਤੇ ਘਾਹ ਫੂਸ ਨੂੰ ਅੱਗ ਲਾਉਣ ਦੇ ਬਾਵਜੂਦ ਇਹ ਘਾਹ ਫਿਰ ਹਰਾ ਹੋ ਜਾਂਦਾ ਹੈ। ਉੱਚੇ ਪਰਬਤਾਂ ਅਤੇ ਬਰਾਨੀ ਇਲਾਕਿਆਂ ਵਿੱਚ ਜਿੱਥੇ ਪਾਣੀ ਦਾ ਕੋਈ ਸਾਧਨ ਨਹੀਂ ਹੁੰਦਾ, ਉੱਥੇ ਵੀ ਕੁਦਰਤ ਆਪਣਾ ਰੰਗ ਦਿਖਾਉਂਦੀ ਹੈ ਅਤੇ ਉਸੇ ਵਾਤਾਵਰਣ ਵਿੱਚ ਉਹੋ ਜਿਹੇ ਹੀ ਪੌਦੇ ਪੈਦਾ ਹੋ ਜਾਂਦੇ ਹਨ। ਇਹ ਸਭ ਕੁਝ ਕੁਦਰਤੀ ਤਾਕਤ ਨਾਲ ਹੀ ਸੰਭਵ ਹੈ।

ਆਮ ਤੌਰ 'ਤੇ ਇਹ ਕਿਹਾ ਜਾਂਦਾ ਹੈ ਕਿ ਜਿੰਨੀਆਂ ਹਨੇਰੀਆਂ ਓਨੇ ਮੀਂਹ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਹਨੇਰੀ ਹੀ ਮੀਂਹ ਦਾ ਆਧਾਰ ਹੈ। ਲਗਾਤਾਰ ਪੈ ਰਹੀ ਗਰਮੀ ਨਾਲ ਜਦੋਂ ਵਾਤਾਵਰਣ ਗਰਮ ਹੋ ਜਾਂਦਾ ਹੈ ਤਾਂ ਫਿਰ ਹਨੇਰੀ ਅਤੇ ਬੱਦਲ ਹੀ ਵਾਤਾਵਰਣ ਨੂੰ ਸ਼ੁੱਧ ਕਰਨ ਲਈ ਆਉਂਦੇ ਹਨ। ਭਾਵੇਂ ਹਨੇਰੀ ਨਾਲ ਨੁਕਸਾਨ ਵੀ ਹੁੰਦਾ ਹੈ, ਪਰ ਇਹ ਪ੍ਰਾਣੀਆਂ ਨੂੰ ਘੁੱਟਵੇਂ ਵਾਤਾਵਰਣ ਤੋਂ ਨਿਜਾਤ ਦਿਵਾਉਂਦੀ ਹੈ। ਇਸ ਨਾਲ ਕੁੱਲ ਜੀਵ ਜੰਤੂ ਖ਼ੁਸ਼ ਹੋ ਜਾਂਦੇ ਹਨ। ਸ੍ਰਿਸ਼ਟੀ ਦੇ ਸਭ ਜੀਵ-ਜੰਤੂ, ਪਸ਼ੂ-ਪੰਛੀ, ਮਨੁੱਖ ਅਤੇ ਰੁੱਖ ਵੀ ਇਨ੍ਹਾਂ ਦੇ ਨਾਲ ਹੀ ਜਿਊਂਦੇ ਰਹਿ ਸਕਦੇ ਹਨ।

ਜਦੋਂ ਹਨੇਰੀ ਆਉਂਦੀ ਹੈ ਤਾਂ ਉਹ ਇੰਨੀ ਤੇਜ਼ੀ ਨਾਲ ਆਉਂਦੀ ਹੈ ਕਿ ਆਲੇ ਦੁਆਲੇ ਦਾ ਕੂੜਾ ਵੀ ਆਪਣੇ ਨਾਲ ਲਿਜਾ ਕੇ ਪਤਾ ਨਹੀਂ ਕਿੱਥੋਂ ਦਾ ਕਿੱਥੇ ਸੁੱਟਦੀ ਹੈ। ਘਰਾਂ ਵਿੱਚ ਹਨੇਰੀ ਆਉਣ ਦੇ ਲੱਛਣਾਂ ਨੂੰ ਦੇਖ ਕੇ ਔਰਤਾਂ ਚੁੱਲ੍ਹੇ ਹਾਰੇ ਢਕ ਦਿੰਦੀਆਂ ਹਨ ਤਾਂ ਕਿ ਇਨ੍ਹਾਂ ਵਿੱਚੋਂ ਅੱਗ ਉੱਡ ਕੇ ਕਿਸੇ ਲੱਕੜ ਬਾਲਣ ਜਾਂ ਹੋਰ ਚੀਜ਼ਾਂ ਦਾ ਨੁਕਸਾਨ ਨਾ ਕਰ ਦੇਵੇ। ਵੈਸੇ ਤਾਂ ਪੁਰਾਣੇ ਸਮਿਆਂ ਵਿੱਚ ਔਰਤਾਂ ਰਾਤ ਨੂੰ ਵੀ ਹਵਾ ਤੋਂ ਬਚਾਅ ਲਈ ਅੱਗ ਦੱਬ ਕੇ ਪੈਂਦੀਆਂ ਸਨ। ਇਸ ਨਾਲ ਦੂਹਰਾ ਫਾਇਦਾ ਹੁੰਦਾ ਸੀ। ਇਸ ਨਾਲ ਘਰ ਦੀ ਬੱਚਤ ਵੀ ਹੁੰਦੀ ਸੀ ਕਿਉਂਕਿ ਹਰ ਰੋਜ਼ ਤੀਲ੍ਹਾਂ ਵਾਲੀ





ਡੱਬੀ ਵਰਤਣ ਕਰਕੇ ਉਹ ਜਲਦੀ ਖ਼ਤਮ ਹੋ ਜਾਂਦੀ ਸੀ। ਪੈਸੇ ਦੇ ਸਾਧਨ ਸੀਮਤ ਹੋਣ ਕਰਕੇ ਇਸ ਚੀਜ਼ ਦੀ ਬੱਚਤ ਕਰਨੀ ਪੈਂਦੀ। ਉਹ ਵੀ ਵੇਲਾ ਸੀ ਜਦ ਲੋਕ ਇੱਕ ਦੂਜੇ ਦੇ ਘਰਾਂ ਵਿੱਚੋਂ ਅੱਗ ਵੀ ਮੰਗ ਕੇ ਲੈ ਜਾਂਦੇ ਸਨ। ਸੋ ਸੁੱਘੜ ਸੁਆਣੀਆਂ ਚੁੱਲ੍ਹੇ ਵਿੱਚ ਪਾਥੀ ਰੱਖ ਕੇ ਉੱਤੇ ਸਵਾਹ ਪਾ ਕੇ ਚੰਗੀ ਤਰ੍ਹਾਂ ਦੱਬ ਦਿੰਦੀਆਂ ਸਨ। ਸਵੇਰ ਵੇਲੇ ਉਹੀ ਅੱਗ ਕਾਇਮ ਹੁੰਦੀ ਤੇ ਉਸ ਨੂੰ ਦੁਬਾਰਾ ਫੇਰ ਮਚਾ ਲਿਆ ਜਾਂਦਾ। ਇਸ ਤਰ੍ਹਾਂ ਇਹ ਸਿਲਸਿਲਾ ਕਾਫ਼ੀ ਦੇਰ ਤੱਕ ਚੱਲਦਾ ਰਿਹਾ।

ਆਮ ਤੌਰ 'ਤੇ ਇਹ ਕਿਹਾ ਜਾਂਦਾ ਹੈ ਕਿ ਪੁੱਤਰ ਜੰਮੇ ਦੀ ਇੱਕ ਘਰ ਖ਼ੁਸ਼ੀ ਹੁੰਦੀ ਹੈ ਜਦੋਂਕਿ ਮੀਂਹ ਪਏ ਦੀ ਹਰ ਘਰ ਖ਼ੁਸ਼ੀ ਹੁੰਦੀ ਹੈ। ਸੋ ਹਨੇਰੀ ਆਉਣ 'ਤੇ ਵੀ ਲੋਕ ਘਬਰਾਉਂਦੇ ਨਹੀਂ ਸਨ ਬਲਕਿ ਉਨ੍ਹਾਂ ਨੂੰ ਚਾਅ ਚੜ੍ਹ ਜਾਂਦਾ ਕਿ ਚਲੋ ਮੀਂਹ ਆਵੇਗਾ ਹੀ। ਉਂਜ ਭਾਵੇਂ ਹਨੇਰੀ ਆਉਣ ਕਰਕੇ ਕਈ ਵਾਰ ਕੱਪੜੇ ਲੀੜੇ ਵੀ ਉੱਡ ਜਾਂਦੇ ਹਨ ਤੇ ਹਲਕੀਆਂ ਚੀਜ਼ਾਂ ਵੀ। ਖੇਤਾਂ ਵਿੱਚ ਖੜ੍ਹੇ ਦਰੱਖਤ ਵੀ ਕਈ ਵਾਰ ਟੁੱਟ ਜਾਂਦੇ ਹਨ ਜਾਂ ਜੜ੍ਹਾਂ ਵਿੱਚੋਂ ਉੱਖੜ ਜਾਂਦੇ ਹਨ, ਪਰ ਕੁਦਰਤ ਵਲੀ ਹੈ ਇਸ ਦਾ ਥਾਹ ਕਿਸੇ ਨਹੀਂ ਪਾਇਆ।

ਪੰਜਾਬ ਦੇ ਜ਼ਿਲ੍ਹੇ ਬਠਿੰਡੇ ਦੀ ਵਿਸ਼ੇਸ਼ ਥਾਂ ਹੈ। ਬਠਿੰਡੇ ਦਾ ਕਿਲ੍ਹਾ ਰਜ਼ੀਆ ਸੁਲਤਾਨਾ ਦੀ ਮਲਕੀਅਤ ਰਿਹਾ ਹੈ। ਰਾਜਿਆਂ ਦੀ ਇਹ ਪ੍ਰਸਿੱਧ ਵਿਰਾਸਤ ਹਨੇਰੀਆਂ ਦੇ ਥਪੇੜਿਆਂ ਨਾਲ ਕਮਜ਼ੋਰ ਹੋਣ ਕਰਕੇ ਟੁੱਟ ਫੁੱਟ ਰਹੀ ਹੈ। ਸਾਡੇ ਲੋਕ ਗੀਤ ਉਦੋਂ ਹੀ ਤਿਆਰ ਹੁੰਦੇ ਹਨ ਜਦੋਂ ਲੋਕਾਂ ਵਿੱਚ ਕਿਸੇ ਚੀਜ਼ ਦਾ ਪ੍ਰਭਾਵ ਬਣੇ ਅਤੇ ਮਨ ਵਿੱਚੋਂ ਭਾਵ ਉੱਠਣ। ਸੋ ਇਸ ਕਿਲ੍ਹੇ ਦੇ ਥੋੜ੍ਹਾ ਥੋੜ੍ਹਾ ਢਹਿਣ ਨਾਲ ਇਹ ਗੀਤ ਉੱਭਰਿਆ ਅਤੇ ਲੋਕਾਂ ਦੇ ਮੂੰਹ 'ਤੇ ਇੰਜ ਚੜ੍ਹਿਆ;

ਨ੍ਹੇਰੀ ਆਈ ਸੀ
ਬਠਿੰਡੇ ਵਾਲਾ ਕਿਲ੍ਹਾ ਢਹਿ ਗਿਆ
ਨ੍ਹੇਰੀ ਆਈ ਸੀ।

ਸੋ ਜੋ ਮਹਿਸੂਸ ਕੀਤਾ ਗਿਆ ਉਹੀ ਲੋਕ ਗੀਤ ਬਣ ਕੇ ਸਾਹਮਣੇ ਆ ਗਿਆ। ਹਨੇਰੀ ਇੰਨੀ ਤੇਜ਼ੀ ਨਾਲ ਆਉਂਦੀ ਹੈ ਕਿ ਲੋਕਾਂ ਨੂੰ ਉਹ ਚੰਗੀ ਲੱਗਦੀ ਹੈ ਕਿਉਂਕਿ ਪਲਾਂ ਵਿੱਚ ਹੀ ਵਾਤਾਵਰਣ ਨੂੰ ਮੀਂਹ ਦੇ ਕਾਬਲ ਬਣਾ ਦਿੰਦੀ ਹੈ। ਪਿੰਡਾਂ ਵਿੱਚ ਅਜਿਹੀ ਕਹਾਵਤ ਨੂੰ ਇਸ ਤਰ੍ਹਾਂ ਵਰਤਿਆ ਜਾਂਦਾ ਹੈ; ਬਸ ਕੰਮ ਦੀ ਹਨੇਰੀ ਲਿਆ ਦਿਓ। ਭਾਵ ਹਨੇਰੀ ਵਾਂਗ ਤੇਜ਼ੀ ਨਾਲ ਕੰਮ ਕਰੋ। ਭਾਵੇਂ ਹਨੇਰੀ ਦਾ ਇਸ਼ਕ ਮੁਸ਼ਕ ਦੇ ਚੱਕਰ ਨਾਲ ਕੋਈ ਸਬੰਧ ਨਹੀਂ, ਪਰ ਕਈ ਵਾਰ ਪ੍ਰੇਮੀ ਜੋੜੇ ਹਨੇਰੀ ਦਾ ਫਾਇਦਾ ਉਠਾ ਕੇ ਘਰੋਂ ਭੱਜ ਜਾਂਦੇ ਹਨ। ਉਂਝ ਇਸ ਦੇ ਤੇਜ਼ੀ ਨਾਲ ਆਉਣ ਅਤੇ ਸ਼ਾਂਤ ਵਾਤਾਵਰਨ ਦੇਣ ਕਰਕੇ ਇਸ ਦਾ ਜ਼ਿਕਰ ਲੋਕ ਗੀਤਾਂ ਵਿੱਚ ਕੀਤਾ ਜਾਂਦਾ ਹੈ। ਇੱਕ ਪ੍ਰੇਮਿਕਾ ਆਪਣੇ ਪ੍ਰੇਮੀ ਦੀ ਸੁੰਦਰਤਾ ਦਾ ਵਰਣਨ ਕਰਦੀ ਹੋਈ ਇਸ ਤਰ੍ਹਾਂ ਬੋਲੀ ਪਾਉਂਦੀ ਹੈ;

ਆਉਣ ਨ੍ਹੇਰੀਆਂ ਜਾਣ ਨ੍ਹੇਰੀਆਂ
ਮੁੰਡਿਆ ਸੱਥ ਦੇ ਵਿਚਾਲੇ, ਗੱਲਾਂ ਹੋਣ ਤੇਰੀਆਂ।

ਇਸੇ ਤਰ੍ਹਾਂ ਭਾਵੇਂ ਪ੍ਰੇਮਿਕਾ ਆਪਣੇ ਪ੍ਰੇਮੀ ਦੀ ਪ੍ਰਸ਼ੰਸਾ ਕਰਦੀ ਹੋਈ ਇਹ ਦੱਸਣ ਦੀ ਕੋਸ਼ਿਸ਼ ਕਰਦੀ ਹੈ ਕਿ ਤੂੰ ਦੁਨੀਆ ਦੇ ਸਭ ਤੋਂ ਵੱਧ ਖ਼ੂਬਸੂਰਤ ਲੋਕਾਂ ਵਿੱਚ ਸਭ ਤੋਂ ਉੱਤੇ ਹੈ ਅਤੇ ਗੁਣਵਾਨ ਹੈ, ਪ੍ਰੰਤੂ ਪ੍ਰੇਮੀ ਉਸ ਦੀ ਸੁੰਦਰਤਾ ਦਾ ਵਰਣਨ ਹੋਰ ਸ਼ਬਦਾਂ ਵਿੱਚ ਕਰਦਾ ਹੈ। ਉਹ ਉਸ ਦੇ ਨਸ਼ੀਲੇ ਨੈਣਾਂ ਦੀ ਪ੍ਰਸ਼ੰਸਾ ਕਰਦਾ ਹੋਇਆ ਕਹਿੰਦਾ ਹੈ;

ਆਉਣ ਨ੍ਹੇਰੀਆਂ ਜਾਣ ਨ੍ਹੇਰੀਆਂ
ਬਿੱਲੋ ਬੋਤਲਾਂ ਸ਼ਰਾਬ ਦੀਆਂ ਅੱਖਾਂ ਤੇਰੀਆਂ।

ਭਾਂਤ ਭਾਂਤ ਦੇ ਬੀਜਾਂ ਦੀ ਆਮਦ ਹਨੇਰੀਆਂ ਕਾਰਨ ਹੀ ਸੰਭਵ ਹੋਈ ਹੈ ਕਿਉਂਕਿ ਇਸ ਦੇ ਨਾਲ ਹੀ ਰੁੱਖਾਂ, ਵੇਲਾਂ ਅਤੇ ਪੌਦਿਆਂ ਦੇ ਬੀਜ ਉੱਡ ਉੱਡ ਕੇ ਦੂਰ ਦੁਰਾਡੇ ਜਾ ਕੇ ਡਿੱਗੇ। ਇਨ੍ਹਾਂ ਬੀਜਾਂ ਦੇ ਡਿੱਗਣ ਨਾਲ ਅਨੇਕਾਂ ਬੀਜ ਹੋਰ ਪੈਦਾ ਹੋਏ।



# ਸਾਉਣ ਮਹੀਨਾ ਭਾਗੀਂ ਭਰਿਆ...

**ਗੁਰਬਿੰਦਰ ਸਿੰਘ ਮਾਣਕ**

ਪੰਜ ਪਾਣੀਆਂ ਦੀ ਧਰਤੀ ਪੰਜਾਬ ਦੇ ਖਿੱਤੇ ਵਿੱਚ ਵਸੇ ਬਾਸ਼ਿੰਦਿਆਂ ਨੂੰ, ਕੁਦਰਤ ਨੇ ਸਾਰੀਆਂ ਰੁੱਤਾਂ ਨਾਲ ਨਿਵਾਜਿਆ ਹੋਇਆ ਹੈ। ਹਰ ਰੁੱਤ ਹੀ ਨਿਵੇਕਲੇ ਰੰਗਾਂ ਵਿੱਚ ਰੰਗੀ ਹੋਈ, ਮਨੁੱਖੀ ਜੀਵਨ ਨੂੰ ਵੱਖਰੇ ਨਜ਼ਾਰੇ ਬਖਸ਼ਦੀ ਹੈ।

ਸਾਵਣ ਦੇ ਮਹੀਨੇ ਨੂੰ ਮੁੱਖ ਤੌਰ ’ਤੇ ਬਰਸਾਤ ਦਾ ਮਹੀਨਾ ਮੰਨਿਆਂ ਜਾਂਦਾ ਹੈ। ਜੇਠ-ਹਾੜ੍ਹ ਦੀਆਂ ਤਪਦੀਆਂ ਧੁੱਪਾਂ, ਵਗਦੀਆਂ ਲੋਆਂ, ਔੜ ਕਾਰਨ ਝੁਲਸੀਆਂ ਫ਼ਸਲਾਂ ਤੇ ਹੁੰਮਸ ਭਰੀ ਗਰਮੀ ਤੋਂ ਅੱਕੇ ਹੋਏ ਲੋਕ, ਕੁਦਰਤ ਅੱਗੇ ਜੋਦੜੀਆਂ ਕਰਦੇ ਕਿ ਹੁਣ ਮੀਂਹ ਪਾ ਕੇ, ਸੜਦੀ ਧਰਤੀ ਤੇ ਧਰਤੀ ਦੇ ਜੀਵਾਂ ਨੂੰ ਨਿਹਾਲ-ਨਿਹਾਲ ਕਰ ਦਿਉ। ਮਨੁੱਖ, ਪਸ਼ੂ ਪੰਛੀ ਸਾਰੇ ਗਰਮੀ ਤੋਂ ਬਚਣ ਲਈ, ਭਰਵੇਂ ਰੁੱਖਾਂ ਦੀਆਂ ਛਾਵਾਂ ਹੇਠ ਹੀ ਤਿੱਖੜ ਦੁਪਹਿਰੇ ਕੱਟਦੇ। ਮੀਂਹ ਵਰ੍ਹਦੇ ਤਾਂ ਫ਼ਸਲਾਂ ਦੇ ਨੇਪਰੇ ਚੜ੍ਹਨ ਦੀ ਆਸ ਬੱਝ ਜਾਂਦੀ। ਇਸੇ ਕਾਰਨ ਹੀ ਜਦੋਂ ਸਾਉਣ ਦਾ ਮਹੀਨਾ ਚੜ੍ਹਦਾ ਤਾਂ ਲੋਕਾਂ ਨੂੰ ਆਸ ਬੱਝਦੀ ਕਿ ਹੁਣ ਬਰਸਾਤ ਆਪਣਾ ਰੰਗ ਦਿਖਾਏਗੀ ਤੇ ਤਪਦੇ ਤਨ-ਮਨ ਨੂੰ ਠੰਡਾ-ਠਾਰ ਕਰੇਗੀ।

ਗੁਰੂ ਗ੍ਰੰਥ ਸਾਹਿਬ ਵਿੱਚ ਵੀ ਬਾਰਹ ਮਾਹ ਬਾਣੀ ਵਿੱਚ ਗੁਰੂ ਸਾਹਿਬਾਨ ਨੇ ਦੇਸੀ ਮਹੀਨਿਆਂ ਦਾ ਵਿਸਥਾਰ ਨਾਲ ਵਰਣਨ ਕੀਤਾ ਹੈ। ਗੁਰੂ ਨਾਨਕ ਦੇਵ ਜੀ ਨੇ ਰਾਗ ਤੁਖਾਰੀ ਵਿੱਚ ਅਤੇ ਗੁਰੂ ਅਰਜਨ ਦੇਵ ਜੀ ਨੇ ਰਾਗ ਮਾਝ ਵਿੱਚ ਬਾਰਹ ਮਾਹ ਦਾ ਉਚਾਰਨ ਕੀਤਾ ਹੈ। ਸੰਗਰਾਂਦ ਵਾਲੇ ਦਿਨ ਗੁਰੂ ਅਰਜਨ ਦੇਵ ਜੀ ਦੇ ਉਚਾਰਨ ਕੀਤੇ ਬਾਰਹ ਮਾਹ ਦਾ ਪਾਠ ਹੀ ਕੀਤਾ ਜਾਂਦਾ ਹੈ। ਸਾਵਣ ਮਹੀਨੇ ਸੰਬੰਧੀ ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਹੈ;

‘ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥
ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥
ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥
ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥
ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ...॥’

ਗੁਰੂ ਸਾਹਿਬ ਸਾਵਣ ਮਹੀਨੇ ਵਿੱਚ ਵਰਖਾ ਦੀ ਉਦਾਹਰਨ ਦੇ ਕੇ ਸਮਝਾਉਂਦੇ ਹਨ ਕਿ ਜਿਵੇਂ ਵਰਖਾ ਨਾਲ ਹਰ ਪਾਸੇ ਹਰਿਆਲੀ ਛਾ ਜਾਂਦੀ ਹੈ ਤੇ ਤਪਦੇ ਮਨਾਂ ਨੂੰ ਠੰਡਕ ਦਾ ਅਨੁਭਵ ਹੁੰਦਾ ਹੈ, ਬਿਲਕੁਲ ਇਸੇ ਤਰ੍ਹਾਂ ਹੀ ਪ੍ਰਭੂ ਦੇ ਨਾਮ ਦੀ ਆਤਮਕ ਬੂੰਦ ਦਾ ਅਨੁਭਵ ਕਰਕੇ ਜੀਵ ਦਾ ਮਨ ਤ੍ਰਿਪਤ ਹੋ ਜਾਂਦਾ ਹੈ। ਇਹ ਮਹੀਨਾ ਉਨ੍ਹਾਂ ਭਾਗਾਂ ਵਾਲੀਆਂ ਜੀਵ-ਇਸਤਰੀਆਂ ਦੇ ਮਨ ਵਿੱਚ ਖੇੜਾ ਲੈ ਆਉਂਦਾ ਹੈ, ਜਿਨ੍ਹਾਂ ਨੇ ਆਪਣੇ ਹਿਰਦੇ ਰੂਪੀ ਗਲ ਵਿੱਚ ਰੱਬ ਦੇ ਨਾਂਅ ਦਾ ਹਾਰ ਪਾਇਆ ਹੋਇਆ ਹੈ। ਸੁਹਾਗਣ ਔਰਤਾਂ ਦੇ ਕਈ ਤਿਉਹਾਰ ਇਸ ਮਹੀਨੇ ਆਉਂਦੇ ਹਨ। ਜੇਠ ਹਾੜ ਦੀ ਵਰ੍ਹਦੀ ਅੱਗ ਤੋਂ ਬਾਅਦ, ਸਾਉਣ ਮਹੀਨੇ ਦੀਆਂ ਫ਼ੁਹਾਰਾਂ ਮਨਾਂ ਵਿੱਚ ਖੁਸ਼ੀਆਂ ਤੇ ਖੇੜਿਆਂ ਦਾ ਸੰਚਾਰ ਕਰਦੀਆਂ ਹਨ ਤੇ ਮਨ ਮਚਲ ਉੱਠਦਾ ਹੈ।

ਪੰਜਾਬੀ ਜਨ-ਜੀਵਨ ਵਿੱਚ ਸਾਉਣ ਦੀ ਰੁੱਤ ਦਾ ਵਿਸ਼ੇਸ਼ ਮਹੱਤਵ ਹੈ। ਖੇਤੀ-ਬਾੜੀ ਦਾ ਸੱਭਿਆਚਾਰ ਹੋਣ ਕਾਰਨ ਹਰ ਕੋਈ ਬਰਸਾਤ ਦੇ ਮੌਸਮ ਦੀ ਬੇਸਬਰੀ ਨਾਲ ਉਡੀਕ ਕਰਦਾ ਹੈ। ਵਰਖਾ ਕੇਵਲ ਮਨੁੱਖੀ ਤਨ ਮਨ ਨੂੰ ਹੀ ਨਹੀਂ ਠਾਰਦੀ, ਸਗੋਂ ਪੂਰੀ ਕਾਇਨਾਤ ਹੀ ਕੁਦਰਤ ਦੀ ਇਸ ਆਪਾਰ ਬਖਸ਼ਿਸ਼ ਨਾਲ ਖੇੜੇ ਵਿਚ ਆ ਜਾਂਦੀ ਹੈ। ਉਨ੍ਹਾਂ ਸਮਿਆਂ ਵਿਚ ਸਿੰਚਾਈ ਦੇ ਅੱਜ ਵਰਗੇ ਸਾਧਨਾਂ ਦੀ ਅਣਹੋਂਦ ਕਾਰਨ, ਸਭ ਕੁਝ ਰੱਬੀ ਮਿਹਰ ’ਤੇ ਹੀ ਨਿਰਭਰ ਸੀ। ਜੇ ਕਦੇ ਬਰਸਾਤ ਨਾ ਹੁੰਦੀ ਤਾਂ ਲੋਕ ਅਰਦਾਸਾਂ ਕਰਦੇ, ‘ਰੱਬਾ! ਰੱਬਾ! ਮੀਂਹ ਵਰਸਾ, ਸਾਡੀ ਕੋਠੀ ਦਾਣੇ ਪਾ।’ ਖੇਤੀ ਦਾ ਤਾਂ ਸਾਰਾ ਦਾਰੋਮਦਾਰ ਹੀ ਬਰਸਾਤ ’ਤੇ ਨਿਰਭਰ ਸੀ। ਕਿਸਾਨ ਖੂਹਾਂ ਨਾਲ ਫ਼ਸਲਾਂ ਸਿੰਜਦੇ, ਪਰ ਹਰ ਕੋਈ ਮੀਹਾਂ ਦੀ ਉਡੀਕ ਕਰਦਾ। ਲੋਕ ਗੀਤਾਂ ਵਿੱਚ ਵੀ ਅਜਿਹੇ ਭਾਵਾਂ ਦੀ ਤਰਜਮਾਨੀ ਹੋਈ ਹੈ ‘ਸਾਉਣ ਮਹੀਨਾ ਭਾਗੀਂ ਭਰਿਆ ਠੰਡੀਆਂ ਵਗਣ ਹਵਾਵਾਂ। ਧੰਨਭਾਗ ਦੁਨੀਆਂ ਦੇ, ਖੇਤੀਂ ਆਈਆਂ ਬਹਾਰਾਂ...।’

ਕੁਦਰਤ ਦੇ ਇਸ ਵਰਤਾਰੇ ਵਿੱਚ ਬਹੁਤ ਅਨਿਸਚਤਤਾ ਹੈ, ਇਹ ਪੁਰਾਣੇ ਸਮਿਆਂ ਵਿੱਚ ਵੀ ਸੀ ਤੇ ਅੱਜ ਵੀ ਹੈ। ਕਈ ਵਾਰ ਹੜ੍ਹਾਂ ਨਾਲ ਵੱਡੇ ਪੱਧਰ ’ਤੇ ਤਬਾਹੀ ਮਚ ਜਾਂਦੀ ਹੈ। ਕੀਮਤੀ ਜਾਨਾਂ, ਘਰ, ਫ਼ਸਲਾਂ, ਪਸ਼ੂ ਗੱਲ ਕੀ ਬਹੁਤ ਕੁਝ ਹੜ੍ਹਾਂ ਦੀ ਭੇਟ ਚੜ੍ਹ ਜਾਂਦਾ ਹੈ। ਕਈ ਵਾਰ ਬਹੁਤ ਸਖਤ ਸੋਕਾ ਪੈ ਜਾਂਦਾ ਤਾਂ ਫ਼ਸਲਾਂ ਵੀ ਝੁਲਸ ਜਾਂਦੀਆਂ ਤਾਂ ਲੋਕ ਬੇਬਸ ਹੋ ਜਾਂਦੇ ਹਨ। ਮਾਲਵੇ ਦੀ ਇਕ ਲੋਕ-ਬੋਲੀ ਵਿਚ ਅਜਿਹਾ ਵਰਣਨ ਮਿਲਦਾ ਹੈ ;

ਪਿੰਡਾਂ ਵਿਚੋਂ ਪਿੰਡ ਸੁਣੀਦਾ ਪਿੰਡ ਸੁਣੀਦਾ ਚੀਮਾ,
ਸਾਉਣ ਮਹੀਨੇ ਮੀਂਹ ਨਾ ਪੈਂਦਾ ਸੁੱਕੀਆਂ ਵਗਣ ਜ਼ਮੀਨਾਂ...
ਤੂੜੀ ਖਾ ਖਾ ਬਲਦ ਹਾਰ ਗਏ...ਗਭਰੂ ਗਿੱਝ ਗਏ ਫ਼ੀਮਾਂ...
ਤੇਰੀ ਬੈਠਕ ਨੇ ਪੱਟਿਆ ਕਬੂਤਰ ਚੀਨਾ...।

ਸਾਉਣੀ ਦੀ ਰੁੱਤੇ ਮੱਕੀ ਦੇ ਨਾਲ ਖ਼ਰਬੂਜੇ, ਹਦਵਾਣੇ, ਤਰਾਂ ਤੇ ਘਰ ਦੀ ਵਰਤੋਂ ਲਈ ਸਬਜ਼ੀਆਂ ਬੀਜੀਆਂ ਜਾਂਦੀਆਂ। ਦੁਪਹਿਰਾਂ ਨੂੰ ਛੱਲੀਆ ਭੁੰਨ ਕੇ ਚੱਬਣੀਆਂ ਤੇ ਘਰ ਦੀ ਚਾਟੀ ਦੀ ਲੱਸੀ ਪੀ ਕੇ ਹੀ ਡੰਗ ਸਾਰ ਲੈਣਾ। ਉਨ੍ਹਾਂ ਸਮਿਆਂ ਵਿੱਚ ਬਹੁਤ ਹੱਦ ਤੱਕ ਘਰ ਕੱਚੇ ਹੀ ਹੁੰਦੇ ਸਨ। ਬਰਸਾਤਾਂ ਦੇ ਦਿਨੀਂ ਜੇ ਝੜੀ ਲੱਗ ਜਾਣੀ ਤਾਂ ਕੋਠੇ ਚੋਣ ਲੱਗ ਜਾਣੇ। ਕਈ ਵਾਰ ਵਰ੍ਹਦੇ ਮੀਂਹ ਵਿੱਚ ਹੀ ਘਰ ਦੀਆਂ ਸੁਆਣੀਆਂ ਨੇ ਕੋਠੇ ’ਤੇ ਜਾ ਕੇ ਬਨੇਰੇ ਦੇ ਨਾਲ ਨਾਲ ਹੱਥ ਫ਼ੇਰਨਾ ਤਾਂ ਕਿ ਛੱਤ ਦੀਆਂ ਤਰੇੜਾਂ ਆਦਿ ਵਿੱਚ ਮਿੱਟੀ ਭਰ ਜਾਏ ਤੇ ਛੱਤ ਨਾ ਚੋਵੇ। ਜੇ ਮੀਂਹ ਵਧੇਰੇ ਹੋਣੇ ਤਾਂ ਇਹ ਸਿਲਸਿਲਾ ਕਈ ਦਿਨਾਂ ਤੱਕ ਚਲਦਾ ਰਹਿੰਦਾ। ਜੀਵਨ ਔਕੜਾਂ ਤੇ ਦੁਸ਼ਵਾਰੀਆਂ ਨਾਲ ਭਰ ਜਾਂਦਾ। ਚੁੱਲ੍ਹਾ-ਚੌਂਕਾ ਤੇ ਬਾਲਣ ਵੀ ਭਿੱਜ ਜਾਣ ਕਾਰਨ, ਘਰ ਦੀਆਂ ਸੁਆਣੀਆਂ ਲਈ ਰੋਟੀ-ਟੁੱਕ ਕਰਨਾ ਡਾਢਾ ਔਖਾ ਹੋ ਜਾਂਦਾ। ਇਸ ਦੇ ਬਾਵਜੂਦ ਲੋਕ ਮੀਂਹਾਂ ਨੂੰ ਕੁਦਰਤ ਦਾ ਵਰਦਾਨ ਸਮਝਦੇ ਤੇ ਕਾਦਰ ਅੱਗੇ ਸਿਰ ਝੁਕਾਅ ਕੇ ਸ਼ੁਕਰਾਨੇ ਕਰਦੇ।

ਸਾਵਣ ਮਹੀਨੇ ਵਿੱਚ ਤੀਆਂ ਦਾ ਤਿਉਹਾਰ ਮਨਾਇਆ ਜਾਂਦਾ। ਇਹ ਸਾਉਣ ਮਹੀਨੇ ਦੇ ਚਾਨਣ ਪੱਖ ਦੀ ਤੀਜ ਤੋਂ ਸ਼ੁਰੂ ਹੋ ਕੇ ਪੁੰਨਿਆ ਤੱਕ ਚਲਦੀਆਂ ਹਨ। ਨਵੀਆਂ ਵਿਆਹੀਆਂ ਮੁਟਿਆਰਾਂ ਸਾਉਣ ਕੱਟਣ ਲਈ ਪੇਕਿਆਂ ਦੇ ਘਰੀਂ ਆਉਂਦੀਆਂ ਸਹੇਲੀਆਂ ਨੂੰ ਮਿਲਣ ਦਾ ਚਾਅ ਸਾਂਭਿਆ ਨਾ ਜਾਂਦਾ। ਰੁੱਖਾਂ ਨਾਲ ਪੀਘਾਂ ਪੈਂਦੀਆਂ ਤੇ ਗਿੱਧੇ ਦਾ ਪਿੜ ਬੱਝਦਾ।

ਹੱਥਾਂ ’ਤੇ ਮਹਿੰਦੀ, ਰੰਗ-ਬਰੰਗੀਆਂ ਚੂੜੀਆਂ ਚੜ੍ਹਾ ਕੇ, ਪੂਰਾ ਹਾਰ-ਸ਼ਿੰਗਾਰ ਕਰਕੇ, ਮੁਟਿਆਰਾਂ ਪੂਰੀ ਸੱਜ-ਧੱਜ ਨਾਲ, ਸਖੀਆਂ-ਸਹੇਲੀਆਂ, ਨਣਾਨਾਂ-ਭਰਜਾਈਆਂ ਤੇ ਚਾਚੀਆਂ ਤਾਈਆਂ ਸੰਗ, ਹਾਸੇ-ਠੱਠੇ ਕਰਦੀਆਂ ਤੀਆਂ ਦੇ ਪਿੜ ’ਚ ਪਹੁੰਚਦੀਆਂ। ਬੋਲੀਆਂ ਦੇ ਛਰਾਟਿਆਂ ਨਾਲ ਗਿੱਧੇ ਦੀ ਧਮਾਲ ਪੈਂਦੀ। ਪੀਂਘ ਦੇ ਹੁਲਾਰਿਆਂ ਨਾਲ ਕੁੜੀਆਂ ਨ੍ਹੇਰੀ ਲਿਆ ਦਿੰਦੀਆਂ। ਲੋਕ-ਗੀਤਾਂ ਵਿੱਚ ਅਜਿਹੇ ਦ੍ਰਿਸ਼ ਦਾ ਇੰਜ ਵਰਣਨ ਕੀਤਾ ਗਿਆ ਹੈ;

ਸਾਉਣ ਮਹੀਨਾ ਦਿਨ ਤੀਆਂ ਦੇ ਸਭੇ ਸਹੇਲੀਆਂ ਆਈਆਂ
ਨੀ ਸੰਤੋ ਸ਼ਾਮੋ ਹੋਈਆਂ ਕੱਠੀਆਂ, ਵੱਡੇ ਘਰਾਂ ਦੀਆਂ ਜਾਈਆਂ...

ਪੰਜਾਬੀ ਸ਼ਾਇਰ ਧਨੀ ਰਾਮ ਚਾਤ੍ਰਿਕ ਨੇ ਵੀ ਇੱਕ ਕਵਿਤਾ ਵਿੱਚ ਇਸ ਰੁੱਤ ਦੇ ਤਿਉਹਾਰ ਵਿੱਚ ਮੇਲ੍ਹਦੀਆਂ ਮੁਟਿਆਰਾਂ ਦਾ ਭਰਪੂਰ ਜ਼ਿਕਰ ਕੀਤਾ ਹੈ

ਪੇਕੀਂ ਬੈਠੀਆਂ ਤਾਈਂ ਦਿਹਾਰ ਆਏ,
ਤੇ ਸ਼ਿੰਗਾਰ ਲਾਏ ਸਹੁਰੀਂ ਆਈਆਂ ਨੇ,
ਵੰਗਾਂ ਚੂੜੀਆਂ ਪਹਿਨੀਆਂ ਕੁਆਰੀਆਂ ਨੇ,
ਰੰਗ ਚੁੰਨੀਆਂ ਮਹਿੰਦੀਆਂ ਲਾਈਆਂ ਨੇ,
ਖੀਰਾਂ ਰਿੱਝੀਆਂ, ਪੂੜਿਆਂ ਡੰਝ ਲਾਹੀ,
ਕੁੜੀਆਂ ਵਹੁਟੀਆਂ ਨੇ ਪੀਘਾਂ ਪਾਈਆਂ ਨੇ
ਗਿੱਧੇ ਵੱਜਦੇ ਕਿਲਕਲੀ ਮਚਦੀ ਏ,
ਘਟਾ ਕਾਲੀਆਂ ਵੇਖ ਕੇ ਛਾਈਆਂ ਨੇ...।

ਘਰਾਂ ਦੇ ਫ਼ਿਕਰਾਂ ਤੇ ਦੁਸ਼ਵਾਰੀਆਂ ਨੂੰ ਭੁੱਲ-ਭੁਲਾ ਕੇ ਮੁਟਿਆਰਾਂ ਖੁਸ਼ੀ ਵਿੱਚ ਖੀਵੀਆਂ ਹੋ ਹੋ ਗਿੱਧੇ ਦੇ ਪਿੜ ਵਿੱਚ ਝੂੰਮਦੀਆਂ। ਇੱਕ ਦੂਜੀ ਨਾਲ ਆਪਣੇ ਦੁੱਖ-ਸੁੱਖ ਵੀ ਸਾਝੇਂ ਕਰੀ ਜਾਂਦੀਆਂ ਤੇ ਖੁਸ਼ੀਆਂ ਤੇ ਚਾਵਾਂ ਦੇ ਪਲਾਂ ਨੂੰ ਵੀ ਮਾਣੀ ਜਾਦੀਆਂ। ਲੋਕ-ਗੀਤਾਂ ਦੇ ਸਿਰਜਣਹਾਰਿਆਂ ਨੇ ਕਿਸੇ ਅਜਿਹੇ ਪਲ ਨੂੰ ਹੀ ਬਿਆਨਿਆ ਜਾਪਦਾ ਹੈ;

ਸਾਉਣ ਮਹੀਨਾ ਦਿਨ ਤੀਆਂ ਦੇ
ਸੱਭੇ ਸਹੇਲੀਆਂ ਆਈਆਂ,
ਭਿੱਜ ਗਈ ਰੂਹ ਮਿੱਤਰਾ
ਸਾਉਣ ਘਟਾ ਚੜ੍ਹ ਆਈਆਂ...।
ਸਾਉਣ ਦਾ ਮਹੀਨਾ ਬਾਗ਼ਾਂ ਵਿੱਚ
ਬੋਲਣ ਮੋਰ ਵੇ...
ਅਸਾਂ ਨਹੀਂ ਸੌਹਰੇ ਜਾਣਾ ਗੱਡੀ ਨੂੰ
ਖਾਲੀ ਮੋੜ ਵੇ...।

ਇਸ ਰੁੱਤੇ ਘਰਾਂ ਵਿੱਚ ਸੁਆਣੀਆਂ ਖੀਰਾਂ ਤੇ ਪੂੜਿਆਂ ਦੇ ਪਕਵਾਨ ਬਣਾਉਂਦੀਆਂ। ਸਾਉਣ ਦੀਆਂ ਫ਼ੁਹਾਰਾਂ ਨਾਲ ਚਲਦੀਆਂ ਠੰਡੀਆਂ ਹਵਾਵਾਂ ਨਾਲ ਮਨ ਖਿੜ ਉੱਠਦੇ। ਮੀਂਹ ਵਰ੍ਹਦੇ ਤਾਂ ਫ਼ਸਲਾਂ ਝੂੰਮ ਉੱਠਦੀਆਂ ਤੇ ਕਿਸਾਨਾਂ ਦੇ ਚਿਹਰੇ ਵੀ ਖਿੜ ਜਾਂਦੇ। ਮਿਹਨਤ ਵਰ ਆਈ ਜਾਪਦੀ ਤੇ ਭਵਿੱਖ ਲਈ ਕੋਠੀ ਦੇ ਭਰਨ ਦੀ ਆਸ ਵੀ ਬੱਝਦੀ। ਪੰਜਾਬੀਅਤ ਨੂੰ ਪ੍ਰਣਾਏ ਸ਼ਾਇਰ ਧਨੀ ਰਾਮ ਚਾਤ੍ਰਿਕ ਨੇ ਆਪਣੀ ਕਵਿਤਾ ਵਿੱਚ ਸਾਉਣ ਮਹੀਨੇ ਦਾ ਅਜਿਹਾ ਸਜੀਵ ਚਿਤਰ ਪੇਸ਼ ਕੀਤਾ ਹੈ ਕਿ ਰੂਹ ਨਸ਼ਿਆ ਜਾਂਦੀ ਹੈ

ਸਾਉਣ ਮਾਂਹ ਝੜੀਆਂ ਗਰਮੀ ਝਾੜ ਸੁੱਟੀ,
ਧਰਤੀ ਪੁੰਗਰੀ ਟਹਿਕੀਆਂ ਡਾਲੀਆਂ ਨੇ,
ਰਾਹ ਰੋਕ ਲਏ ਛੱਪੜਾਂ ਟੋਭਿਆਂ ਨੇ,
ਨਦੀਆਂ ਨਾਲਿਆ ਜੂਹਾਂ ਹੰਘਾਲੀਆਂ ਨੇ,
ਧਾਈਂ ਉੱਸਰੇ, ਨਿੱਸਰੀ ਚਰ੍ਹੀ ਮੱਕੀ,
ਤੇ ਕਪਾਹੀਂ ਨਾ ਜਾਣ ਸੰਭਾਲੀਆਂ ਨੇ...।

ਸਮੇਂ ਦੇ ਬਦਲਣ ਨਾਲ ਬਹੁਤ ਕੁਝ ਬਦਲ ਗਿਆ ਹੈ। ਅਜੋਕੇ ਮਨੁੱਖ ਦੇ ਖਾਣ-ਪੀਣ, ਪਹਿਰਾਵਾ ਤੇ ਜੀਵਨ-ਜਾਚ ਵਿੱਚ ਵੱਡੀ ਤਬਦੀਲੀ ਆ ਗਈ ਹੈ। ਹੁਣ ਪਹਿਲਾਂ ਵਾਂਗ ਨਾ ਤੀਆਂ ਲਗਦੀਆਂ ਹਨ ਤੇ ਨਾ ਹੀ ਮਨਾਂ ਵਿੱਚ ਨੱਚਣ ਦਾ ਚਾਅ ਰਿਹਾ ਹੈ। ਪਰ ਇਸ ਵਿੱਚ ਵੀ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਧਰਤੀ ਦੀ ਖੁਸ਼ਹਾਲੀ, ਫ਼ਸਲਾਂ ਤੇ ਹਰਿਆਲੀ ਲਈ ਬਰਸਾਤ ਦੀ ਅੱਜ ਵੀ, ਪਹਿਲਾਂ ਵਾਂਗ ਹੀ ਉਡੀਕ ਹੁੰਦੀ ਹੈ। ਧਰਤੀ ਹੇਠਲਾ ਪਾਣੀ ਲਗਾਤਾਰ ਹੇਠਾਂ ਜਾ ਰਿਹਾ ਹੈ। ਵਰਖਾ ਕੁਦਰਤ ਵੱਲੋਂ ਬਖਸ਼ਿਆ ਸਭ ਤੋਂ ਵੱਡਾ ਜਲ-ਸੋਮਾ ਤੇ ਵਰਦਾਨ ਹੈ।











ਜਸਵਿੰਦਰ ਸਿੰਘ ਰੁਪਾਲ

# ਸਾਉਣ ਮਹੀਨਾ ਵਰ੍ਹੇ ਮੇਘਲਾ ...



ਜੇਠ ਹਾੜ੍ਹ ਦੀ ਲੋਹੜੇ ਦੀ ਗਰਮੀ ਤੋਂ ਬਾਅਦ ਸਾਉਣ ਦਾ ਮਹੀਨਾ ਖੁਸ਼ੀਆਂ ਲੈ ਕੇ ਆਉਂਦਾ ਹੈ। ਬੜੀ ਤੀਬਰਤਾ ਨਾਲ ਇਸ ਮਹੀਨੇ ਦੀ ਉਡੀਕ ਕੀਤੀ ਹੁੰਦੀ ਹੈ। ਪੰਜਾਬ ਕਿਉਂਕਿ ਖੇਤੀਬਾੜੀ ਪ੍ਰਧਾਨ ਸੂਬਾ ਰਿਹਾ ਹੈ ਅਤੇ ਫ਼ਸਲਾਂ ਨੂੰ ਮੀਂਹ ਦੀ ਖਾਸ ਲੋੜ ਹੁੰਦੀ ਹੈ। ਕੁਝ ਸਮਾਂ ਪਹਿਲਾਂ ਖੇਤੀ ਪੂਰੀ ਦੀ ਪੂਰੀ ਮੀਂਹ 'ਤੇ ਹੀ ਨਿਰਭਰ ਕਰਦੀ ਸੀ। ਇਸ ਲਈ ਪੰਜਾਬੀਆਂ ਨੇ ਹੋਰ ਸਭ ਨਾਲੋਂ ਵੱਧ ਚਾਅ ਨਾਲ ਇਸ ਮਹੀਨੇ ਦੀ ਮੰਗ ਕੀਤੀ ਹੁੰਦੀ ਹੈ। ਬੱਚਿਆਂ ਦੇ ਮੂੰਹੋਂ ਨਿਕਲੇ ਗੀਤ ਇਸ ਦਾ ਸਬੂਤ ਹਨ।

*ਕਾਲੀਆਂ ਇੱਟਾਂ ਕਾਲੇ ਰੋੜ
ਮੀਂਹ ਵਰਸਾ ਦੇ ਜ਼ੋਰੋ ਜੋਰ ।
* ਰੱਬਾ ਰੱਬਾ ਮੀਂਹ ਵਰਸਾ
ਸਾਡੀ ਕੋਠੀ ਦਾਣੇ ਪਾ ।

ਕੁੜੀਆਂ ਨੇ ਮੀਂਹ ਪੁਆਉਣ ਲਈ ਗੁੱਡੀ ਵੀ ਫੂਕੀ ਹੁੰਦੀ ਹੈ । ਅੰਤ ਉਨ੍ਹਾਂ ਦੀ ਇੱਛਾ ਪੂਰੀ ਹੁੰਦੀ ਹੈ ਅਤੇ ਜੋਰ ਦੀ ਪੈਂਦਾ ਮੀਂਹ ਸਭ ਦੇ ਚਿਹਰੇ ਤੇ ਖੁਸ਼ੀ ਲੈ ਆਉਂਦਾਹੈ। ਫ਼ਸਲਾਂ ਨੂੰ ਪਾਣੀ ਮਿਲਦਾ ਹੈ, ਵਧੀਆ ਉਪਜ ਦੀ ਆਸ ਬੱਝਦੀ ਹੈ।ਵ੍ਰਦੇ ਮੀਂਹ ਵਿੱਚ ਬੱਚਿਆਂ ਨੂੰ ਨ੍ਹਾਉਣ ਦਾ ਵੱਖਰਾ ਹੀ ਆਨੰਦ ਆਉਂਦਾ ਹੈ। ਕਾਗਜ਼ ਦੀਆਂ ਕਿਸ਼ਤੀਆਂ ਚੱਲਦੀਆਂ ਹਨ। ਘਰਾਂ ਵਿੱਚ ਖੀਰ ਪੂੜੇ ਦੇ ਪਕਵਾਨ ਬਣਦੇ ਹਨ । ਮੀਂਹ ਨਾਲ ਗਰਮੀ ਦੂਰ ਹੁੰਦੀ ਹੈ, ਚਾਰੇ ਪਾਸੇ ਹਰਿਆਵਲ ਛਾ ਜਾਂਦੀ ਹੈ। ਕੁਦਰਤ ਦਾ ਹਰ ਕੋਨਾ ਪਸ਼ੂ, ਪੰਛੀ, ਬੂਟੇ ਆਦਿ ਇਸ ਦਾ ਸਵਾਗਤ ਕਰਦੇ ਜਾਪਦੇ ਹਨ। ਬਨਸਪਤੀ 'ਤੇ ਆਈ ਹਰਿਆਲੀ ਕਾਰਨ ਅਤੇ ਵਾਤਾਵਰਣ ਦੀ ਗਰਮੀ ਘਟਣ ਕਾਰਨ ਪੰਛੀ ਚਹਿਕਦੇ ਹਨ। ਬਾਗਾਂ ਵਿੱਚ ਕੋਇਲਾਂ ਕੂਕਦੀਆਂ ਹਨ, ਮੋਰ ਬੋਲਦੇ ਹਨ। ਅਸਮਾਨ ਵਿੱਚ ਪੰਛੀ ਚਹਿਚਹਾਉਂਦੇ ਹਨ। ਤਿਤਲੀਆਂ ਅਤੇ ਭੌਰ ਫ਼ੁੱਲਾਂ ਦੁਆਲੇ ਮੰਡਰਾਉਂਦੇ ਨਜ਼ਰ ਆਉਂਦੇ ਹਨ।

* ਲੱਖ ਖੁਸ਼ੀਆਂ ਤੇ ਸੱਧਰਾਂ ਲੈ ਕੇ, ਚੜ੍ਹਿਆ ਸਾਉਣ ਮਹੀਨਾ ।
ਕੂ ਕੂ ਕਰਕੇ ਕੋਇਲਾਂ ਕੂਕਣ, ਬੀਂਡੇ ਵਾਂਗਰ ਬੀਨਾ।

ਗੁਰਬਾਣੀ ਵਿੱਚ ਵੀ ਮੋਰਾਂ ਦੇ ਬੋਲਣ ਦਾ ਜਿਕਰ ਗੁਰੂ ਨਾਨਕ ਦੇਵ ਜੀ ਕਰਦੇ ਹਨ-

ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣ ਆਇਆ ॥........(ਪੰਨਾ ੫੫੭, ਵਡਹੰਸੁ ਮਹਲਾ ੧ ਘਰੁ ੨)

ਸਾਉਣ ਮਹੀਨੇ ਵਿੱਚ ਰੱਜ ਕੇ ਮੀਂਹ ਪੈਂਦਾ ਹੈ। ਪਰਨਾਲੇ ਚੱਲ ਪੈਂਦੇ ਹਨ। ਆਉਣ ਜਾਣ ਵੇਲੇ ਵੀ ਅਤੇ ਆਮ ਜੀਵਨ ਵਿੱਚ ਵੀ ਵਰ੍ਹਦੇ ਮੀਂਹ ਤੋਂ ਬਚਣ ਦੇ ਪ੍ਰਬੰਧ ਵੀ ਕੀਤੇ ਜਾਂਦੇ ਸਨ।

* ਸਾਉਣ ਦੇ ਮਹੀਨੇ ਕਿਤੇ ਜਾਈਏ ਨਾ ਪ੍ਰਾਹੁਣੇ
ਪੈਣਗੇ ਪਰਨਾਲੇ ਕਿਸੇ ਸੁੱਤੇ ਨਾ ਜਗਾਉਣੇ ।
* ਸਾਉਣ ਮਹੀਨੇ ਮੀਂਹ ਪਿਆ ਪੈਂਦਾ ਗੋਡੇ ਗੋਡੇ ਪਾਣੀ
ਡੋਰੀਆ ਭਿੱਜ ਗਿਆ ਵੇ, ਤੈਂ ਛਤਰੀ ਨਾ ਤਾਣੀ।
*ਸਾਉਣ ਮਹੀਨਾ ਵਰ੍ਹੇ ਮੇਘਲਾ,ਵਗੇ ਪੁਰੇ ਦੀ ਵਾਅ,
ਵੇ ਖਾ ਲਈ ਨਾਗਾਂ ਨੇ ਜੋਗੀ ਬੀਨ ਵਜਾ, ਵੇ ਖਾ ਲਈ ਨਾਗਾਂ ਨੇ...

ਕੁੜੀਆਂ ਭਾਵੇ ਕੁਆਰੀਆਂ ਹੋਣ ਜਾਂ ਵਿਆਹੀਆਂ, ਦੋਹਾਂ ਨੂੰ ਖੁਸ਼ੀ ਬਰਾਬਰ ਦੀ ਹੁੰਦੀ ਹੈ। ਕਿਉਂਕਿ ਇਸ ਮਹੀਨੇ ਤੀਆਂ ਜੋ ਲੱਗਦੀਆਂ ਹਨ ਜਿਸ ਵਿੱਚ ਉਨ੍ਹਾਂ ਪਿੱਪਲਾਂ 'ਤੇ ਪੀਂਘਾਂ ਝੂਟਣੀਆਂ ਹਨ। ਵਿਆਹੀਆਂ ਕੁੜੀਆਂ ਨੂੰ ਬਹਾਨੇ ਨਾਲ ਆਪੋ ਆਪਣੇ ਪੇਕੇ ਘਰ ਆਉਣ ਦਾ ਮੌਕਾ ਮਿਲਦਾ ਹੈ ਅਤੇ ਹੋਰ ਹਮ ਉਮਰ ਸਹੇਲੀਆਂ ਨੂੰ ਮਿਲਣ ਦਾ ਵਧੀਆ ਅਵਸਰ ਵੀ। ਸਾਉਣ ਮਹੀਨੇ ਦੇ ਚਾਨਣ ਪੱਖ ਵਾਲੇ ਪੰਦਰਵਾੜੇ ਦੀ ਤੀਜ ਤੋਂ ਆਰੰਭ ਹੋਣ ਕਾਰਨ ਹੀ ਤੀਆਂ ਨਾਮ ਪ੍ਰਚਲਿਤ ਹੋ ਗਿਆ ਹੈ। ਲੜਕੀਆਂ ਮਹਿੰਦੀ ਲਗਾਉਂਦੀਆਂ ਹਨ, ਚੂੜੀਆਂ ਪਾਉਂਦੀਆਂ ਹਨ ਅਤੇ ਹੋਰ ਹਰ ਸ਼ਿੰਗਾਰ ਕਰ ਕੇ ਗਿੱਧੇ ਦੇ ਪਿੜ ਵਿੱਚ ਆ ਕੇ ਧਮਾਲ ਪਾਉਂਦੀਆਂ ਹਨ। ਆਪਣੇ ਦਿਲੀ ਜਜ਼ਬਿਆਂ ਨੂੰ ਬੋਲੀਆਂ ਰਾਹੀਂ ਬਾਹਰ ਕੱਢਦੀਆਂ ਹਨ ਅਤੇ ਹੌਲ਼ੀਆਂ ਫ਼ੁੱਲ ਹੋ ਜਾਂਦੀਆਂ ਹਨ। ਤੀਆਂ ਦੇ ਪਿੜ ਵਿੱਚ ਨਾ ਕੋਈ ਮਰਦ ਹੁੰਦਾ ਹੈ, ਨਾ ਹੀ ਮਾਪਿਆਂ ਜਾਂ ਸਹੁਰਿਆਂ ਦੇ ਟੋਕੇ ਜਾਣ ਦਾ ਡਰ ਹੁੰਦਾ ਹੈ। ਇਸ ਲਈ ਉਹ ਦਿਲ ਦੇ ਉਬਾਲ ਕੱਢਦੀਆਂ ਹਨ। ਇਹਨਾਂ ਬੋਲੀਆਂ ਤੇ ਟੱਪਿਆਂ ਰਾਹੀਂ ਜਿਥੇ ਕੁਆਰੀਆਂ ਕੁੜੀਆਂ ਆਪੋ ਆਪਣੀ ਇਸ਼ਕ ਮੁਹੱਬਤ ਦਾ ਇਜ਼ਹਾਰ ਕਰਦੀਆਂ ਹਨ, ਉੱਥੇ ਵਿਆਹੀਆਂ ਕੁੜੀਆਂ ਆਪਣੇ ਪਤੀ, ਸੱਸ ,ਜਾਂ ਸਹੁਰੇ ਪਰਿਵਾਰ ਵਿੱਚ ਕਿਸੇ ਵੀ ਤਰ੍ਹਾਂ ਦੇ ਝੱਲੇ ਹੋਏ ਕਸ਼ਟ ਅਤੇ ਪਰਿਵਾਰ ਤੇ ਇਤਰਾਜ਼ ਪ੍ਰਗਟਾਉਂਦੀਆਂ ਹਨ। ਸਾਉਣ ਮਹੀਨੇ ਨੂੰ ਇਹ ਕੁੜੀਆਂ ਚੰਗਾ ਸਮਝਦੀਆਂ ਹਨ ਕਿਉਂਕਿ ਇਸ ਨੇ ਸਹੇਲੀਆਂ ਨੂੰ ਮਿਲਾਇਆ ਹੈ ਜਦ ਕਿ ਭਾਦੋਂ ਦੇ ਮਹੀਨੇ ਹਰ ਕਿਸੇ ਨੇ ਆਪੋ ਆਪਣੇ ਸਹੁਰੇ ਘਰ ਜਾਣਾ ਹੁੰਦਾ ਹੈ ਅਤੇ ਇਹ ਵਿਛੋੜਾ ਸਹਿਣ ਕਾਰਨ ਭਾਦੋਂ ਚੰਦਰੀ ਬਣ ਜਾਂਦੀ ਹੈ। ਤੀਆਂ ਤੋਂ ਸ਼ੁਰੂ ਹੋਇਆ ਇਹ ਮੇਲ ਰੱਖੜੀ ਤੱਕ ਚੱਲਦਾ ਹੈ। ਸਹੁਰੇ ਘਰ ਤੋਂ ਤੀਆਂ ਮਨਾਉਣ ਲਈ ਪੇਕੇ ਆਈਆਂ ਕੁੜੀਆਂ, ਆਪਣੇ ਭਰਾਵਾਂ ਨੂੰ ਰੱਖੜੀ ਬੰਨ੍ਹ ਕੇ ਹੀ ਵਾਪਸ ਮੁੜਦੀਆਂ ਸਨ।

* ਸਾਉਣ ਵੀਰ ਕੱਠੀਆਂ ਕਰੇ
ਭਾਦੋਂ ਚੰਦਰੀ ਵਿਛੋੜੇ ਪਾਵੇ ।

ਤੀਆਂ ਵਿੱਚ ਕੱਠੀਆਂ ਹੋਈਆਂ ਕੁੜੀਆਂ ਖੁੱਲ ਕੇ ਨੱਚਦੀਆਂ ਹਨ। ਤੀਆਂ ਵਿੱਚ ਲੜਕੀਆਂ ਦੀ ਖੁਸ਼ੀ ਦਾ ਅੰਦਾਜਾ ਇਸ ਗੱਲ ਤੋਂ ਸਹਿਜੇ ਹੀ ਲੱਗ ਜਾਂਦਾ ਹੈ ਕਿ ਤੀਆਂ ਇੱਕ ਮੁਹਾਵਰਾ ਬਣ ਚੁੱਕਿਆ ਹੈ। ਆਮ ਬੋਲ ਚਾਲ ਵਿੱਚ ਵੀ ਜਿਥੇ ਕਿਤੇ ਖੁਸ਼ੀ ਦਾ ਮਾਹੌਲ ਹੋਵੇ, ਉਸ ਬਾਰੇ ਕਿਹਾ ਜਾਂਦਾ ਏ ਕਿ ਭਈ ਉਥੇ ਤਾਂ ਰੋਜ ਤੀਆਂ ਲੱਗਦੀਆਂ ਨੇ। ਇਸ ਸਮੇਂ ਦੀਆਂ ਬੋਲੀਆਂ ਨੇ ਪੈਂਦੇ ਗਿੱਧੇ ਦੀ ਧਮਕ ਨੂੰ ਅਤੇ ਪੀਂਘਾਂ ਦੇ ਝੂਟਿਆਂ ਨੂੰ ਆਪਣੇ ਵਿੱਚ ਸਮੋਇਆ ਹੋਇਆ ਹੈ।



* ਸਾਉਣ ਮਹੀਨੇ ਘਾਹ ਹੋ ਗਿਆ
ਰੱਜੀਆਂ ਮੱਝੀਂ ਗਾਈਂ ।
ਗਿੱਧਿਆ ਪਿੰਡ ਵੜ ਵੇ
ਲਾਮ ਲਾਮ ਨਾ ਜਾਈਂ।
* ਸਾਉਣ ਮਹੀਨਾ, ਵਰ੍ਹੇ ਮੇਘਲਾ, ਵਰਸੇ ਜ਼ੋਰੋ ਜ਼ੋਰ
ਵੇ ਦਿਨ ਤੀਆਂ ਦੇ ਆਏ, ਪੀਂਘਾਂ ਲੈਣ ਹੁਲਾਰੇ ਜ਼ੋਰ।
* ਸਾਉਣ ਦਾ ਮਹੀਨਾ, ਪੇਕਿਆਂ ਦਾ ਪਿੰਡ, ਨਾਲੇ ਤੀਆਂ ਵਾਲਾ ਆਇਆ ਏ ਤਿਉਹਾਰ।



ਗਿੱਧੇ ਵਿੱਚ ਮੈਂ ਨੱਚਦੀ, ਮੇਰੇ ਖੇਤਾਂ ਵਿੱਚ ਨੱਚਦੀ ਬਹਾਰ।
ਗਿੱਧੇ ਵਿੱਚ ਮੈਂ ਨੱਚਦੀ.....
*ਸਾਉਣ ਮਹੀਨਾ ਘਾਹ ਜੰਮ ਪਿਆ, ਰੱਜਣ ਮੱਝੀਆਂ ਗਾਈਆਂ ,
ਪੀਂਘਾਂ ਝੂਟਦੀਆਂ, ਨਣਦਾਂ ਤੇ ਭਰਜਾਈਆਂ। .....ਪੀਂਘਾਂ ਝੂਟਦੀਆਂ ....
ਥੜ੍ਹਿਆਂ ਬਾਝ ਨਾ ਸੋਂਹਦੇ ਪਿੱਪਲ, ਬਾਗਾਂ ਨਾਲ ਫ਼ਲਾਹੀਆਂ
ਹੰਸਾਂ ਨਾਲ ਹਮੇਲਾਂ ਸੁੰਹਦੀਆਂ, ਬੰਦਾਂ ਨਾਲ ਗਜਰਾਈਆਂ
ਧੰਨ ਭਾਗ ਮੇਰੇ ਆਖੇ ਪਿੱਪਲ, ਕੁੜੀਆਂ ਨੇ ਪੀਂਘਾਂ ਪਾਈਆਂ
ਸਾਉਣ ਵਿੱਚ ਕੁੜੀਆਂ ਨੇ, ਪੀਂਘਾਂ ਖੂਬ ਚੜ੍ਹਾਈਆਂ।
* ਸਾਉਣ ਮਹੀਨੇ ਬੱਦਲ ਪੈਂਦਾ, ਨਿੰਮੀਆਂ ਪੈਣ ਫ਼ੁਹਾਰਾਂ।
ਕੱਠੀਆਂ ਹੋ ਕੇ ਆਈਆਂ ਗਿੱਧੇ ਵਿੱਚ, ਇੱਕੋ ਜਿਹੀਆਂ ਮੁਟਿਆਰਾਂ ।
ਗਿੱਧੇ ਦੇ ਵਿਚ ਏਦਾਂ ਲਿਸ਼ਕਣ, ਜਿਉਂ ਸੋਨੇ ਦੀਆਂ ਤਾਰਾਂ।
ਦੂਹਰੀਆਂ ਹੋ ਕੇ ਨੱਚਣ ਲੱਗੀਆਂ, ਜਿਉਂ ਕੂੰਜਾਂ ਦੀਆਂ ਡਾਰਾਂ ।
ਜੋਰ ਜੁਆਨੀ ਦਾ, ਲੁੱਟ ਲਓ ਮੌਜ ਬਹਾਰਾਂ ।
* ਸਾਉਣ ਮਹੀਨਾ ਦਿਨ ਗਿੱਧੇ ਦੇ, ਕੁੜੀਆਂ ਪੀਂਘਾਂ ਪਾਈਆਂ
ਨੱਚਣ, ਕੁੱਦਣ, ਝੂਟਣ ਪੀਂਘਾਂ, ਵੱਡਿਆਂ ਘਰਾਂ ਦੀਆਂ ਜਾਈਆਂ
ਆਹ ਲੈ ਮਿੱਤਰਾ ਕਰ ਲੈ ਖਰੀਆਂ, ਬਾਂਕਾਂ ਮੇਚ ਨਾ ਆਈਆਂ।
ਗਿੱਧਾ ਪਾ ਰਹੀਆਂ, ਨਣਦਾਂ ਤੇ ਭਰਜਾਈਆਂ ।

ਇਸ ਮਹੀਨੇ ਖੀਰ ਪੂੜੇ ਜਿਆਦਾ ਬਣਦੇ ਹੋਰ ਕਰਕੇ ਇਸ ਲਈ ਲੋੜੀਦੇ ਕੱਚੇ ਮਾਲ ਦੀ ਮੰਗ ਵੱਧ ਜਾਂਦੀ ਹੈ। ਪਰ ਵਪਾਰੀ ਬਿਰਤੀ ਰੱਖਣ ਵਾਲੇ ਦੁਕਾਨਦਾਰ ਆਪਣੇ ਮੁਨਾਫ਼ੇ ਵਿੱਚ ਹੋਰ ਵਾਧਾ ਕਰਨ ਲਈ ਗੁੜ ਬਗੈਰਾ ਮਹਿੰਗਾ ਕਰ ਦਿੰਦੇ ਸਨ। ਹੇਠ ਲਿਖੀ ਬੋਲੀ ਬਾਣੀਏ ਵੱਲੋਂ ਕੀਤੀ ਜਾਂਦੀ ਲੁੱਟ ਨੂੰ ਬਿਆਨ ਕਰਦੀ ਹੈ --

* ਸਾਉਣ ਮਹੀਨੇ ਲੁੱਟਣ ਬਾਣੀਏ ਨਵੀਆਂ ਹੱਟੀਆਂ ਪਾਕੇ
ਪਹਿਲਾਂ ਤਾਂ ਗੁੜ ਧੜੀਏਂ ਵਿਕਦਾ ਹੁਣ ਕਿਉਂ ਦੇਣ ਘਟਾ ਕੇ
ਕੁੜੀਆਂ ਮੁੰਡੇ ਜਿਦ ਨੇ ਕਰਦੇ ਪੂੜੇ ਦਿਓ ਬਣਾਕੇ
ਬਾਣੀਓ ਤਰਸ ਕਰੋ ਗੁੜ ਵੇਚੋ ਭਾਅ ਘਟਾ ਕੇ
ਬਾਣੀਓ ਤਰਸ ਕਰੋ.......

ਪੇਕੇ ਆਈਆਂ ਕੁੜੀਆਂ ਦਾ ਵਾਪਸ ਸਹੁਰੇ ਜਾਣ ਨੂੰ ਛੇਤੀ ਛੇਤੀ ਦਿਲ ਨਹੀਂ ਕਰਦਾ । ਕਿਉਂਕਿ ਉਹਨਾਂ ਦਾ ਦਿਲ ਲੱਗਿਆ ਹੁੰਦਾ ਹੈ। ਆਪਣੀਆਂ ਜ਼ਿੰਮੇਵਾਰੀਆਂ ਤੋਂ ਆਜ਼ਾਦ, ਕਿਸੇ ਵੀ ਟੋਕਾ ਟਾਕੀ ਤੋਂ ਦੂਰ, ਉਹਨਾਂ ਦੀ ਰੂਹ ਅੰਬਰੀਂ ਉਡਾਰੀ ਲਗਾ ਰਹੀ ਹੁੰਦੀ ਹੈ। ਪਿਆਰੀਆਂ ਪਿਆਰੀਆਂ ਸਹੇਲੀਆਂ ਤੋਂ ਵਿਛੜਨ ਨੂੰ ਦਿਲ ਨਹੀਂ ਕਰਦਾ। ਤਦੇ ਹੂਕ ਨਿਕਲਦੀ ਹੈ

* ਸਾਉਣ ਦਾ ਮਹੀਨਾ ਬਾਗਾਂ ਵਿੱਚ ਬੋਲਣ ਮੋਰ ਵੇ।
ਮੈਂ ਨਹੀਂ ਸਹੁਰੇ ਜਾਣਾ, ਗੱਡੀ ਨੂੰ ਖਾਲੀ ਮੋੜ ਵੇ।

ਜੇ ਕਿਸੇ ਕਾਰਨ ਮੀਂਹ ਪੈਣ ਵਿੱਚ ਦੇਰੀ ਹੋ ਜਾਏ, ਕੁਝ ਦਿਨ ਸੁੱਕੇ ਲੰਘ ਜਾਣ , ਤਾਂ ਤੜਪ ਨਿਕਲਦੀ ਹੈ। ਕਿਉਂਕਿ ਮੀਂਹ ਨਾ ਪੈਣ ਦਾ ਭਾਵ ਜਮੀਨ ਨੂੰ ਸਿੰਚਾਈ ਲਈ ਪਾਣੀ ਦਾ ਨਾ ਮਿਲਣਾ। ਅਜਿਹੇ ਵਿਹਲੇ ਸਮੇਂ ਗੱਭਰੂ ਨਸ਼ਿਆਂ ਦੇ ਆਦੀ ਹੋ ਜਾਂਦੇ ਨੇ ਅਤੇ ਪਸ਼ੂਆਂ ਨੂੰ ਵੀ ਹਰਾ ਚਾਰਾ ਨਹੀਂ ਮਿਲਦਾ।

* ਸਾਉਣ ਮਹੀਨੇ ਮੀਂਹ ਨਾ ਪੈਂਦਾ, ਸੁੱਕੀਆਂ ਵਾਹੁਣ ਜ਼ਮੀਨਾਂ
ਸੁੱਕੀ ਤੂੜੀ ਖਾ ਖਾ ਢੱਗੇ ਹਾਰ ਗਏ, ਗੱਭਰੂ ਗਿੱਝ ਗਏ ਫ਼ੀਮਾਂ
ਤੇਰੀ ਬੈਠਕ ਨੇ, ਪੱਟਿਆ ਕਬੂਤਰ ਚੀਨਾ।


ਪਰ ਅਜਿਹਾ ਤਾਂ ਕਦੇ ਕਦੇ ਹੀ ਹੁੰਦਾ ਹੈ। ਆਮ ਹਾਲਤਾਂ ਵਿੱਚ ਸਾਉਣ ਦਾ ਇਹ ਮਹੀਨਾ ਹਰ ਪਾਸੇ ਹਰਿਆਵਲ, ਹਰ ਦਿਲ ਵਿੱਚ ਉਤਸ਼ਾਹ ਅਤੇ ਚਿਹਰੇ ਤੇ ਖੁਸ਼ੀਆਂ ਲਿਆਉਂਦਾ ਹੈ।

ਸਮਾਂ ਬਹੁਤ ਬਦਲ ਗਿਆ ਹੈ। ਹੁਣ ਲੋਕਾਂ ਕੋਲ ਬਦਲਦੇ ਮੌਸਮਾਂ ਨੂੰ ਮਨਾਉਣ ਦਾ ਵਕਤ ਹੀ ਨਹੀਂ ਹੈ। ਨਾ ਹੁਣ ਵੱਡੇ ਅਤੇ ਸੰਘਣੀਆਂ ਛਾਵਾਂ ਵਾਲੇ ਪਿੱਪਲ ਅਤੇ ਬੋਹੜ ਹੀ ਰਹੇ ਹਨ ਅਤੇ ਨਾ ਹੀ ਪੀਂਘਾਂ ਝੂਟਦੀਆਂ ਕੁੜੀਆਂ ਨਜਰ ਆਉਂਦੀਆਂਹਨ। ਸੱਭਿਆਚਾਰਕ ਵਿਰਸੇ ਨੂੰ ਸੰਭਾਲਣ ਲਈ ਕੁਝ ਉਚੇਚੇ ਯਤਨਾਂ ਨਾਲ ਤੀਆਂ ਲਗਾਈਆਂ ਜਾਂਦੀਆਂ ਹਨ। ਪਰ ਉਨ੍ਹਾਂ ਵਿਚ ਪੁਰਾਣੇ ਸਮੇਂ ਵਾਲਾ ਨਾ ਚਾਅ ਹੈ, ਨਾ ਉਤਸ਼ਾਹ।

ਇਕ ਰਸਮ ਪੂਰਤੀ ਕਰਕੇ ਮਨ ਨੂੰ ਧਰਵਾਸ ਦੇਣ ਦਾ ਯਤਨ ਹੈ। ਨਵੀਂ ਪੀੜ੍ਹੀ ਨੂੰ ਇਹ ਸਭ ਫ਼ਜ਼ੂਲ ਲੱਗਦਾ ਹੈ। ਵਿਰਸੇ ਦੀ ਮਹਾਨਤਾ ਨੂੰ ਅਗਲੀਆਂ ਪੀੜ੍ਹੀਆਂ ਤੱਕ ਪੁਚਾਉਣਾ ਸਾਡੀ ਸਭ ਦੀ ਸਾਂਝੀ ਜ਼ਿੰਮੇਵਾਰੀ ਹੈ।

# ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

23 ਜੁਲਾਈ ਨੂੰ ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

*ਸੰਨ 1663 ਈ. ਵਿੱਚ ਦਿੱਲੀ ਵਿਖੇ ਚੇਚਕ ਦੀ ਮਹਾਂਮਾਰੀ ਫ਼ੈਲ ਜਾਣ 'ਤੇ ਗੁਰੂ ਜੀ ਆਪ ਰੋਗੀਆਂ ਦੇ ਘਰ ਘਰ ਜਾ ਕੇ ਸੇਵਾ ਕਰਨ ਲੱਗੇ। ਲੋਕਾਈ ਦੇ ਭਲੇ ਲਈ ਮਾਇਆ ਵੀ ਖ਼ਰਚ ਕੀਤੀ। ਇਹ ਵੇਖ ਕੇ ਸੰਗਤਾਂ ਵੀ ਇਸ ਨੇਕ ਸੇਵਾ ਵਿੱਚ ਗੁਰੂ ਜੀ ਨਾਲ ਆ ਜੁੜੀਆਂ। ਇਸ ਲਾਗ ਦੀ ਬਿਮਾਰੀ ਵਿੱਚ ਆਪ ਨੇ ਆਪਣੀ ਬਾਲ ਉਮਰ ਦੀ ਪ੍ਰਵਾਹ ਨਾ ਕੀਤੀ। ਆਖ਼ਰ ਗੁਰੂ ਜੀ ਖ਼ੁਦ ਵੀ ਮਹਾਂਮਾਰੀ ਦਾ ਸ਼ਿਕਾਰ ਹੋ ਗਏ। ਸੰਗਤਾਂ ਨੂੰ ਰੱਬ ਦੇ ਭਾਣੇ ਵਿੱਚ ਸੇਵਾ ਜਾਰੀ ਰੱਖਣ ਦਾ ਉਪਦੇਸ਼ ਦੇ ਕੇ ਜੋਤੀ ਜੋਤ ਸਮਾ ਗਏ।*

*ਅਜੋਕੇ ਸਮੇਂ ਵੀ ਗੁਰੂ ਜੀ ਦੀ ਸੇਵਾ ਪ੍ਰਤੀ ਸਿੱਖਿਆ ਦੀ ਸੇਧ ਵਿੱਚ ਸਮੇਂ-ਸਮੇਂ ਆਉਂਦੀਆਂ ਆਫ਼ਤਾਂ ਵਿਚੋਂ ਨਵੰਬਰ 2019 ਨੂੰ ਕੋਵਿਡ -19 ਦੀ ਮਹਾਂਮਾਰੀ ਵਿੱਚ ਸਿੱਖ ਸੰਗਤਾਂ ਤੇ ਸੰਸਥਾਵਾਂ ਨੇ ਮਨੁੱਖਤਾ ਦੀ ਸੇਵਾ ਸੰਭਾਲ ਕਰਕੇ ਆਪਣੇ ਧਾਰਮਿਕ ਵਿਰਸੇ ਦੀ ਸੇਵਾ ਭਾਵਨਾ ਵਾਲੀ ਮਿਸਾਲ ਸੰਸਾਰ ਭਰ ਵਿੱਚ ਕਾਇਮ ਕੀਤੀ। ਜਦੋਂ ਸਮੇਂ ਦੀਆਂ ਸਰਕਾਰਾਂ ਮਨੁੱਖਤਾ ਦੇ ਰੋਗੀਆਂ ਦੀ ਸੰਭਾਲ ਕਰਨ ਤੋਂ ਅਸਮਰਥ ਹੋ ਗਈਆਂ, ਉਸ ਵੇਲੇ ਸਿੱਖ ਕੌਮ ਨੇ ਆਕਸੀਜਨ ਦਾ ਲੰਗਰ ਲਗਾ ਕੇ ਹਸਪਤਾਲਾਂ ਦੇ ਬਾਹਰ ਬੈਠੇ ਬੇਵਸ, ਮਜਬੂਰ ਅਤੇ ਵਿਸਾਰੇ ਬਿਮਾਰਾਂ ਵਾਸਤੇ ਆਕਸੀਜਨ ਦਾ ਪ੍ਰਬੰਧ ਕੀਤਾ। ਉਪਰੰਤ ਗੁਰਦੁਆਰਿਆਂ , ਸਿੱਖਾਂ ਦੀਆਂ ਨਿੱਜੀ ਸੰਪਤੀਆਂ ਵਿੱਚ ਬਿਮਾਰਾਂ ਨੂੰ ਰਿਹਾਇਸ਼ ਦੇ ਕੇ ਸੇਵਾ ਸੰਭਾਲ ਦਾ ਕੰਮ ਕੀਤਾ ਹੈ।*

ਜੀਵਨ ਜਾਂਚ ਦੇ ਰਾਹ ਦਸੇਰੇ ਗੁਰੂਆਂ ਦੇ ਆਗਮਨ ਮਨੁੱਖਤਾ ਦੀ ਭਲਾਈ ਵਾਸਤੇ ਹੋਇਆ ਕਰਦੇ ਹਨ। ਜਦ ਕਦੇ ਧਰਤੀ ਤੇ ਪਾਪ ਦੀ ਅਤਿ ਹੋ ਜਾਵੇ ਤਾਂ ਆਤਮ ਸ੍ਰਿਸ਼ਟੀ ਵਿਚੋਂ ਕੋਈ ਉਪਕਾਰੀ ਆਉਂਦਾ ਹੈ। ਜੋ ਤਪਦੇ ਸੰਸਾਰ ਵਿੱਚ ਠੰਡ ਵਰਤਾਉਂਦਾ ਹੈ। ਮਨੁੱਖੀ ਮਨਾਂ ਨੂੰ ਸ਼ਾਂਤ ਕਰਦਾ ਹੈ। ਸਿੱਖ ਗੁਰੂ ਕਾਲ ਵਿੱਚ ਦਸ ਗੁਰੂਆਂ ਦੀ ਇੱਕ ਜੋਤ ਜੋ ਦਸੀਂ ਜਾਮੀ ਨਿਰੰਤਰ ਰੱਬੀ ਸੀ। ਭਗਤੀ ਅਤੇ ਸ਼ਕਤੀ ਦੇ ਸੁਮੇਲ ਵਿਚੋਂ ਸ਼ਾਂਤ ਉਤਸ਼ਾਹ ਵਿੱਚ ਦੀਨ ਦਯਾ ਹਿੱਤ ਬੀਰ ਰਸ ਆਇਆ ਤੇ ਚੜ੍ਹਦੀ ਕਲਾ ਦਾ ਰੰਗ ਚੜ੍ਹਿਆ। ਗੁਰੂ ਨਾਨਕ ਦੇਵ ਸਾਹਿਬ ਜੀ ਦੁਆਰਾ ਚਲਾਏ ਨਿਰਮਲ ਪੰਥ ਦੇ ਅੱਠਵੇਂ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੂੰ ਉਹਨਾਂ ਦੀ ਸਿਆਣਪ ਨੂੰ ਵੇਖ ਕੇ ਬਾਲ ਗੁਰੂ ਜਾਂ ਬਾਲਾ ਪ੍ਰੀਤਮ ਵੀ ਕਿਹਾ ਜਾਂਦਾ ਹੈ। ਆਪ ਜੀ ਦਾ ਆਗਮਨ ਸਾਵਣ ਵਦੀ 10 ਸੰਮਤ 1713 ਅਰਥਾਤ 7 ਜੁਲਾਈ 1656 ਨੂੰ ਸੀਸ ਮਹੱਲ ਕੀਰਤਪੁਰ (ਰੋਪੜ) ਵਿਖੇ ਗੁਰੂ ਹਰਿ ਰਾਏ ਸਾਹਿਬ ਜੀ ਦੇ ਗ੍ਰਹਿ ਮਾਤਾ ਕ੍ਰਿਸ਼ਨ ਕੌਰ ਜੀ ਦੀ ਕੁਖੋਂ ਹੋਇਆ। ਕੱਤਕ 6 ਸੰਮਤ 1718 ਅਨੁਸਾਰ 20 ਅਕਤੂਬਰ 1661 ਨੂੰ ਗੁਰਗੱਦੀ 'ਤੇ ਬਿਰਾਜਮਾਨ ਹੋਏ।

ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਆਪਣੀ ਸ਼ਹਾਦਤ ਸਮੇਂ ਗੁਰੂ ਹਰਿਰਾਇ ਸਾਹਿਬ ਜੀ ਨੂੰ ਹਦਾਇਤ ਕੀਤੀ ਸੀ ਕਿ ਗੁਰਗੱਦੀ 'ਤੇ ਹਥਿਆਰਬੰਦ ਹੋ ਕੇ ਬੈਠਣਾ ਹੈ। ਤਦ ਗੁਰੂ ਹਰਿਰਾਏ ਸਾਹਿਬ ਜੀ ਨੇ ਕੌਮ ਨੂੰ ਬਕਾਇਦਾ ਤੇ ਜਥੇਬੰਦਕ ਹਥਿਆਰਬੰਦ ਬਣਾਇਆ। ਸੰਗਤਾਂ ਦੇ ਹੌਂਸਲੇ ਬੁਲੰਦ ਹੋਏ। ਮੁਗਲ ਹਕੂਮਤ ਜਿਥੇ ਜੁਲਮ ਨਾਲ ਜਬਰੀ ਲੋਕਾਂ ਨੂੰ ਇਸਲਾਮ ਵਿੱਚ ਲਿਆਉਣਾ ਚਾਹੁੰਦੀ ਸੀ, ਉਥੇ ਸਿੱਖ ਧਰਮ ਦੀ ਵੱਧਦੀ ਲੋਕਪ੍ਰਿਅਤ ਨੂੰ ਵੇਖ ਕੇ ਲੋਕ ਆਪਣੇ ਆਪ ਹੀ ਧਰਮ ਦੀ ਵੱਧਦੀ ਲੋਕਪ੍ਰਿਅਤਾ ਨੂੰ ਵੇਖ ਕੇ ਲੋਕ ਆਪਣੇ ਆਪ ਹੀ ਸਿੱਖ ਧਰਮ ਅਪਨਾਉਣ ਲੱਗੇ। ਮੁਗਲ ਬਾਦਸ਼ਾਹ ਔਰੰਗਜੇਬ ਬਹਾਨੇ ਨਾਲ ਸਿੱਖਾਂ ਦੀ ਤਾਕਤ ਨੂੰ ਪ੍ਰਖਣਾ ਚਾਹੁੰਦਾ ਸੀ। ਉਸਨੇ ਧਰਮ ਗਰੰਥ ਦੇ ਸ਼ੰਕਿਆਂ ਦੇ ਬਹਾਨੇ ਗੁਰੂ ਹਰਿ ਰਾਇ ਸਾਹਿਬ ਜੀ ਨੂੰ ਤਲਬ ਕਰਨਾ ਚਾਹਿਆ।

ਗੁਰੂ ਹਰਿਰਾਇ ਸਾਹਿਬ ਜੀ ਨੇ ਆਪਣੇ ਵੱਡੇ ਪੁੱਤਰ ਬਾਬਾ ਰਾਮ ਰਾਏ ਜੀ ਨੂੰ ਹਿਦਾਇਤ ਕੀਤੀ ਕਿ ਗੁਰਮਤਿ ਵਿਚਾਰਾਂ ਕਰਦੇ ਸਮੇਂ ਆਪਣੇ ਧਾਰਮਿਕ ਨਿਸਚੈ 'ਤੇ ਪੂਰਾ ਉਤਰਨਾ ਹੈ। ਬਾਦਸ਼ਾਹ ਨੇ ਸੁਆਲ ਕੀਤਾ ਕਿ ਤੁਹਾਡੇ ਗਰੰਥ ਵਿੱਚ 'ਮਿੱਟੀ ਮੁਸਲਮਾਨ ਦੀ ਪੇੜੇ ਪਈ ਕੁਮਿਆਰ ' ਸਿੱਧੀ ਇਸਲਾਮ ਦੀ ਹੱਤਕ ਨਹੀਂ ਹੈ? ਬਾਬਾ ਰਾਮ ਰਾਇ ਜੀ ਨੇ ਬਾਦਸ਼ਾਹ ਦੀ ਖੁਸ਼ੀ ਹਾਸਲ ਕਰਨ ਲਈ ਕਹਿ ਦਿੱਤਾ ਕਿ ਉਥੇ ਮਿੱਟੀ ਬੇਈਮਾਨ ਦੀ ਲਫ਼ਜ ਹੈ। ਬਾਣੀਕਾਰ ਵੱਲੋਂ ਗਲਤੀ ਨਾਲ ਮੁਸਲਮਾਨ ਲਿਖਿਆ ਗਿਆ ਹੈ। ਬਾਦਸ਼ਾਹ ਤਾਂ ਖੁਸ਼ ਹੋ ਗਿਆ ਪਰ ਜਦੋਂ ਗੁਰੂ ਹਰਿ ਰਾਏ ਸਾਹਿਬ ਜੀ ਨੂੰ ਪਤਾ ਲਗਿਆ ਕਿ ਗੁਰਬਾਣੀ ਦੀ ਤੁੱਕ ਬਦਲਣ ਦੀ ਅਵੱਗਿਆ ਹੋਈ ਹੈ ਤਾਂ ਉਹਨਾ ਨੇ ਆਪਣੇ ਦ੍ਰਿੜ ਇਰਾਦੇ ਨਾਲ ਫੈਸਲਾ ਕੀਤਾ ਕਿ ਬਾਬਾ ਰਾਮਰਾਇ ਜੀ ਗੁਰਗੱਦੀ ਦੇ ਲਾਇਕ ਨਹੀਂ ਹਨ।

ਧਰਮ ਪ੍ਰਤੀ ਇਸ ਦ੍ਰਿੜਤਾ ਦੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਸਮੇਂ ਵੀ ਕਮੀ ਨਹੀਂ ਸੀ ਆਈ। ਬਾਬਾ ਰਾਮਰਾਇ ਜੀ ਨੇ ਆਪਣਾ ਹੱਕ ਗੁਰਗੱਦੀ 'ਤੇ ਬਨਾਉਣ ਲਈ ਸਰਕਾਰ ਨੂੰ ਸ਼ਿਕਾਇਤ ਕਰ ਦਿੱਤੀ ਕਿ ਮੈਨੂੰ ਗੁਰਗੱਦੀ ਤੋਂ ਵਾਂਝਾ ਕੀਤਾ ਗਿਆ ਹੈ। ਬਾਦਸ਼ਾਹ ਨੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਤਲਬ ਹੋਣ ਦਾ ਸੱਦਾ ਦਿੱਤਾ, ਜੋ ਗੁਰਾਂ ਨੇ ਠੁਕਰਾ ਦਿੱਤਾ। ਸਰਕਾਰੇ ਦਰਬਾਰੇ ਵਿਚੋਂ ਮਿਰਜਾ ਜੈ ਸਿੰਘ ਨੇ ਬਾਦਸ਼ਾਹ ਨਾਲ ਮਿਲਣੀ ਕਰਵਾਉਣ ਦਾ ਜਿੰਮਾ ਆਪਣੇ ਸਿਰ ਲੈ ਲਿਆ। ਦੀਵਾਨ ਪਰਸ ਰਾਮ ਨੇ 150 ਘੋੜ ਸਵਾਰ ਭੇਜ ਕੇ ਗੁਰਾਂ ਨੂੰ ਬੜੇ ਸਤਿਕਾਰ ਨਾਲ ਪਾਲਕੀ ਵਿੱਚ ਬਿਠਾ ਕੇ ਦਿੱਲੀ ਲਿਆਉਣ ਲਈ ਕਿਹਾ। ਗੁਰੂ ਸਾਹਿਬ ਜੀ ਨੇ ਦੀਵਾਨ ਨੂੰ ਕਿਹਾ ਕਿ ਉਹ ਬਾਦਸ਼ਾਹ ਔਰੰਗਜੇਬ ਦੇ ਮੱਥੇ ਨਹੀਂ ਲੱਗਣਗੇ।

ਤਦ ਦਿੱਲੀ ਦੀਆਂ ਸੰਗਤਾਂ ਨੇ ਦਰਸ਼ਨਾਂ ਦੀ ਤਾਂਘ ਦੀ ਬੇਨਤੀ ਭੇਜੀ ਤਾਂ ਤੁਰੰਤ ਰਜ਼ਮੰਦ ਹੋ ਗਏ। ਕੀਰਤਪੁਰ ਤੋਂ ਦਿੱਲੀ ਆਉਂਦੇ ਸਮੇਂ ਗੁਰੂ ਸਾਹਿਬ ਜੀ ਪੰਜਖੋਰਾ ਪਿੰਡ ਜ਼ਿਲ੍ਹਾ ਅੰਬਾਲਾ ਵਿਖੇ ਰੁਕੇ। ਉਥੇ ਲਾਲ ਚੰਦ ਬ੍ਰਾਹਮਣ ਨੇ ਗੁਰੂ ਜੀ ਨੂੰ ਵੰਗਾਰਿਆ ਕਿ ਤੁਸੀਂ ਵੱਡੇ ਗੁਰੂ ਬਣੀ ਫ਼ਿਰਦੇ ਹੋ। ਕ੍ਰਿਸ਼ਨ ਨੇ ਤਾਂ ਗੀਤਾ ਉਚਾਰੀ ਸੀ, ਤੁਸਬੀਂ ਮੇਰੇ ਨਾਲ ਸ਼ਾਸਤਰ ਹੱਥ ਕਰ ਲਓ। ਗੀਤਾ ਦੇ ਅਰਥ ਕਰਕੇ ਸੁਣਾਓ। ਗੁਰੂ ਜੀ ਨੇ ਪੰਡਤ ਨੂੰ ਸਮਝਾਇਆ ਕਿ ਗੁਰੂ ਦੀ ਸਮਰਥਾ ਅਰਥ ਕਰਨਾ ਹੀ ਨਹੀਂ ਸਗੋਂ ਜੀਵਨ ਨੂੰ ਸਾਵੀਂ ਪੱਧਰੀ ਰਾਹ 'ਤੇ ਤੋਰਨਾ ਹੈ। ਮਨੁੱਖ ਵਿਚੋਂ ਅਗਿਆਨਤਾ ਦਾ ਨਾਂਸ ਕਰਨਾ ਹੈ। ਸਾਡਾ ਤਾਂ ਹਰ ਸਿੱਖ ਗਿਆਨਵਾਨ ਹੈ। ਉਸ ਨੂੰ ਗਿਆਨ ਪ੍ਰਾਪਤ ਕਰਨ ਦੀ ਖੁੱਲ ਹੈ ਤਾਂ ਜੋ ਧਾਰਮਿਕ ਰਾਜਨੀਤਿਕ , ਵਿਦਿਅਕ ਤੇ ਵਿਹਾਰਕ ਸੋਝੀ ਨਾਲ ਆਪਣਾ ਜੀਵਨ ਸੰਵਾਰ ਸਕੇ। ਤੁਸੀਂ ਕਿਸੇ ਵੀ ਸਿੱਖ ਨੂੰ ਪੁੱਛ ਲਓ ਤੁਹਾਨੂੰ ਤੁਹਾਡਾ ਉੱਤਰ ਮਿਲ ਜਾਵੇਗਾ। ਪੰਡਤ ਲੰਗਰਾਂ ਦੀ ਜਲ ਦੀ ਸੇਵਾ ਕਰਦੇ ਛਜੂ ਨੂੰ ਸਾਦਾ ਜਿਹਾ ਸਮਝ ਕੇ ਲੈ ਆਇਆ। ਪੰਡਿਤ ਨੇ ਜੋ ਵੀ ਪੁਛਿਆ ਛਜੂ ਨੇ ਉਸਦਾ ਉੱਤਰ ਦੇ ਦਿੱਤਾ, ਕਿਉਂਕਿ ਉਹ ਲੰਗਰਾਂ ਦੀ ਸੇਵਾ ਕਰਦਾ ਬਾਣੀ ਸੁਣਦਾ ਤੇ ਗੁਣ ਗੁਣਾਦਾ ਰਹਿੰਦਾ ਸੀ। ਬ੍ਰਾਹਮਣ ਸ਼ਰਮਿੰਦਾ ਹੋ ਗਿਆ।

ਦਿੱਲੀ ਪਹੁੰਚ ਕੇ ਰਾਜਾ ਜੈ ਸਿੰਘ ਨੇ ਆਪਣੇ ਬੰਗਲੇ ਵਿੱਚ ਜਿਥੇ ਅੱਜ ਕਲ ਗੁਰਦੁਆਰਾ ਬੰਗਲਾ ਸਾਹਿਬ ਹੈ, ਠਹਿਰਾਇਆ। ਸੰਗਤਾਂ ਦਰਸ਼ਨਾਂ ਲਈ ਉਮੜ ਪਈਆਂ। ਬਾਦਸ਼ਾਹ ਔਰੰਗਜੇਬ ਨੇ ਵੀ ਦਰਸ਼ਨਾਂ ਦੀ ਇੱਛਾਂ ਪ੍ਰਗਟ ਕੀਤੀ ਪਰ ਗੁਰੂ ਜੀ ਨੇ ਇਨਕਾਰ ਕਰ ਦਿਤਾ। ਰਾਜਾ ਜੈ ਸਿੰਘ ਦੀ ਰਾਣੀ ਤੌਖਲਾ ਹੋਇਟਾ ਕਿ ਇੰਨਾ ਛੋਟਾ ਬਾਲਕ ਗੁਰੂ ਕਿਵੇਂ ਹੋ ਸਕਦਾ ਹੈ? ਜੇਕਰ ਸਮਰਥ ਗੁਰੂ ਹੈ ਤਾਂ ਮੈਨੂੰ ਹੀ ਢੂੰਡ ਦੇ ਦਸ ਦੇਵੇ ਕਿ ਸਵਾਗਤ ਕਰਨ ਵਾਲੀਆਂ ਵਿੱਚ ਮੈਂ ਕਿਥੇ ਹਾਂ? ਗੁਰੂ ਪਾਤਸ਼ਾਹ ਨੇ ਸਾਰੀਆਂ ਗੋਲੀਆਂ ਸਹੇਲੀਆਂ ਦੀ ਡੀਲ ਡੋਲ ਵੇਖ ਕੇ ਗੋਲੀ ਬਣੀ ਰਾਣੀ ਨੂੰ ਪਛਾਣ ਲਿਆ। ਇਹ ਭਰਮ ਦੂਰ ਕੀਤਾ ਕਿ ਗੁਰੂ ਜੋਤਿ ਨੂੰ ਸਰੀਰ ਪਖੋਂ ਜਾਂ ਉਮਰ ਪਖੋਂ ਵੇਖ ਕੇ ਪ੍ਰਖਿਆ ਨਹੀਂ ਜਾ ਸਕਦਾ।

ਸੰਨ 1663 ਦੇ ਦੌਰਾਨ ਜਦੋਂ ਗੁਰੂ ਜੀ ਦਿੱਲੀ ਵਿਚ ਸਨ ਤਾਂ ਹੈਜਾ ਚੇਚਕ ਦੀ ਮਹਾਂਮਾਰੀ ਫੈਲ ਗਈ। ਗੁਰਦੇਵ ਆਪ ਲੋਕਾਂ ਦੇ ਘਰ ਘਰ ਜਾ ਕੇ ਸੇਵਾ ਕਰਨ ਲੱਗੇ। ਲੋਕਾਈ ਦੇ ਭਲੇ ਲਈ ਮਾਇਆ ਵੀ ਖਰਚ ਕੀਤੀ। ਇਹ ਵੇਖ ਕੇ ਸੰਗਤਾਂ ਵੀ ਇਸ ਨੇਕ ਕੰਮ ਲਈ ਗੁਰੂ ਜੀ ਨਾਲ ਆਣ ਜੁੜੀਆਂ। ਇਸ ਛੂਤ ਦੀ ਬਿਮਾਰੀ ਵਿੱਚ ਆਪਣੀ ਬਾਲ ਉਮਰ ਦੀ ਪ੍ਰਵਾਹ ਵੀ ਨਹੀਂ ਕੀਤੀ। ਆਖਿਰ ਗੁਰੂ ਜੀ ਵੀ ਇਸ ਮਹਾਂਮਾਰੀ ਦਾ ਸ਼ਿਕਾਰ ਹੋ ਗਏ। ਮਾਤਾ ਜੀ ਅਤੇ ਸੰਗਤਾਂ ਵਿੱਚ ਘਬਰਾਹਟ ਹੋ ਗਏਂ ਪਰ ਪਾਤਸ਼ਾਹ ਨੇ ਇਸ ਨੂੰ ਰੱਬੀ ਰਮਜ਼ ਦਸਿਆ। ਸੰਗਤਾਂ ਨੂੰ ਧੀਰਜ ਵਿੱਚ ਰਹਿਣ ਲਈ ਕਿਹਾ। ਆਪਣਾ ਸੱਚਖੰਡ ਜਾਣ ਦਾ ਸਮਾਂ ਵੇਖ ਕੇ ਹੁਕਮ ਸੁਣਾਇਆ ਕਿ ਅਗਲਾ ਗੁਰੂ ਬਾਬਾ ਬਕਾਲੇ ਭਾਵ ਸੀ। ਕਿ ਗੁਰੂ ਬਾਬਾ ਬਕਾਲਾ ਰਹਿੰਦਾ ਹੈ। ਆਪ ਜੀ 3 ਵਿਸਾਖ ਸੰਮਤ 1721 ਮੁਤਾਬਿਕ 30 ਮਾਰਚ 1664 ਨੂੰ ਜੋਤੀ ਜੋਤ ਸਮਾ ਗਏ। ਆਪ ਜੀ ਦੀ ਵਿਦਾਇਗੀ ਮੌਜੂਦਾ ਗੁਰਦੁਆਰਾ ਬਾਲਾ ਸਾਹਿਬ ਦਿੱਲੀ ਵਿਖੇ ਹੋਈ।

ਵਰਣਨਯੋਗ ਹੈ ਕਿ ਆਪ ਬਾਲ ਉਮਰੇ ਵੀ ਗੁਰਗੱਦੀ ਦੀ ਜ਼ਿੰਮੇਵਾਰੀ ਨਿਭਾਅ ਕੇ ਦਰਸਾ ਦਿੱਤਾ ਕਿ ਗੁਰੂ ਸਰੀਰ ਨਹੀਂ ਜੋਤਿ ਹੈ। ਸਪਸ਼ਟ ਕੀਤਾ ਕਿ ਸਰੀਰ ਭਾਵੇਂ ਬਿਰਧ ਹੋਵੇ ਜਾਂ ਬਾਲ ਉਮਰ ਗੁਰੂ ਜੋਤਿ ਨਾਲ ਉਮਰ ਦਾ ਕੋਈ ਸਬੰਧ ਨਹੀਂ। ਢਾਈ ਸਾਲ ਦੀ ਗੁੱਰਤਾ ਵਿੱਚ ਗੁਰਦੇਵ ਨੇ ਬੜੀ ਸਿਆਣਪ , ਦ੍ਰਿੜਤਾ ਅਤ ਨਿਰਭੈਤਾ ਨਾਲ ਜਿੰਮੇਵਾਰੀ ਨਿਭਾਈ। ਉਹਨਾਂ ਨੇ ਧਰਮ ਪ੍ਰਚਾਰ ਵੀ ਪਹਿਲਾਂ ਦੀ ਤਰਾਂ ਜਾਰੀ ਰੱਖਿਆ। ਉਹਨਾਂ ਦੇ ਹੋਰ ਪਰਉਪਕਾਰਾਂ ਵਿੱਚ ਜਦ ਭਾਈ ਕਲਿਆਣ ਦੀ ਧਰਮਸ਼ਾਲਾ ਮਹੱਲਾ ਦਿਲਵਾਲੀ ਸਿੰਘਾਂ ਦਿੱਲੀ ਵਿਖੇ ਡੇਰੇ ਲਾਏ ਤਾਂ ਉਥੇ ਲੋਕ ਬੜੇ ਗਰੀਬ ਸਨ। ਪੀਣ ਲਈ ਸਾਫ਼ ਪਾਣੀ ਵੀ ਨਹੀਂ ਸੀ। ਲੋਕ ਬਿਮਾਰੀਆਂ ਵਿੱਚ ਘਿਰੇ ਹੋਏ ਸਨ। ਬੜਾ ਹੀ ਦੁਖੀ ਜੀਵਨ ਬਤੀਤ ਕਰ ਰਹੇ ਸਨ। ਗੁਰੂ ਦੀਆਂ ਸੰਗਤਾਂ ਨੇ ਲੰਗਰ ਲਗਾ ਦਿੱਤੇ । ਥਾਂ ਥਾਂ ਸਾਫ਼ ਪਾਣੀ ਦਾ ਪ੍ਰਬੰਧ ਕੀਤਾ। ਕਈ ਮੁਸਲਮਾਨ ਫ਼ਕੀਰ ਵੀ ਗੁਰਾਂ ਦੇ ਉਪਾਸਕ ਬਣ ਗਏ। ਗੁਰੂ ਜੀ ਸੱਚੀ ਸੁੱਚੀ ਕ੍ਰਿਤ ਕਰਦਿਆਂ ਰੱਬ ਦੀ ਰਜ਼ਾ ਵਿੱਚ ਰਹਿਣ ਦਾ ਉਪਦੇਸ਼ ਦਿੱਤਾ। ਸਿੱਖ ਗੁਰੂਆਂ ਨੇ ਬੇਗਰਜ਼ ਸੇਵਾ ਨੂੰ ਮੁਕਤੀ ਨਾਲ ਜੋੜ ਦਿੱਤਾ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।

ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Email: asrnewwriters@gmail.com www.amritsartimes.com Ph.: (510) 240-5949

WEBSITE DESIGN & DEVELOPMENT

Basic Web packages are available on comparatively economical rates we work as per your requirement and charge only according to work



ਛੋਟੇ/ਵੱਡੇ ਬਿਜ਼ਨਸ, ਐਨ.ਜੀ.ਓ. ਰੇਡਿਓ ਸਟੇਸ਼ਨ ਅਤੇ ਖ਼ਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ ਈ ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Services
Web Development
Web Designing
Seo Services
Web Re-Design
Technical Support
Logo Design

WMA WEB MEDIA ART
Mob: +91-8437636421

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ

webmediaart24@gmail.com www.Webmediaart.com




# ਬਾਲ ਲਿਖਤਾਂ ’ਚੋਂ ਝਲਕਦੀ ਹੈ ਬੱਚਿਆਂ ਦੀ ਸ਼ਖ਼ਸੀਅਤ

ਲਿਖਣ ਲਈ ਪੈੱਨ, ਪੈਨਸਿਲ ਤੇ ਕਾਪੀ ਦਾ ਆਪਣਾ ਮਹੱਤਵ ਹੈ। ਮਨੁੱਖ ਲਈ ਬੋਲਣਾ ਪ੍ਰਭਾਵਸ਼ਾਲੀ ਕਲਾ ਹੈ। ਉਹ ਬੋਲ ਕੇ ਆਪਣੀ ਗੱਲ ਨੂੰ ਸਮਝਾ ਲੈਂਦਾ ਹੈ ਪਰ ਆਪਣੀ ਗੱਲ ਨੂੰ ਲਿਖ ਕੇ ਕਰਨਾ ਆਪਣਾ ਹੀ ਹੁਨਰ ਹੈ। ਜਦੋਂ ਅਸੀਂ ਲਿਖਦੇ ਹਾਂ ਤਾਂ ਉਸ ’ਚ ਸਪੱਸ਼ਟਤਾ ਵੱਧ ਆਉਂਦੀ ਹੈ। ਲਿਖਣ ਨਾਲ ਸਾਡਾ ਵਿਆਕਰਨ ਮਜ਼ਬੂਤ ਹੁੰਦਾ ਹੈ। ਸਾਡੀਆਂ ਲਿਖਤਾਂ ’ਚੋਂ ਸਾਡੀ ਸ਼ਖ਼ਸੀਅਤ ਝਲਕਦੀ ਹੈ।

ਬੱਚਾ ਪਹਿਲਾਂ ਹੁੰਗਾਰੇ ਭਰਨਾ ਸਿੱਖਦਾ ਹੈ ਤੇ ਫਿਰ ਹੌਲੀ-ਹੌਲੀ ਸੁਣੀਆਂ ਗਈਆਂ ਧੁਨੀਆਂ ਦਾ ਅਨੁਕਰਨ ਕਰਦਿਆਂ ਬੋਲਣ ਲੱਗ ਜਾਂਦਾ ਹੈ। ਲਿਖਣਾ ਅਕਸਰ ਬੱਚੇ ਸਕੂਲ ਵਿੱਚ ਜਾ ਕੇ ਸਿੱਖਦੇ ਹਨ। ਪੰਜ ਸਾਲ ਦੀ ਉਮਰ ’ਚ ਉਹ ਸਿੱਧੀ ਲਕੀਰ ਵਾਹ ਸਕਦੇ ਹਨ। ਇਸ ਲਈ ਇਹ ਮੰਨਿਆ ਜਾਂਦਾ ਹੈ ਕਿ ਪੰਜ ਸਾਲ ਦੀ ਉਮਰ ਲਿਖਣਾ ਸਿੱਖਣ ਲਈ ਸਭ ਤੋਂ ਸਹੀ ਉਮਰ ਹੈ। ਕਿਸੇ ਭਾਸ਼ਾ ਨੂੰ ਲਿਖਣਾ ਸਿੱਖਣ ਲਈ ਪੈਨਸਿਲ, ਪੈੱਨ ਤੇ ਕਾਪੀ ਜ਼ਰੂਰੀ ਟੂਲ ਹਨ। ਬੇਸ਼ੱਕ ਪਹਿਲਾਂ ਫੱਟੀ ਤੇ ਉਸ ਤੋਂ ਪਹਿਲਾਂ ਤਾਮਰ ਪੱਤਰ ਦੀ ਵਰਤੋਂ ਕੀਤੀ ਜਾਂਦੀ ਰਹੀ। ਹੁਣ ਵੀ ਕਈ ਥਾਵਾਂ ’ਤੇ ਸਲੇਟ ਵਰਤੀ ਜਾਂਦੀ ਹੈ ਪਰ ਫਿਰ ਵੀ ਲਿਖਣ ਲਈ ਪੈੱਨ-ਪੈਨਸਿਲ ਤੇ ਕਾਪੀ ਜ਼ਰੂਰੀ ਹਨ।

ਲਿਖਣਾ ਸਿੱਖ ਕੇ ਅਸੀਂ ਆਪਣੀ ਗੱਲ ਨੂੰ ਬੜੀ ਖ਼ੂਬਸੂਰਤੀ ਨਾਲ ਕਹਿ ਸਕਦੇ ਹਾਂ। ਲਿਖਣਾ ਜਾਣਨਾ ਹੀ ਸਾਖ਼ਰ ਹੋਣਾ ਹੈ। ਬੋਲਣ ਵਾਲਾ ਪੜ੍ਹਿਆ-ਲਿਖਿਆ ਨਹੀਂ ਹੁੰਦਾ। ਸਾਖ਼ਰ ਦਾ ਅਰਥ ਹੈ ਅੱਖਰ ਸਹਿਤ। ਜਿਸ ਨੂੰ ਅੱਖਰ ਲਿਖਣੇ ਆ ਜਾਣ, ਉਹ ਸਾਖ਼ਰ। ਅਸੀਂ ਜਾਣਦੇ ਹਾਂ ਕਿ ਅਨਪੜ੍ਹ ਲੋਕਾਂ ਦੀ ਜਾਂ ਉਹ ਲੋਕ ਜੋ ਲਿਖਣਾ-ਪੜ੍ਹਨਾ ਨਹੀਂ ਜਾਣਦੇ, ਕਿਸ ਤਰ੍ਹਾਂ ਉਨ੍ਹਾਂ ਨਾਲ ਲੁੱਟ ਹੁੰਦੀ ਹੈ। ਉਨ੍ਹਾਂ ਦੀ ਕਿਰਤ ਵੀ ਲੁੱਟੀ ਜਾਂਦੀ ਹੈ। ਇਸ ਲਈ ਲਿਖਣਾ ਆਉਣਾ ਜ਼ਰੂਰੀ ਹੈ।

**ਤਰਕ ਦਾ ਹੁੰਦਾ ਵਿਕਾਸ**

ਲਿਖਣ ਨਾਲ ਇੱਕ ਨਹੀਂ, ਕਈ ਤਰ੍ਹਾਂ ਦੇ ਹੁਨਰ ਵਿਕਸਿਤ ਹੁੰਦੇ ਹਨ। ਲਿਖਣ ਨਾਲ ਅਸੀਂ ਆਪਣੀ ਗੱਲ ਨੂੰ ਸੋਹਣੇ ਤਰੀਕੇ ਨਾਲ ਕਹਿ ਸਕਦੇ ਹਾਂ। ਸਾਡੀ ਗੱਲ ਸਪੱਸ਼ਟ ਹੋ ਜਾਂਦੀ ਹੈ। ਇਸ ਨਾਲ ਸਾਡੇ ਅੰਦਰ ਕ੍ਰਿਟੀਕਲ ਥਿੰਕਿੰਗ ਵੱਧਦੀ ਹੈ। ਸਾਡੇ ਅੰਦਰ ਤਰਕ ਦਾ ਵਿਕਾਸ ਹੁੰਦਾ ਹੈ। ਜਦੋਂ ਅਸੀਂ ਕਿਸੇ ਚੀਜ਼ ਨੂੰ ਲਿਖਦੇ ਹਾਂ ਤਾਂ ਬਹੁਤ ਵਾਰ ਕੱਟ ਦਿੰਦੇ ਹਾਂ, ਦੁਬਾਰਾ ਲਿਖਦੇ ਹਾਂ। ਇਸ ਤਰ੍ਹਾਂ ਸਾਡੇ ’ਚ ਹੋਰ ਵਧੀਆ ਲਿਖਣ ਦੀ ਕਾਬਲੀਅਤ ਪੈਦਾ ਹੁੰਦੀ ਹੈ।

**ਸੋਚਣ ਲਈ ਕਰਦਾ ਮਜਬੂਰ**

ਲਿਖਣ ਦਾ ਸਭ ਤੋਂ ਵੱਡਾ ਫ਼ਾਇਦਾ ਇਹ ਹੈ ਕਿ ਇਸ ਨਾਲ ਤੁਹਾਡਾ ਕਥਾਰਸਿਸ ਹੁੰਦਾ ਹੈ। ਜਦੋਂ ਤੁਸੀਂ ਕਿਸੇ ਗੱਲ ਨੂੰ ਪੈਨਸਿਲ ਜਾਂ ਪੈੱਨ ਨਾਲ ਕਾਪੀ ’ਤੇ ਲਿਖ ਲੈਂਦੇ ਹੋ ਤਾਂ ਉਹ ਵਿਚਾਰ ਤੁਹਾਡੇ ਮਨ ਵਿੱਚੋਂ ਨਿਕਲ ਜਾਂਦਾ ਹੈ। ਤੁਸੀਂ ਅਕਸਰ ਸੁਣਿਆ ਹੋਵੇਗਾ ਕਿ ਲੋਕ ਡਾਇਰੀ ਲਿਖਦੇ ਹਨ। ਇਸ ਦਾ ਅਸਲੀ ਕਾਰਨ ਇਹੀ ਹੈ ਕਿ ਲਿਖ ਕੇ ਉਹ ਆਪਣੇ ਮਨ ਨੂੰ ਹੌਲਾ ਕਰ ਲੈਂਦੇ ਹਨ। ਬਹੁਤ ਵਾਰ ਜਦੋਂ ਕੁਝ ਦਿਨਾਂ ਬਾਅਦ ਆਪਣਾ ਹੀ ਲਿਖਿਆ-ਪੜ੍ਹਿਆ ਜਾਵੇ ਤਦ ਸਮਝ ਆਉਂਦੀ ਹੈ ਕਿ ਅਸੀਂ ਕੀ ਕਰ ਰਹੇ ਸੀ। ਲਿਖਣਾ ਇਕ ਤਰ੍ਹਾਂ ਨਾਲ ਸਾਨੂੰ ਸਾਡੇ ਬਾਰੇ ਸੋਚਣ ਲਈ ਮਜਬੂਰ ਕਰਦਾ ਹੈ। ਕਿਸੇ ਦੂਜੇ ਦੀਆਂ ਲਿਖਤਾਂ ਨੂੰ ਪੜ੍ਹ ਕੇ ਅਸੀਂ ਆਪਣੇ ਜੀਵਨ ਨੂੰ ਸੁਧਾਰ ਲੈਂਦੇ ਹਾਂ। ਲਿਖਣਾ ਵਿਚਾਰਾਂ ਦੀ ਸਾਂਝ ਦਾ ਇਕ ਤਰੀਕਾ ਵੀ ਹੈ।

**ਮਾਨਸਿਕ ਤੇ ਭਾਵਨਾਤਮਿਕ ਵਿਕਾਸ ’ਚ ਪਰੇਸ਼ਾਨੀ**

ਅੱਜ ਤਕਨਾਲੋਜੀ ਦੇ ਯੁੱਗ ਵਿਚ ਨਾ ਪੈੱਨ ਦੀ ਲੋੜ ਹੈ, ਨਾ ਪੈਨਸਿਲ ਤੇ ਨਾ ਹੀ ਕਾਪੀ ਦੀ। ਸਭ ਕੁਝ ਡਿਜੀਟਲਾਈਜ਼ ਹੋ ਗਿਆ ਹੈ। ਅਸੀਂ ਫੋਨ ਤੇ ਲੈਪਟਾਪ ’ਤੇ ਲਿਖਦੇ ਹਾਂ। ਲਿਖਦੇ ਕੀ ਹਾਂ, ਬਸ ਟਾਈਪ ਕਰਦੇ ਹਾਂ। ਹੁਣ ਤਾਂ ਹਾਲਾਤ ਅਜਿਹੇ ਹੋ ਗਏ ਹਨ ਕਿ ਬੱਚਿਆਂ ਦੇ ਹੱਥੋਂ ਵੀ ਕਾਪੀ-ਪੈੱਨ ਛੁੱਟਦਾ ਜਾ ਰਿਹਾ ਹੈ। ਲਿਖਣ ਦਾ ਅਭਿਆਸ ਬਹੁਤ ਘੱਟ ਗਿਆ ਹੈ। ਇਸ ਕਾਰਨ ਸਾਡਾ ਵਿਆਕਰਨ ਵੀ ਸਹੀ ਤਰੀਕੇ ਨਾਲ ਇਸਤੇਮਾਲ ਨਹੀਂ ਹੁੰਦਾ। ਸਾਡੀਆਂ ਲਿਖਤਾਂ ਵਿਚ ਵਿਆਕਰਨ ਦੇ ਆਧਾਰ ’ਤੇ ਬਹੁਤ ਸਾਰੀਆਂ ਗ਼ਲਤੀਆਂ ਹੁੰਦੀਆਂ ਹਨ। ਇਕ ਨਵਾਂ ਤਰੀਕਾ ਹੈ ਬੋਲ ਕੇ ਟਾਈਪ ਕਰਨ ਦਾ। ਉਸ ਵਿਚ ਤਾਂ ਟਾਈਪ ਕਰਨ ਦੀ ਵੀ ਜ਼ਰੂਰਤ ਨਹੀਂ। ਬਸ ਤੁਸੀਂ ਬੋਲਦੇ ਜਾਓ ਤੇ ਸਾਫਟਵੇਅਰ ਲਿਖਦਾ ਜਾਂਦਾ ਹੈ। ਯਕੀਨਨ ਤਕਨਾਲੋਜੀ ਨੇ ਬਹੁਤ ਤਰੱਕੀ ਕੀਤੀ ਹੈ ਪਰ ਇਹ ਤਰੱਕੀ ਕਿਤੇ ਨਾ ਕਿਤੇ ਸਾਡੇ ਮਾਨਸਿਕ ਤੇ ਭਾਵਨਾਤਮਿਕ ਵਿਕਾਸ ’ਚ ਪਰੇਸ਼ਾਨੀ ਖੜ੍ਹੀ ਕਰ ਰਹੀ ਹੈ।





**ਗ਼ਲਤ ਨੂੰ ਕੀਤਾ ਜਾ ਸਕਦਾ ਸਹੀ**

ਸਵੀਡਨ ਵਰਗੇ ਦੇਸ਼ ਨੇ ਹੁਣ ਇਸ ਗੱਲ ਨੂੰ ਮੰਨ ਲਿਆ ਹੈ ਕਿ ਤਕਨਾਲੋਜੀ ਨਾਲ ਬੱਚਿਆਂ ਦਾ ਉਸ ਤਰੀਕੇ ਨਾਲ ਵਿਕਾਸ ਨਹੀਂ ਹੋ ਰਿਹਾ, ਜਿਵੇਂ ਹੋਣਾ ਚਾਹੀਦਾ ਹੈ। ਉਨ੍ਹਾਂ ਨੇ ਤਕਨਾਲੋਜੀ ਨੂੰ ਪਾਸੇ ਕਰ ਦੁਬਾਰਾ ਤੋਂ ਪੈੱਨ ਤੇ ਕਾਪੀ ਚੁੱਕ ਲਏ ਹਨ। ਉਨ੍ਹਾਂ ਦੀ ਇਹ ਪਹਿਲਕਦਮੀ ਚੰਗਾ ਕਦਮ ਹੈ। ਬਾਕੀ ਦੇਸ਼ਾਂ ਨੂੰ ਵੀ ਇਸ ਬਾਰੇ ਸੋਚਣਾ ਚਾਹੀਦਾ ਹੈ। ਜਦੋਂ ਅਸੀਂ ਕਿਸੇ ਕਿਤਾਬ ਨੂੰ ਪੜ੍ਹਦੇ ਹਾਂ ਤਾਂ ਉਸ ਦਾ ਮਜ਼ਾ ਹੀ ਅਲੱਗ ਹੈ। ਕਿਤਾਬ ਦੇ ਵਰਕੇ ਪਲਟਦਿਆਂ ਜੋ ਅਹਿਸਾਸ ਹੁੰਦਾ ਹੈ, ਉਹ ਕੰਪਿਊਟਰ ’ਤੇ ਪੜ੍ਹ ਕੇ ਨਹੀਂ ਹੁੰਦਾ। ਬੇਸ਼ੱਕ ਕੰਪਿਊਟਰਾਈਜ਼ੇਸ਼ਨ ਸਮੇਂ ਦੀ ਲੋੜ ਹੈ ਪਰ ਇਹ ਲਿਖਣ ਦਾ ਬਦਲ ਨਹੀਂ ਹੈ। ਪੈਨਸਿਲ ਨਾਲ ਲਿਖ ਕੇ ਜਦੋਂ ਬੱਚੇ ਉਸ ਨੂੰ ਵਾਰ-ਵਾਰ ਮਿਟਾ ਕੇ ਠੀਕ ਕਰਦੇ ਹਨ ਤਾਂ ਉਹ ਇਹ ਵੀ ਸਿੱਖ ਜਾਂਦੇ ਹਨ ਕਿ ਜ਼ਿੰਦਗੀ ਵਿਚ ਕੀਤੀਆਂ ਗ਼ਲਤੀਆਂ ਨੂੰ ਵੀ ਠੀਕ ਕੀਤਾ ਜਾ ਸਕਦਾ ਹੈ। ਇਹ ਗੱਲ ਕਿਤੇ ਨਾ ਕਿਤੇ ਉਨ੍ਹਾਂ ਦੇ ਮਨ ’ਚ ਬਹਿ ਜਾਂਦੀ ਹੈ ਕਿ ਗ਼ਲਤ ਨੂੰ ਸਹੀ ਕੀਤਾ ਜਾ ਸਕਦਾ ਹੈ।

**ਭਾਵਨਾ ਤੋਂ ਵਿਹੂਣਾ**

ਪੈਨਸਿਲ ਤੋਂ ਪੈੱਨ ਦਾ ਸਫ਼ਰ ਬੜਾ ਰੋਮਾਂਚਕ ਹੁੰਦਾ ਹੈ। ਕਦੇ ਪਿਛਲ ਝਾਤ ਮਾਰ ਕੇ ਦੇਖੋ, ਜਦੋਂ ਤੁਸੀਂ ਪੈਨਸਿਲ ਛੱਡ ਕੇ ਪੈੱਨ ਫੜਿਆ ਸੀ ਤੇ ਤੁਹਾਨੂੰ ਕਿਹੋ ਜਿਹਾ ਮਹਿਸੂਸ ਹੋਇਆ ਸੀ। ਅੱਜ ਨਿੱਕੇ ਜਿਹੇ ਬੱਚੇ ਦੇ ਹੱਥ ਵਿਚ ਮੋਬਾਈਲ ਜਾਂ ਲੈਪਟਾਪ ਹੈ ਤੇ ਜ਼ਿੰਦਗੀ ਦੇ ਅਖ਼ੀਰ ਤੱਕ ਉਸ ਨੇ ਇਸੇ ਨਾਲ ਹੀ ਮੱਥਾ ਮਾਰਨ ਦੀ ਸੋਚੀ ਹੋਈ ਹੈ। ਇਸ ’ਤੇ ਟਾਈਪ ਕਰਨਾ ਭਾਵਨਾ ਤੋਂ ਵਿਹੂਣਾ ਹੈ। ਕਿਸੇ ਨੂੰ ਚਿੱਠੀ ਲਿਖਦਿਆਂ ਜਦੋਂ ਤੁਸੀਂ ਆਪਣੇ ਹੱਥ ਵਿਚ ਪੈੱਨ ਫੜ ਕੇ ਲਿਖਦੇ ਹੋ ਤਾਂ ਤੁਸੀਂ ਆਪਣੇ ਅਹਿਸਾਸ ਲਿਖਦੇ ਹੋ। ਪੜ੍ਹਨ ਵਾਲਾ ਵੀ ਤੁਹਾਡੇ ਅਹਿਸਾਸ ਪੜ੍ਹਦਾ ਹੈ। ਮੋਬਾਈਲ ’ਤੇ ਭੇਜਿਆ ਗਿਆ ਮੈਸੇਜ ਉਸ ਲਿਖਤ ਦਾ ਬਦਲ ਨਹੀਂ ਹੋ ਸਕਦਾ।

(ਬਾਕੀ ਸਫ਼ਾ 31 ’ਤੇ)

# ਬੱਚਿਆਂ ਲਈ ਸਕੂਲ ਤੇ ਪੜ੍ਹਾਈ ਨੂੰ ਹਊਆ ਨਾ ਬਣਾਓ

ਗੋਪਾਲ ਸ਼ਰਮਾ

ਬਚਪਨ ਜ਼ਿੰਦਗੀ ਦਾ ਅਜਿਹਾ ਸ਼ਾਨਦਾਰ ਪੜਾਅ ਹੈ, ਜਿਸ ’ਚ ਨਾ ਕੋਈ ਫ਼ਿਕਰ ਹੁੰਦੀ ਹੈ ਤੇ ਨਾ ਕੋਈ ਚਿੰਤਾ, ਬਸ ਮੌਜ-ਮਸਤੀ ਹੁੰਦੀ ਹੈ। ਅਜੋਕਾ ਬਚਪਨ ਕਿਤਾਬਾਂ, ਕੰਪਿਊਟਰ ਤੇ ਮੋਬਾਈਲ ’ਚ ਗੁਆਚਦਾ ਜਾ ਰਿਹਾ ਹੈ। ਪਹਿਲਾਂ ਪੰਜ-ਛੇ ਸਾਲ ਦੇ ਬੱਚੇ ਨੂੰ ਸਕੂਲ ਵਿਚ ਦਾਖ਼ਲਾ ਮਿਲਦਾ ਸੀ ਪਰ ਅੱਜ-ਕੱਲ੍ਹ ਢਾਈ-ਤਿੰਨ ਸਾਲ ਦੇ ਜਵਾਕ ਨੂੰ ਮਾਪੇ ਸਕੂਲ ਭੇਜਣ ਲੱਗ ਜਾਂਦੇ ਹਨ। ਅੱਜ ਬੱਚਿਆਂ ਦਾ ਬਾਲਪਣ ਜਿੱਥੇ ਚਿੰਤਾਗ੍ਰਸਤ ਹੋ ਰਿਹਾ ਹੈ, ਉੱਥੇ ਹੀ ਇਸ ਦਾ ਅਸਰ ਬੱਚਿਆਂ ਦੇ ਮਾਨਸਿਕ ਤੇ ਸਰੀਰਕ ਵਿਕਾਸ ਉੱਪਰ ਵੀ ਪੈ ਰਿਹਾ ਹੈ। ਸ਼ਾਇਦ ਹੀ ਕੋਈ ਬੱਚਾ ਹੋਵੇਗਾ, ਜੋ ਸਵੇਰੇ ਸਕੂਲ ਜਾਣ ਲੱਗਿਆਂ ਰੋਂਦਾ ਨਾ ਹੋਵੇ।

ਭਾਵੇਂ ਅੱਤ ਦੀ ਗਰਮੀ ਜਾਂ ਕੜਾਕੇ ਦੀ ਠੰਢ ਹੋਵੇ, ਵਿਲਕਦੇ ਮਾਸੂਮਾਂ ਨੂੰ ਸਕੂਲ ਦੀ ਬੱਸ ਵਿੱਚ ਧੱਕੇ ਨਾਲ ਚੜ੍ਹਾ ਦਿੱਤਾ ਜਾਂਦਾ ਹੈ। ਉਲਟਾ ਐਨਾ ਤਾਂ ਬੱਚੇ ਦਾ ਵਜ਼ਨ ਨਹੀਂ ਹੁੰਦਾ, ਜਿੰਨਾ ਉਸ ਦੇ ਬਸਤੇ ਵਿੱਚ ਹੁੰਦਾ ਹੈ। ਬੇਸ਼ੱਕ ਇਹ ਆਧੁਨਿਕਤਾ ਦਾ ਦੌਰ ਹੈ ਤੇ ਜ਼ਿੰਦਗੀ ’ਚ ਕੁਝ ਬਣਨ ਲਈ ਦੁਨੀਆਦਾਰੀ ਨੂੰ ਸਮਝਣ ਲਈ ਪੜ੍ਹਨਾ-ਲਿਖਣਾ ਲਾਜ਼ਮੀ ਹੈ ਪਰ ਹੁਣ ਪੜ੍ਹਾਈ-ਲਿਖਾਈ ਬੱਚਿਆਂ ਲਈ ਜਿਵੇਂ ਇੱਕ ਮੁਸੀਬਤ ਬਣਦੀ ਜਾ ਰਹੀ ਹੈ। ਸ਼ਾਇਦ ਇਸ ਕਰਕੇ ਵੀ ਕਿਉਂਕਿ ਮਾਪਿਆਂ ਨੇ ਆਪਣੇ ਬੱਚਿਆਂ ਤੋਂ ਉਮੀਦਾਂ ਕੁਝ ਜ਼ਿਆਦਾ ਲਾ ਲਈਆਂ ਹਨ। ਮਾਪਿਆਂ ਦੇ ਵੱਡੇ-ਵੱਡੇ ਸੁਪਨੇ ਬੱਚਿਆਂ ਤੋਂ ਉਨ੍ਹਾਂ ਦਾ ਬਚਪਨ ਖੋਹ ਰਹੇ ਹਨ, ਭਾਵੇਂ ਬੱਚੇ ਅੰਦਰ ਉਹ ਸਭ ਬਣਨ ਦੀ ਕਾਬਲੀਅਤ ਨਾ ਹੋਵੇ, ਜਿਸ ਦੀ ਆਸ ਉਸ ਦੇ ਮਾਤਾ-ਪਿਤਾ ਉਨ੍ਹਾਂ ਕੋਲੋਂ ਲਾਈ ਬੈਠੇ ਹਨ।

**ਬੋਝ ਪਾਉਣਾ ਅਕਲਮੰਦੀ ਨਹੀਂ**

ਬੱਚਿਆਂ ’ਤੇ ਹਰ ਸਮੇਂ ਇੱਛਾਵਾਂ ਦਾ ਵਾਧੂ ਬੋਝ ਪਾਉਣਾ ਅਕਲਮੰਦੀ ਨਹੀਂ ਹੈ, ਜਦੋਂਕਿ ਬੱਚੇ ਦੀ ਦਿਲਚਸਪੀ ਕਿਸ ਚੀਜ਼ ਵਿੱਚ ਹੈ, ਉਸ ਨੂੰ ਕਿਹੜਾ ਵਿਸ਼ਾ ਪੜ੍ਹਨਾ ਪਸੰਦ ਹੈ, ਇਸ ਵੱਲ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ। ਆਪਣੀ ਮਰਜ਼ੀ ਉਸ ਉੱਪਰ ਨਹੀਂ ਥੋਪਣੀ ਚਾਹੀਦੀ, ਹਾਂ ਬੱਚਿਆਂ ਅੰਦਰ ਅਨੁਸ਼ਾਸਨ ਜ਼ਰੂਰ ਪੈਦਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਪਹਿਲਾਂ ਸਕੂਲ ਵਿਚ ਪੜ੍ਹਨਾ, ਫਿਰ ਉਸ ਤੋਂ ਬਾਅਦ ਟਿਊਸ਼ਨ ਉਨ੍ਹਾਂ ਦੀ ਮੱਤ ਮਾਰੀ ਰੱਖਦੀ ਹੈ। ਸਭ ਤੋਂ ਵੱਡੀ ਸਮੱਸਿਆ ਬੱਚਿਆਂ ਲਈ ਉਦੋਂ ਖੜ੍ਹੀ ਹੁੰਦੀ ਹੈ, ਜਦੋਂ ਕੋਈ ਹੋਰ ਬੱਚਾ ਪਹਿਲੇ ਨੰਬਰ ’ਤੇ ਆਉਂਦਾਹੈ ਤਾਂ ਮਾਪੇ ਆਪਣੇ ਬੱਚੇ ਦੇ ਨੰਬਰ ਘੱਟ ਆਉਣ ਕਰਕੇ ਉਸ ’ਤੇ ਹੋਰ ਦਬਾਅ ਪਾਉਂਦੇਹਨ ਕਿ ਅਗਲੀ ਵਾਰ ਤੂੰ ਅੱਵਲ ਆਉਣਾ ਹੈ। ਇੱਥੋਂ ਤੱਕ ਫੇਲ੍ਹ ਹੋਣ ਕਰਕੇ ਤਾਂ ਕਈ ਵਿਦਿਆਰਥੀ ਡਿਪਰੈਸ਼ਨ ਦਾ ਸ਼ਿਕਾਰ ਹੋ ਜਾਂਦੇ ਹਨ। ਭਾਵੇਂ ਚੰਗੇ ਨੰਬਰ ਆਉਣ ਨਾਲ ਜਿੱਥੇ ਮਾਪਿਆਂ ਦਾ ਸਿਰ ਫ਼ਖ਼ਰ ਨਾਲ ਉੱਚਾ ਹੁੰਦਾ ਹੈ, ਉੱਥੇ ਹੀ ਬੱਚੇ ਅੰਦਰ ਵੀ ਪੜ੍ਹਨ ਦੀ ਹੋਰ ਜਗਿਆਸਾ ਪੈਦਾ ਹੁੰਦੀ ਹੈ, ਜਿਸ ਨਾਲ ਉਸ ਨੂੰ ਹੌਸਲਾ ਮਿਲਦਾ ਹੈ। ਕਈ ਵਾਰ ਕੁਝ ਬਣਨ ਦੇ ਚੱਕਰ ਵਿੱਚ ਬਹੁਤ ਕੁਝ ਵਿਗੜ ਵੀ ਜਾਂਦਾ ਹੈ ਅਰਥਾਤ ਜੇ ਬੱਚਾ ਆਪਣਾ ਬਚਪਨ ਹੀ ਜੀਅ ਨਹੀਂ ਰਿਹਾ, ਸਾਰਾ-ਸਾਰਾ ਦਿਨ ਪੜ੍ਹਾਈ ਵਿੱਚ ਹੀ ਉਲਝਿਆ ਰਹਿੰਦਾ ਹੈ ਤੇ ਅੱਗੇ ਚੱਲ ਕੇ ਜੇ ਉਹ ਆਪਣੇ ਆਪ ਨੂੰ ਕੋਈ ਰੋਗ ਲਾ ਲੈਂਦਾ ਹੈ, ਫਿਰ ਕੀ ਫ਼ਾਇਦਾ ਅਜਿਹੇ ਚੰਗੇ ਨੰਬਰਾਂ ਦਾ।

**ਸਿਹਤ ’ਤੇ ਪੈਂਦਾ ਮਾੜਾ ਪ੍ਰਭਾਵ**

ਅੱਜ-ਕੱਲ੍ਹ ਤਕਰੀਬਨ ਘਰਾਂ ਵਿੱਚ ਇੱਕ ਜਾਂ ਦੋ ਬੱਚੇ ਹਨ, ਜਿਸ ਕਰਕੇ ਬੱਚਾ ਇਕੱਲਾ ਹੋਣ ਕਰਕੇ ਕੰਪਿਊਟਰ ਜਾਂ ਮੋਬਾਈਲ ਦੇਖਣ ’ਚ ਲੱਗਿਆ ਰਹਿੰਦਾ ਹੈ, ਟੈਲੀਵਿਜ਼ਨ ’ਤੇ ਕਾਰਟੂਨ ਦੇਖਦਾ ਰਹਿੰਦਾ ਹੈ, ਜਿਸ ਦਾ ਮਾੜਾ ਪ੍ਰਭਾਵ ਉਸ ਦੀ ਸਿਹਤ ਉੱਪਰ ਪੈਂਦਾ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਖੇਡਣ-ਕੁੱਦਣ ਦੀ ਪੂਰੀ ਆਜ਼ਾਦੀ ਦੇਣ ਭਾਵ ਬੱਚਿਆਂ ਨੂੰ ਖੇਡਾਂ ਲਈ ਪ੍ਰੇਰਿਤ ਕਰਨ। ਇਸ ਤੋਂ ਇਲਾਵਾ ਬੱਚਿਆਂ ਨੂੰ ਸਮਾਜਿਕ ਕਦਰਾਂ-ਕੀਮਤਾਂ ਨਾਲ ਵੀ ਜੋੜਨਾ ਬਹੁਤ ਜ਼ਰੂਰੀ ਹੈ ਕਿਉਂਕਿ ਬੱਚੇ ਦਾ ਸਿਰਫ਼ ਹੁਸ਼ਿਆਰ ਹੋਣਾ ਹੀ ਜ਼ਰੂਰੀ ਨਹੀਂ ਸਗੋਂ ਉਸ ਦਾ ਚੰਗਾ ਤੇ ਸੰਸਕਾਰੀ ਹੋਣਾ ਵੀ ਬਹੁਤ ਜ਼ਰੂਰੀ ਹੈ। ਮਾਪਿਆ ਨੂੰ ਆਪਣੀ ਔਲਾਦ ਨਾਲ ਵੱਧ ਤੋਂ ਵੱਧ ਸਮਾਂ ਬਿਤਾਉਣਾ ਚਾਹੀਦਾ ਹੈ। ਉਨ੍ਹਾਂ ਨੂੰ ਆਪਣੇ ਸਕੇ-ਸਬੰਧੀਆਂ ਨਾਲ ਮਿਲਾਉਣਾ ਚਾਹੀਦਾ ਹੈ, ਤਾਂ ਜੋ ਉਨ੍ਹਾਂ ਨੂੰ ਆਪਣੇ ਰਿਸ਼ਤੇਦਾਰਾਂ ਦੀ ਪਛਾਣ ਚੰਗੀ ਤਰ੍ਹਾਂ ਹੋ ਸਕੇ।



**ਪੜ੍ਹਾਈ ’ਤੇ ਪੈਂਦਾ ਅਸਰ**

ਸਾਡੇ ਸਮਾਜ ’ਚ ਗੁਰੂ ਦਾ ਸਥਾਨ ਬਹੁਤ ਉੱਚਾ ਹੈ, ਇਸ ਲਈ ਮਾਪੇ ਹੋਣ ਜਾਂ ਵਿਦਿਆਰਥੀ, ਸਭ ਨੂੰ ਆਧਿਆਪਕ ਵਰਗ ਦਾ ਸਨਮਾਨ ਕਰਨਾ ਚਾਹੀਦਾ ਹੈ। ਉਂਜ ਵੀ ਜੇ ਅਜੋਕੇ ਮਾਪੇ ਆਪਣੇ ਵਿਦਿਆਰਥੀ ਜੀਵਨ ਨੂੰ ਚੇਤੇ ਕਰਨ ਤਾਂ ਘਰ ਵਾਲਿਆ ਦੀਆਂ ਲਾਈਆਂ ਸ਼ਿਕਾਇਤਾਂ ਤੇ ਮਾਸਟਰਾਂ ਵੱਲੋਂ ਫੜਾਏ ਕੰਨ ਤੇ ਪੁੱਠੇ ਹੱਥਾਂ ’ਤੇ ਮਾਰੇ ਡੰਡੇ ਯਾਦ ਆਉਣਗੇ। ਖ਼ੈਰ ਸਭ ਸਮੇਂ ਦੀਆਂ ਬਾਤਾਂ ਹਨ। ਨਾ ਹੁਣ ਉਹ ਬਚਪਨ ਰਿਹਾ ਤੇ ਨਾ ਹੀ ਉਹ ਮਾਹੌਲ। ਬਾਕੀ ਰਹੀ ਗੱਲ ਵਿੱਦਿਆ ਦੀ, ਉਹ ਵਰਤਮਾਨ ’ਚ ਵਪਾਰ ਤੇ ਸ਼ੋਸ਼ੇਬਾਜ਼ੀ ਬਣਦੀ ਜਾ ਰਹੀ ਹੈ। ਕਈ ਸਕੂਲਾਂ ’ਚ ਤਾਂ ਵਿਦਿਆਰਥੀ ਵੱਧ ਹੁੰਦੇ ਹਨ ਤੇ ਅਧਿਆਪਕ ਘੱਟ। ਦੂਜਾ ਸਿਲੇਬਸ ਜ਼ਿਆਦਾ ਹੋਣ ਕਰਕੇ ਵੀ ਅਧਿਆਪਕ ਬੱਚਿਆਂ ਨੂੰ ਸਹੀ ਢੰਗ ਨਾਲ ਪੜ੍ਹਾਈ ਨਹੀਂ ਕਰਵਾ ਪਾਉਂਦੇ,ਨਤੀਜਾ ਇਸ ਦਾ ਸਿੱਧਾ ਅਸਰ ਬੱਚਿਆਂ ਦੀ ਪੜ੍ਹਾਈ ’ਤੇ ਪੈਂਦਾ ਹੈ ।

**ਸਿੱਖਿਆ ਸਾਡਾ ਮੌਲਿਕ ਅਧਿਕਾਰ**

ਸੋਚਿਆ ਜਾਵੇ ਤਾਂ ਪਹਿਲਾਂ ਵਿਦਿਆਰਥੀ ਅਧਿਆਪਕ ਤੇ ਕਿਤਾਬਾਂ ਤੋਂ ਗਿਆਨ ਪ੍ਰਾਪਤ ਕਰਦੇ ਸਨ ਪਰ ਅੱਜ-ਕੱਲ੍ਹ ਵਿਦਿਆਰਥੀ ਇੰਟਰਨੈੱਟ ਤੋਂ ਜਾਣਕਾਰੀ ਹਾਸਿਲ ਕਰਦੇ ਹਨ ਤੇ ਕਈ ਵਾਰ ਉਹ ਜਾਣਕਾਰੀ ਸਹੀ ਵੀ ਹੁੰਦੀ ਹੈ ਤੇ ਨਹੀਂ ਵੀ। ਇੱਕੋ ਵਿਸ਼ੇ ’ਤੇ ਬੁੱਧੀਜੀਵੀਆਂ ਦੀ ਰਾਇ ਵੱਖ-ਵੱਖ ਹੋਣ ਕਰਕੇ ਵੀ ਵਿਦਿਆਰਥੀ ਸ਼ਸ਼ੋਪੰਜ ਵਿੱਚ ਪੈ ਜਾਂਦੇ ਹਨ। ਅੱਜ ਬੱਚੇ ਵਿਦੇਸ਼ਾਂ ’ਚ ਵੀ ਪੜ੍ਹਾਈ ਕਰਨ ਲਈ ਜਾ ਰਹੇ ਹਨ, ਇਸ ਚੀਜ਼ ਨੂੰ ਵੀ ਧਿਆਨ ’ਚ ਰੱਖਦਿਆਂ ਮਾਪਿਆਂ ਤੇ (ਬਾਕੀ ਸਫ਼ਾ 31 ’ਤੇ)

# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




## FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO

(855)641-6955, (888)795-7035

# ਭਾਪਾ ! ਮੈਂ ਮੁੜ ਆਇਆ

ਲਾਭ ਸਿੰਘ ਸ਼ੇਰਗਿੱਲ

ਕੱਚੀ ਪਹੀ ਤੋਂ ਧੂੜ ਉਨ੍ਹਾਂ ਦਾ ਪਿੱਛਾ ਕਰਦੀ ਸਿੱਧਾ ਦੀਪੇ ਦੀ ਮੋਟਰ 'ਤੇ ਪਹੁੰਚ ਗਈ। ਮੋਟਰਸਾਈਕਲ ਨੂੰ ਇੱਕ ਪਾਸੇ ਓਟ 'ਚ ਲਾ ਕੇ ਛਿੰਦੇ ਨੇ ਮੋਟਰ ਵਾਲੀ ਕੋਠੜੀ ਦਾ ਕੁੰਡਾ ਖੋਲ੍ਹਿਆ।

"ਦੀਪੇ ਯਾਰ ਛੇਤੀ ਮੰਗਵਾ, ਮੇਰੀ ਤਾਂ ਜਾਨ ਨਿਕਲਦੀ ਜਾਂਦੀ ਐ," ਛਿੰਦੇ ਨੇ ਇੱਕ ਪਾਸੇ ਖੂੰਜੇ 'ਚ ਫਰੋਲ਼ਾ ਫਰਾਲ਼ੀ ਕਰਦਿਆਂ ਕਿਹਾ।

ਦੀਪੇ ਨੇ ਆਪਣੀ ਪੈਂਟ ਦੀ ਜੇਬ 'ਚੋਂ ਮੋਬਾਈਲ ਫੋਨ ਕੱਢ ਕੇ ਨੰਬਰ ਡਾਇਲ ਕੀਤਾ।?

"ਬਾਈ, ਦੋ ਪੈਕਟ ਚਾਹੀਦੇ ਨੇ। ਦੇ ਦੇਂਗਾ ਯਾਰ?" ਦੀਪੇ ਨੇ ਤਰਲਾ ਕਰਦਿਆਂ ਕਿਹਾ।

"ਨਹੀਂ, ਇਉਂ ਆਈ ਵਾਰ ਉਧਾਰ ਨ੍ਹੀਂ। ਪਹਿਲਾਂ ਪਿਛਲਾ ਹਿਸਾਬ ਪੂਰਾ ਕਰੋ ਫਿਰ ਮਿਲੂ," ਅੱਗੋਂ ਆਵਾਜ਼ ਆਈ।

"ਕੋਈ ਨ੍ਹੀਂ ਬਾਈ, ਸਾਰਾ 'ਕੱਠਾ ਈ ਕਰ ਦਿਆਂਗੇ। ਬਸ ਅੱਜ ਦੇ ਦੇ," ਦੀਪੇ ਨੇ ਫਿਰ ਤਰਲਾ ਮਾਰਿਆ।

ਅੱਗੋਂ ਜਵਾਬ ਮਿਲਿਆ, "ਨਹੀਂ, ਸਾਨੂੰ ਵੀ ਅੱਗੇ ਸਾਰੇ ਨਗਦ ਈ ਦੇਣੇ ਪੈਂਦੇ ਨੇ ਫਿਰ ਮਿਲਦੈ।"

ਫਿਰ ਫੋਨ ਕਟ ਗਿਆ।

ਇੰਨੇ ਨੂੰ ਤੀਜਾ ਵੀ ਰੋਜ਼ ਦੀ ਤਰ੍ਹਾਂ ਟਿਕਾਣੇ 'ਤੇ ਪਹੁੰਚ ਗਿਆ।? ਅੰਦਰ ਵੜਦਿਆਂ ਖੂੰਜੇ ਲੱਗੇ ਛਿੰਦੇ ਕੋਲ ਜਾ ਬੋਲਿਆ, "ਦੇਈਂ ਯਾਰ, ਫਟਾਫਟ ਟੰਗਾਂ ਟੁੱਟ ਰਹੀਆਂ ਨੇ।" ਉਸ ਦੇ ਹੱਥ ਟਟੋਲਦਿਆਂ ਸ਼ਰਨ ਨੇ ਕਿਹਾ।

"ਅੱਜ ਕੁਝ ਨ੍ਹੀਂ ਮਿਲਣਾ। ਉਹ ਪਹਿਲਾਂ ਪਿਛਲਾ ਹਿਸਾਬ ਸਾਫ਼ ਕਰਨ ਨੂੰ ਕਹਿ ਰਿਹੈ, ਕਹਿੰਦਾ ਫਿਰ ਮਿਲੂ, ਨਹੀਂ ਮਰੋ ਐਵੇਂ ਈ।"

"ਇਹ ਤਾਂ ਯਾਰ ਬੜਾ ਪੰਗਾ ਪਿਆ। ਤੂੰ ਨ੍ਹੀਂ ਲਿਆਇਆ ਨਾਲੇ ਕਹਿੰਦਾ ਤੀ, ਕੱਲ੍ਹ ਨੂੰ ਰੂੜੀ ਵਾਲੀ ਥਾਂ ਦੇ ਪੈਸੇ ਆਉਣਗੇ।"

"ਉਹ ਤਾਂ ਜਿਨ੍ਹਾਂ ਦਾ ਉਧਾਰ ਦੇਣਾ ਤੀ, ਆ ਗਏ ਡਾਕੂਆਂ ਆਂਗੂ ਲੈ ਗਏ ਸਾਰੇ, ਕੁਝ ਨ੍ਹੀਂ ਬਚਿਆ।"

ਦੀਪੇ ਨੇ ਸ਼ਰਨ ਵੱਲ ਦੇਖਿਆ ਜਿਵੇਂ ਉਸ ਨੂੰ ਕੁਝ ਯਾਦ ਆਇਆ ਹੋਵੇ। ਉਹ ਇਕਦਮ ਬੋਲਿਆ, "ਕੱਲ੍ਹ ਥੋਡਾ ਠੇਕੇਦਾਰ ਤੇਰੇ ਭਾਪੇ ਕੋਲ ਥੋਡੇ ਘਰ ਦੇ ਬਾਹਰ ਖੜ੍ਹਿਆ ਤੀ, ਮੈਨੂੰ ਲੰਘਦੇ ਨੂੰ ਦੇਖ ਕੇ ਉਹ ਗੱਲ ਕਰਦੇ ਚੁੱਪ ਹੋ ਗਏ। ਮੈਨੂੰ ਲਗਦੈ ਉਹ ਜ਼ਮੀਨ ਦਾ ਠੇਕਾ ਦੇਣ ਆਇਆ ਹੋਊ। ਤੂੰ ਲਿਆ ਜਾ ਕੇ ਆਪਣੇ ਘਰੋਂ।"

"ਮੈਂ ਪਰਸੋਂ ਵੀ ਲਿਆਇਆ ਤੀ। ਹੁਣ ਅੱਜ ਫੇਰ ਮੈਂ ਕਿੱਥੋਂ ਲਿਆਊਂ?" ਮੱਥੇ ਤੋਂ ਪਸੀਨਾ ਪੂੰਝਦੇ ਹੋਏ ਸ਼ਰਨ ਨੇ ਕਿਹਾ।

ਕੋਲੋਂ ਛਿੰਦੇ ਨੇ ਵੀ ਜ਼ੋਰ ਪਾਉਂਦਿਆਂ ਕਿਹਾ, "ਹੋਰ ਕੋਈ ਹੀਲਾ ਨਹੀਂ, ਤੈਨੂੰ ਈ ਕਰਨਾ ਪਊ ਕੋਈ ਜਗਾੜ।"

ਨਸ਼ੇ ਦੀ ਤੋੜ ਤੋਂ ਬੇਹਾਲ ਤਿੰਨੇ ਹੱਡਾਰੋੜੀ ਦੇ ਕੁੱਤੇ ਵਾਂਗ ਇੱਧਰ ਉੱਧਰ ਹੇਲ਼ੀਆਂ ਦਿੰਦੇ ਫਿਰ ਰਹੇ ਸਨ। ਦੋਵਾਂ ਦੀਪੇ ਤੇ ਛਿੰਦੇ ਨੇ ਸ਼ਰਨ ਨੂੰ ਬਸ ਅੱਜ ਦਾ ਜੁਗਾੜ ਕਰਨ ਲਈ ਕਿਹਾ। ਉਸ ਨੇ ਮੋਟਰਸਾਈਕਲ ਚੁੱਕਿਆ ਤੇ ਪਿੰਡ ਆਪਣੇ ਘਰ ਵੱਲ ਚੱਲ ਪਿਆ। ਜਦੋਂ ਪਿੰਡ ਦੇ ਵੱਡੇ ਦਰਵਾਜ਼ੇ ਕੋਲ ਦੀ ਉਹ ਛੂੰ ਕਰਕੇ ਲੰਘਿਆ ਤਾਂ ਉੱਥੇ ਬੈਠੇ ਨਿਹਾਲੇ ਨੇ ਕਰਨੈਲ ਦਾ ਮੋਢਾ ਫੜ ਕੇ ਦੂਜੇ ਹੱਥ ਨਾਲ ਇਸ਼ਾਰਾ ਕਰਦਿਆਂ ਕਿਹਾ, "ਆਹ ਦੇਖ ਕੈਲਿਆ, ਕਿੰਨਾ ਹੋਣਹਾਰ ਤੀ ਇਹ। ਕਹਿੰਦੇ ਪੜ੍ਹਨ 'ਚ ਵੀ ਬਹੁਤ ਹੁਸ਼ਿਆਰ ਤੀ, ਮੈਂ ਤਾਂ ਇਹ ਵੀ ਸੁਣਿਆ ਬਈ ਪੜ੍ਹਾਈ 'ਚ ਪਹਿਲੇ ਲੰਬਰ 'ਤੇ ਆਉਣ ਲਈ 'ਨਾਮ ਵੀ ਮਿਲਿਆ ਤੀ ਇਹਨੂੰ। ਹੁਣ ਦੇਖ ਕਿਸਮਤ ਨੇ ਕੀ ਪੁੱਠਾ ਗੇੜ ਫੇਰਿਐ, ਹੁਣ ਤਾਂ ਪੜ੍ਹਨੋਂ ਵੀ ਹਟ ਗਿਆ।"



ਕੈਲੇ ਨੇ ਥੜ੍ਹੇ ਤੋਂ ਲਮਕਦੇ ਆਪਣੇ ਪੈਰਾਂ ਨੂੰ ਉੱਪਰ ਕਰਕੇ, ਆਪਣੇ ਚਾਦਰੇ ਨੂੰ ਠੀਕ ਕਰਦਿਆਂ ਕਿਹਾ, "ਨਿਹਾਲਿਆ, ਹਵਾ ਈ ਪੁੱਠੀ ਵਗ ਪਈ ਐ। ਕੋਈ ਵੀ ਜੁਆਕ ਕਹਿਣੇ 'ਚ ਨਹੀਂ ਰਿਹਾ। ਜੇ ਇਹ ਭੈੜ ਤੋਂ ਰੋਕਦੇ ਆਂ ਤਾਂ ਅੱਗੋਂ ਪੁੱਠਾ ਈ ਬੋਲਦੇ ਨੇ। ਪਤਾ ਨੀਂ ਕਦੋਂ ਇਹ ਨੇਰ੍ਹੀ ਰੁਕੂਗੀ।"

ਉੱਧਰ ਸ਼ਰਨ ਨੇ ਘਰ ਜਾ ਕੇ ਪੈਸੇ ਲੈਣ ਲਈ ਲੜਾਈ ਝਗੜਾ ਸ਼ੁਰੂ ਕਰ ਦਿੱਤਾ। ਪਿਓ ਦੇ ਰੋਕਦਿਆਂ ਧੱਕੇ ਨਾਲ ਅਲਮਾਰੀ 'ਚੋਂ ਨੋਟਾਂ ਦੀ ਵੱਡੀ ਗੁੱਟੀ ਲੈ, ਮੋਟਰਸਾਈਕਲ ਨੂੰ ਕਿੱਕ ਮਾਰ ਕੇ ਸਿੱਧਾ ਚਿੱਟਾ ਸਪਲਾਈ ਕਰਨ ਵਾਲੇ ਬੰਦੇ ਕੋਲ ਪਹੁੰਚ ਗਿਆ। ਉਸ ਦਾ ਪਿਛਲਾ ਰਹਿੰਦਾ ਸਾਰਾ ਹਿਸਾਬ ਕਰਕੇ, ਇਕੱਠੇ ਕਈ ਪੈਕਟ ਲੈ ਕੇ ਛਿੰਦੇ ਦੀ ਮੋਟਰ ਵੱਲ ਮੋਟਰਸਾਈਕਲ ਕਰ ਲਿਆ।

ਇੱਕ ਪਾਸੇ ਮੋਟਰਸਾਈਕਲ ਖੜ੍ਹਾ ਕੇ ਉਹ ਉਸ ਕੋਠੜੀ ਵੱਲ ਵਧਿਆ। ਜਿਉਂ ਹੀ ਉਸ ਨੇ ਅੰਦਰ ਦੇਖਿਆ ਤਾਂ ਦੀਪਾ ਤੇ ਛਿੰਦਾ ਜ਼ਮੀਨ 'ਤੇ ਵਿਛੇ ਪਏ ਸੀ ਤੇ ਦੋਵਾਂ ਦੀਆਂ ਬਾਹਾਂ ਵਿੱਚ ਸੂਈ ਸਮੇਤ ਸਰਿੰਜਾਂ ਲੱਗੀਆਂ ਪਈਆਂ ਸਨ। ਇਹ ਸਭ ਦੇਖ ਕੇ ਉਹ ਸਹਿਮ ਗਿਆ ਤੇ ਡਰਦਾ ਮਾਰਾ ਕੰਬਣ ਲੱਗ ਪਿਆ। ਉਸ ਦੇ ਪਿੰਡ ਜਾਣ ਅਤੇ ਛੇਤੀ ਨਾ ਮੁੜਨ ਨੂੰ ਦੇਖਿਆਂ ਛਿੰਦੇ ਨੇ ਨਵਾਂ ਤਿਕੜਮ ਲੜਾ ਕੇ ਅੱਜ ਦਾ ਜੁਗਾੜ ਕਰ ਲਿਆ ਤੇ ਟੀਕਾ ਲਾਉਂਦਿਆਂ ਓਵਰਡੋਜ਼ ਲੈਣ ਨਾਲ ਇਹ ਸਾਰਾ ਕੁਝ ਵਾਪਰ ਗਿਆ।

ਲਿਆਂਦਾ ਸਾਰਾ ਕੁਝ ਉੱਥੇ ਹੀ ਸੁੱਟ ਕੇ ਪਾਗਲਾਂ ਵਾਂਗ ਨੰਗੇ ਪੈਰੀਂ ਘਰ ਨੂੰ ਦੌੜ ਪਿਆ। ਹਫ਼ਦਾ ਹੋਇਆ ਜਦੋਂ ਘਰੇ ਪਹੁੰਚਿਆ ਤਾਂ ਅੱਗੇ ਘਰ ਵਿੱਚ ਲੋਕਾਂ ਦਾ ਇਕੱਠ ਹੋਇਆ ਪਿਆ ਸੀ। ਉਹ ਲੋਕਾਂ ਨੂੰ ਪਰ੍ਹੇ ਕਰਦਿਆਂ ਜਿਉਂ ਹੀ ਅੱਗੇ ਵਧਿਆ ਤਾਂ ਉਸ ਦਾ ਭਾਪਾ ਗਾਡਰ ਨਾਲ ਲਟਕ ਰਿਹਾ ਸੀ। ਦੇਖ ਕੇ ਉਸ ਦਾ ਤਰਾਹ ਨਿਕਲ ਗਿਆ ਤੇ ਉਹ ਆਪਣੇ ਭਾਪੇ ਦੇ ਪੈਰ ਫੜ ਕੇ, ਉੱਚੀ-ਉੱਚੀ ਧਾਹਾਂ ਮਾਰਦਾ ਕਹਿ ਰਿਹਾ ਸੀ, "ਭਾਪਾ, ਮੈਨੂੰ ਮਾਫ਼ ਕਰ ਦੇ। ਮੈਂ ਅੱਗੇ ਤੋਂ ਕੋਈ ਨਸ਼ਾ ਨਹੀਂ ਕਰੂੰਗਾ ਪਰ ਤੂੰ ਇਸ ਤਰ੍ਹਾਂ ਨਾ ਜਾ। ਭਾਪਾ ਮੈਨੂੰ ਮਾਫ਼ ਕਰਦੇ.. ਮੈਨੂੰ ਮਾਫ਼ ਕਰਦੇੲ ਮੈਨੂੰ ਮਾਫ਼ ਕਰਦੇ..।"

ਕੋਲ ਪਈ ਉਸ ਦੀ ਮਾਂ ਨੇ ਉਸ ਨੂੰ ਹੱਥ ਲਾ ਕੇ ਹਿਲਾਉਂਦਿਆਂ ਕਿਹਾ, "ਪੁੱਤ ਸ਼ਰਨੀ, ਕੀ ਹੋਇਆ? ਲੱਗਦੈ ਕੋਈ ਭੈੜਾ ਸੁਪਨਾ ਦੇਖ ਲਿਆ।"

ਮਾਂ ਦੇ ਹਿਲਾਉਣ 'ਤੇ ਅੱਖ ਖੁੱਲ੍ਹ ਗਈ। ਦਿਲ ਜ਼ੋਰ-ਜ਼ੋਰ ਨਾਲ ਧੜਕ ਰਿਹਾ ਸੀ। ਸੁਪਨੇ ਨੇ ਉਸ ਦਾ ਤ੍ਰਾਹ ਕੱਢ ਦਿੱਤਾ। ਉਹ ਸਰਦੀ ਦੇ ਮੌਸਮ ਵਿੱਚ ਵੀ ਪਸੀਨੋ-ਪਸੀਨੀ ਹੋਇਆ ਪਿਆ ਸੀ। ਅੱਖਾਂ ਭਿੱਜੀਆਂ ਪਈਆਂ ਸਨ।

"ਲੈ ਮੇਰਾ ਪੁੱਤ ਪਾਣੀ ਪੀ ਲੈ।" ਉਸ ਦੀ ਮਾਂ ਨੇ ਗਲਾਸ ਫੜਾਉਂਦਿਆਂ ਕਿਹਾ।

ਦੋ ਘੁੱਟਾਂ ਪੀ ਕੇ ਉਸ ਨੇ ਗਲਾਸ ਥੱਲੇ ਰੱਖ ਦਿੱਤਾ।

ਉਸ ਨੂੰ ਹੁਣ ਨੀਂਦ ਨਹੀਂ ਆ ਰਹੀ ਸੀ। ਮਾਂ ਨੂੰ ਸੁੱਤਿਆਂ ਦੇਖ ਉਹ ਹੌਲ਼ੀ ਜਿਹੇ ਉੱਠ ਕੇ ਨਾਲ ਵਾਲੀ ਬੈਠਕ ਵਿੱਚ ਗਿਆ, ਜਿੱਥੇ ਉਸ ਦਾ ਭਾਪਾ ਦਿਨ ਦਾ ਥੱਕਿਆ ਹਾਰਿਆ ਗੂੜ੍ਹੀ ਨੀਂਦੇ ਪਿਆ ਸੀ। ਉਹ ਇੱਕ ਟੱਕ ਕੁਝ ਦੇਰ ਉਸ ਨੂੰ ਦੇਖਦਾ ਰਿਹਾ ਤੇ ਫਿਰ ਆ ਕੇ ਆਪਣੇ ਮੰਜੇ 'ਤੇ ਪੈ ਗਿਆ।

ਬਾਕੀ ਰਹਿੰਦੀ ਰਾਤ ਉਸ ਦੀ ਜਾਗਦੇ ਦੀ ਲੰਘ ਗਈ। ਹੁਣ ਦਿਨ ਚੜ੍ਹ ਚੁੱਕਾ ਸੀ।

ਮਹਿੰਦਰ ਦੀ ਪਰਨਾ ਬੰਨ੍ਹਦੇ ਦੀ ਨਿਗਾਹ ਪਸ਼ੂਆਂ ਵਾਲੇ ਵਰਾਂਡੇ 'ਤੇ ਪਈ। ਗੋਹਾ ਪਿੱਛੇ ਹਟਾਇਆ ਪਿਆ ਸੀ ਤੇ ਹਰੇ ਚਾਰੇ ਦਾ ਟੋਕਰਾ ਚੁੱਕੀ ਸ਼ਰਨ ਖੁਰਲੀ ਵੱਲ ਜਾ ਰਿਹਾ ਸੀ। ਟੋਕਰਾ ਖ਼ਾਲੀ ਕਰਕੇ ਜਿਉਂ ਹੀ ਉਹ ਮੁੜਿਆ ਤਾਂ ਸਾਹਮਣੇ ਉਸ ਦਾ ਭਾਪਾ ਖੜ੍ਹਾ ਸੀ। ਇਹ ਦੇਖ ਕੇ ਮਹਿੰਦਰ ਦਾ ਅੰਦਰਲਾ ਦਰਿਆ ਛਲਕ ਕੇ ਕਿਨਾਰਿਆਂ ?ਤੱਕ ਪਹੁੰਚ ਗਿਆ। ਸ਼ਰਨ ਨੇ ਟੋਕਰਾ ਰੱਖ ਕੇ ਆਪਣੇ ਭਾਪੇ ਨੂੰ ਜੱਫ਼ੀ ਪਾ ਲਈ। ਦੋਵਾਂ ਪਾਸਿਆਂ ਤੋਂ ਦਰਿਆਵਾਂ ਦੇ ਕਿਨਾਰੇ ਟੁੱਟ ਗਏ ਅਤੇ ਸੈਲਾਬ ਆ ਗਿਆ। ਹੁਣ ਤੱਕ ਜੋ ਬਿਖਰਿਆ ਪਿਆ ਸੀ ਸਭ ਰੋੜ੍ਹ ਕੇ ਲੈ ਗਿਆ। ਕਿੰਨਾ ਚਿਰ ਦੋਵਾਂ ਨੇ ਇੱਕ ਦੂਜੇ ਨੂੰ ਘੁੱਟ ਕੇ ਗਲਵੱਕੜੀ ਪਾਈ ਰੱਖੀ ਜਿਵੇਂ ਚਿਰਾਂ ਦੇ ਵਿਛੜੇ ਅੱਜ ਮਿਲੇ ਹੋਣ।

"ਭਾਪਾ, ਮੈਨੂੰ ਮਾਫ਼ ਕਰ ਦੇ। ਮੈਂ ਅੱਗੇ ਤੋਂ ਕੋਈ ਨਸ਼ਾ ਨ੍ਹੀਂ ਕਰੂੰਗਾ। ਮੈਂ ਮੁੜ ਆਇਆ ਭਾਪਾ.. ਹਾਂ ਭਾਪਾ ਮੈਂ ਮੁੜ ਆਇਆ।"

ਮਹਿੰਦਰ ਨੇ ਸ਼ਰਨ ਦੀਆਂ ਅੱਖਾਂ ਪੂੰਝਦਿਆਂ ਕਿਹਾ, "ਰੱਬ ਦਾ ਸ਼ੁਕਰ ਐ ਸਮਾਂ ਰਹਿੰਦੇ ਮੁੜ ਪਿਆ ਪੁੱਤ।"

"ਭਾਪਾ, ਮੈਂ ਦੁਬਾਰਾ ਪੜ੍ਹਾਈ ਸ਼ੁਰੂ ਕਰੂੰਗਾ ਤੇ ਤੇਰਾ ਲਾਇਕ ਪੁੱਤਰ ਬਣ ਕੇ ਦਿਖਾਊਂਗਾ।" ਸ਼ਰਨ ਨੇ ਹਾਉਕਾ ਲੈਂਦਿਆਂ ਕਿਹਾ।

"ਹਾਂ ਹਾਂ ਪੁੱਤ, ਕਿਉਂ ਨਹੀਂ, ਜਿੰਨੀ ਮਰਜ਼ੀ ਪੜ੍ਹਾਈ ਕਰ। ਮੈਂ ਤੈਨੂੰ ਜਿੰਨਾ ਕਹੇਂਗਾ ਓਨਾ ਪੜ੍ਹਾਊਂ। ਬਸ ਤੂੰ ਪੜ੍ਹਨ ਵਾਲਾ ਬਣ।"

ਉਸ ਨੇ ਕਾਲਜ ਵਿੱਚ ਦਾਖਲਾ ਲੈ ਲਿਆ। ਪੜ੍ਹਨ ਵਿੱਚ ਤਾਂ ਉਹ ਹੁਸ਼ਿਆਰ ਸੀ ਹੀ, ਨਾਲ ਨਾਲ ਨੌਕਰੀ ਲਈ ਟੈਸਟ ਵੀ ਦਿੰਦਾ ਰਿਹਾ।

ਬਾਹਰਲੇ ਦਰਵਾਜ਼ੇ ਦਾ ਕੁੰਡਾ ਖੜਕਿਆ। ਮਹਿੰਦਰ ਨੇ ਮੰਜੇ ਤੋਂ ਉੱਠ ਕੇ ਦਰਵਾਜ਼ਾ ਖੋਲ੍ਹਿਆ। ਸਾਹਮਣੇ ਮੋਢੇ 'ਤੇ ਸਟਾਰ ਲੱਗੀ ਪੁਲੀਸ ਵਰਦੀ ਵਾਲੇ ਨੂੰ ਦੇਖ ਕੇ ਉਹ ਇਕਦਮ ਡਰ ਗਿਆ।

ਆਪਣੇ ਪਿਓ ਦੇ ਪੈਰਾਂ 'ਤੇ ਝੁਕਦੇ ਹੋਏ ਉਸ ਨੇ ਕਿਹਾ, "ਪਛਾਣਿਆ ਨ੍ਹੀਂ ਭਾਪਾ? ਮੈਂ ਸ਼ਰਨ।"

ਸ਼ਰਨ ਨੂੰ ਵਰਦੀ 'ਚ ਦੇਖ ਕੇ ਮਹਿੰਦਰ ਦੀ ਖ਼ੁਸ਼ੀ ਦਾ ਟਿਕਾਣਾ ਨਾ ਰਿਹਾ। ਉਸ ਨੇ ਸ਼ਰਨ ਦੀ ਮਾਂ ਨੂੰ ਆਵਾਜ਼ ਮਾਰੀ।

"ਏਧਰ ਆ ਦੇਖ ਕੌਣ ਆਇਐ, ਓ ਮੈਂ ਕਿਹਾ ਛੇਤੀ ਆ।"

ਸ਼ਰਨ ਦੀ ਮਾਂ ਇਕੱਠੀ ਕੀਤੀ ਚੁੰਨੀ ਸਿਰ 'ਤੇ ਰੱਖ ਕੇ ਨੰਗੇ ਪੈਰੀਂ ਹੀ ਕਾਹਲ਼ੀ ਨਾਲ ਆਈ।

"ਆਹ ਦੇਖ ਆਪਣਾ ਸ਼ਰਨੀ ਅਫ਼ਸਰ ਬਣ ਗਿਆ।" ਉਹ ਪਾਈ ਵਰਦੀ ਨੂੰ ਵਾਰ-ਵਾਰ ਹੱਥ ਲਾਉਂਦਿਆਂ ਬੋਲੀ ਜਾ ਰਿਹਾ ਸੀ।

ਸ਼ਰਨ ਨੂੰ ਦੋਵਾਂ ਨੇ ਆਪਣੇ ਨਾਲ ਲਾ ਕੇ ਘੁੱਟ ਲਿਆ ਜਿਵੇਂ ਪੂਰਾ ਜਹਾਨ ਕਲਾਵੇ 'ਚ ਲੈ ਲਿਆ ਹੋਵੇ।

"ਆ ਪੁੱਤ ਥੱਕਿਆ ਹੋਵੇਂਗਾ, ਤੂੰ ਅੰਦਰ ਆਰਾਮ ਕਰ। ਮੈਂ ਤੇਰੇ ਲਈ ਹੁਣੇ ਖੀਰ ਤੇ ਪ੍ਰਸ਼ਾਦ ਬਣਾਉਂਦੀਆਂ।"

"ਨਾ ਮਾਂ, ਆਰਾਮ ਪਹਿਲਾਂ ਬਥੇਰਾ ਕਰ ਲਿਆ। ਬਸ ਹੁਣ ਤਾਂ ਜਿਹੜੀ ਇਹ ਉਲਟ ਹਵਾ ਵਗ ਰਹੀ ਐ? ਇਸ 'ਤੇ ਕਾਬੂ ਪਾ ਕੇ ਹੀ ਆਰਾਮ ਕਰਾਂਗੇ।" ਸ਼ਰਨ ਨੇ ਵਿਸ਼ਵਾਸ ਤੇ ਜੋਸ਼ ਭਰੇ ਲਹਿਜੇ ਵਿੱਚ ਕਿਹਾ।

"ਹਾਂ ਪੁੱਤਰਾ, ਇਸ ਨੂੰ ਠੱਲ੍ਹ ਪਾਉਣ ਲਈ ਤੇਰੇ ਵਰਗੇ ਹੌਸਲੇ ਵਾਲੇ ਅਫ਼ਸਰਾਂ ਦੀ ਲੋੜ ਐ।" ਸ਼ਰਨ ਦੇ ਹੌਸਲੇ ਨੂੰ ਵਧਾਉਂਦਿਆਂ ਮਹਿੰਦਰ ਨੇ ਕਿਹਾ।

ਉਸ ਦੀ ਡਿਊਟੀ ਨਾਲ ਵਾਲੇ ਕਸਬੇ ਵਿੱਚ ਥਾਣਾ ਇੰਚਾਰਜ ਵਜੋਂ ਲੱਗੀ ਸੀ।

"ਬਸ ਹੁਣ ਮੇਰਾ ਇੱਕ ਹੀ ਮਕਸਦ ਐ ਕਿ ਨੌਜਵਾਨਾਂ ਨੂੰ ਨਸ਼ੇ ਦੀ ਦਲਦਲ ਵਿੱਚੋਂ ਬਾਹਰ ਕੱਢਣਾ, ਨਸ਼ਾ ਸਪਲਾਈ ਦੀ ਚੇਨ ਨੂੰ ਤੋੜਨਾ ਤੇ ਨਸ਼ਾ ਸੌਦਾਗਰਾਂ 'ਤੇ ਸਖ਼ਤ ਕਾਰਵਾਈ ਕਰਕੇ ਉਨ੍ਹਾਂ ਨੂੰ ਜੇਲ੍ਹ ਭੇਜਣਾ।" ਸ਼ਰਨ ਨੇ ਆਪਣੀ ਗੱਲ ਜਾਰੀ ਰੱਖਦਿਆਂ ਕਿਹਾ।

ਮਾਂ ਦਾ ਪਿਆਰ ਨਾਲ ਬਣਾਇਆ ਰੋਟੀ-ਪਾਣੀ ਛਕ ਕੇ ਉਹ ਪਿੰਡ ਦੇ ਦਰਵਾਜ਼ੇ ਵੱਲ ਗੇੜਾ ਮਾਰਨ ਚਲਾ ਗਿਆ।?

"ਸਾਰਿਆਂ ਨੂੰ ਮੇਰੇ ਵੱਲੋਂ ਸਤਿ ਸ੍ਰੀ ਅਕਾਲ।"

"ਸਾਸਰੀ ਕਾਲ ਭਾਈ, ਕੌਣ ਐ ਸਿਆਣਿਆ ਨ੍ਹੀਂ?" ਨਿਹਾਲੇ ਨੇ ਅੱਖਾਂ ਨੂੰ ਹੱਥ ਨਾਲ ਓਟ ਕਰਦਿਆਂ ਆਖਿਆ।

"ਤਾਇਆ, ਮੈਂ ਮਹਿੰਦਰ ਦਾ ਸ਼ਰਨੀ," ਉਸ ਨੇ ਅਦਬ ਨਾਲ ਕਿਹਾ।

ਨਿਹਾਲੇ ਨੇ ਮੋਢੇ 'ਤੇ ਹੱਥ ਰੱਖਦਿਆਂ ਉਸ ਨੂੰ ਆਖਿਆ, "ਮੈਂ ਸੁਣਿਐ ਤੂੰ ਪੁਲਿਸ ਅਫ਼ਸਰ ਬਣ ਗਿਆ।"

"ਹਾਂ ਤਾਇਆ, ਸਭ ਤੁਹਾਡੇ ਵੱਡਿਆਂ ਦੇ ਆਸ਼ੀਰਵਾਦ ਦਾ ਸਦਕਾ।" ਉਹ ਬੜੀ ਹਲੀਮੀ ਨਾਲ ਬੋਲਿਆ।

"ਚੰਗਾ ਤਾਇਆ ਚਲਦਾਂ, ਡਿਊਟੀ 'ਤੇ ਜਾਣੈ, ਸਤਿ ਸ੍ਰੀ ਆਕਾਲ।"

"ਕਰਨੈਲ ਸਿਆਂ ਲੱਗਦਾ ਨੀਂ ਤੀ ਕਿ ਇਹ ਨਸ਼ਾ ਛੱਡ ਜੂ ਪਰ ਕਰੜਾ ਨਿਕਲਿਆ।" ਨਿਹਾਲਾ ਆਪਣੀ ਪੱਗ ਦਾ ਲੜ ਠੀਕ ਕਰਦਿਆਂ ਬੋਲਿਆ।

"ਬਸ ਇਹ ਹੀ ਐ ਨਿਹਾਲਿਆ ਜਿਹਦੀ ਕਿਸਮਤ ਚੰਗੀ ਹੁੰਦੀ ਐ, ਨਹੀਂ ਐਂ ਈ ਪਤਾ ਲੱਗਦੈ ਕਿ ਟੀਕਾ ਬਾਂਹ 'ਚ ਈ ਰਹਿ ਗਿਆ।" ਕਰਨੈਲ ਨੇ ਅੱਜ ਦਾ ਕੌੜਾ ਸੱਚ ਆਖਿਆ।

ਇੰਸਪੈਕਟਰ ਸ਼ਰਨਜੀਤ ਆਪਣੇ ਥਾਣੇ ਵਿੱਚ ਸਟਾਫ ਮੀਟਿੰਗ ਵਿੱਚ ਬੋਲ ਰਿਹਾ ਸੀ, "ਇੱਕ ਵੱਡੇ ਕੰਮ ਦਾ ਜ਼ਿੰਮਾ ਹੋਰ ਚੁੱਕਣਾ ਪੈਣੈ ਸਾਥੀਓ। ਨਸ਼ਾ ਛੱਡ ਚੁੱਕੇ ਨੌਜਵਾਨਾਂ ਨੂੰ ਉਨ੍ਹਾਂ ਦੀ ਯੋਗਤਾ ਮੁਤਾਬਿਕ ਸ਼ਹਿਰ ਦੇ ਵੱਖ-ਵੱਖ ਪ੍ਰਾਈਵੇਟ ਅਦਾਰਿਆਂ, ਵੱਡੇ-ਵੱਡੇ ਸ਼ੋਅਰੂਮਾਂ ਤੇ ਕੰਮਕਾਜ ਵਾਲੀਆਂ ਹੋਰ ਥਾਵਾਂ 'ਤੇ ਰੁਜ਼ਗਾਰ ਦਿਵਾਉਣਾ, ਇਸ ਲਈ ਵੀ ਸਾਨੂੰ ਤਰੱਦਦ ਕਰਨਾ ਪੈਣਾ ਹੈ।" ਮੀਟਿੰਗ ਵਿੱਚ ਹਾਜ਼ਰ ਸਾਰੇ ਮੁਲਾਜ਼ਮਾਂ ਨੇ ਤਾੜੀਆਂ ਮਾਰ ਕੇ ਇਸ ਗੱਲ ਦੀ ਪ੍ਰੋੜਤਾ ਕੀਤੀ।

ਆਪਣੀ ਗੱਲ ਜਾਰੀ ਰੱਖਦਿਆਂ ਉਸ ਨੇ ਅੱਗੇ ਕਿਹਾ, "ਕੁਰਾਹੇ ਪਈ ਨੌਜਵਾਨੀ ਨੂੰ ਸਹੀ ਰਸਤੇ 'ਤੇ ਲਿਆਉਣ ਲਈ ਈਮਾਨਦਾਰੀ ਨਾਲ ਕੰਮ ਕਰੀਏ ਤਾਂ ਕਿ ਦੇਸ਼ ਦੇ ਬੇਸ਼ਕੀਮਤੀ ਸਰਮਾਏ ਨੂੰ ਬਚਾਇਆ ਜਾ ਸਕੇ।"

## ਮਿੰਨੀ ਕਹਾਣੀ

ਪੁਨੀਤ ਗੁਪਤਾ

### ਸਦਰੋਈ

ਛੜੱਪ-ਛੜੱਪ "ਆ.. ਆ ਮੰਮੀ ਵਾਲ ਨਾ ਖਿੱਚੋ।" "ਸਾਰਾ ਦਿਨ ਲੰਘ ਗਿਆ ਤੈਨੂੰ ਵਾਲ੍ਹ ਖੁੱਲ੍ਹੇ ਛੱਡ ਕੇ ਆਹ ਰੱਸੀ ਨਾਲ ਛੜੱਪੇ ਮਾਰਦੀ ਨੂੰ.. ਸਵੇਰ ਤੋਂ ਸ਼ਾਮ ਹੋ ਚੱਲੀ ਐ."

"ਮੰਮੀ, ਦੋ ਮਿੰਟ ਬਸ..।

"ਐਵੇਂ ਨੀ ਤੂੰ ਮੰਨਦੀ.. ਹੈਂ. ਹੁਣ ਖਿੱਚ ਕੇ ਇੱਕ ਥੱਪੜ ਨਾ ਲਗਾ ਦੇਵਾਂ.।"

"ਅੱਛਾ.ਅੱਛਾ. ਆਹ ਲਉ ਬੈਠ ਗਈ. ਬੱਸ.।"

"ਵੇਖ ਕਿਵੇਂ ਸਦਰੋਈ ਵਾਂਗੂ ਝਾਟਾ ਖਿਲਾਰਿਐ.? ਹੈਂ.? ਚੱਲ ਸਿੱਧੀ ਤਰ੍ਹਾਂ ਬੈਠ ਮੈਂ ਤੇਲ ਲੈ ਕੇ ਆਈ..।"

ਮਾਂ ਅੱਗੇ ਬੋਲੀ, "ਬੇਟੀ ਨਿੰਮੀ, ਇਸ ਤਰ੍ਹਾਂ ਸਾਰਾ-ਸਾਰਾ ਦਿਨ ਵਾਲ ਖਿਲਾਰ ਕੇ ਫਿਰਦੇ ਰਹਿਣਾ ਆਪਣਾ ਆਪਾ ਨਾ ਸੰਵਾਰਨਾ ਘੋਰੀ ਜੀਵਨ ਦੀ ਨਿਸ਼ਾਨੀ ਹੁੰਦੀ ਐ ਪੁੱਤ..। ਤੈਨੂੰ ਪਤੈ ਤੇਰੇ ਨਾਨਾ ਜੀ ਕੀ ਕਹਿੰਦੇ ਸੀੲ ਖਿੱਲਰੇ ਹੋਏ ਵਾਲਾਂ ਬਾਰੇੲ? ਵਾਲ ਖਿਲਾਰ. ਸਦਰੋਈ ਬਣੀ ਨਾਰ ਤੇ ਵਾਲ ਸੰਵਾਰ... ਲਕਸ਼ਮੀ ਦਾ ਵਾਸ। ਨਿੰਮੀ. ਤੇਰੀ ਤਰ੍ਹਾਂ ਝਾਟਾ ਖਿਲਾਰ ਕੇ ਨੱਚਦੀਆਂ-ਟੱਪਦੀਆਂ ਕੁੜੀਆਂ ਨੂੰ ਲੋਕ ਸਦਰੋਈ ਕਹਿੰਦੇ ਨੇ.।"

"ਪਰ ਮੰਮੀ ਔਹ ਜਿਹੜੇ ਆਪਣੀ ਗਲੀ ਦੇ ਕੋਨੇ 'ਤੇ ਆਂਟੀ ਨੇ ਜਿਨ੍ਹਾਂ ਦੇ ਵਾਲ ਬਹੁਤ ਸੋਹਣੇ ਤਰੀਕੇ ਨਾਲ ਵਾਹੇ ਹੁੰਦੇ ਨੇ. ਤੇ ਆਂਟੀ ਬਹੁਤ ਬਣ-ਫੱਬ ਕੇ ਵੀ ਰਹਿੰਦੇ ਨੇ."

"ਕੌਣ ਸੁਮਿੱਤਰਾ?" " ਹਾਂ ਮੰਮੀ ਓਹੀਓ.. ਪਰ ਫੇਰ ਵੀ ਮੰਮੀ ਸਾਰੇ ਗਲੀ ਵਾਲੇ ਆਂਟੀ ਨੂੰ ਵੇਖ ਕੇ ਏਹੀ ਸ਼ਬਦ ਕਿਉਂ ਬੋਲਦੇ ਨੇ..: ਅਖੇ, ਔਹ ਬੈਠੀ ਐ ਸਦਰੋਈ। ਇੱਥੋਂ ਤੱਕ ਕਿ ਉਨ੍ਹਾਂ ਦੀ ਆਪਣੀ ਸੱਸ ਵੀ ਇਹੋ ਸ਼ਬਦ ਬੋਲਦੀ ਹੈ ਉਨ੍ਹਾਂ ਨੂੰ..।

ਨਿੰਮੀ ਦੀ ਮੰਮੀ ਕੁਝ ਡੂੰਘੇ ਖ਼ਿਆਲਾਂ 'ਚ ਗੁਆਚ ਗਈ ਕਿ ਸੋਹਣੀ ਸੁਨੱਖੀ ਸੁਮਿੱਤਰਾ ਨੂੰ ਅਜੇ ਵਿਆਹੀ ਆਈ ਨੂੰ ਕੁਝ ਹੀ ਮਹੀਨੇ ਹੋਏ ਸਨ ਕਿ ਪਤੀ ਇੱਕ ਸੜਕ ਹਾਦਸੇ ਦਾ ਸ਼ਿਕਾਰ ਹੋ ਗਿਆ.. ਸੁੰਨ-ਮਸੁੰਨ ਹੋਈ ਸੁਮਿੱਤਰਾ ਨੂੰ ਪਹਿਲਾ ਤਗ਼ਮਾ ਮਿਲਿਆ ਸੱਸ ਤੋਂ.. "ਡੈਣ ਮੇਰੇ ਮੁੰਡੇ ਨੂੰ ਖਾ ਗਈ"

ਵਿਆਹ ਤੋਂ ਦਸ-ਗਿਆਰਾਂ ਮਹੀਨਿਆਂ ਬਾਅਦ ਸੋਹਣੀ-ਸੁਨੱਖੀ ਕੁੜੀ ਪੈਦਾ ਹੋ ਗਈ ਸੁਮਿੱਤਰਾ ਦੇ.. ਸੱਸ ਦੇ ਲਗਾਤਾਰ ਤਾਅਨਿਆਂ ਮਿਹਣਿਆਂ ਤੋਂ ਹਤਾਸ਼ ਸੁਮਿੱਤਰਾ ਨੂੰ ਵੇਖਣ ਵਾਲੇ ਸਾਰੇ ਸਦਰੋਈ ਬੁਲਾਉਣ ਲੱਗੇ.. ਜੋ ਘਰ-ਬਾਰ ਦਾ ਕੰਮ ਧੰਦਾ ਨਿਬੇੜ ਕੇ ਆਪਣੇ ਘਰ ਦੀਆਂ ਦੇਹਲੀਆਂ 'ਤੇ ਗੁੰਮ-ਸੁੰਮ ਬੈਠੀ.. ਆਉਣ-ਜਾਣ ਵਾਲੇ ਰਾਹਗੀਰਾਂ ਵੱਲ ਡੌਰ-ਭੌਰ ਤਕਦੀ ਰਹਿੰਦੀ ਹੈ।

"ਓ ਹੋ ਛੱਡੋ ਨਾ ਮੰਮੀ, ਹੁਣ ਮੇਰੀ ਗੁੱਤ.. ਤੇ ਮੇਰੀ ਗੱਲ ਦਾ ਜਵਾਬ ਦਿਓ। ਸਦਰੋਈ ਮੈਂ ਹੋਈ ਜਾਂ ਉਹ ਸੋਹਣੇ ਜੂੜੇ ਵਾਲੀ ਆਂਟੀ..?"

ਇਕਦਮ ਤ੍ਰਭਕ ਕੇ ਖ਼ਿਆਲਾਂ ਦੀ ਤੰਦ ਤੋੜਦੀ ਹੋਈ ਨਿੰਮੀ ਦੀ ਮਾਂ ਨੇ ਨਿੰਮੀ ਦਾ ਚਿਹਰਾ ਆਪਣੇ ਦੋਵਾਂ ਹੱਥਾਂ 'ਚ ਲੈ ਕੇ ਸਮਝਾਉਂਦੀ ਹੋਈ ਬੋਲੀ,

"ਪੁੱਤਰ, ਆਪਣੇ-ਆਪ ਨੂੰ ਬਣਾ ਸੰਵਾਰ ਕੇ ਰੱਖਣ ਵਾਲਾ ਸਦਰੋਆ ਨਹੀਂ ਹੁੰਦਾ ਜਿਵੇਂ ਤੇਰੇ ਆਂਟੀ ਸੁਮਿੱਤਰਾ ਨੇ..। ਕਈ ਵਾਰ ਹਾਲਾਤ ਦੀ ਨ੍ਹੇਰੀ ਏਨੀ ਤੇਜ਼ ਚਲਦੀ ਹੈ ਕਿ ਕਿਸੇ ਚੰਗੇ ਭਲੇ ਇਨਸਾਨ ਦਾ ਵਜੂਦ ਹੀ ਝੂਠਾ ਪੈ ਜਾਂਦਾ ਹੈ ਤੇ ਹਾਲਾਤ ਦੇ ਮਾਰੇ ਬੰਦੇ ਆਮ ਜਣੇ ਖਣੇ ਲੋਕਾਂ ਤੋਂ ਵੀ ਮਾਤ ਖਾਣ ਲਈ ਮਜਬੂਰ ਹੋ ਜਾਂਦੇ ਨੇ..।" "ਤੇ ਮੰਮੀ, ਏਸ ਦਾ ਮਤਲਬ ਸਦਰੋਈ ਮੈਂ ਹੋਈ।" ਅਣਭੋਲ ਨਿੰਮੀ ਭੋਲੀਆਂ ਨਜ਼ਰਾਂ ਨਾਲ ਮਾਂ ਵੱਲ ਵੇਖਦੀ ਹੋਈ ਬੋਲੀ।

"ਬਈ ਨਿੰਮੀ ਵੇਖ ਲੈ.. ਅਗਰ ਰੋਜ਼ ਸਵੇਰੇ-ਸਵੇਰੇ ਘੁੱਟ ਕੇ ਗੁੱਤਾਂ ਕਰਵਾਏਂਗੀ ਤਾਂ ਮੇਰੀ ਨਿੰਮੀ ਰਾਣੀ ਕਹਾਏਂਗੀ। ਨਹੀਂ ਤਾਂ.. ਜਾਣ ਗਈ ਨਾ ਕੀ ਕਹਿਣਗੇ ਸਾਰੇ..?"

"ਨਹੀਂ ਨਹੀਂ ਮੰਮੀ, ਆਹ ਲਓ ਰਿਬਨ ਵੀ ਪਾ ਦਿਓ। ਮੈਂ ਸਦਰੋਈ ਨਹੀਂ ਤੁਹਾਡੀ ਸਿਆਣੀ ਬੱਚੀ ਆਂ..।"

ਨਿੰਮੀ ਇਕਦਮ ਮਾਂ ਦੀ ਗੋਦ 'ਚ ਜਾ ਬੈਠੀ।

# ਮੇਰੀ ਕਲਮ

## ਰੱਬ
ਦਲਵੀਰ ਕੌਰ

ਉਹ ਮੈਨੂੰ ਮੇਰੇ ਆਸਰੇ ਛੱਡ–
ਆਪ ਮਰ ਗਿਆ!
ਕੰਨਾਂ ਦੇ ਕਾਂਟੇ –ਚਿਹਰੇ ਦੀ ਰੌਣਕ– ਨਵਾਂ ਸੰਵਾਇਆ
ਉਸ ਦੇ ਰੰਗ ਵਰਗਾ, ਬਦਾਮੀ ਸਲਵਾਰ–ਸੂਟ!
ਤੇ ਆਹ ਗੁਜ਼ਰ ਚੁੱਕੇ ਕੁਝ ਕੁ ਸਾਲਤ!
ਮੇਰੀਆਂ ਵੱਖੀਆਂ – ਪੱਸਲੀਆਂ – ਹਿਰਦੇ ’ਚੋਂ
ਭਾਲਦੇ ਰਹਿੰਦੇ ਨੇ ਉਸ ਨੂੰ!
ਕਿੰਨਾ ਵੱਡਾ ਕਰ ਤੁਰ ਗਿਆ ਉਹ ਮੈਨੂੰ
ਜਿਉਂਦੇ ਜੀਅ!
*******

## ਪੰਜਾਬੀ
ਰਜਵਿੰਦਰ ਪਾਲ ਸ਼ਰਮਾ

ਮੈਂ ਪੰਜਾਬੀ ਪੰਜਾਬ ਦਾ ਰਹਿਣ ਵਾਲਾ,
ਸਦਾ ਬੋਲ ਪੰਜਾਬੀ ਦੇ ਬੋਲੀਏ ਜੀ।
ਰੱਖੀਏ ਬੋਲਾਂ ਵਿੱਚ ਮਿਠਾਸ ਸਦਾ,
ਨਾ ਕੁਫ਼ਰ ਕਿਸੇ ਨਾਲ ਤੋਲੀਏ ਜੀ।
ਆਵੇ ਮਿੱਟੀ ਵਿੱਚੋਂ ਖੁਸ਼ਬੋ ਸਦਾ,
ਕਦੇ ਸੰਗਮਰਮਰ ’ਤੇ ਨਾ ਡੁੱਲ੍ਹੀਏ ਜੀ।
ਪੱਛਮੀ ਰੰਗ ਨੂੰ ਮਹਿਕਦਾ ਦੇਖ ਕੇ,
ਸੱਭਿਆਚਾਰ ਕਦੇ ਨਾ ਭੁੱਲੀਏ ਜੀ।
ਸਦਾ ਮਦਦਗਾਰ ਹੈ ਸੋਚ ਸਾਡੀ,
ਵਚਨਾਂ ਦੇ ਪੱਕੇ ਰਹੀਏ ਜੀ।
ਯਾਰੀ ਜਿੰਦ ਵਾਰ ਕੇ ਨਿਭਾਈਏ,
ਕਦੇ ਪੈਰ ਪਿੱਛੇ ਨਾ ਕਰੀਏ ਜੀ।
ਹੈ ਵੱਖਰੀ ਜਿਹੀ ਪਛਾਣ ਸਾਡੀ,
ਨਫ਼ਰਤ ਨੂੰ ਮੁਹੱਬਤ ਕਰੀਏ ਜੀ।
ਤਖ਼ਤ ਪਲਟਾਈਏ ਮੁਗ਼ਲਾਂ ਦੇ,
ਜੜ੍ਹ ਗੋਰਿਆਂ ਦੀ ਕਮਜ਼ੋਰ ਕਰੀਏ ਜੀ।
ਧੁੱਪਾਂ ਝੱਲ ਕੇ ਜੇਠ ਹਾੜ੍ਹ ਦੀਆਂ,
ਪੇਟ ਕੁੱਲ ਦੁਨੀਆ ਦਾ ਭਰੀਏ ਜੀ।
ਸਦਾ ਰਜ਼ਾ ਵਿੱਚ ਉਹਦੀ ਰਹਿ ਕੇ,
ਬਾਣੀ ਗੁਰਾਂ ਦੀ ਨਿੱਤ ਪੜ੍ਹੀਏ ਜੀ।
ਸ਼ਰਮਾ ਵਸਦਾ ਰਹੇ ਪੰਜਾਬ ਸਦਾ,
ਹੱਥ ਜੋੜ ਅਰਦਾਸ ਕਰੀਏ ਜੀ।

## ਸੰਧਾਰੇ
ਅਮਨਦੀਪ ਕੌਰ ਭੂਦਨ

ਘਰੋਂ ਉੱਧਲੀਆਂ ਧੀਆਂ ਦੇ ਸੰਧਾਰੇ ਨਹੀਂ ਆਉਂਦੇ।
ਔਖੇ ਵੇਲੇ ਪੇਕਿਆਂ ਦੇ ਸਹਾਰੇ ਨਹੀਂ ਆਉਂਦੇ
ਅੰਮਾ ਜਾਏ ਲਾਡਲੇ ਉਹ ਪਿਆਰੇ ਨਹੀਂ ਆਉਂਦੇ
ਘਰੋਂ ਉੱਧਲੀਆਂ ਧੀਆਂ ਦੇ...
ਸੋਚ ਸਮਝ ਕੇ ਧੀਏ ਤੂੰ ਪੈਰ ਪੁੱਟਿਆ ਕਰ
ਜੀਵਨ ’ਚ ਰਾਹ ਉੱਬੜ–ਖਾਬੜ ਥੋੜ੍ਹੇ ਨਹੀਂ ਆਉਂਦੇ।
ਘਰੋਂ ਉੱਧਲੀਆਂ ਧੀਆਂ ਦੇ...
ਮਾਪਿਆਂ ਦੀ ਗੱਲ ਪੱਲੇ ਬੰਨ੍ਹ ਜੋ ਦਿਮਾਗ਼ ’ਚ ਪਾਉਂਦੀਆਂ ਨੇ
ਉਹੋ ਧੀਆਂ ਸਮਾਜ ’ਚ ‘ਅਮਨ’ ਇੱਜ਼ਤਾਂ ਪਾਉਂਦੀਆਂ ਨੇ
ਘਰੋਂ ਉੱਧਲੀਆਂ ਧੀਆਂ ਦੇ ਸੰਧਾਰੇ ਨਹੀਂ ਆਉਂਦੇ...

## ਸਵੇਰ
ਗੁਰਮੀਤ ਸਿੰਘ ਚੀਮਾ



ਉੱਠ ਦੇਖ ਮੁਸਾਫ਼ਿਰ
ਪੂਰਬ ਵੱਲ ਲਾਲੀ ਦੀ ਨੁਹਾਰ ਦੇਖ
ਸਮੇਂ ਦੀ ਹਰਕਤ ਦੇ ਪਹੀਏ ਨੂੰ
ਸੰਭਾਲ
ਯੁੱਗ ਦੀ ਚਾਲ ਨੂੰ ਦੇਖ
ਕਦਮਾਂ ਦੀ ਰਫ਼ਤਾਰ ਨੂੰ ਆਖ
ਤਿੱਖੇ ਜ਼ਰਾ ਹੋਰ ਤਿੱਖੇ
ਵਕਤਾਂ ਦੀ ਰੌਸ਼ਨ ਕੰਨੀ ਤੱਕ
ਜੂਝਦੇ ਹੋਏ
ਵਕਤ ਦੇ ਪਹੀਏ ਨੂੰ
ਗੇੜਾ ਦੇਣ
ਲੰਮੀ ਸਲੇਟੀ ਸੜਕ ’ਤੇ
ਕਿੱਲਾਂ ਦੀਆਂ ਟਾਪਾਂ
ਤੇ ਸੰਗੀਨਾਂ ਦੀ ਛਾਂ
ਅਤੇ ਗੋਲੀਆਂ ਦੇ ਛੱਰਿਆਂ ਦਾ ਸ਼ੋਰ
ਦੁਰਾਡੇ ਜਾ ਰਿਹਾ
ਜ਼ਰਾ ਖਿੜਕੀ ਖੋਲ੍ਹ
ਤੇ ਦੇਖ
ਹੁਣ ਤਾਂ
ਚਿੜੀਆਂ ਦੀ ਚਹਿਕਣ ਵੀ
ਜਾਗ ਉੱਠੀ
ਤੇਰੇ ਦਰ ਦੀ ਦਹਿਲੀਜ਼ ’ਤੇ
ਆਣ ਖਲੋਤੀ
ਸਵੇਰ ਦੀ ਲਾਲੀ
ਉੱਠ ਦੇਖ ਮੁਸਾਫ਼ਿਰ
ਪੂਰਬ ਵੱਲ
ਲਾਲੀ ਦੀ ਨੁਹਾਰ ਦੇਖ
* * *

## ਧੀ ਤੇ ਮਾਪੇ
ਅਮਰਬੀਰ ਸਿੰਘ ਚੀਮਾ

ਕੈਨੇਡਾ ਦੇ ਦੂਰ ਨੇ ਪੈਂਡੇ, ਵਤਨਾਂ ਤੋਂ ਦੂਰ ਨੇ ਪੈਂਡੇ
ਸੌਖਾ ਹੁਣ ਮਿਲਣਾ ਨਹੀਂ, ਪਰਤਣ ਨੂੰ ਲੱਗਣੇ ਕਈ ਸਾਲ
ਬਾਬਲਾ, ਮੰਦਾ ’ਕੱਲੀ ਦਾ ਮੇਰਾ ਹਾਲ, ਅੰਮੀਏ ਮੰਦਾ ਇੱਥੇ ’ਕੱਲੀ ਦਾ ਏ ਹਾਲ
ਧੀਏ ਤੂੰ ਹੱਸਦੀ ਰਹਿ ਨੀ, ਰੰਗੀਂ ਸਦਾ ਵੱਸਦੀ ਰਹਿ ਨੀ,
ਪੱਗ ਦੀ ਲਾਜ ਤੂੰ ਰੱਖੀਂ, ਬਣੀ ਸਦਾ ਰਹੀਂ ਸਾਡੀ ਢਾਲ
ਸਾਡਾ ਵੀ ਇਹੋ ਇੱਥੇ ਹਾਲ, ਧੀ ਰਾਣੀਏ, ਸਾਡਾ ਵੀ ਇਹੋ ਇੱਥੇ ਹਾਲ
ਕਿੱਦਾਂ ਮੇਰੇ ਗੁੱਡੀਆਂ–ਪਟੋਲੇ, ਕਿੱਦਾਂ ਨੇ ਸੰਗੀ ਗਰਾਂ ਦੇ
ਹਰ ਸ਼ੌਕ ਪੁਗਾ ਦੇਊਂਗੀ ਮੈਂ, ਬਾਬਲ ਤੇ ਮੇਰੀ ਮਾਂ ਦੇ
ਚੰਗੇ ਦਿਨ ਪਰਤਣਗੇ, ਵਕਤ ਦੀ ਪੁੱਠੀ ਹਾਲੇ ਚਾਲ
ਬਾਬਲਾ, ਮੰਦਾ ’ਕੱਲੀ ਦਾ ਮੇਰਾ ਹਾਲ, ਅੰਮੀਏ, ਮੰਦਾ ਇੱਥੇ ’ਕੱਲੀ ਦਾ ਏ ਹਾਲ
ਕਮਰਾ ਵੱਢ ਖਾਣ ਨੂੰ ਆਉਂਦਾ,ਜਿੱਥੇ ਤੂੰ ਪੜ੍ਹਦੀ ਹੁੰਦੀ ਸੀ
ਨਿੱਤ ਦਿਨ ਤੂੰ ਝੂਠੀ–ਮੂਠੀ, ਸਾਡੇ ਨਾਲ ਲੜਦੀ ਹੁੰਦੀ ਸੀ
ਵੱਸ ਜੇ ਸਾਡਾ ਚੱਲਦਾ ਹੁੰਦਾ, ਟੱਪਦੇ ਸਮੁੰਦਰ ਮਾਰ ਛਾਲ
ਧੀ ਰਾਣੀਏ, ਸਾਡਾ ਵੀ ਇਹੋ ਇੱਥੇ ਹਾਲ, ਸਾਡਾ ਵੀ ਇਹੋ ਇੱਥੇ ਹਾਲ
ਕਰ ਤੁਸੀਂ ਕਰੋ ਨਾ ਭੋਰਾ, ਇੱਕ ਦਿਨ ਚੁੱਕ ਦੇਊਂ ਗ਼ਰੀਬੀ
ਰੰਗ ਹਾਲੇ ਨਿੱਤ ਬਦਲਦੇ, ਸਭ ਰਿਸ਼ਤੇਦਾਰ ਕਰੀਬੀ
ਪੜ੍ਹਨੈ ਤੇ ਕੰਮ ਵੀ ਕਰਨੈ, ਬਰਫ਼ਾਂ ’ਚ ਰਹਿੰਦੇ ਹੱਥ ਲਾਲ
ਬਾਬਲਾ, ਮੰਦਾ ’ਕੱਲੀ ਦਾ ਮੇਰਾ ਹਾਲ, ਅੰਮੀਏ, ਮੰਦਾ ਇੱਥੇ ’ਕੱਲੀ ਦਾ ਏ ਹਾਲ
ਮਾਂ ਤੇ ਦਾਦੀ ਰਲ ਦੋਵੇਂ, ਕੋਟੀ ਤੇਰੀ ਬੁਣਦੀਆਂ ਰਹਿੰਦੀਆਂ
ਤਰੀਕ ਤੇਰੀ ਪੀ.ਆਰ. ਦੀ, ਕਲੰਡਰ ’ਤੇ ਖੁਣਦੀਆਂ ਰਹਿੰਦੀਆਂ
ਹਰ ਦਿਨ ਉਡੀਕਣ ਤੈਨੂੰ, ਭਰੀਆਂ ਹੋਈਆਂ ਅੱਖੀਆਂ ਦੇ ਨਾਲ
ਧੀ ਰਾਣੀਏ, ਸਾਡਾ ਵੀ ਇਹੋ ਇੱਥੇ ਹਾਲ, ਸਾਡਾ ਵੀ ਇਹੋ ਇੱਥੇ ਹਾਲ

## ਸਾਵਣ
ਲਖਵਿੰਦਰ ਸਿੰਘ ਬਾਜਵਾ



ਤਪਦਾ ਹਾੜ੍ਹ ਕੜਾਕੇ ਕੱਢੇ, ਪਿਆ ਪਸੀਨਾ ਚੋਵੇ।
ਬਾਹਰ ਨਿਕਲਿਆਂ ਪੈਣ ਅਲੂੰਬੇ, ਜਿਉਂ ਭੱਠ ਤਪਦੀ ਹੋਵੇ।
ਹੌਂਕਣ ਪਸ਼ੂ ਵਿਆਕੁਲ ਪੰਛੀ, ਹੋ ਧਰਤੀ ’ਤੇ ਢਹਿੰਦੇ।
ਰੱਬਾ ਮਿਹਰ ਕਰੀਂ ਸਭ ਆਖਣ, ਲੋਕੀਂ ਉੱਠਦੇ ਬਹਿੰਦੇ।
ਸੁਣੀ ਪੁਕਾਰ ਪੁਰਾ ਵਗ ਤੁਰਿਆ, ਪਾਰਾ ਹੇਠਾਂ ਆਇਆ।
ਹੋਣ ਜੋੜ ਬੱਦਲਾਂ ਦਾ ਲੱਗਾ, ਰੰਗ ਅਕਾਸ਼ ਵਟਾਇਆ।
ਥੋੜ੍ਹਾ ਥੋੜ੍ਹਾ ਗੱਜਦਾ ਆਉਂਦਾ,ਲਿਸ਼ਕੇ ਥੋੜ੍ਹਾ ਥੋੜ੍ਹਾ,
ਜਿੱਦਾਂ ਗੁੱਸੇ ਅੰਦਰ ਆ ਕੇ, ਮਾਰੇ ਕੋਈ ਮਰੋੜਾ।
ਨਾਲ ਆਸ ਦੇ ਟਹਿਕਣ ਲੱਗੇ, ਸਭ ਮੁਰਝਾਏ ਚਿਹਰੇ,
ਫਿਰ ਵੀ ਜਾਪੇ ਸੰਗਦਾ ਸੰਗਦਾ, ਬੱਦਲ ਕਣੀਆਂ ਕੇਰੇ।
ਐਪਰ ਟਿੱਲੇ ਵੱਲੋਂ ਉੱਠੀ, ਫੇਰ ਘਟਾ ਇੱਕ ਕਾਲੀ,
ਦਿਨੇ ਹਨੇਰਾ ਕਰਦੀ ਆਵੇ, ਦਵੇ ਨਾ ਕੁਝ ਦਿਖਾਲੀ।
ਜਾਪੇ ਗੁੱਸਾ ਖਾ ਕੇ ਚੜ੍ਹਿਆ, ਦਲ ਫ਼ੌਜਾਂ ਦਾ ਭਾਰਾ,
ਅੱਗੇ ਅੱਗੇ ਵੱਜਦਾ ਆਵੇ, ਜੰਗੀ ਜਿਵੇਂ ਨਗਾਰਾ।
ਬੱਸ ਫਿਰ ਹੱਲਾ ਕਰਕੇ ਚੜ੍ਹਿਆ, ਐਸੀ ਛਹਿਬਰ ਲਾਈ,
ਧਰਤੀ ਸਾਰੀ ਜਲ ਥਲ ਕੀਤੀ, ਠੰਢ ਖ਼ੂਬ ਵਰਤਾਈ।
ਜਿੱਦਾਂ ਟਿਊਬਵੈੱਲ ਕੋਈ ਚੱਲਦਾ, ਇੰਜ ਚੱਲਣ ਪਰਨਾਲੇ।
ਪਾਣੀ ਉਛਲੇ ਬਾਹਰ ਘਰਾਂ ਤੋਂ, ਗਲੀਆਂ ਬਣੀਆਂ ਨਾਲੇ।
ਛੱਪੜ, ਟੋਭੇ, ਖੇਤਾਂ ਅੰਦਰ, ਡੱਡੂ ਬੋਲਣ ਲੱਗੇ,
ਬੱਚੇ ਮਸਤੀ ਫਿਰਨ ਮਨਾਉਂਦੇ,ਲਾਹ ਕੇ ਤਨ ਤੋਂ ਝੱਗੇ।
ਸਭਨਾਂ ਦੇ ਮੱਥੇ ਤੋਂ ਲਿਸ਼ਕੀ, ਖ਼ੁਸ਼ੀ ਅਤੇ ਖੁਸ਼ਹਾਲੀ,
ਹਾੜ੍ਹ ਗਿਆ ਤੇ ਸਾਵਣ ਆਇਆ, ਬਣ ਸਭਨਾਂ ਦਾ ਵਾਲੀ।
ਘਰ ਘਰ ਪੂੜੇ ਪੱਕਣ ਲੱਗੇ, ਖੀਰਾਂ ਰਿੱਝਣ ਲੱਗੀਆਂ,
ਸਭ ਦੇ ਤਨ ਮਨ ਠਰਦੇ ਜਾਵਣ, ਰੂਹਾਂ ਭਿੱਜਣ ਲੱਗੀਆਂ।
ਤੀਆਂ ਖੇਡਣ ਤੁਰੀਆਂ ਖੇਤੀਂ, ਕੁਝ ਕੁੜੀਆਂ ਮੁਟਿਆਰਾਂ,
ਵਿੱਚ ਖ਼ੁਸ਼ੀ ਦੇ ਭਰਨ ਚੁੰਗੀਆਂ, ਜਿਉਂ ਹਿਰਨਾਂ ਦੀਆਂ ਡਾਰਾਂ।
ਦਿਲ ਕਿਰਸਾਨਾਂ ਵਾਲੇ ਝੂਮੇ, ਫ਼ਸਲਾਂ ਲਏ ਹੁਲਾਰੇ।
ਬੱਝੀ ਆਸ ਨਵੇਂ ਜੀਵਨ ਦੀ, ਬਰਕਤ ਰੱਬ ਉਤਾਰੇ।
ਮਿੱਟੀ ਵਿੱਚੋਂ ਉੱਠਣ ਲੱਗੀ, ਜੀਵਨ ਮਹਿਕ ਨਿਆਰੀ,
ਸਾਹਾਂ ਅੰਦਰ ਭਰੇ ਤਾਜ਼ਗੀ, ਲੱਗੇ ਬੜੀ ਪਿਆਰੀ।
ਸਾਰੇ ਆਖਣ ਵਾਹ ਵਾਹ ਸਾਵਣ, ਗੱਜਦਾ ਵਰ੍ਹਦਾ ਲੰਘੇ,
ਰੰਗ ਆਪਣੇ ਸਾਰੀ ਖਲਕਤ, ਸਦਾ ਬਾਜਵਾ ਰੰਗੇ।

## ਕਦੋਂ ਖੁੱਲ੍ਹਣੀ ਏਂ ਅੱਖ ਤੇਰੀ...
ਰਾਬਿੰਦਰ ਸਿੰਘ ਰੱਬੀ ਮੋਰਿੰਡਾ

ਰਿਹਾ ਸਦੀਆਂ ਤੋਂ ਕੋਠੀਆਂ ਬਣਾਉਂਦਾ ਤੂੰ,
ਰਿਹਾ ਇਮਾਰਤਾਂ ਤੇ ਕੰਧਾਂ ਨੂੰ ਸਜਾਉਂਦਾ ਤੂੰ
ਕੰਮ ਕਰਦਾ ਰਿਹਾ ਤੂੰ ਕਿਹੜੇ–ਕਿਹੜੇ
ਕਦੋਂ ਖੁੱਲ੍ਹਣੀ ਏਂ ਅੱਖ ਤੇਰੀ ਦੋਸਤਾ,
ਕਦੋਂ ਆਊਗੀ ਸਵੇਰ ਤੇਰੇ ਵਿਹੜੇ
ਵੱਡੇ–ਵੱਡੇ ਪੁਲਾਂ ਹੇਠ ਰਹੇਂ ਰੁਲਦਾ,
ਤੇਰੀ ਕਿਰਤ ਦਾ ਪੁਲ਼ ਨਹੀਂਓਂ ਖੁੱਲ੍ਹਦਾ
ਗਏ ਕਿੱਥੇ, ਖੜ੍ਹੇ ਸੀ ਨਾਲ ਜਿਹੜੇ
ਕਦੋਂ ਖੁੱਲ੍ਹਣੀ ਏਂ ਅੱਖ ਤੇਰੀ ਦੋਸਤਾ,
ਕਦੋਂ ਆਊਗੀ ਸਵੇਰ ਤੇਰੇ ਵਿਹੜੇ
ਤੈਨੂੰ ਲਾਰਿਆਂ ਦੇ ਗੱਫੇ ਨਾਲ ਧੱਕੇ ਨੇ,
ਸਾਰੀ ਦੁਨੀਆ ਨੇ ਸ਼ਰੇਆਮ ਤੱਕੇ ਨੇ
ਤੇਰੀ ਜ਼ਿੰਦਗੀ ਪਏਗੀ ਕਦੋਂ ਰੇੜੇ
ਕਦੋਂ ਖੁੱਲ੍ਹਣੀ ਏਂ ਅੱਖ ਤੇਰੀ ਦੋਸਤਾ,
ਕਦੋਂ ਆਊਗੀ ਸਵੇਰ ਤੇਰੇ ਵਿਹੜੇ
ਬੱਚੇ ਰੁਲ਼ਦੇ ਇਲਾਜ ਖੁਣੋਂ ਦਿਸਦੇ,
ਕਾਰਖਾਨਿਆਂ ਤੇ ਮਿੱਲਾਂ ਵਿੱਚ ਪਿਸਦੇ
ਕਦੋਂ ਘਰ ਤੇਰੇ ਆਉਣੇ ਦੱਸ ਖੇੜੇ
ਕਦੋਂ ਖੁੱਲ੍ਹਣੀ ਏਂ ਅੱਖ ਤੇਰੀ ਦੋਸਤਾ,
ਕਦੋਂ ਆਊਗੀ ਸਵੇਰ ਤੇਰੇ ਵਿਹੜੇ
ਗਾਲ੍ਹਾਂ ਖਾਂਦਾ, ਘੁੱਟ ਸਬਰਾਂ ਦਾ ਪੀਂਦਾ ਏ,
ਇਸ ਜ਼ਿੰਦਗੀ ਨੂੰ ਘੁੱਟ–ਘੁੱਟ ਜਿਊਂਦਾ ਏਂ
ਖ਼ੁਸ਼ੀ ਜ਼ਿੰਦਗੀ ਦੇ ਖੜ੍ਹਦੀ ਨਾ ਨੇੜੇ
ਕਦੋਂ ਖੁੱਲ੍ਹਣੀ ਏਂ ਅੱਖ ਤੇਰੀ ਦੋਸਤਾ,
ਕਦੋਂ ਆਊਗੀ ਸਵੇਰ ਤੇਰੇ ਵਿਹੜੇ
ਤੇਰੇ ਨਾਂ ਉੱਤੇ ਵੱਜਦਾ ਦਿਹਾੜਾ ਏ,
ਪਰ ਮਿਲਦਾ ਨਾ ਤੈਨੂੰ ਪੂਰਾ ਭਾੜਾ ਏ
ਪਾਇਆ ਮੁਕਤੀ ਲਈ ਡੇਰਿਆਂ ਦੇ ਗੇੜੇ
ਕਦੋਂ ਖੁੱਲ੍ਹਣੀ ਏਂ ਅੱਖ ਤੇਰੀ ਦੋਸਤਾ,
ਕਦੋਂ ਆਊਗੀ ਸਵੇਰ ਤੇਰੇ ਵਿਹੜੇ
ਤੇਰੇ ਮੁੜ੍ਹਕੇ ਦਾ ਮੁੱਲ ਕਈ ਵੱਟਦੇ,
ਤੇਰੀ ਸੱਚੀ–ਸੁੱਚੀ ਕਿਰਤ ਨੂੰ ਚੱਟਦੇ।
ਲਾਈ ਰੱਖਦੇ ਨੇ ਚਿਹਰਿਆਂ ’ਤੇ ਚਿਹਰੇ
ਕਦੋਂ ਖੁੱਲ੍ਹਣੀ ਏਂ ਅੱਖ ਤੇਰੀ ਦੋਸਤਾ,
ਕਦੋਂ ਆਊਗੀ ਸਵੇਰ ਤੇਰੇ ਵਿਹੜੇ
ਅੱਖ ਪੁੱਟ ਲੈ ਤੇ ਵਿੱਦਿਆ ਖਿੰਡਾ ਦੇ,
ਇਹ ਗਿਆਨ ਬੱਚਿਆਂ ਦੀ ਝੋਲੀ ਪਾ ਦੇ
ਰੱਬੀ ਖੁੱਲ੍ਹਣੇ, ਜੋ ਖ਼ੁਸ਼ੀ ਦਰ ਭੇੜੇ
ਉਦੋਂ ਖੁੱਲ੍ਹਣੀ ਏਂ ਅੱਖ ਤੇਰੀ ਦੋਸਤਾ,
ਉਦੋਂ ਆਊਗੀ ਸਵੇਰ ਤੇਰੇ ਵਿਹੜੇ

## ਚਸਕਾ-ਏ-ਕੁਰਸੀ
ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308





ਪ੍ਰਧਾਨਗੀ ਵਾਲੀ ਭਾਵਨਾ, ਹਰ ਥਾਂ ਭਾਰੂ ਜਾਪੇ,
ਦਿਸ ਰਹੇ ਦੁਨੀਆ ’ਚ, ਇਸ ਦੇ ਬੜੇ ਸਿਆਪੇ।
ਪਰ ਅਧੀਨ ਹੋ ਕੇ ਨਾ, ਕੋਈ ਅੱਜ ਰਹਿਣਾ ਚਾਹੇ,
ਜਿੱਥੇ ਵੀ ਹੋਵੇ ਕੁਰਸੀ, ਉਸ ਵੱਲ ਨੱਠ ਨੱਠ ਜਾਵੇ।
ਕੀ ਲੇਖਕ ਕੀ ਨੇਤਾ, ਸਭ ਨੂੰ ਇੱਕੋ ਬਿਮਾਰੀ,
ਲਾਇਲਾਜ ਰੋਗ ਰਹੇ, ਚਿੰਬੜਿਆ ਉਮਰਾ ਸਾਰੀ।
ਧਰਮ ਦੇ ਕਰਮ ਵੀ ਕੁਰਸੀ, ਬਿਨਾ ਨਾ ਪੂਰਣ ਹੁੰਦੇ,
ਹਰ ਥਾਂ ਦੇਖੋ ਕਾਰੇ, ਕੁਰਸੀ ਦੇ ਬੜੇ ਹੀ ਗੁੰਡੇ।
ਸਿਆਣਪਾਂ ਛਿੱਕੇ ਟੰਗ ਕੇ, ਝੁੱਗੇ ਚੌੜ ਕਰਾ ਕੇ,
ਕਰਨ ਲਾਲਸਾਵਾਂ ਜ਼ਾਹਿਰ, ਵਿੱਚ ਚੌਰਾਹੇ ਆ ਕੇ।
ਪੱਗੋ ਹੱਥੀਂ ਹੁੰਦੇ, ਕਈ ਮੈਂ ਥਾਂ ਥਾਂ ਡਿੱਠੇ,
ਤਿੰਨ ਲੱਤੀਆਂ ਕੁਰਸੀਆਂ ਨੂੰ, ਮਾਰਨ ਘੁੱਟ ਘੁੱਟ ਜੱਫੇ।
ਖੁਸ ਜਾਏ ਜੇ ਕੁਰਸੀ, ਲੈਂਦੇ ਹੋਕੇ ’ਤੇ ਹਾਵੇ,
ਜਾਨ ਜਾਵੇ ਤਾਂ ਜਾਵੇ, ਹਾਏ ਕੁਰਸੀ ਨਾ ਜਾਵੇ!
ਪੁੱਠਾ ਵਗਦਾ ਹੈ ਚਲਣ, ਜਿਸ ਵਿੱਚ ਕਈ ਜਾਂਦੇ ਰੁੜ੍ਹਦੇ,
ਜੇ ਹੱਥ ਨਾ ਆਵੇ ਕੁਰਸੀ, ਤੜਫਦੇ ਨਿੱਤ ਹੀ ਕੁੜ੍ਹਦੇ।
ਆਓ ਕਰੀਏ ਕਿਨਾਰਾ, ਇਨ੍ਹਾਂ ਤੋਂ ਬਚ ਕੇ ਰਹੀਏ,
ਐਸੇ ਪੁਰਸ਼ਾਂ ਨੂੰ ਸਿਆਣੇ, ਹੁਣ ਕਿਵੇਂ ਅਸੀਂ ਕਹੀਏ?

# ਜੈਨਿਕ ਸਿਨੇਰ ਨੇ ਵਿੰਬਲਡਨ 2025 ਦਾ ਖ਼ਿਤਾਬ ਜਿੱਤ ਕੇ ਇਤਿਹਾਸ ਰਚਿਆ

ਵਿੰਬਲਡਨ 2025 ਦਾ ਫਾਈਨਲ ਮੈਚ ਦੋ ਵਾਰ ਦੇ ਵਿੰਬਲਡਨ ਚੈਂਪੀਅਨ ਸਪੇਨ ਦੇ ਕਾਰਲੋਸ ਅਲਕਾਰਾਜ਼ ਅਤੇ ਇਟਲੀ ਦੇ ਜੈਨਿਕ ਸਿਨਰ ਵਿਚਕਾਰ ਖੇਡਿਆ ਗਿਆ। ਲੰਡਨ ਦੇ ਆਲ ਇੰਗਲੈਂਡ ਟੈਨਿਸ ਕਲੱਬ ਵਿੱਚ ਖੇਡੇ ਗਏ ਗ੍ਰੈਂਡ ਸਲੈਮ ਵਿੰਬਲਡਨ ਨੂੰ ਇੱਕ ਨਵਾਂ ਚੈਂਪੀਅਨ ਮਿਲਿਆ ਹੈ। ਸਿਨਰ ਨੇ ਤਿੰਨ ਘੰਟੇ ਚੱਲੇ ਖਿਤਾਬੀ ਮੁਕਾਬਲੇ ਵਿੱਚ ਕਾਰਲੋਸ ਅਲਕਾਰਾਜ਼ ਨੂੰ 4-6,6-4,6-4,6-4 ਨਾਲ ਹਰਾ ਕੇ ਪਹਿਲੀ ਵਾਰ ਵਿੰਬਲਡਨ ਖਿਤਾਬ ਜਿੱਤਿਆ।

ਦਰਅਸਲ, ਸਿਨੇਰ ਵਿੰਬਲਡਨ ਖਿਤਾਬ ਜਿੱਤਣ ਵਾਲਾ ਪਹਿਲਾ ਇਤਾਲਵੀ ਖਿਡਾਰੀ ਬਣਿਆ। ਵਿੰਬਲਡਨ ਦੇ 148 ਸਾਲਾਂ ਦੇ ਇਤਿਹਾਸ ਵਿੱਚ, ਕਿਸੇ ਵੀ ਇਤਾਲਵੀ ਖਿਡਾਰੀ ਨੂੰ ਕਦੇ ਵੀ ਪੁਰਸ਼ ਸਿੰਗਲਜ਼ ਚੈਂਪੀਅਨ ਦਾ ਤਾਜ ਨਹੀਂ ਮਿਲਿਆ ਹੈ। ਸਿਨੇਰ ਇਸ ਟੂਰਨਾਮੈਂਟ ਵਿੱਚ ਚੈਂਪੀਅਨ ਬਣਨ ਵਾਲਾ ਪਹਿਲਾ ਇਤਾਲਵੀ ਖਿਡਾਰੀ ਬਣਿਆ, ਜੋ ਪਹਿਲੀ ਵਾਰ 1877 ਵਿੱਚ ਆਯੋਜਿਤ ਕੀਤਾ ਗਿਆ ਸੀ।



ਇਸ ਦੇ ਨਾਲ, ਸਿਨੇਰ ਨੇ ਪਿਛਲੇ ਮਹੀਨੇ ਫ੍ਰੈਂਚ ਓਪਨ ਫਾਈਨਲ ਵਿੱਚ ਅਲਕਾਰਾਜ਼ ਤੋਂ ਆਪਣੀ ਹਾਰ ਦਾ ਬਦਲਾ ਵੀ ਲੈ ਲਿਆ। ਤੁਹਾਨੂੰ ਦੱਸ ਦੇਈਏ ਕਿ ਇਹ ਸਿਨੇਰ ਦੇ ਕੈਰੀਅਰ ਦਾ ਚੌਥਾ ਗ੍ਰੈਂਡ ਸਲੈਮ ਖਿਤਾਬ ਸੀ। ਉਹ ਹੁਣ ਤੱਕ ਚਾਰ ਗ੍ਰੈਂਡ ਸਲੈਮ ਖਿਤਾਬ ਜਿੱਤ ਚੁੱਕਾ ਹੈ, ਜਦੋਂ ਕਿ ਕਾਰਲੋਸ ਅਲਕਾਰਾਜ਼ ਦੇ ਨਾਮ ਪੰਜ ਗ੍ਰੈਂਡ ਸਲੈਮ ਖਿਤਾਬ ਹਨ। ਇਸ ਜਿੱਤ ਦੇ ਨਾਲ, ਸਿਨੇਰ ਹੁਣ ਅਲਕਾਰਾਜ਼ ਤੋਂ ਸਿਰਫ਼ ਇੱਕ ਗ੍ਰੈਂਡ ਸਲੈਮ ਪਿੱਛੇ ਹੈ।

ਜੈਨਿਕ ਸਿਨੇਰ ਨੇ 2025 ਵਿੱਚ ਵਿੰਬਲਡਨ ਜਿੱਤਣ ਤੋਂ ਬਾਅਦ 3,000,000 ਡਾਲਰ (ਤਿੰਨ ਮਿਲੀਅਨ ਪੌਂਡ) ਜਿੱਤੇ। ਉਸਨੂੰ ਭਾਰਤੀ ਰੁਪਏ ਵਿੱਚ 34 ਕਰੋੜ ਰੁਪਏ ਤੋਂ ਵੱਧ ਦੀ ਇਨਾਮੀ ਰਾਸ਼ੀ ਮਿਲੀ।

ਕਾਰਲੋਸ ਅਲਕਾਰਜ਼ ਨੇ ਵਿੰਬਲਡਨ 2025 ਵਿੱਚ ਦੂਜੇ ਸਥਾਨ ’ਤੇ ਰਹਿਣ ਤੋਂ ਬਾਅਦ 1,520,000 ਡਾਲਰ (ਇੱਕ ਮਿਲੀਅਨ ਪੰਜ ਲੱਖ ਵੀਹ ਹਜ਼ਾਰ ਪੌਂਡ) ਜਿੱਤੇ। ਇਹ ਅੰਕੜਾ ਭਾਰਤੀ ਮੁਦਰਾ ਵਿੱਚ ਲਗਭਗ 17 ਕਰੋੜ ਹੈ।

ਨੋਵਾਕ ਜੋਕੋਵਿਚ ਅਤੇ ਟੇਲਰ ਫ੍ਰਿਟਜ਼ ਨੂੰ ਸੈਮੀਫਾਈਨਲ ਵਿੱਚ ਪਹੁੰਚਣ ਲਈ 775,000 ਡਾਲਰ ਮਿਲੇ, ਜੋ ਕਿ ਲਗਭਗ 9 ਕਰੋੜ ਦੇ ਬਰਾਬਰ ਹੈ।

## ਖੇਡ ਖੇਤਰ ਨੂੰ ਬਦਲਣ ਬਾਰੇ ਸੋਚ ਰਹੀ ਹੈ ਭਾਰਤ ਸਰਕਾਰ: ਰਿਜਿਜੂ

ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ ਦਾ ਮੰਨਣਾ ਹੈ ਕਿ ਕੌਮੀ ਖੇਡ ਸ਼ਾਸਨ ਬਿੱਲ ਭਾਰਤ ਵਿੱਚ ਖੇਡਾਂ ਲਈ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕਰੇਗਾ। ਰਿਜਿਜੂ 2019 ਤੋਂ 2021 ਦਰਮਿਆਨ ਦੋ ਸਾਲਾਂ ਲਈ ਕੇਂਦਰੀ ਖੇਡ ਮੰਤਰੀ ਰਹੇ ਸਨ ਅਤੇ ਉਨ੍ਹਾਂ ਨੇ ਦੇਸ਼ ਦੇ ਖੇਡ ਪ੍ਰਸ਼ਾਸਕਾਂ ਅਤੇ ਹੋਰ ਹਿੱਸੇਦਾਰਾਂ ਨਾਲ ਗੱਲਬਾਤ ਕਰਕੇ ਬਿੱਲ ਲਈ ਸਹਿਮਤੀ ਬਣਾਉਣ ਵਿੱਚ ਭੂਮਿਕਾ ਨਿਭਾਈ।

ਇੱਕ ਇੰਟਰਵਿਊ ਵਿੱਚ ਅਰੁਣਾਚਲ ਪੱਛਮੀ ਤੋਂ 53 ਸਾਲਾ ਲੋਕ ਸਭਾ ਸੰਸਦ ਮੈਂਬਰ ਨੇ ਕਿਹਾ ਕਿ ਉਹ ਬਿੱਲ ਦੇ ਜਲਦੀ ਹੀ ਕਾਨੂੰਨ ਬਣਨ ਦੀ ਉਮੀਦ ਕਰ ਰਹੇ ਹਨ। ਉਨ੍ਹਾਂ ਕਿਹਾ, “ਇਹ ਖੇਡ ਭਾਈਚਾਰੇ ਲਈ ਇੱਕ ਇਤਿਹਾਸਕ ਬਿੱਲ ਹੈ। ਮੈਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਅਜਿਹਾ ਦੂਰਅੰਦੇਸ਼ੀ ਵਿਚਾਰ ਰੱਖਣ ਲਈ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਉਹ ਖੇਡ ਖੇਤਰ ਨੂੰ ਬਦਲਣ ਬਾਰੇ ਸੋਚ ਰਹੇ ਹਨ।

**ਕੀ ਹੈ ਕੌਮੀ ਖੇਡ ਸ਼ਾਸਨ ਬਿੱਲ ?**

ਬਿੱਲ ਦਾ ਉਦੇਸ਼ ਕੌਮੀ ਖੇਡ ਫੈਡਰੇਸ਼ਨਾਂ ਅਤੇ ਭਾਰਤੀ ਉਲੰਪਿਕ ਸੰਘ ਵਿੱਚ ਚੰਗੇ ਸ਼ਾਸਨ ਲਈ ਇੱਕ ਢਾਂਚਾ ਬਣਾਉਣਾ ਹੈ। ਇਹ ਬਿੱਲ ਇੱਕ ਰੈਗੂਲੇਟਰੀ ਬੋਰਡ ਦੀ ਸਥਾਪਨਾ ਨੂੰ ਲਾਜ਼ਮੀ ਕਰਦਾ ਹੈ ਜਿਸ ਨੂੰ ਚੰਗੇ ਸ਼ਾਸਨ ਨਾਲ ਸਬੰਧਤ ਪ੍ਰਬੰਧਾਂ ਦੀ ਪਾਲਣਾ ਦੇ ਅਧਾਰ ’ਤੇ ਫੈਡਰੇਸ਼ਨਾਂ ਨੂੰ ਮਾਨਤਾ ਦੇਣ ਅਤੇ ਫੰਡਿੰਗ ਦਾ ਫੈਸਲਾ ਕਰਨ ਦੀ ਸ਼ਕਤੀ ਹੋਵੇਗੀ।

ਇਹ ਰੈਗੂਲੇਟਰੀ ਬੋਰਡ ਸਭ ਤੋਂ ਉੱਚੇ ਸ਼ਾਸਨ, ਵਿੱਤੀ ਅਤੇ ਨੈਤਿਕ ਮਾਪਦੰਡਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਵੀ ਜ਼ਿੰਮੇਵਾਰ ਹੋਵੇਗਾ। ਫੈਡਰੇਸ਼ਨਾਂ ਨੂੰ ਕਈ ਸਾਲਾਂ ਦੀ ਵਿਆਪਕ ਚਰਚਾ ਤੋਂ ਬਾਅਦ ਬੋਰਡ ਵਿੱਚ ਲਿਆਂਦਾ ਗਿਆ ਹੈ ਜੋ ਪਿਛਲੇ ਸਾਲ ਮਾਂਡਵੀਆ ਦੇ ਅਹੁਦਾ ਸੰਭਾਲਣ ਤੋਂ ਬਾਅਦ ਤੇਜ਼ ਹੋ ਗਈ ਸੀ। ਬਿੱਲ ਵਿੱਚ ਸ਼ਾਸਨ ਵਿੱਚ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ



ਅਤੇ ਮੁਕੱਦਮੇਬਾਜ਼ੀ ਨੂੰ ਘਟਾਉਣ ਲਈ ਨੈਤਿਕਤਾ ਕਮਿਸ਼ਨਾਂ ਅਤੇ ਵਿਵਾਦ ਨਿਪਟਾਰਾ ਕਮਿਸ਼ਨਾਂ ਦੀ ਸਥਾਪਨਾ ਦਾ ਵੀ ਪ੍ਰਸਤਾਵ ਹੈ।

**ਭਾਰਤੀ ਉਲੰਪਿਕ ਐਸੋਸੀਏਸ਼ਨ ਵੱਲੋਂ ਕੀਤਾ ਜਾ ਰਿਹਾ ਵਿਰੋਧ**

ਇਸ ਬਿੱਲ ਦਾ ਭਾਰਤੀ ਉਲੰਪਿਕ ਐਸੋਸੀਏਸ਼ਨ ਦੁਆਰਾ ਵਿਰੋਧ ਕੀਤਾ ਗਿਆ ਹੈ, ਜੋ ਮਹਿਸੂਸ ਕਰਦਾ ਹੈ ਕਿ ਇੱਕ ਰੈਗੂਲੇਟਰੀ ਬੋਰਡ ਸਾਰੀਆਂ ਫੈਡਰੇਸ਼ਨਾਂ ਲਈ ਨੋਡਲ ਸੰਸਥਾ ਵਜੋਂ ਆਪਣੀ ਸਥਿਤੀ ਨੂੰ ਕਮਜ਼ੋਰ ਕਰੇਗਾ। ਭਾਰਤੀ ਉਲੰਪਿਕ ਐਸੋਸੀਏਸ਼ਨ ਦੀ ਮੌਜੂਦਾ ਪ੍ਰਧਾਨ ਪੀਟੀ ਊਸ਼ਾ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਹੈ ਕਿ ਭਾਰਤ ਨੂੰ ਸਰਕਾਰੀ ਦਖਲਅੰਦਾਜ਼ੀ ਲਈ ਅੰਤਰਰਾਸ਼ਟਰੀ ਉਲੰਪਿਕ ਕਮੇਟੀ ਦੁਆਰਾ ਮੁਅੱਤਲ ਕੀਤੇ ਜਾਣ ਦਾ ਖ਼ਤਰਾ ਹੋਵੇਗਾ। ਹਾਲਾਂਕਿ, ਮਾਂਡਵੀਆ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਪ੍ਰਸਤਾਵਿਤ ਕਾਨੂੰਨ ਦਾ ਖਰੜਾ ਤਿਆਰ ਕਰਦੇ ਸਮੇਂ ਕੌਮਾਂਤਰੀ ਉਲੰਪਿਕ ਕਮੇਟੀ ਨਾਲ ਸਲਾਹ ਕੀਤੀ ਗਈ ਹੈ। ਇਸ ਕਮੇਟੀ ਨੂੰ ਨਾਲ ਲੈ ਕੇ ਚੱਲਣਾ ਬਹੁਤ ਜ਼ਰੂਰੀ ਹੈ ਕਿਉਂਕਿ ਭਾਰਤ 2036 ਵਿੱਚ ਉਲੰਪਿਕ ਦੀ ਮੇਜ਼ਬਾਨੀ ਲਈ ਬੋਲੀ ਲਗਾ ਰਿਹਾ ਹੈ।

ਰਿਜਿਜੂ ਨੇ ਕਿਹਾ, “ਦੋ (ਹੋਰ) ਚੀਜ਼ਾਂ ਹਨ – ਖੇਲੋ ਭਾਰਤ ਨੀਤੀ ਅਤੇ ਡੋਪਿੰਗ ਵਿਰੋਧੀ ਸੋਧ ਬਿੱਲ। ਇਹ ਦੋ ਬਿੱਲਾਂ (ਡੋਪਿੰਗ ਵਿਰੋਧੀ ਅਤੇ ਖੇਡ ਸ਼ਾਸਨ) ਨੂੰ ਜੋੜਿਆ ਜਾਣਾ ਹੈ ਅਤੇ ਅਸੀਂ ਸੰਸਦ ਵਿੱਚ ਚਰਚਾ ਕਰਾਂਗੇ ਅਤੇ ਮੈਨੂੰ ਯਕੀਨ ਹੈ ਕਿ ਮੈਂਬਰ ਹਿੱਸਾ ਲੈਣਗੇ।”

ਉਨ੍ਹਾਂ ਅੱਗੇ ਕਿਹਾ ਕਿ ਇੱਕ ਵਾਰ ਨਵਾਂ ਖੇਡ ਬਿੱਲ ਦੇਸ਼ ਵਿੱਚ ਇੱਕ ਨਵੇਂ ਖੇਡ ਸੱਭਿਆਚਾਰ ਦੀ ਸ਼ੁਰੂਆਤ ਕਰੇਗਾ। ਖੇਲੋ ਇੰਡੀਆ ਨੇ ਪਹਿਲਾਂ ਹੀ ਦੇਸ਼ ਵਿੱਚ ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕੀਤਾ ਹੈ।

**ਡੋਪਿੰਗ ਵਿਰੋਧੀ ਐਕਟ**

ਡੋਪਿੰਗ ਵਿਰੋਧੀ ਐਕਟ ਅਸਲ ਵਿੱਚ 2022 ਵਿੱਚ ਪਾਸ ਕੀਤਾ ਗਿਆ ਸੀ ਪਰ ਵਿਸ਼ਵ ਡੋਪਿੰਗ ਵਿਰੋਧੀ ਏਜੰਸੀ ਵੱਲੋਂ ਉਠਾਏ ਗਏ ਇਤਰਾਜ਼ਾਂ ਕਾਰਨ ਇਸ ਦੇ ਲਾਗੂਕਰਨ ਨੂੰ ਰੋਕਣਾ ਪਿਆ ਸੀ। ਵਿਸ਼ਵ ਸੰਸਥਾ ਨੇ ਖੇਡਾਂ ਵਿੱਚ ਡੋਪਿੰਗ ਵਿਰੋਧੀ ਲਈ ਇੱਕ ਕੌਮੀ ਬੋਰਡ ਦੀ ਸਥਾਪਨਾ ’ਤੇ ਇਤਰਾਜ਼ ਜਤਾਇਆ ਸੀ। ਇਸ ਐਕਟ ਵਿਚ ਡੋਪਿੰਗ ਵਿਰੋਧੀ ਨਿਯਮਾਂ ’ਤੇ ਸਰਕਾਰ ਨੂੰ ਸਿਫਾਰਸ਼ਾਂ ਕਰਨ ਦਾ ਅਧਿਕਾਰ ਦਿੱਤਾ ਗਿਆ ਸੀ।

ਬੋਰਡ, ਜਿਸ ਵਿੱਚ ਇੱਕ ਚੇਅਰਪਰਸਨ ਅਤੇ ਕੇਂਦਰ ਸਰਕਾਰ ਵੱਲੋਂ ਨਿਯੁਕਤ ਕੀਤੇ ਗਏ ਦੋ ਮੈਂਬਰ ਸ਼ਾਮਲ ਹੋਣੇ ਸਨ, ਨੂੰ ਰਾਸ਼ਟਰੀ ਡੋਪਿੰਗ ਵਿਰੋਧੀ ਏਜੰਸੀ ਦੀ ਨਿਗਰਾਨੀ ਕਰਨ ਅਤੇ ਇਸ ਨੂੰ ਨਿਰਦੇਸ਼ ਜਾਰੀ ਕਰਨ ਦਾ ਵੀ ਅਧਿਕਾਰ ਸੀ। ਰਾਸ਼ਟਰੀ ਡੋਪਿੰਗ ਵਿਰੋਧੀ ਏਜੰਸੀ ਨੇ ਇਸ ਪ੍ਰਬੰਧ ਨੂੰ ਇੱਕ ਖੁਦਮੁਖਤਿਆਰ ਸੰਸਥਾ ਵਿੱਚ ਸਰਕਾਰੀ ਦਖਲਅੰਦਾਜ਼ੀ ਵਜੋਂ ਰੱਦ ਕਰ ਦਿੱਤਾ।

## ਏਸ਼ੀਆ ਕੱਪ ਹਾਕੀ ਟੂਰਨਾਮੈਂਟ ਲਈ ਭਾਰਤ ਨਹੀਂ ਆਵੇਗੀ ਪਾਕਿਸਤਾਨ ਦੀ ਹਾਕੀ ਟੀਮ

ਪਾਕਿਸਤਾਨ ਹਾਕੀ ਫੈਡਰੇਸ਼ਨ (ਪੀ.ਐੱਚ.ਐੱਫ.) ਨੇ ਆਲਮੀ ਖੇਡ ਰੈਗੂਲੇਟਰੀ ਸੰਸਥਾ ਐੱਫ.ਆਈ.ਐੱਚ. ਨੂੰ ਸੂਚਿਤ ਕੀਤਾ ਹੈ ਕਿ ਸੁਰੱਖਿਆ ਚਿੰਤਾਵਾਂ ਕਾਰਨ ਉਸ ਵਾਸਤੇ ਅਗਲੇ ਮਹੀਨੇ ਹੋਣ ਵਾਲੇ ਏਸ਼ੀਆ ਕੱਪ ਲਈ ਆਪਣੀ ਟੀਮ ਨੂੰ ਭਾਰਤ ਭੇਜਣਾ ਮੁਸ਼ਕਿਲ ਹੋਵੇਗਾ। ਪੀ.ਐੱਚ.ਐੱਫ. ਦੇ ਮੁਖੀ ਤਾਰਿਕ ਬੁਗਤੀ ਨੇ ਕਿਹਾ ਕਿ ਉਨ੍ਹਾਂ ਨੇ ਐੱਫ.ਆਈ.ਐੱਚ. ਅਤੇ ਏਸ਼ਿਆਈ ਹਾਕੀ ਫੈਡਰੇਸ਼ਨ (ਏ.ਐੱਚ.ਐੱਫ.) ਨੂੰ ਪੱਤਰ ਲਿਖ ਕੇ



ਟੀਮ ਨੂੰ ਭਾਰਤ ਭੇਜਣ ਬਾਰੇ ਆਪਣੇ ਫੈਸਲੇ ਤੋਂ ਜਾਣੂ ਕਰਵਾ ਦਿੱਤਾ ਹੈ। ਉਨ੍ਹਾਂ ਕਿਹਾ, “ਅਸੀਂ ਉਨ੍ਹਾਂ ਨੂੰ ਸੂਚਿਤ ਕੀਤਾ ਹੈ ਕਿ ਮੌਜੂਦਾ ਹਾਲਾਤ ਵਿੱਚ ਸਾਡੀ ਟੀਮ ਨੂੰ ਭਾਰਤ ਵਿੱਚ ਖੇਡਦੇ ਸਮੇਂ ਸੁਰੱਖਿਆ ਸਬੰਧੀ ਖ਼ਤਰਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅਸੀਂ ਉਨ੍ਹਾਂ ਨੂੰ ਦੱਸ ਦਿੱਤਾ ਹੈ ਕਿ ਸਾਡੇ ਖਿਡਾਰੀ ਏਸ਼ੀਆ ਕੱਪ ਲਈ ਭਾਰਤ ਜਾਣ ਦੇ ਇੱਛੁਕ ਨਹੀਂ ਹਨ।” ਏਸ਼ੀਆ ਕੱਪ ਵਿਸ਼ਵ ਕੱਪ ਲਈ ਕੁਆਲੀਫਾਇੰਗ ਟੂਰਨਾਮੈਂਟ ਵੀ ਹੈ। ਪੀ.ਐੱਚ.ਐੱਫ. ਮੁਖੀ ਨੇ ਕਿਹਾ ਕਿ ਹੁਣ ਇਸ ਮੁਕਾਬਲੇ ਅਤੇ ਪਾਕਿਸਤਾਨ ਦੇ ਮੈਚਾਂ ਬਾਰੇ ਫੈਸਲਾ ਲੈਣ ਦੀ ਜ਼ਿੰਮੇਵਾਰੀ ਐੱਫ.ਆਈ.ਐੱਚ. ਅਤੇ ਏ.ਐੱਚ.ਐੱਫ. ’ਤੇ ਹੈ।

## ਇਗਾ ਸਵੈਟੇਕ ਨੇ ਜਿੱਤਿਆ ਆਪਣਾ ਪਹਿਲਾ ਵਿੰਬਲਡਨ ਖ਼ਿਤਾਬ



ਪੋਲੈਂਡ ਦੀ ਇਗਾ ਸਵੈਟੇਕ ਨੇ ਪਿਛਲੇ ਦਿਨੀਂ ਆਲ ਇੰਗਲੈਂਡ ਕਲੱਬ ਵਿੱਚ ਅਮਰੀਕੀ ਅਮਾਂਡਾ ਅਨੀਸਿਮੋਵਾ ਨੂੰ ਹਰਾ ਕੇ ਆਪਣਾ ਪਹਿਲਾ ਵਿੰਬਲਡਨ ਖਿਤਾਬ ਜਿੱਤਿਆ। ਇਹ ਜਿੱਤ ਉਸਦੇ ਕੈਰੀਅਰ ਦਾ ਸਿਰਫ਼ ਇੱਕ ਹੋਰ ਮੀਲ ਪੱਥਰ ਨਹੀਂ ਹੈ, ਸਗੋਂ ਇੱਕ ਸਾਲ ਤੋਂ ਵੱਧ ਸਮੇਂ ਦੇ ਮਾਨਸਿਕ, ਸਰੀਰਕ ਅਤੇ ਪੇਸ਼ੇਵਰ ਸੰਘਰਸ਼ਾਂ ਨੂੰ ਪਾਰ ਕਰਨ ਦੀ ਇੱਕ ਉਦਾਹਰਣ ਹੈ।

ਇਹ ਡਰ ਉਸਦੇ ਮਨ ਦੇ ਪਿੱਛੇ ਹੀ ਰਿਹਾ ਅਤੇ ਇਸਦੇ ਨਾਲ ਹੀ, ਉਸਦੇ ਦਾਦਾ ਜੀ ਦੇ ਦੇਹਾਂਤ, ਕੋਚਿੰਗ ਸਟਾਫ ਵਿੱਚ ਤਬਦੀਲੀ, ਰੈਂਕਿੰਗ ਵਿੱਚ ਗਿਰਾਵਟ ਅਤੇ ਖਿਤਾਬਾਂ ਦੀ ਘਾਟ ਨੇ ਉਸਨੂੰ ਧੁਰ ਅੰਦਰ ਤੱਕ ਹਿਲਾ ਕੇ ਰੱਖ ਦਿੱਤਾ। 2023 ਵਿੱਚ, ਡੋਪਿੰਗ ਟੈਸਟ ਵਿੱਚ ਅਸਫਲ ਰਹਿਣ ਤੋਂ ਬਾਅਦ ਉਸਨੂੰ ਇੱਕ ਮਹੀਨੇ ਦੀ ਪਾਬੰਦੀ ਦਾ ਸਾਹਮਣਾ ਕਰਨਾ ਪਿਆ। ਇੰਟਰਨੈਸ਼ਨਲ ਟੈਨਿਸ ਇੰਟੈਗਰਿਟੀ ਏਜੰਸੀ ਨੇ ਬਾਅਦ ਵਿੱਚ ਫੈਸਲਾ ਸੁਣਾਇਆ ਕਿ ਇਹ ਮਾਮਲਾ ਅਣਜਾਣੇ ਵਿੱਚ ਨਸ਼ੀਲੇ ਪਦਾਰਥਾਂ ਦੀ ਦੂਸ਼ਣ ਨਾਲ ਜੁੜਿਆ ਹੋਇਆ ਸੀ।

ਸਵੈਟੇਕ ਨੇ ਇੰਟਰਨੈੱਟ ਮੀਡੀਆ ’ਤੇ ਲਿਖਿਆ, “ਇਹ ਘਟਨਾ ਪੂਰੀ ਤਰ੍ਹਾਂ ਮੇਰੇ ਕਾਬੂ ਤੋਂ ਬਾਹਰ ਸੀ, ਜਿਸਨੇ ਮੇਰੇ ਸਾਲ ਦੇ ਟੀਚਿਆਂ ਨੂੰ ਖੋਹ ਲਿਆ ਅਤੇ ਮੈਨੂੰ ਅੰਦਰੋਂ ਆਪਣੇ ਆਪ ਨੂੰ ਮੁੜ ਸੰਗਠਿਤ ਕਰਨ ਲਈ ਮਜਬੂਰ ਕੀਤਾ।”

**ਸਵੈਟੇਕ ਲਈ, ਇਹ ਜਿੱਤ ਨਾ ਸਿਰਫ਼ ਘਾਹ ’ਤੇ ਉਸਦੀ ਪਹਿਲੀ ਵੱਡੀ ਸਫਲਤਾ ਸੀ, ਸਗੋਂ ਇਹ ਵੀ ਸਾਬਤ ਕਰ ਦਿੱਤਾ ਕਿ ਸਮਰਪਣ ਅਤੇ ਸਹੀ ਟੀਮ ਨਾਲ, ਕਿਸੇ ਵੀ ਮੁਸ਼ਕਿਲ ਸਥਿਤੀ ਨੂੰ ਪਾਰ ਕੀਤਾ ਜਾ ਸਕਦਾ ਹੈ। ਪਿਛਲੇ ਸਾਲ, ਜਦੋਂ ਸਵੈਟੇਕ ਵਾਰਸਾ ਵਿੱਚ ਆਪਣੇ ਘਰ ਸੀ, ਉਹ ਦੋਸਤਾਂ ਨੂੰ ਮਿਲਦੀ ਸੀ ਪਰ ਆਪਣਾ ਡੋਪਿੰਗ ਕੇਸ ਕਿਸੇ ਨਾਲ ਸਾਂਝਾ ਨਹੀਂ ਕਰਦੀ ਸੀ।**

ਸਵੈਟੇਕ ਨੇ ਕਿਹਾ ਕਿ ਡੋਪਿੰਗ ਸਕੈਂਡਲ ਤੋਂ ਬਾਅਦ ਉਹ ਇਸ ਬਾਰੇ ਬਹੁਤ ਸਾਵਧਾਨ ਹੋ ਗਈ ਹੈ ਕਿ ਉਹ ਕੀ ਖਾਂਦੀ ਹੈ ਅਤੇ ਕੀ ਪੀਂਦੀ ਹੈ, ਹੁਣ ਮੈਂ ਹਰ ਚੀਜ਼ ਬਾਰੇ ਵਧੇਰੇ ਸਾਵਧਾਨ ਹਾਂ ਤਾਂ ਜੋ ਕੁਝ ਵੀ ਦੂਸ਼ਿਤ ਨਾ ਹੋਵੇ।

ਡੋਪਿੰਗ ਵਿਵਾਦ ਅਤੇ ਨਿਰਾਸ਼ਾਜਨਕ ਪ੍ਰਦਰਸ਼ਨ ਤੋਂ ਬਾਅਦ ਸਵੈਟੇਕ ਨੇ 12 ਜੂਨ ਨੂੰ ਆਪਣੀ ਵਾਪਸੀ ਸ਼ੁਰੂ ਕੀਤੀ। ਉਸਨੇ ਸਪੇਨ ਦੇ ਮੈਲੋਰਕਾ ਵਿੱਚ ਘਾਹ ’ਤੇ ਸਿਖਲਾਈ ਸ਼ੁਰੂ ਕੀਤੀ, ਫਿਰ ਜਰਮਨੀ ਵਿੱਚ ਇੱਕ ਟੂਰਨਾਮੈਂਟ ਖੇਡਿਆ, ਜਿੱਥੇ ਉਹ ਫਾਈਨਲ ਵਿੱਚ ਪਹੁੰਚੀ ਅਤੇ ਹਾਰਨ ਤੋਂ ਬਾਅਦ ਸਟੇਜ ’ਤੇ ਹੰਝੂਆਂ ਨਾਲ ਟੁੱਟ ਗਈ। (ਬਾਕੀ ਸਫ਼ਾ 31 ’ਤੇ)



## ਗੋਲਡਬਰਗ ਵੱਲੋਂ ਕੁਸ਼ਤੀ ਨੂੰ ਅਲਵਿਦਾ

28 ਸਾਲ ਤੱਕ ਕੁਸ਼ਤੀ ਦੀ ਦੁਨੀਆ ’ਤੇ ਰਾਜ ਕਰਨ ਵਾਲੇ ਗੋਲਡਬਰਗ ਨੇ ਆਖਰਕਾਰ ਰਿੰਗ ਨੂੰ ਅਲਵਿਦਾ ਕਹਿ ਦਿੱਤਾ। ਉਸਦਾ ਸਾਹਮਣਾ ਡਬਲਯੂ.ਡਬਲਯੂ.ਈ. ਦੇ ਸਭ ਤੋਂ ਖਤਰਨਾਕ ਚੈਂਪੀਅਨ, ਗੁੰਥਰ ਨਾਲ ਵਰਲਡ ਹੈਵੀਵੇਟ ਟਾਈਟਲ ਲਈ ਹੋਇਆ। ਇਹ ਮੈਚ ਆਸਾਨ ਨਹੀਂ ਸੀ।

ਗੋਲਡਬਰਗ, ਜੋ ਗੋਡੇ ਦੀ ਸੱਟ ਤੋਂ ਪੀੜਤ ਸੀ, ਨੇ ਮੈਚ ਵਿੱਚ ਜ਼ਬਰਦਸਤ ਜੋਸ਼ ਦਿਖਾਇਆ। ਆਪਣੇ ਕੈਰੀਅਰ ਦਾ ਆਖਰੀ ਮੈਚ ਆਪਣੇ ਜੱਦੀ ਸ਼ਹਿਰ ਅਟਲਾਂਟਾ ਵਿੱਚ ਖੇਡਿਆ। ਉਸਨੂੰ ਆਪਣੇ ਕੈਰੀਅਰ ਦੇ ਆਖਰੀ ਮੈਚ ਵਿੱਚ ਹਾਰ ਦਾ ਸਾਹਮਣਾ ਕਰਨਾ ਪਿਆ। ਉਸਨੇ ਆਪਣੇ ਕੈਰੀਅਰ ਦੇ ਆਖਰੀ ਮੈਚ ਤੋਂ ਬਾਅਦ ਪ੍ਰਸ਼ੰਸਕਾਂ ਦਾ ਧੰਨਵਾਦ ਕਰਦਿਆਂ ਕਿਹਾ, “ ਸਭ ਤੋਂ ਪਹਿਲਾਂ, ਮੈਂ ਅਟਲਾਂਟਾ ਵਿੱਚ ਬਹੁਤ ਘੱਟ ਮੈਚ ਹਾਰਦਾ ਹਾਂ, ਇਸ ਲਈ ਉਸ ਪ੍ਰਦਰਸ਼ਨ ਲਈ ਮਾਫ਼ ਕਰਨਾ। ਦੁਨੀਆ ਭਰ ਦੇ ਮੇਰੇ ਪ੍ਰਸ਼ੰਸਕਾਂ ਅਤੇ ਪਰਿਵਾਰ ਦਾ ਧੰਨਵਾਦ। ਅਟਲਾਂਟਾ ਦੇ ਪ੍ਰਸ਼ੰਸਕਾਂ ਨੇ ਹਮੇਸ਼ਾ ਮੈਨੂੰ ਪਿਆਰ ਕੀਤਾ ਹੈ, ਅਤੇ ਮੈਂ ਤੁਹਾਡੇ ਸਾਰਿਆਂ ਤੋਂ ਬਿਨਾਂ ਇੰਨੀ ਦੂਰ ਨਹੀਂ ਪਹੁੰਚ ਸਕਦਾ ਸੀ। ਤੁਹਾਨੂੰ ਸਾਰਿਆਂ ਨੂੰ ਬਹੁਤ ਪਿਆਰ।”

ਗੋਲਡਬਰਗ ਦਾ ਡਬਲਯੂ.ਡਬਲਯੂ.ਈ. ਸਫ਼ਰ ਬਹੁਤ ਵਧੀਆ ਰਿਹਾ। ਗੋਲਡਬਰਗ ਨੇ 1997 ਵਿੱਚ ਡਬਲਯੂ.ਸੀ.ਡਬਲਯੂ. ਨਾਲ ਆਪਣੀ ਪੇਸ਼ੇਵਰ ਕੁਸ਼ਤੀ ਦੀ ਸ਼ੁਰੂਆਤ ਕੀਤੀ। ਉਸਨੇ ਲਗਾਤਾਰ 173 ਮੈਚਾਂ ਤੱਕ ਅਜੇਤੂ ਰਹਿਣ ਦਾ ਰਿਕਾਰਡ ਬਣਾਇਆ, ਜੋ ਉਸ ਸਮੇਂ ਇੱਕ ਇਤਿਹਾਸਕ ਪ੍ਰਾਪਤੀ ਸੀ। ਡਬਲਯੂ.ਡਬਲਯੂ.ਈ. ਵਿੱਚ ਵਾਪਸੀ ਤੋਂ ਬਾਅਦ, ਉਸਨੇ ਪੰਜ ਵਾਰ ਵਿਸ਼ਵ ਖਿਤਾਬ ਜਿੱਤਿਆ, ਜਿਸ ਵਿੱਚ ਦੋ ਵਾਰ ਯੂਨੀਵਰਸਲ ਚੈਂਪੀਅਨ ਬਣਨਾ ਵੀ ਸ਼ਾਮਲ ਹੈ। ਉਸਨੂੰ 2017 ਵਿੱਚ ਡਬਲਯੂ.ਡਬਲਯੂ.ਈ. ਹਾਲ ਆਫ਼ ਫੇਮ ਵਿੱਚ ਸ਼ਾਮਲ ਕੀਤਾ ਗਿਆ ਸੀ। ਉਸਨੇ ਆਖਰੀ ਵਾਰ 2020 ਵਿੱਚ ‘ਦ ਫਿਏਂਡ’ ਬ੍ਰੇ ਵਿਆਟ ਨੂੰ ਹਰਾ ਕੇ ਚੈਂਪੀਅਨਸ਼ਿਪ ਜਿੱਤੀ ਸੀ।

# ‘ਬਾਰਡਰ-2’ ਵਿੱਚ ਫ਼ਲਾਇੰਗ ਅਫ਼ਸਰ ਨਿਰਮਲਜੀਤ ਸਿੰਘ ਸੇਖੋਂ ਦੀ ਭੂਮਿਕਾ ’ਚ ਨਜ਼ਰ ਆਵੇਗਾ ਦਿਲਜੀਤ ਦੋਸਾਂਝ




**ਗੌਤਮ ਰਿਸ਼ੀ**

ਦਿਲਜੀਤ ਦੋਸਾਂਝ ਹੁਣ ਆਪਣੀ ਆਉਣ ਵਾਲੀ ਹਿੰਦੀ ਫ਼ਿਲਮ ‘ਬਾਰਡਰ 2’ ਲਈ ਚਰਚਾ ਵਿੱਚ ਹੈ। ਉਹ ਭਾਰਤ-ਪਾਕਿਸਤਾਨ ਦੇ 1971 ਦੇ ਯੁੱਧ ’ਤੇ ਆਧਾਰਿਤ ਫ਼ਿਲਮ ‘ਬਾਰਡਰ-2’ ਵਿੱਚ ਫ਼ਲਾਇੰਗ ਅਫ਼ਸਰ ਨਿਰਮਲਜੀਤ ਸਿੰਘ ਸੇਖੋਂ ਦੀ ਭੂਮਿਕਾ ਵਿੱਚ ਨਜ਼ਰ ਆਵੇਗਾ। ਸ਼ਹੀਦ ਨਿਰਮਲਜੀਤ ਸਿੰਘ ਸੇਖੋਂ ਭਾਰਤੀ ਹਵਾਈ ਸੈਨਾ ਦਾ ਇਕਲੌਤਾ ਅਜਿਹਾ ਅਧਿਕਾਰੀ ਹੈ ਜਿਸ ਨੂੰ ਪਰਮਵੀਰ ਚੱਕਰ ਪ੍ਰਾਪਤ ਹੈ।

ਇਹ ਫ਼ਿਲਮ 1997 ਦੀ ਹਿੱਟ ਫ਼ਿਲਮ ‘ਬਾਰਡਰ’ ਦਾ ਸੀਕੁਏਲ ਹੈ ਜੋ 1971 ਦੇ ਭਾਰਤ-ਪਾਕਿਸਤਾਨ ਯੁੱਧ ਦੇ ਦੌਰਾਨ ਲੌਂਗੇਵਾਲਾ ਦੀ ਲੜਾਈ ’ਤੇ ਆਧਾਰਿਤ ਸੀ। ‘ਬਾਰਡਰ 2’ ਵਿੱਚ ਦਿਲਜੀਤ ਦੋਸਾਂਝ ਤੋਂ ਇਲਾਵਾ ਸੰਨੀ ਦਿਓਲ, ਵਰੁਣ ਧਵਨ ਅਤੇ ਅਹਾਨ ਸ਼ੈਟੀ ਵੀ ਹਨ। ਇਹ ਫ਼ਿਲਮ ਅਗਲੇ ਸਾਲ ਗਣਤੰਤਰ ਦਿਵਸ ’ਤੇ ਰਿਲੀਜ਼ ਹੋਵੇਗੀ।

ਫ਼ਲਾਇੰਗ ਅਫ਼ਸਰ ਨਿਰਮਲਜੀਤ ਸਿੰਘ ਸੇਖੋਂ ਦਾ ਜਨਮ 17 ਜੁਲਾਈ 1943 ਨੂੰ ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਈਸੇਵਾਲ ਵਿੱਚ ਹੋਇਆ ਸੀ। ਉਸ ਦੇ ਪਿਤਾ ਫ਼ਲਾਈਟ ਲੈਫ਼ਟੀਨੈਂਟ ਤਰਲੋਕ ਸਿੰਘ ਸੇਖੋਂ ਸੀ ਜਿਨ੍ਹਾਂ ਤੋਂ ਪ੍ਰੇਰਿਤ ਹੋ ਕੇ ਹੀ ਨਿਰਮਲਜੀਤ ਸਿੰਘ ਨੇ ਇਸ ਪੇਸ਼ੇ ਨੂੰ ਅਪਣਾਇਆ ਸੀ। 1967 ਵਿੱਚ ਉਹ ਪਾਇਲਟ ਵਜੋਂ ਭਰਤੀ ਹੋਇਆ ਅਤੇ ਚਾਰ ਸਾਲ ਦੀ ਮਿਹਨਤ ਤੋਂ ਬਾਅਦ ਏਅਰ ਫ਼ੋਰਸ ਨੇ ਉਸ ਨੂੰ ਫ਼ਲਾਇੰਗ ਅਫ਼ਸਰ ਵਜੋਂ ਨਿਯੁਕਤ ਕੀਤਾ।



ਭਾਰਤ ਪਾਕਿਸਤਾਨ ਦਰਮਿਆਨ 1971 ਦੇ ਯੁੱਧ ਮੌਕੇ 14 ਦਸੰਬਰ ਨੂੰ ਪਾਕਿਸਤਾਨੀ ਹਵਾਈ ਸੈਨਾ ਨੇ ਧਾਵਾ ਬੋਲ ਦਿੱਤਾ। ਨਿਰਮਲਜੀਤ ਸਿੰਘ ਸੇਖੋਂ ਨੇ ਪਾਕਿਸਤਾਨ ਦੇ 6 ਲੜਾਕੂ ਐੱਫ਼-86 ਜਹਾਜ਼ਾਂ ਦਾ ਇਕੱਲਿਆਂ ਸਾਹਮਣਾ ਕੀਤਾ। ਉਸ ਵੱਲੋਂ ਵਿਖਾਈ ਬਹਾਦਰੀ ਕਾਰਨ ਹੀ ਭਾਰਤ ਸ੍ਰੀਨਗਰ ਏਅਰ ਬੇਸ ਨੂੰ ਬਚਾਉਣ ਵਿੱਚ ਸਫ਼ਲ ਰਿਹਾ। ਟੀਮ ਦੀ ਕਮਾਂਡ ਫ਼ਲਾਇੰਗ ਅਫ਼ਸਰ ਘੁੰਮਣ ਦੇ ਹੱਥ ਵਿੱਚ ਸੀ। ਹਰ ਪਾਸਿਓਂ ਬੰਬ ਡਿੱਗ ਰਹੇ ਸਨ। ਖ਼ਤਰਾ ਕਾਫ਼ੀ ਸੀ, ਪਰ ਦੋਵਾਂ ਨੇ ਆਪਣੇ ਆਪਣੇ ਹਵਾਈ ਜਹਾਜ਼ ਸੰਭਾਲੇ ਅਤੇ ਉਡਾਣ ਭਰੀ। ਉਡਾਣ ਭਰਨ ਤੋਂ ਬਾਅਦ ਧੁੰਦ ਕਾਰਨ ਲੈਫ਼ਟੀਨੈਂਟ ਘੁੰਮਣ ਨੂੰ ਸਾਹਮਣੇ ਤੋਂ ਵੇਖਣਾ ਔਖਾ ਹੋ ਗਿਆ, ਮੁਕਾਬਲੇ ਵੀ ਚਾਰੇ ਪਾਸੇ ਤੋਂ ਹੋ ਰਹੇ ਸਨ।

ਚਾਰੇ ਪਾਸੇ ਤੋਂ ਘਿਰੇ ਹੋਣ ਦੇ ਬਾਵਜੂਦ ਨਿਰਮਲਜੀਤ ਸਿੰਘ ਸੇਖੋਂ ਨੇ ਪਾਕਿਸਤਾਨ ਦੇ ਚਾਰ ਜਹਾਜ਼ਾਂ ਨੂੰ ਪੂਰੀ ਤਰ੍ਹਾਂ ਉਲਝਾਈ ਰੱਖਿਆ। ਉਹ ਵਾਰ-ਵਾਰ ਸੇਖੋਂ ਦੇ ਜਹਾਜ਼ ਨੂੰ ਨਿਸ਼ਾਨਾ ਬਣਾਉਣ ਤੋਂ ਖੁੰਝ ਰਹੇ ਸਨ। ਜਦੋਂ ਸੇਖੋਂ ਦੇ ਜੈੱਟ ’ਤੇ ਨਿਸ਼ਾਨਾ ਵੱਜਿਆ ਤਾਂ ਏਅਰ ਟਰੈਫ਼ਿਕ ਨੂੰ ਸੰਭਾਲ ਰਹੇ ਸਕੁਐਡਰਨ ਲੀਡਰ ਵੀਰੇਂਦਰ ਸਿੰਘ ਪਠਾਨੀਆ ਨੇ ਉਨ੍ਹਾਂ ਨੂੰ ਬੇਸ ’ਤੇ ਵਾਪਸ ਆਉਣ ਲਈ ਕਿਹਾ। ਜਦੋਂ ਕਿ ਨਿਰਮਲਜੀਤ ਸਿੰਘ ਸੇਖੋਂ ਨੇ ਹਮਲੇ ਦਾ ਟਾਕਰਾ ਕਰਨਾ ਜਾਰੀ ਰੱਖਿਆ। ਇਸ ਤੋਂ ਬਾਅਦ ਜੈੱਟ ਤੋਂ ਇੱਕ ਹੋਰ ਧਮਾਕਾ ਹੋਇਆ ਅਤੇ ਪਾਕਿਸਤਾਨ ਦੇ ਸੇਬਰ ਜੈੱਟ ਦੇ ਤਬਾਹ ਹੋਣ ਦੀ ਆਵਾਜ਼ ਆਈ। ਨਿਸ਼ਾਨਾ ਫ਼ਿਰ ਲੱਗਿਆ ਅਤੇ ਨਿਰਮਲਜੀਤ ਸਿੰਘ ਸੇਖੋਂ ਨੇ ਪਾਕਿਸਤਾਨ ਦਾ ਇੱਕ ਹੋਰ ਸੇਬਰ ਜੈੱਟ ਜ਼ਮੀਨ ’ਤੇ ਮਾਰ ਸੁੱਟਿਆ। ਨਿਰਮਲਜੀਤ ਸਿੰਘ ਸੇਖੋਂ ਆਪਣੇ ਸਾਥੀ ਲੈਫ਼ਟੀਨੈਂਟ ਘੁੰਮਣ ਨੂੰ ਵਾਇਰਲੈਸ ਮੈਸਜ਼ ਭੇਜ ਰਹੇ ਸਨ, “ਸ਼ਾਇਦ ਮੇਰਾ ਜੈੱਟ ਵੀ ਨਿਸ਼ਾਨੇ ’ਤੇ ਆ ਗਿਆ ਹੈ, ਘੁੰਮਣ ਹੁਣ ਤੁਸੀਂ ਮੋਰਚਾ ਸੰਭਾਲੋ।” ਇਸ ਉਪਰੰਤ ਨਿਰਮਲਜੀਤ ਸਿੰਘ ਸੇਖੋਂ ਦਾ ਜੈੱਟ ਦੁਰਘਟਨਾ ਦਾ ਸ਼ਿਕਾਰ ਹੋ ਗਿਆ, ਜਿਸ ਦੌਰਾਨ ਉਹ ਸ਼ਹੀਦ ਹੋ ਗਏ। ਉਸ ਸਮੇਂ ਉਸ ਦੀ ਉਮਰ ਸਿਰਫ਼ 26 ਸਾਲ ਸੀ। ਨਿਰਮਲਜੀਤ ਸਿੰਘ ਸੇਖੋਂ ਦੀ ਬਹਾਦਰੀ ਅਤੇ ਦੇਸ਼ ਲਈ ਦਿੱਤੀ ਕੁਰਬਾਨੀ ਨੂੰ ਹਮੇਸ਼ਾਂ ਯਾਦ ਰੱਖਿਆ ਜਾਵੇਗਾ। ਫ਼ਿਲਮ ‘ਬਾਰਡਰ 2’ ਰਾਹੀਂ ਇਸ ਬਹਾਦਰੀ ਭਰੇ ਕਾਰਨਾਮੇ ਨੂੰ ‘ਬਾਰਡਰ 2’ ਰਾਹੀਂ ਮੁੜ ਸਿਰਜਿਆ ਜਾ ਰਿਹਾ ਹੈ ਤਾਂ ਜੋ ਨਵੀਂ ਪੀੜ੍ਹੀ ਨੂੰ ਇਸ ਬਹਾਦਰੀ ਤੋਂ ਜਾਣੂ ਕਰਾਇਆ ਜਾ ਸਕੇ। ਇਸ ਦਾ ਨਿਰਦੇਸ਼ਨ ਅਨੁਰਾਗ ਸਿੰਘ ਵੱਲੋਂ ਕੀਤਾ ਜਾ ਰਿਹਾ ਹੈ।



# ਆਰਿਫ਼ ਲੋਹਾਰ ਨੇ ਗਾਇਕੀ ਨਾਲ ਸਰੋਤੇ ਕੀਲੇ

ਅਮਰੀਕਾ ਦੇ ਸ਼ਹਿਰ ਮਨਾਸਸ ਦੀ ਜੌਰਜ ਮੇਸਨ ਯੂਨੀਵਰਸਿਟੀ ਦੇ ਆਡੀਟੋਰੀਅਮ ਵਿੱਚ ਦੋਵਾਂ ਪੰਜਾਬਾਂ ਦੇ ਭਾਈਚਾਰੇ ਵੱਲੋਂ ਪਾਕਿਸਤਾਨੀ ਗਾਇਕ ਤੇ ਜੁਗਨੀ ਕਿੰਗ ਵਜੋਂ ਮਸ਼ਹੂਰ ਆਰਿਫ਼ ਲੋਹਾਰ ਦਾ ਸ਼ੋਅ ਕਰਵਾਇਆ ਗਿਆ। ਪੰਜਾਬੀ ਨੂੰ ਪਿਆਰ ਕਰਨ ਵਾਲੇ ਵੱਡੀ ਗਿਣਤੀ ਸਰੋਤੇ ਆਰਿਫ਼ ਲੋਹਾਰ ਨੂੰ ਸੁਣਨ ਲਈ ਪੁੱਜੇ। ਇਸ ਮੌਕੇ ਉਸਨੇ ਆਪਣੇ ਨਵੇਂ ਪੁਰਾਣੇ ਗੀਤਾਂ ਨਾਲ ਆਪਣੀ ਜੋਸ਼ੀਲੀ ਅਤੇ ਸੁਰੀਲੀ ਗਾਇਕੀ ਨਾਲ ਲੋਹਾ ਮਨਵਾਇਆ। ਸ਼ੋਅ ਦਾ ਅਨੰਦ ਮਾਨਣ ਲਈ ਚੇਅਰਮੈਨ ਜਸਦੀਪ ਸਿੰਘ ਜੱਸੀ ਦੀ ਅਗਵਾਈ ’ਚ ਸਿੱਖਸ ਆਫ ਅਮਰੀਕਾ ਦੀ ਟੀਮ ਵੀ ਵਿਸ਼ੇਸ਼ ਤੌਰ ’ਤੇ ਸ਼ਾਮਿਲ ਹੋਈ। ਇਸ ਮੌਕੇ ਮੈਰੀਲੈਂਡ ਦੇ ਗਵਰਨਰ ਵੈੱਸ ਮੋਰ ਨੇ ਆਰਿਫ਼ ਲੋਹਾਰ ਲਈ ਇੱਕ ਸਾਈਟੇਸ਼ਨ ਭੇਜੀ ਜੋ ਸਿੱਖਸ ਆਫ ਅਮਰੀਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਨੇ ਪੜ੍ਹ ਕੇ ਸੁਣਾਈ ਅਤੇ ਪ੍ਰੀਤ ਟੱਕਰ ਵਲੋਂ ਆਰਿਫ ਲੋਹਾਰ ਨੂੰ ਭੇਂਟ ਕੀਤੀ ਗਈ।

ਇਸ ਮੌਕੇ ਚੇਅਰਮੈਨ ਜਸਦੀਪ ਸਿੰਘ ਜੱਸੀ ਨੇ ਸਰੋਤਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੋਵਾਂ ਪੰਜਾਬਾਂ ਦੇ ਲੋਕ ਆਪਸ ਵਿੱਚ ਪਿਆਰ ਕਰਦੇ ਹਨ, ਇਸ ਲਈ ਦੋਵਾਂ ਦੇਸ਼ਾਂ ਵਿਚ ਸ਼ਾਂਤੀ ਦਾ ਸਥਾਪਿਤ ਹੋਣਾ ਬਹੁਤ ਜ਼ਰੂਰੀ ਹੈ। ਉਹਨਾਂ ਕਿਹਾ ਕਿ ਉਹ ਜਿੱਥੇ ਅਕਾਲ ਪੁਰਖ ਅੱਗੇ ਦੋਵਾਂ ਦੇਸ਼ਾਂ ਵਿੱਚ ਸਬੰਧਾਂ ਦੇ ਸੁਧਰਨ ਦੀ ਅਰਦਾਸ ਕਰਦੇ ਹਨ ਉੱਥੇ ਦੋਵਾਂ ਸਰਕਾਰਾਂ ਨੂੰ ਵੀ ਬੇਨਤੀ ਕਰਦੇ ਹਨ ਕਿ ਭਵਿੱਖ ਵਿੱਚ ਸਿਆਸੀ ਨਫ਼ਰਤ ਨੂੰ ਘੱਟ ਕੀਤਾ ਜਾਵੇ। ਇਸ ਮੌਕੇ ਆਰਿਫ਼ ਲੋਹਾਰ ਨੇ ਵੀ ਹਾਮੀ ਭਰਦਿਆਂ ਦੋਵਾਂ ਮੁਲਕਾਂ ’ਚ ਸ਼ਾਂਤੀ ਅਤੇ ਆਪਸੀ ਭਾਈਚਾਰੇ ਸਾਂਝ ਦੇ ਨਵੇਂ ਯੁੱਗ ਦੀ ਸ਼ੁਰੂਆਤ ਦੀ ਦੁਆ ਕੀਤੀ। ਅੰਤ ਵਿੱਚ ਆਰਿਫ਼ ਲੋਹਾਰ ਨੂੰ ਪ੍ਰਬੰਧਕਾਂ ਵਲੋਂ ਸਨਮਾਨਿਤ ਕੀਤਾ ਗਿਆ। ਇਸ ਸ਼ੋਅ ਦਾ ਸਰੋਤਿਆਂ ਨੇ ਮੁਕੰਮਲ ਅਨੰਦ ਮਾਣਿਆ।

# ਫ਼ਿਲਮਾਂ ਅਤੇ ਟੀ. ਵੀ. ਸੀਰੀਅਲਾਂ ਦਾ ਦਰਸ਼ਕਾਂ ’ਤੇ ਪੈ ਰਿਹਾ ਪ੍ਰਭਾਵ !

## ਸਮਾਜ ਅਤੇ ਸੱਭਿਆਚਾਰ ਨੂੰ ਵੀ ਪ੍ਰਭਾਵਿਤ ਕਰਦੇ ਹਨ ਫ਼ਿਲਮਾਂ ਅਤੇ ਟੀ. ਵੀ. ਸੀਰੀਅਲ

ਭਾਰਤ ਦੀ ਫ਼ਿਲਮ ਨਗਰੀ ਮੁੰਬਈ ਦੀ ਚਕਾਂਚੌਂਧ ਭਰੀ ਦੁਨੀਆਂ ਦਾ ਇੱਕ ਹਨੇਰਾ ਪੱਖ ਇਹ ਵੀ ਹੈ ਕਿ ਫ਼ਿਲਮਾਂ, ਟੀ.ਵੀ. ਸੀਰੀਅਲਾਂ, ਨਾਟਕਾਂ ਅਤੇ ਅਜਿਹੀਆਂ ਹੀ ਵੀਡੀਓਜ਼ ਦਾ ਆਮ ਲੋਕਾਂ ਤੇ ਅਕਸਰ ਮਾੜਾ ਅਸਰ ਪੈਂਦਾ ਹੈ। ਅਕਸਰ ਹੀ ਫ਼ਿਲਮਾਂ ’ਚ ਨੂੰਹ ਸੱਸ ਦੇ ਵਿਵਾਦ ਨੂੰ ਉਭਾਰਿਆ ਜਾਂਦਾ ਹੈ ਜਾਂ ਫਿਰ ਪਰਿਵਾਰਕ ਮੈਂਬਰਾਂ ਨੂੰ ਹੀ ਇੱਕ ਦੂਜੇ ਵਿਰੁੱਧ ਸਾਜ਼ਿਸ਼ਾਂ ਕਰਦੇ ਦਿਖਾਇਆ ਜਾਂਦਾ ਹੈ, ਜਿਸ ਦਾ ਸਿੱਧਾ ਪ੍ਰਭਾਵ ਇਹਨਾਂ ਨੂੰ ਵੇਖਣ ਵਾਲੇ ਲੋਕਾਂ ’ਤੇ ਪੈਂਦਾ ਹੈ।

ਕੁਝ ਦਹਾਕੇ ਪਹਿਲਾਂ ਇਹ ਕਿਹਾ ਜਾਂਦਾ ਸੀ ਕਿ ਫ਼ਿਲਮਾਂ ਦਾ ਬੱਚਿਆਂ ’ਤੇ ਮਾੜਾ ਅਸਰ ਪੈਂਦਾ ਹੈ, ਇਸੇ ਕਾਰਨ ਲੋਕ ਸਿਨੇਮਾ ਵਿੱਚ ਫ਼ਿਲਮ ਦੇਖਣ ਜਾਂਦੇ ਸਮੇਂ ਆਪਣੇ ਬੱਚਿਆਂ ਨੂੰ ਨਾਲ ਲੈ ਕੇ ਜਾਣ ਤੋਂ ਗੁਰੇਜ਼ ਕਰਦੇ ਸਨ ਪਰ ਹੁਣ ਤਾਂ ਕੇਬਲ ਸਿਸਟਮ ਅਤੇ ਡਿਸ਼ਾਂ ਨਾਲ ਹਰ ਘਰ ਵਿੱਚ ਹੀ ਇੱਕ ਤਰ੍ਹਾਂ ਛੋਟੇ ਸਿਨੇਮੇ ਬਣ ਗਏ ਹਨ, ਜਿਥੇ ਕਿ ਸਾਰਾ ਦਿਨ ਫਿਲਮਾਂ ਅਤੇ ਟੀ ਵੀ ਸੀਰੀਅਲ ਚਲਦੇ ਰਹਿੰਦੇ ਹਨ। ਆਮ ਤੌਰ ’ਤੇ ਹਿੰਦੀ ਸੀਰੀਅਲਾਂ ਵਿੱਚ ਨੂੰਹ ਸੱਸ ਦੇ ਵਿਵਾਦ ਏਨੇ ਜਿਆਦਾ ਦਿਖਾਏ ਜਾਂਦੇ ਹਨ ਕਿ ਇਹਨਾਂ ਦੇ ਅਸਰ ਹੇਠ ਕਈ ਘਰਾਂ ਵਿੱਚ ਨੂੰਹ ਅਤੇ ਸੱਸ ਵਿਚਾਲੇ ਵਿਵਾਦ ਪੈਦਾ ਹੋ ਜਾਂਦਾ ਹੈ। ਇਸ ਤੋਂ ਇਲਾਵਾ ਇਹਨਾਂ ਫਿਲਮਾਂ ਅਤੇ ਟੀ. ਵੀ. ਸੀਰੀਅਲਾਂ ਦਾ ਬੱਚਿਆਂ ਦੀ ਪੜ੍ਹਾਈ ’ਤੇ ਵੀ ਅਸਰ ਪੈਂਦਾ ਹੈ। ਫਿਲਮਾਂ ਅਤੇ ਟੀ. ਵੀ. ਸੀਰੀਅਲਾਂ ਵਿੱਚ ਵੇਖ ਕੇ ਹੀ ਕਈ ਨੌਜਵਾਨ ਅਪਰਾਧੀ ਬਣ ਜਾਂਦੇ ਹਨ। ਇਸ ਤੋਂ ਇਲਾਵਾ ਦਿਨ ਰਾਤ ਟੀ. ਵੀ. ਵੇਖਣ ਵਾਲਿਆਂ ਦੀਆਂ ਅੱਖਾਂ ਦੀ ਰੌਸ਼ਨੀ ਵੀ ਘੱਟ ਜਾਂਦੀ ਹੈ।



ਫ਼ਿਲਮਾਂ ਅਤੇ ਟੈਲੀਵਿਜ਼ਨ ਲੋਕਾਂ ਦੀ ਜੀਵਨ ਸ਼ੈਲੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਬੁਨਿਆਦੀ ਪੱਧਰ ’ਤੇ, ਉਹ ਵੱਖ-ਵੱਖ ਤਰੀਕਿਆਂ ਨਾਲ ਅਤੇ ਵੱਖ-ਵੱਖ ਪ੍ਰੋਗਰਾਮਾਂ ਰਾਹੀਂ ਲੋਕਾਂ ਨੂੰ ਵੱਖ-ਵੱਖ ਚੀਜ਼ਾਂ ਬਾਰੇ ਸੂਚਿਤ ਕਰਦੇ ਹਨ।

ਦੂਜੇ ਸਿਰੇ ’ਤੇ, ਉਹ ਲੋਕਾਂ ਨੂੰ ਆਪਣੇ ਆਪ ਨੂੰ ਭਰੋਸਾ ਦਿਵਾਉਣ ਅਤੇ ਉਨ੍ਹਾਂ ਦੀਆਂ ਆਵਾਜ਼ਾਂ ਸੁਣਨ ਦੇਣ ਦੇ ਉਦੇਸ਼ ਦੀ ਪੂਰਤੀ ਕਰਦੇ ਹਨ। ਟੈਲੀਵਿਜ਼ਨ, ਖਾਸ ਤੌਰ ’ਤੇ, ਜਨ ਸੰਚਾਰ ਦੇ ਹੋਰ ਸਾਧਨਾਂ, ਖਾਸ ਤੌਰ ’ਤੇ ਸ਼ਹਿਰੀ ਭਾਰਤ ਵਿੱਚ ਸਰਵਉੱਚ ਰਾਜ ਕਰਦਾ ਹੈ। ਅਨਪੜ੍ਹਤਾ ਦੀ ਉੱਚ ਦਰ ਵਾਲੇ ਦੇਸ਼ ਵਿੱਚ, ਫ਼ਿਲਮਾਂ ਅਤੇ ਸੀਰੀਅਲ ਸੂਚਨਾ ਦੇ ਨਾਲ-ਨਾਲ ਮਨੋਰੰਜਨ ਵੀ ਕਰਦੇ ਹਨ। ਉਹ ਆਬਾਦੀ ਦੇ ਇੱਕ ਵੱਡੇ ਹਿੱਸੇ ਤੱਕ ਪਹੁੰਚਦੇ ਹਨ।

ਤਕਨਾਲੋਜੀ ਦੀ ਤਰੱਕੀ ਨੇ ਮਾਸ ਮੀਡੀਆ ਨੂੰ ਲੋਕਾਂ ਤੱਕ ਪਹੁੰਚਯੋਗ ਬਣਾ ਦਿੱਤਾ ਹੈ। ਮਾਸ ਮੀਡੀਆ, ਖਾਸ ਤੌਰ ’ਤੇ ਇਲੈਕਟ੍ਰਾਨਿਕ ਮੀਡੀਆ, ਲੋਕਾਂ ’ਤੇ ਆਪਣਾ ਪ੍ਰਭਾਵ ਬਣਾਉਣ ਵਿਚ ਤੇਜ਼ੀ ਨਾਲ ਕੰਮ ਕਰਦਾ ਹੈ ਅਤੇ ਪ੍ਰਭਾਵ ਲੰਬੇ ਸਮੇਂ ਤੱਕ ਵੀ ਹੁੰਦਾ ਹੈ। ਟੈਲੀਵਿਜ਼ਨ ਸਮੂਹ ਦਰਸ਼ਕਾਂ ਨੂੰ ਆਕਰਸ਼ਿਤ ਕਰਨ ਲਈ ਇੱਕ ਸ਼ਕਤੀਸ਼ਾਲੀ ਮਾਧਿਅਮ ਹੈ - ਇਹ ਉਮਰ, ਲਿੰਗ, ਆਮਦਨ ਜਾਂ ਵਿਦਿਅਕ ਪੱਧਰ ਦੀ ਪਰਵਾਹ ਕੀਤੇ ਬਿਨਾਂ ਲੋਕਾਂ ਤੱਕ ਪਹੁੰਚਦਾ ਹੈ। ਇਸ ਤੋਂ ਇਲਾਵਾ, ਟੈਲੀਵਿਜ਼ਨ ਦ੍ਰਿਸ਼ਟੀ ਅਤੇ ਆਵਾਜ਼ ਪ੍ਰਦਾਨ ਕਰਦਾ ਹੈ, ਅਤੇ ਇਹ ਲੋਕਾਂ ਅਤੇ ਉਤਪਾਦਾਂ ਦੀ ਇੱਕ ਨਾਟਕੀ ਅਤੇ ਜੀਵਨ-ਵਰਗੀ ਪ੍ਰਤੀਨਿਧਤਾ ਹੈ।

ਸਾਲਾਂ ਦੌਰਾਨ, ਰੇਡੀਓ ਅਤੇ ਟੀ.ਵੀ. ਵਿਭਿੰਨਤਾ ਅਤੇ ਸਮੱਗਰੀ ਵਿੱਚ ਵਿਕਸਤ ਹੋਏ ਹਨ। ਫਿਰ ਵੀ, ਪੇਸ਼ ਕੀਤੇ ਜਾਣ ਵਾਲੇ ਮਨੋਰੰਜਨ ਦੀ ਕਿਸਮ ਮੁੱਖ ਤੌਰ ’ਤੇ ਸੱਭਿਆਚਾਰਕ ਹੈ। ਭਾਰਤ ਵਿੱਚ ਫਿਲਮ ਅਤੇ ਟੀਵੀ ਮਨੋਰੰਜਨ ਉਦਯੋਗ ਦੇ ਕੁਝ ਹਿੱਸਿਆਂ ਦੇ ਨਾਲ ਚੌਵੀ ਘੰਟੇ ਚਲਾਇਆ ਜਾਂਦਾ ਹੈ। ਜਿੱਥੋਂ ਤੱਕ ਟੀ.ਵੀ. ਦਾ ਸਬੰਧ ਹੈ, ਇਹ ਦੂਰਦਰਸ਼ਨ ਹੀ ਸੀ ਜਿਸ ਨੇ 1990 ਦੇ ਦਹਾਕੇ ਅਤੇ ਉਦਾਰੀਕਰਨ ਦੇ ਦੌਰ ਤੱਕ ਸਾਡਾ ਮਨੋਰੰਜਨ ਕੀਤਾ। ਦੂਰਦਰਸ਼ਨ ’ਤੇ ਪ੍ਰੋਗਰਾਮਾਂ ਦੀ ਚੰਗੀ ਮੇਲ-ਜੋਲ ਸੀ, ਕਿਉਂਕਿ ਸਰਕਾਰੀ ਮਾਲਕੀ ਵਾਲੇ ਚੈਨਲ ਨੂੰ ਸਿੱਖਿਅਤ ਦੇ ਨਾਲ-ਨਾਲ ਦੇਸ਼ ਦੇ ਮਨੋਰੰਜਨ ਦੀ ਜ਼ਿੰਮੇਵਾਰੀ ਵੀ ਨਿਭਾਉਣੀ ਪੈਂਦੀ ਸੀ। ਕੁਝ ਦਹਾਕੇ ਪਹਿਲਾਂ ਟੀ.ਵੀ. ’ਤੇ ਖੇਤੀਬਾੜੀ ਦਰਸ਼ਨ, ਭਾਰਤ ਦੀ ਕਲਾ ਅਤੇ ਸੱਭਿਆਚਾਰਕ ਵਿਰਾਸਤ ਦੇ ਨਾਲ-ਨਾਲ ਖੇਤਰ ਵਿੱਚ ਸਮਕਾਲੀ ਘਟਨਾਵਾਂ ਨੂੰ ਦਰਸਾਉਂਦੇ ਪ੍ਰੋਗਰਾਮ, ਬੱਚਿਆਂ ਅਤੇ ਔਰਤਾਂ ਲਈ ਕਾਰਟੂਨ ਪ੍ਰੋਗਰਾਮ ਅਤੇ ਨੌਜਵਾਨ-ਅਧਾਰਿਤ ਪ੍ਰੋਗਰਾਮਾਂ ਨੂੰ ਫਿਲਮ-ਅਧਾਰਤ ਪ੍ਰੋਗਰਾਮਾਂ ਨਾਲ ਜੋੜਿਆ ਗਿਆ ਸੀ ਜੋ ਸ਼ੁੱਧ ਮਨੋਰੰਜਨ ਕਰਦੇ ਸਨ। ਚਿੱਤਰਹਾਰ, ਖੇਤਰੀ ਅਤੇ ਹਿੰਦੀ ਵੀਕਐਂਡ ਫਿਲਮਾਂ ਵੀ ਦਿਖਾਈਆਂ ਜਾਂਦੀਆਂ ਸਨ ਪਰ ਅੱਜ ਕੱਲ ਤਾਂ ਕਈ ਪ੍ਰਾਈਵੇਟ ਚੈਨਲਾਂ ’ਤੇ ਜਾਂ ਤਾਂ ਅੰਧਵਿਸ਼ਵਾਸ ਫੈਲਾਉਣ ਵਾਲੇ ਸੀਰੀਅਲ ਪੇਸ਼ ਕੀਤੇ ਜਾਂਦੇ ਹਨ ਜਾਂ ਫਿਰ ਸਾਜ਼ਿਸ਼ਾਂ ਹੀ ਸਾਜ਼ਿਸ਼ਾਂ ਦਿਖਾਈਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਕਈ ਚੈਨਲਾਂ ’ਤੇ ਸ਼ਰੇਆਮ ਅਸ਼ਲੀਲਤਾ ਪਰੋਸੀ ਜਾਂਦੀ ਹੈ। ਹੋਰ ਤਾਂ ਹੋਰ ਹੁਣ ਤਾਂ ਸਪੋਰਟਸ ਚੈਨਲਾਂ ’ਤੇ ਵੀ ਚੀਅਰ ਲੀਡਰਜ਼ ਦਿਖਾਈਆਂ ਜਾਂਦੀਆਂ ਹਨ, ਜਿਹਨਾਂ ਨੇ ਅਜਿਹਾ ਪਹਿਰਾਵਾ ਪਾਇਆ ਹੁੰਦਾ ਹੈ, ਜੋ ਕਿ ਕਈ ਵਾਰ ਬੱਚਿਆਂ ਅਤੇ ਨੌਜਵਾਨਾਂ ਪਰ ਮਾਰੂ ਅਸਰ ਕਰਦਾ ਹੈ। ਹਿੰਦੀ ਅਤੇ ਹੋਰ ਭਾਰਤੀ ਭਾਸ਼ਾ ਦੀਆਂ ਫਿਲਮਾਂ ਵਿੱਚ ਸੈਕਸ ਅਤੇ ਹਿੰਸਾ ਦੇ ਚਿਤਰਣ ਦੇ ਪ੍ਰਭਾਵਾਂ ਦੇ ਸਬੰਧ ਵਿੱਚ ਸੈਂਸਰਸ਼ਿਪ ਦੀ ਲੋੜ ਦੀ ਅਕਸਰ ਚਰਚਾ ਕੀਤੀ ਜਾਂਦੀ ਹੈ। ਇਸ ਮੁੱਦੇ ਨੂੰ ਇਸ ਦੇ ਸਮੁੱਚੇ ਪ੍ਰਭਾਵ ਦੇ ਵਿਆਪਕ ਸੰਦਰਭ ਵਿੱਚ ਦੇਖਣ ਅਤੇ ਸਮਾਜ ਵਿੱਚ ਹੋਰ ਤਬਦੀਲੀਆਂ ਨਾਲ ਜੋੜਨ ਦੀ ਲੋੜ ਹੈ। ਇਸ ਤੋਂ ਇਲਾਵਾ, ਇਸ ਮੁੱਦੇ ਨੂੰ ਨਾ ਸਿਰਫ਼ ਪ੍ਰਸਿੱਧ ਫੀਚਰ ਫ਼ਿਲਮਾਂ ਦੇ ਸੰਦਰਭ ਵਿੱਚ, ਸਗੋਂ ਟੀ.ਵੀ. ਪ੍ਰੋਗਰਾਮਾਂ, ਲਘੂ ਫ਼ਿਲਮਾਂ, ਵੀਡੀਓਜ਼ ਅਤੇ ਕਲਿੱਪਾਂ ਦੇ ਸੰਦਰਭ ਵਿੱਚ ਵੀ ਘੋਖਿਆ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਕਿਉਂਕਿ ਸੰਯੁਕਤ ਰਾਜ ਅਤੇ ਯੂਰਪ ਵਿੱਚ ਕੁਝ ਸਭ ਤੋਂ ਮਹੱਤਵਪੂਰਨ ਖੋਜਾਂ ਕੀਤੀਆਂ ਗਈਆਂ ਹਨ, ਸਾਨੂੰ ਇਸ ਖੋਜ ਨੂੰ ਵੀ (**ਬਾਕੀ ਸਫ਼ਾ 31 ’ਤੇ**)

## ਕੀ ਕਾਂਵੜ ਯਾਤਰਾ ਦੌਰਾਨ ਧਰਮ ਦੇ ਨਾਮ

ਇਹ ਗੁੰਡਾਗਰਦੀ ਸਿਆਸੀ ਸਰਪ੍ਰਸਤੀ ਵਿੱਚ ਹੋ ਰਹੀ ਹੈ।ਇਸ ਦੇ ਪਿੱਛੇ ਇੱਕ ਵੱਡੀ ਸਾਜਿਸ਼ ਦਿਖਦੀ ਹੈ। ਸੰਘ ਅਤੇ ਭਾਜਪਾ ਵਰਗੇ ਸੰਗਠਨ ਕਾਂਵੜ ਯਾਤਰਾ ਨੂੰ ਇੱਕ ਸਿਆਸੀ ਹਥਿਆਰ ਵਜੋਂ ਵਰਤ ਰਹੇ ਹਨ। ਇਹ ਯਾਤਰਾ ਹੁਣ ਸਿਰਫ਼ ਸ਼ਿਵ ਭਗਤੀ ਦੀ ਨਹੀਂ, ਸਗੋਂ ਹਿੰਦੂਤਵ ਦੀ ਸਿਆਸਤ ਦਾ ਮੰਚ ਬਣ ਗਈ ਹੈ। ਇਸ ਰਾਹੀਂ ਸਮਾਜ ਨੂੰ ਇਹ ਸੁਨੇਹਾ ਦਿੱਤਾ ਜਾ ਰਿਹਾ ਹੈ ਕਿ ਇਹ ਦੇਸ਼ ਸਭ ਤੋਂ ਪਹਿਲਾਂ ਹਿੰਦੂਆਂ ਦਾ ਹੈ, ਅਤੇ ਬਾਕੀ ਸਾਰੇ ਧਰਮ ਦੂਜੇ ਦਰਜੇ ਦੇ ਨਾਗਰਿਕ ਹਨ। ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਣ ਦਾ ਮਕਸਦ ਸਿਰਫ਼ ਨਫ਼ਰਤ ਫ਼ੈਲਾਉਣਾ ਨਹੀਂ, ਸਗੋਂ ਉਨ੍ਹਾਂ ਨੂੰ ਸਮਾਜਿਕ ਅਤੇ ਆਰਥਿਕ ਤੌਰ 'ਤੇ ਹਾਸ਼ੀਏ 'ਤੇ ਧੱਕਣਾ ਹੈ। ਨੇਮ ਪਲੇਟ ਅਤੇ ਯੂ-ਆਰ ਕੋਡ ਵਰਗੇ ਹੁਕਮ ਇਸੇ ਸਾਜਿਸ਼ ਦਾ ਹਿੱਸਾ ਹਨ।

ਕਾਂਵੜ ਯਾਤਰਾ, ਜੋ ਕਦੇ ਸੇਵਾ ਅਤੇ ਭਗਤੀ ਦਾ ਪ੍ਰਤੀਕ ਸੀ, ਅੱਜ ਨਫ਼ਰਤ ਅਤੇ ਹਿੰਸਾ ਦਾ ਅਖਾੜਾ ਬਣ ਗਈ ਹੈ। ਇਸ ਦੇ ਬਾਵਜੂਦ, ਅਖਿਲ ਭਾਰਤੀ ਅਖਾੜਾ ਪ੍ਰੀਸ਼ਦ ਵਰਗੇ ਸੰਗਠਨ ਅਤੇ ਸੁਪਰੀਮ ਕੋਰਟ ਵਰਗੀਆਂ ਸੰਸਥਾਵਾਂ ਇਸ ਉਪਰ ਲਗਾਮ ਕਸਣ ਦੀ ਗੱਲ ਕਰ ਰਹੀਆਂ ਹਨ। ਪਰ ਜਦੋਂ ਤੱਕ ਸਿਆਸੀ ਸਰਪ੍ਰਸਤੀ ਅਤੇ ਨਫ਼ਰਤੀ ਸਾਜਿਸ਼ਾਂ 'ਤੇ ਰੋਕ ਨਹੀਂ ਲੱਗਦੀ, ਇਹ ਯਾਤਰਾ ਆਪਣੇ ਅਸਲੀ ਰੂਪ ਵਿੱਚ ਵਾਪਸ ਨਹੀਂ ਆ ਸਕਦੀ।

***

## ਕੈਨੇਡਾ ਜਾ ਸਕਣਗੇ ਹੁਣ ਪਰਵਾਸੀਆਂ

ਦੂਜੇ ਪਾਸੇ ਇਮੀਗ੍ਰੇਸ਼ਨ ਵਿਭਾਗ ਕੋਲ ਵਿਚਾਰ ਅਧੀਨ ਕੁਲ ਅਰਜ਼ੀਆਂ ਦਾ ਬੈਕਲਾਗ ਘਟ ਕੇ 8 ਲੱਖ ਹੋਣ ਦੀ ਰਿਪੋਰਟ ਹੈ ਜੋ ਕੁਝ ਸਮਾਂ ਪਹਿਲਾਂ 10 ਲੱਖ ਦੇ ਨੇੜੇ ਚੱਲ ਰਿਹਾ ਸੀ।ਸਭ ਤੋਂ ਜ਼ਿਆਦਾ ਕਮੀ ਟੈਂਪਰੇਰੀ ਰੈਜ਼ੀਡੈਂਸੀ ਵਾਲੀ ਸ਼੍ਰੇਣੀ ਵਿੱਚ ਆਈ ਹੈ ਅਤੇ ਇਸ ਵੇਲੇ ਬੈਕਲਾਗ ਵਿੱਚ ਤਕਰੀਬਨ 3.5 ਲੱਖ ਅਰਜ਼ੀਆਂ ਦੱਸੀਆਂ ਜਾ ਰਹੀਆਂ ਹਨ। ਇਸ ਦੇ ਉਲਟ ਪਰਮਾਨੈਂਟ ਰੈਜ਼ੀਡੈਂਸੀ ਵਾਲੀ ਸ਼੍ਰੇਣੀ ਵਿੱਚ ਅਰਜ਼ੀਆਂ ਦਾ ਬੈਕਲਾਗ 4 ਲੱਖ ਦੇ ਨੇੜੇ ਪੁੱਜ ਗਿਆ ਹੈ। ਸਿਟੀਜ਼ਨਸ਼ਿਪ ਅਰਜ਼ੀਆਂ ਦਾ ਜ਼ਿਕਰ ਕੀਤਾ ਜਾਵੇ ਤਾਂ ਕੁਲ 2.46 ਲੱਖ ਅਰਜ਼ੀਆਂ ਵਿਚੋਂ 46 ਹਜ਼ਾਰ ਬੈਕਲਾਗ ਵਿੱਚ ਮੰਨੀਆਂ ਜਾ ਰਹੀਆਂ ਹਨ।

***

## ਭਾਰਤ ਅਤੇ ਪਾਕਿ ਟਕਰਾਓ ਦੌਰਾਨ

ਦਫ਼ਤਰ, ਵ੍ਹਾਈਟ ਹਾਊਸ ਵਿਖੇ ਰਿਪਬਲਿਕਨ ਪਾਰਟੀ ਦੇ ਸੰਸਦ ਮੈਂਬਰਾਂ ਲਈ ਆਯੋਜਿਤ ਰਾਤ ਦੇ ਖਾਣੇ ਦੌਰਾਨ ਕਿਹਾ, 'ਇੱਕ ਪਾਸੇ ਭਾਰਤ ਸੀ ਅਤੇ ਦੂਜੇ ਪਾਸੇ ਪਾਕਿਸਤਾਨ। ਦੋਵਾਂ ਵਿਚਕਾਰ ਫ਼ੌਜੀ ਟਕਰਾਅ ਚੱਲ ਰਿਹਾ ਸੀ। ਜਹਾਜ਼ਾਂ ਨੂੰ ਡੇਗਿਆ ਜਾ ਰਿਹਾ ਸੀ... ਚਾਰ ਜਾਂ ਪੰਜ ਜਹਾਜ਼। ਮੈਨੂੰ ਲੱਗਦਾ ਹੈ ਕਿ ਅਸਲ ਵਿੱਚ ਪੰਜ ਜਹਾਜ਼ਾਂ ਨੂੰ ਡੇਗਿਆ ਗਿਆ ਸੀ... ਸਥਿਤੀ ਬਦ ਤੋਂ ਬਦਤਰ ਹੁੰਦੀ ਜਾ ਰਹੀ ਸੀ ?' ਉਨ੍ਹਾਂ ਕਿਹਾ, 'ਦੋਵਾਂ ਦੇਸ਼ਾਂ ਕੋਲ ਪਰਮਾਣੂ ਹਥਿਆਰ ਹਨ ਅਤੇ ਉਹ ਇੱਕ ਦੂਜੇ 'ਤੇ ਹਮਲਾ ਕਰ ਰਹੇ ਸਨ।' ਟਰੰਪ ਨੇ ਕਿਹਾ, 'ਭਾਰਤ ਅਤੇ ਪਾਕਿਸਤਾਨ ਇੱਕ ਦੂਜੇ ਨਾਲ ਟਕਰਾ ਰਹੇ ਸਨ ਅਤੇ ਸਥਿਤੀ ਗੰਭੀਰ ਹੁੰਦੀ ਜਾ ਰਹੀ ਸੀ। ਅਸੀਂ ਇਸਨੂੰ ਵਪਾਰ ਰਾਹੀਂ ਹੱਲ ਕੀਤਾ।' ਅਸੀਂ ਕਿਹਾ, 'ਤੁਸੀਂ ਲੋਕ ਇੱਕ ਵਪਾਰ ਸੌਦਾ ਕਰਨਾ ਚਾਹੁੰਦੇ ਹੋ। ਜੇਕਰ ਤੁਸੀਂ ਹਥਿਆਰਾਂ ਨਾਲ ਹਮਲਾ ਕਰਨ ਜਾ ਰਹੇ ਹੋ, ਸ਼ਾਇਦ ਪਰਮਾਣੂ ਹਥਿਆਰਾਂ ਨਾਲ ਤਾਂ ਅਸੀਂ ਵਪਾਰ ਸੌਦਾ ਨਹੀਂ ਕਰ ਸਕਾਂਗੇ। ਦੋਵੇਂ ਬਹੁਤ ਸ਼ਕਤੀਸ਼ਾਲੀ ਪ੍ਰਮਾਣੂ ਸ਼ਕਤੀਆਂ ਹਨ।'

ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪ੍ਰਸ਼ਾਸਨ ਨੇ ਛੇ ਮਹੀਨਿਆਂ ਵਿੱਚ ਇੰਨਾ ਕੁਝ ਪ੍ਰਾਪਤ ਕੀਤਾ ਹੈ, ਜੋ ਕੋਈ ਹੋਰ ਪ੍ਰਸ਼ਾਸਨ ਅੱਠ ਸਾਲਾਂ ਵਿੱਚ ਵੀ ਪ੍ਰਾਪਤ ਨਹੀਂ ਕਰ ਸਕਿਆ। ਟਰੰਪ ਨੇ ਕਿਹਾ, 'ਮੈਨੂੰ ਇਸ ਗੱਲ 'ਤੇ ਬਹੁਤ ਮਾਣ ਹੈ ਕਿ ਅਸੀਂ ਬਹੁਤ ਸਾਰੀਆਂ ਜੰਗਾਂ, ਬਹੁਤ ਸਾਰੀਆਂ ਜੰਗਾਂ ਨੂੰ ਰੋਕਿਆ ਅਤੇ ਇਹ ਗੰਭੀਰ ਜੰਗਾਂ ਸਨ।' ਟਰੰਪ 10 ਮਈ ਤੋਂ ਬਾਅਦ ਕਈ ਵਾਰ ਵੱਖ-ਵੱਖ ਮੌਕਿਆਂ 'ਤੇ ਦਾਅਵਾ ਕਰ ਚੁੱਕੇ ਹਨ ਕਿ ਉਨ੍ਹਾਂ ਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਫ਼ੌਜੀ ਟਕਰਾਅ ਨੂੰ ਖਤਮ ਕਰਨ ਵਿੱਚ ਮਦਦ ਕੀਤੀ ਹੈ ਅਤੇ ਦੋਵਾਂ ਦੇਸ਼ਾਂ ਨੂੰ ਕਿਹਾ ਹੈ ਕਿ ਜੇਕਰ ਉਹ ਟਕਰਾਅ ਨੂੰ ਰੋਕਦੇ ਹਨ, ਤਾਂ ਅਮਰੀਕਾ ਉਨ੍ਹਾਂ ਨਾਲ 'ਬਹੁਤ ਸਾਰਾ ਵਪਾਰ' ਕਰੇਗਾ।

***

## ਯੂ.ਕੇ. ਵਿੱਚ ਸਿੱਖ ਰੈਜੀਮੈਂਟ ਬਣਨੀ

ਇੰਗਲੈਂਡ ਦੀਆਂ ਅਖ਼ਬਾਰਾਂ ਅਤੇ ਸੋਸ਼ਲ ਮੀਡੀਆ 'ਤੇ ਇਸ ਮਸਲੇ ਨੂੰ ਲੈ ਕੇ ਚਰਚਾ ਜਾਰੀ ਹੈ, ਪਰ ਇਹ ਸੁਪਨਾ ਸਾਕਾਰ ਹੋਵੇਗਾ ਜਾਂ ਨਹੀਂ, ਇਹ ਤਾਂ ਸਮਾਂ ਹੀ ਦੱਸੇਗਾ।

### ਸਿੱਖਾਂ ਨੂੰ ਕੀ ਯਤਨ ਕਰਨੇ ਪੈਣਗੇ ?

ਸਿੱਖ ਰੈਜੀਮੈਂਟ ਦੀ ਸਥਾਪਨਾ ਲਈ ਸਿੱਖ ਭਾਈਚਾਰੇ ਨੂੰ ਕਈ ਪੱਧਰਾਂ 'ਤੇ ਯਤਨ ਕਰਨੇ ਪੈਣਗੇ। ਸਭ ਤੋਂ ਪਹਿਲਾਂ, ਸਿੱਖ ਸੰਗਠਨਾਂ ਨੂੰ ਇਕਜੁਟ ਹੋ ਕੇ ਬਰਤਾਨਵੀ ਸਰਕਾਰ 'ਤੇ ਦਬਾਅ ਪਾਉਣਾ ਹੋਵੇਗਾ। ਇਸ ਲਈ ਲਾਰਡ ਸਹੋਤਾ ਵਰਗੇ ਆਗੂਆਂ ਨਾਲ ਮਿਲ ਕੇ ਸਿਆਸੀ ਪੱਧਰ 'ਤੇ ਵਕਾਲਤ ਕਰਨੀ ਪਵੇਗੀ।ਸਮਾਨਤਾ ਕਾਨੂੰਨ ਦੀ ਅੜਚਣ ਨੂੰ ਦੂਰ ਕਰਨ ਲਈ ਕਾਨੂੰਨੀ ਮਾਹਿਰਾਂ ਦੀ ਮਦਦ ਨਾਲ ਇਹ ਸਾਬਤ ਕਰਨਾ ਹੋਵੇਗਾ ਕਿ ਸਿੱਖ ਰੈਜੀਮੈਂਟ ਭੇਦਭਾਵ ਨਹੀਂ, ਸਗੋਂ ਸੱਭਿਆਚਾਰਕ ਵਿਰਾਸਤ ਦਾ ਸਨਮਾਨ ਹੈ।

ਦੂਜਾ, ਸੋਸ਼ਲ ਮੀਡੀਆ ਅਤੇ ਅਖ਼ਬਾਰਾਂ ਰਾਹੀਂ ਜਨਤਕ ਸਮਰਥਨ ਹਾਸਲ ਕਰਨਾ ਜ਼ਰੂਰੀ ਹੈ। ਸਿੱਖ ਸਿਪਾਹੀਆਂ ਦੀਆਂ ਇਤਿਹਾਸਕ ਸੇਵਾਵਾਂ ਨੂੰ ਉਜਾਗਰ ਕਰਕੇ ਅਤੇ ਨੌਜਵਾਨਾਂ ਨੂੰ ਸੈਨਾ ਵਿੱਚ ਭਰਤੀ ਦੀ ਮਹੱਤਤਾ ਸਮਝਾ ਕੇ ਜਾਗਰੂਕਤਾ ਫ਼ੈਲਾਈ ਜਾ ਸਕਦੀ ਹੈ। ਤੀਜਾ, ਬਰਤਾਨਵੀ ਸੈਨਾ ਨਾਲ ਸਿੱਧੀ ਗੱਲਬਾਤ ਕਰਕੇ ਪਗੜੀ ਅਤੇ ਦਾੜ੍ਹੀ ਵਰਗੇ ਸੱਭਿਆਚਾਰਕ ਪਹਿਲੂਆਂ ਨੂੰ ਸਮਰਥਨ ਦੇਣ ਦੀ ਨੀਤੀ 'ਤੇ ਜ਼ੋਰ ਦੇਣਾ ਹੋਵੇਗਾ।ਅੰਤ ਵਿੱਚ, ਸਿੱਖ ਭਾਈਚਾਰੇ ਨੂੰ ਧੀਰਜ ਅਤੇ ਲਗਾਤਾਰ ਯਤਨਾਂ ਨਾਲ ਇਸ ਸੁਪਨੇ ਨੂੰ ਸਾਕਾਰ ਕਰਨ ਲਈ ਸੰਘਰਸ਼ ਜਾਰੀ ਰੱਖਣਾ ਪਵੇਗਾ।

****

## ਪੰਜਾਬ ਸਰਕਾਰ ਦੀ ਪਾਲਿਸੀ ਲੈਂਡ ਪੂਲਿੰਗ ਨੀਤੀ

2020-21 ਦੇ ਅੰਦੋਲਨ ਦੀ ਸਫਲਤਾ ਨੇ ਕਿਸਾਨਾਂ ਵਿੱਚ ਆਤਮਵਿਸ਼ਵਾਸ ਵਧਾਇਆ ਹੈ।ਜੇਕਰ ਸਰਕਾਰ ਸੰਵਾਦ ਜਾਂ ਮੁਆਵਜ਼ੇ ਦੀਆਂ ਠੋਸ ਯੋਜਨਾਵਾਂ ਨਾਲ ਅੰਦੋਲਨ ਨੂੰ ਸ਼ਾਂਤ ਨਾ ਕਰ ਸਕੀ, ਤਾਂ ਇਹ ਸੂਬੇ ਵਿੱਚ ਅਸਥਿਰਤਾ ਦਾ ਕਾਰਨ ਬਣ ਸਕਦਾ ਹੈ।

ਬਸਪਾ ਅਤੇ ਅਕਾਲੀ ਦਲ ਦਾ ਉਭਾਰ ਬਸਪਾ ਅਤੇ ਅਕਾਲੀ ਦਲ ਨੂੰ ਇਸ ਅੰਦੋਲਨ ਵਿੱਚ ਸਿਆਸੀ ਮੌਕਾ ਦਿਖਾਈ ਦੇ ਰਿਹਾ ਹੈ।ਅਕਾਲੀ ਦਲ, ਜੋ ਪੰਜਾਬ ਦੀ ਪੁਰਾਣੀ ਖੇਤਰੀ ਪਾਰਟੀ ਹੈ, ਨੇ ਕਿਸਾਨਾਂ ਦੇ ਹੱਕ ਵਿੱਚ ਖੜ੍ਹਨ ਦਾ ਐਲਾਨ ਕੀਤਾ ਹੈ ਅਤੇ ਸਰਕਾਰ ਦੀਆਂ ਨੀਤੀਆਂ ਨੂੰ ਤਾਨਾਸ਼ਾਹੀ ਕਰਾਰ ਦਿੱਤਾ ਹੈ। 2020 ਦੇ ਅੰਦੋਲਨ ਵਿੱਚ ਵੀ ਅਕਾਲੀ ਦਲ ਨੇ ਭਾਜਪਾ ਨਾਲ ਗਠਜੋੜ ਤੋੜ ਕੇ ਕਿਸਾਨਾਂ ਦਾ ਸਮਰਥਨ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਸੀ। ਹੁਣ, ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲਾ ਅਕਾਲੀ ਦਲ ਤੇ ਭਾਈ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਵਾਲਾ ਅਕਾਲੀ ਦਲ ਵੱਡੇ ਸੰਘਰਸ਼ ਦੀ ਤਿਆਰੀ ਕਰ ਰਿਹਾ ਹੈ। ਬਸਪਾ, ਜੋ ਦੋਆਬਾ ਖੇਤਰ ਵਿੱਚ ਮਜ਼ਬੂਤ ਹੈ, ਨੇ 2019 ਦੀਆਂ ਲੋਕ ਸਭਾ ਚੋਣਾਂ ਵਿੱਚ 4.79 ਲੱਖ ਵੋਟਾਂ ਹਾਸਲ ਕੀਤੀਆਂ ਸਨ ਅਤੇ ਦਲਿਤ ਕਿਸਾਨਾਂ ਦੇ ਮੁੱਦਿਆਂ ਨੂੰ ਉਠਾ ਕੇ ਆਪਣਾ ਅਧਾਰ ਵਧਾ ਸਕਦੀ ਹੈ।ਜੇਕਰ ਇਹ ਦੋਵੇਂ ਪਾਰਟੀਆਂ ਅੰਦੋਲਨ ਨੂੰ ਸਹੀ ਤਰ੍ਹਾਂ ਲਾਮਬੰਦ ਕਰ ਸਕੀਆਂ, ਤਾਂ ਇਹ ਆਪ ਸਰਕਾਰ ਦੇ ਮੁਕਾਬਲੇ ਇੱਕ ਵੱਡੀ ਸਿਆਸੀ ਤਾਕਤ ਵਜੋਂ ਉਭਰ ਸਕਦੀਆਂ ਹਨ। ਪੰਜਾਬ ਦੇ ਲੋਕਾਂ ਨੂੰ ਖੇਤਰੀ ਤੇ ਦਲਿਤ ਪਾਰਟੀ ਦੀ ਵੀ ਲੋੜ ਹੈ।

ਲੈਂਡ ਪੂਲਿੰਗ ਨੀਤੀ ਨੇ ਪੰਜਾਬ ਦੀ ਸਿਆਸਤ ਨੂੰ ਗਰਮਾ ਦਿੱਤਾ ਹੈ।ਆਪ ਸਰਕਾਰ ਨੂੰ ਸਿਆਸੀ ਨੁਕਸਾਨ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਖਾਸ ਕਰਕੇ ਜੇਕਰ ਕਿਸਾਨ ਅੰਦੋਲਨ ਤੇਜ਼ ਹੁੰਦਾ ਹੈ। ਸਰਕਾਰ ਦੀ ਅੰਦੋਲਨ ਨੂੰ ਸੰਭਾਲਣ ਦੀ ਸਮਰੱਥਾ ਸੰਵਾਦ ਅਤੇ ਠੋਸ ਨੀਤੀਗਤ ਕਦਮਾਂ 'ਤੇ ਨਿਰਭਰ ਕਰੇਗੀ।ਅਕਾਲੀ ਦਲ ਅਤੇ ਬਸਪਾ ਨੂੰ ਇਸ ਵਿੱਚ ਸਿਆਸੀ ਲਾਭ ਦੀ ਸੰਭਾਵਨਾ ਹੈ, ਪਰ ਇਸ ਦਾ ਨਤੀਜਾ ਅੰਦੋਲਨ ਦੀ ਤੀਬਰਤਾ ਅਤੇ ਲੋਕਾਂ ਦੇ ਸਮਰਥਨ 'ਤੇ ਨਿਰਭਰ ਕਰੇਗਾ।

****

## ਸਪੀਕਰ ਵੱਲੋਂ ਬਿੱਲ ਲਈ ਸਿਲੈਕਟ ਕਮੇਟੀ ਹਵਾਲ

ਇਸ ਨਾਲ 'ਆਪ' ਸਰਕਾਰ ਦਾ ਦਲਿਤ ਵਿਰੋਧੀ ਚਿਹਰਾ ਸਾਹਮਣੇ ਆ ਗਿਆ ਹੈ। ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਦੀ ਸਰਕਾਰ ਦਲਿਤ ਸਮਾਜ ਨਾਲ ਨਫ਼ਰਤ ਕਰਦੀ ਹੈ।ਉਨ੍ਹਾਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਬਿੱਲ 'ਚ ਦਲਿਤ ਸਮਾਜ ਦੀਆਂ ਭਾਵਨਾਵਾਂ ਨੂੰ ਸ਼ਾਮਲ ਨਾ ਕੀਤਾ, ਤਾਂ ਭਾਜਪਾ ਸੜਕਾਂ 'ਤੇ ਉਤਰ ਕੇ ਵਿਰੋਧ ਪ੍ਰਦਰਸ਼ਨ ਕਰੇਗੀ।

ਭਾਜਪਾ ਦੇ ਸੂਬਾ ਜਨਰਲ ਸਕੱਤਰ ਡਾ. ਜਗਮੋਹਨ ਸਿੰਘ ਰਾਜੂ ਨੇ ਵੀ ਬਿੱਲ ਨੂੰ 'ਸਮੇਂ ਦੀ ਬਰਬਾਦੀ' ਕਰਾਰ ਦਿੰਦਿਆਂ ਕਿਹਾ, 'ਇਸ 'ਚ 'ਬੇਅਦਬੀ' ਦੀ ਪਰਿਭਾਸ਼ਾ ਹੀ ਸਪੱਸ਼ਟ ਨਹੀਂ। ਇਹ ਮਹਿਜ਼ ਸਿਆਸੀ ਸਟੰਟ ਹੈ।'

**ਬੇਅਦਬੀ ਦੇ ਮਾਮਲੇ ਵਿੱਚ ਕਾਂਗਰਸ ਵਿੱਚ ਅੰਦਰੂਨੀ ਕਲੇਸ਼: ਪ੍ਰਗਟ ਸਿੰਘ ਤੇ ਰੰਧਾਵਾ ਦੀ ਜੰਗ ਛਿੜੀ**

ਕਾਂਗਰਸ ਪਾਰਟੀ ਵਿੱਚ ਵੀ ਇਸ ਮਸਲੇ ਨੇ ਅੰਦਰੂਨੀ ਕਲੇਸ਼ ਨੂੰ ਜਨਮ ਦਿੱਤਾ ਹੈ।ਕਾਂਗਰਸ ਵਿਧਾਇਕ ਪ੍ਰਗਟ ਸਿੰਘ ਨੇ ਦਾਅਵਾ ਕੀਤਾ ਸੀ ਕਿ ਬੇਅਦਬੀ ਮਾਮਲਿਆਂ 'ਚ ਕਾਂਗਰਸ ਸਰਕਾਰ ਦੋ ਧੜਿਆਂ ਵਿੱਚ ਵੰਡੀ ਹੋਈ ਸੀ। ਇੱਕ ਧੜਾ ਸਖ਼ਤ ਕਾਰਵਾਈ ਚਾਹੁੰਦਾ ਸੀ, ਜਦਕਿ ਦੂਜਾ ਧੜਾ ਇਸ ਦੇ ਵਿਰੁੱਧ ਸੀ। ਇਸ ਬਿਆਨ ਨੇ ਕਾਂਗਰਸ ਵਿੱਚ ਹੰਗਾਮਾ ਮਚਾ ਦਿੱਤਾ ਅਤੇ ਮਾਮਲਾ ਪਾਰਟੀ ਦੀ ਹਾਈਕਮਾਨ ਤੱਕ ਪਹੁੰਚ ਗਿਆ।

ਕਾਂਗਰਸ ਦੇ ਸੀਨੀਅਰ ਆਗੂ ਸੁਖਜਿੰਦਰ ਸਿੰਘ ਰੰਧਾਵਾ ਨੇ ਪ੍ਰਗਟ ਸਿੰਘ ਦੇ ਬਿਆਨ ਨੂੰ ਗਲਤ ਕਰਾਰ ਦਿੱਤਾ।

ਅਸਲ ਵਿੱਚ ਪ੍ਰਗਟ ਸਿੰਘ ਨੇ ਕਾਂਗਰਸ ਵਿਚਲੇ ਭੇਦ ਖੋਲੇ ਸਨ ਜੋ ਇਸ ਬਾਰੇ ਨਿਆਂ ਵਿੱਚ ਅੜਿੱਕਾ ਬਣੇ ਹੋਏ ਸਨ।ਹਾਲਾਂ ਕਿ ਉਨ੍ਹਾਂ ਕਿਸੇ ਕਾਂਗਰਸੀ ਦਾ ਨਾਮ ਨਹੀਂ ਲਿਆ ਸੀ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਪੰਜਾਬ ਤੇ ਸਿੱਖ ਮਸਲੇ ਚੁੱਕਣ ਕਾਰਨ ਪ੍ਰਗਟ ਸਿੰਘ ਪੰਜਾਬੀਆਂ ਦੇ ਹਰਮਨ ਪਿਆਰੇ ਬਣ ਰਹੇ ਹਨ।ਹਾਈਕਮਾਂਡ ਵਿੱਚ ਉਨ੍ਹਾਂ ਦੀ ਪਛਾਣ ਬਣੀ ਹੋਈ ਹੈ ਜੋ ਕਾਂਗਰਸ ਦੇ ਸੀਨੀਅਰ ਲੀਡਰਾਂ ਨੂੰ ਔਖਾ ਕਰ ਰਹੀ ਹੈ।

ਇਸ ਬਿੱਲ ਨੇ ਪੰਜਾਬ ਦੀ ਜਨਤਾ ਵਿੱਚ ਇੱਕ ਨਵੀਂ ਆਸ ਜਗਾਈ ਹੈ ਕਿ ਪਵਿੱਤਰ ਗ੍ਰੰਥਾਂ ਦੀ ਸੁਰੱਖਿਆ ਲਈ ਸਖ਼ਤ ਕਾਨੂੰਨ ਬਣੇਗਾ। ਪਰ ਪੰਜਾਬੀ ਗੁਰੂ ਗ੍ਰੰਥ ਸਾਹਿਬ ਨੂੰ ਲਿਵਿੰਗ ਗੁਰੂ ਵਜੋਂ ਮਾਨਤਾ ਦੇਣ ਕਾਰਨ ਵੱਖਰਾ ਕਾਨੂੰਨ ਚਾਹੁੰਦੇ ਹਨ। ਪਰ ਆਪ ਸਰਕਾਰ ਨੂੰ ਇਸ ਮੁੱਦੇ ਉੱਪਰ ਧਿਆਨ ਦੇਣਾ ਚਾਹੀਦਾ ਹੈ। ਸਿਆਸੀ ਪਾਰਟੀਆਂ ਦੀ ਆਪਸੀ ਖਿੱਚੋਤਾਣ ਅਤੇ ਪੰਥਕ ਜਥੇਬੰਦੀਆਂ ਦੇ ਇਤਰਾਜ਼ਾਂ ਨੇ ਮਸਲੇ ਨੂੰ ਹੋਰ ਉਲਝਾ ਦਿੱਤਾ ਹੈ। ਇਹ ਬਿਲ ਕਿੰਨਾ ਕੁ ਕਾਮਯਾਬ ਹੋਵੇਗਾ ਆਉਣ ਵਾਲਾ ਸਮਾਂ ਦਸੇਗਾ।

***

## ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਚੀਫ਼ ਖ਼ਾਲਸਾ ਦੀਵਾਨ

ਕੁੰਡਲ ਪਾਉਂਦਾ ਹੋਵੇ, ਕਿਉਂਕਿ ਇਹ ਗੁਰਮਤਿ ਅਤੇ ਸਿੱਖ ਰਹਿਤ ਮਰਯਾਦਾ ਦੀ ਉਲੰਘਣਾ ਹੈ। ਇਸ ਦੇ ਨਾਲ ਹੀ ਚੀਫ਼ ਖ਼ਾਲਸਾ ਦੀਵਾਨ ਦੇ ਜਿਹੜੇ ਕਾਰਜਕਾਰੀ ਮੈਂਬਰ ਇਸ ਇਕੱਤਰਤਾ ਵਿੱਚ ਨਹੀਂ ਪਹੁੰਚੇ ਉਨ੍ਹਾਂ ਨੂੰ 1 ਅਗਸਤ ਨੂੰ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਪੁੱਜ ਕੇ ਆਪਣਾ ਪੱਖ ਰੱਖਣ ਦਾ ਆਦੇਸ਼ ਦਿੱਤਾ ਗਿਆ ਹੈ।ਉਨ੍ਹਾਂ ਕਿਹਾ ਕਿ ਜੇਕਰ ਚੀਫ਼ ਖ਼ਾਲਸਾ ਦੀਵਾਨ ਦਾ ਕੋਈ ਮੈਂਬਰ 1 ਸਤੰਬਰ ਤੱਕ ਅੰਮ੍ਰਿਤਧਾਰੀ ਨਹੀਂ ਹੁੰਦਾ ਤਾਂ ਸੰਸਥਾ ਉਸਦੀ ਮੈਂਬਰਸ਼ਿਪ ਖਤਮ ਕਰੇਗੀ। ਇਸ ਮੌਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਸਬੰਧੀ ਪੰਜਾਬ ਸਰਕਾਰ ਵੱਲੋਂ ਐਲਾਨੇ ਗਏ ਸਮਾਗਮਾਂ ਬਾਰੇ ਇੱਕ ਸਵਾਲ ਦੇ ਜਵਾਬ ਵਿੱਚ ਜਥੇਦਾਰ ਗੜਗੱਜ ਨੇ ਕਿਹਾ ਕਿ ਸ਼ਤਾਬਦੀਆਂ ਮਨਾਉਣਾ ਖ਼ਾਲਸਾ ਪੰਥ ਦਾ ਕਾਰਜ ਹੈ ਅਤੇ ਸਰਕਾਰਾਂ ਨੂੰ ਆਪਣੀ ਬਣਦੀ ਜ਼ਿੰਮੇਵਾਰੀ ਨਿਭਾਉਂਦਿਆਂ ਸੰਗਤ ਲਈ ਸਹੂਲਤਾਂ ਅਤੇ ਲੋੜੀਂਦੇ ਪ੍ਰਬੰਧ ਕਰਨ ਵਿੱਚ ਸਹਿਯੋਗੀ ਹੋਣਾ ਚਾਹੀਦਾ ਹੈ।

***

## ਪੰਜਾਬ ਸਰਕਾਰ ਦੇ ਐਲਾਨ ਦਾ ਸ਼੍ਰੋਮਣੀ ਕਮੇਟੀ ਵੱਲੋਂ

ਇਸ ਵਿਵਾਦ ਦੇ ਵਿਚਕਾਰ ਡਾਕਟਰ ਪਰਮਜੀਤ ਸਿੰਘ ਮਾਨਸਾ ਨੇ ਪੁੱਛਿਆ ਹੈ ਕਿ ਸ਼ਤਾਬਦੀ ਮੌਕੇ ਸ਼੍ਰੋਮਣੀ ਕਮੇਟੀ ਨੇ ਪੀ.ਜੀ.ਆਈ. ਪੱਧਰ ਦਾ ਹਸਪਤਾਲ, ਜਵਾਹਰਲਾਲ ਨਹਿਰੂ ਵਰਗੀ ਯੂਨੀਵਰਸਿਟੀ ਉਸਾਰਨ ਤੇ ਗਰੀਬ ਸਿੱਖਾਂ ਦੀ ਧਰਮ ਬਦਲੀ ਰੋਕਣ ਲਈ ਕੋਈ ਵੱਡਾ ਉਪਰਾਲਾ ਕਿਉਂ ਨਹੀਂ ਕੀਤਾ ? ਸ਼੍ਰੋਮਣੀ ਕਮੇਟੀ ਨੂੰ ਸੁਝਾਅ ਦਿੰਦਿਆਂ ਪਰਮਿੰਦਰ ਪਾਲ ਸਿੰਘ ਖ਼ਾਲਸਾ ਦਾ ਕਹਿਣਾ ਹੈ ਕਿ ਸ਼੍ਰੋਮਣੀ ਕਮੇਟੀ ਸਿੱਖ ਪੰਥ ਦੀ ਸਮਾਜਿਕ ਅਤੇ ਵਿੱਦਿਅਕ ਉੱਨਤੀ ਲਈ ਠੋਸ ਕਦਮ ਚੁੱਕੇ। ਗਰੀਬ ਸਿੱਖਾਂ ਦੀ ਧਰਮ ਬਦਲੀ ਅਤੇ ਸਮਾਜਿਕ, ਪੰਥਕ ਸਮੱਸਿਆਵਾਂ 'ਤੇ ਉਸ ਦੀ ਚੁੱਪੀ ਨੇ ਬਾਰੇ ਕਈ ਸਵਾਲ ਖੜ੍ਹੇ ਕੀਤੇ ਹਨ।

***

## ਕੀ ਧਨਖੜ ਦੇ ਅਸਤੀਫੇ ਪਿੱਛੇ ਆਰ.ਐਸ.ਐਸ.-ਭਾਜਪਾ

ਸਵਾਲ ਚੁੱਕਿਆ ਕਿ ਜੇ ਸਿਹਤ ਸਮੱਸਿਆ ਸੀ, ਤਾਂ ਅਚਾਨਕ ਅਸਤੀਫਾ ਕਿਉਂ ?ਉਨ੍ਹਾਂ ਦਾ ਦੋਸ਼ ਹੈ ਕਿ ਸਰਕਾਰ 'ਅਪਰੇਸ਼ਨ ਸੰਧੂਰ' 'ਤੇ ਸਵਾਲਾਂ ਤੋਂ ਭੱਜ ਰਹੀ ਹੈ, ਅਤੇ ਧਨਖੜ ਨੂੰ ਇਸੇ ਕਾਰਨ ਹਟਾਇਆ ਗਿਆ।

ਤ੍ਰਿਣਮੂਲ ਕਾਂਗਰਸ ਨੇਤਾ ਡੇਰੇਕ ਓ'ਬ੍ਰਾਇਨ ਨੇ ਕਿਹਾ ਕਿ ਧਨਖੜ ਦਾ ਅਸਤੀਫਾ ਸਰਕਾਰ ਦੀ ਅੰਦਰੂਨੀ ਕਮਜ਼ੋਰੀ ਦਾ ਸੰਕੇਤ ਹੈ।ਉਨ੍ਹਾਂ ਨੇ ਸਰਕਾਰ 'ਤੇ ਸਵਾਲ ਚੁੱਕੇ ਕਿ ਕੀ ਧਨਖੜ ਨੂੰ ਵਿਰੋਧੀ ਧਿਰ ਨੂੰ ਬੋਲਣ ਦੀ ਇਜਾਜ਼ਤ ਦੇਣ ਦੀ ਸਜ਼ਾ ਮਿਲੀ ?

ਆਮ ਆਦਮੀ ਪਾਰਟੀ ਨੇਤਾ ਸੰਜੇ ਸਿੰਘ ਨੇ ਕਿਹਾ ਕਿ ਇਹ ਅਸਤੀਫਾ ਸਰਕਾਰ ਦੀ ਤਾਨਾਸ਼ਾਹੀ ਸੋਚ ਨੂੰ ਦਰਸਾਉਂਦਾ ਹੈ।ਉਨ੍ਹਾਂ ਮੁਤਾਬਕ, ਸਰਕਾਰ ਸੰਸਦ ਵਿੱਚ ਸੱਚਾਈ ਸਾਹਮਣੇ ਨਹੀਂ ਆਉਣ ਦੇਣਾ ਚਾਹੁੰਦੀ।

ਸਮਾਜਵਾਦੀ ਪਾਰਟੀ ਨੇ ਕਿਹਾ ਕਿ ਧਨਖੜ ਦਾ ਅਸਤੀਫਾ ਸਰਕਾਰ ਦੀ ਅਸਫਲਤਾ ਨੂੰ ਛੁਪਾਉਣ ਦੀ ਕੋਸ਼ਿਸ਼ ਹੈ।ਉਨ੍ਹਾਂ ਮੰਗ ਕੀਤੀ ਕਿ ਸਰਕਾਰ 'ਅਪਰੇਸ਼ਨ ਸੰਧੂਰ' 'ਤੇ ਸਪੱਸ਼ਟੀਕਰਨ ਦੇਵੇ।

### ਕੀ ਹੈ ਅਸਲ ਸੱਚਾਈ ?

ਧਨਖੜ ਦੇ ਅਸਤੀਫੇ ਦੇ ਪਿੱਛੇ ਸਿਹਤ ਸਮੱਸਿਆਵਾਂ ਜਾਂ ਸਿਆਸੀ ਦਬਾਅ, ਇਹ ਸਪੱਸ਼ਟ ਨਹੀਂ।ਪਰ ਸਿਆਸੀ ਹਲਕਿਆਂ ਵਿੱਚ ਇਹ ਚਰਚਾ ਗਰਮ ਹੈ ਕਿ ਇਹ ਅਸਤੀਫਾ ਸਰਕਾਰ ਅਤੇ ਆਰ.ਐਸ.ਐਸ. ਵਿਚਕਾਰ ਅੰਦਰੂਨੀ ਟਕਰਾਅ ਦਾ ਨਤੀਜਾ ਹੈ।ਕੁਝ ਦਾ ਮੰਨਣਾ ਹੈ ਕਿ ਧਨਖੜ ਨੂੰ ਵਿਰੋਧੀ ਧਿਰ ਨੂੰ ਮੌਕਾ ਦੇਣ ਦੀ ਸਜ਼ਾ ਮਿਲੀ, ਜਦਕਿ ਕੁਝ ਮੰਨਦੇ ਹਨ ਕਿ ਇਹ ਆਰ.ਐਸ.ਐਸ. ਦੀ ਮੋਦੀ 'ਤੇ ਦਬਾਅ ਬਣਾਉਣ ਦੀ ਚਾਲ ਹੈ।

ਆਉਣ ਵਾਲੇ ਦਿਨਾਂ ਵਿੱਚ ਇਹ ਸਪੱਸ਼ਟ ਹੋਵੇਗਾ ਕਿ ਇਹ ਅਸਤੀਫਾ ਸਿਆਸੀ ਖੇਡ ਦਾ ਹਿੱਸਾ ਸੀ ਜਾਂ ਸੱਚਮੁੱਚ ਸਿਹਤ ਸਮੱਸਿਆਵਾਂ ਦਾ ਨਤੀਜਾ। ਫਿਲਹਾਲ, ਇਹ ਸਪੱਸ਼ਟ ਹੈ ਕਿ ਸਿਆਸੀ ਮੰਚ 'ਤੇ ਨਵਾਂ ਡਰਾਮਾ ਸ਼ੁਰੂ ਹੋ ਚੁੱਕਾ ਹੈ ਅਤੇ ਸਭ ਦੀਆਂ ਨਜ਼ਰਾਂ ਅਗਲੇ ਘਟਨਾਕ੍ਰਮ 'ਤੇ ਟਿਕੀਆਂ ਹਨ।

***

## ਇਕਬਾਲ ਸਿੰਘ ਲਾਲਪੁਰਾ ਦੀ ਨੌਵੀਂ ਪਾਤਿਸ਼ਾਹੀ

ਓਨੀਆਂ ਹੀ ਪ੍ਰਸੰਗਿਕ ਹਨ ਜਿੰਨੀਆਂ ਉਸ ਸਮੇਂ ਸਨ।ਇਕਬਾਲ ਸਿੰਘ ਲਾਲਪੁਰਾ ਨੇ ਆਪਣੀ ਡੂੰਘੀ ਖੋਜ ਅਤੇ ਸਮਰਪਣ ਭਾਵਨਾ ਰਾਹੀਂ 'ਤਿਲਕ ਜੰਞੂ ਕਾ ਰਾਖਾ' ਵਰਗੀ ਮਹੱਤਵਪੂਰਨ ਕਿਤਾਬ ਰਾਹੀਂ ਇਸ ਵਿਰਾਸਤ ਨੂੰ ਸਮਾਜ ਦੇ ਸਾਹਮਣੇ ਪੇਸ਼ ਕੀਤਾ ਹੈ।ਇਹ ਸਮਾਗਮ ਗਲੋਬਲ ਪੰਜਾਬੀ ਐਸੋਸੀਏਸ਼ਨ (ਜੀ.ਪੀ.ਏ.) ਵੱਲੋਂ ਕਰਵਾਇਆ ਗਿਆ ਸੀ । ਇਸ ਮੌਕੇ ਡਾ. ਲਾਲਪੁਰਾ ਦੇ ਪੁੱਤਰ, ਭਾਜਪਾ ਜਿਲ੍ਹਾ ਰੋਪੜ ਦੇ ਪ੍ਰਧਾਨ ਤੇ ਵਰਲਡ ਕੈਂਸਰ ਕੇਅਰ ਇੰਡੀਆ ਦੇ ਡਾਇਰੈਕਟਰ ਅਜੈਵੀਰ ਸਿੰਘ ਲਾਲਪੁਰਾ, ਇਕਬਾਲ ਸਿੰਘ ਲਾਲਪੁਰਾ ਦੀ ਪਤਨੀ ਹਰਦੀਪ ਕੌਰ ਲਾਲਪੁਰਾ, ਜੈਸਮੀਨ ਕੌਰ ਲਾਲਪੁਰਾ, ਜ਼ੇਨੀਆ ਲਾਲਪੁਰਾ ਨੇ ਸਾਰੇ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ। ਇਕਬਾਲ ਸਿੰਘ ਲਾਲਪੁਰਾ ਹੁਣ ਤੱਕ 600 ਤੋਂ ਵੱਧ ਖੋਜ ਲੇਖ ਤੇ 25 ਤੋਂ ਵੱਧ ਕਿਤਾਬਾਂ ਲਿਖ ਚੁੱਕੇ ਹਨ।

***

## ਹੁਣ ਅਮਰੀਕਾ ਨਹੀਂ ਰਿਹਾ ਭਾਰਤੀ

ਆਈ20 ਫੀਵਰ ਕੰਸਲਟੈਂਸੀ ਦੇ ਮਾਹਰ ਨੇ ਕਿਹਾ ਕਿ ਜੇਕਰ ਅਗਲੇ ਕੁਝ ਦਿਨਾਂ ਵਿੱਚ ਸਲਾਟ ਜਾਰੀ ਨਹੀਂ ਕੀਤੇ ਗਏ ਤਾਂ ਹਜ਼ਾਰਾਂ ਵਿਦਿਆਰਥੀਆਂ ਦੇ ਸੁਪਨੇ ਚਕਨਾਚੂਰ ਹੋ ਜਾਣਗੇ। ਅਸੀਂ ਲਗਭਗ 80 ਪ੍ਰਤੀਸ਼ਤ ਦੀ ਗਿਰਾਵਟ ਦੇਖ ਰਹੇ ਹਾਂ। ਸਾਨੂੰ ਹਰ ਰੋਜ਼ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਤੋਂ ਘਬਰਾਹਟ ਵਾਲੇ ਕਾਲ ਆ ਰਹੇ ਹਨ।

ਅਮਰੀਕਾ ਵਿੱਚ ਸਖ਼ਤ ਵੀਜ਼ਾ ਨਿਯਮਾਂ ਕਾਰਨ ਭਾਰਤੀ ਵਿਦਿਆਰਥੀ ਦੂਜੇ ਦੇਸ਼ਾਂ ਵੱਲ ਮੁੜ ਰਹੇ ਹਨ।ਇੱਕ ਵਿਦਿਆਰਥੀ ਨੇ ਕਿਹਾ ਕਿ ਉਹ ਹੁਣ ਆਟੋਮੋਟਿਵ ਇੰਜੀਨੀਅਰਿੰਗ ਵਿੱਚ ਪੋਸਟ ਗ੍ਰੈਜੂਏਟ ਦੀ ਪੜ੍ਹਾਈ ਕਰਨ ਲਈ ਜਰਮਨੀ ਜਾਵੇਗਾ।ਉਹ ਹੋਰ ਇੰਤਜ਼ਾਰ ਨਹੀਂ ਕਰ ਸਕਦਾ ਸੀ।ਉਹ ਇੱਕ ਸਾਲ ਗੁਆ ਸਕਦਾ ਹੈ। ਵਿਦੇਸ਼ ਮੰਤਰਾਲੇ ਦੇ ਅੰਕੜਿਆਂ ਅਨੁਸਾਰ 1 ਜਨਵਰੀ, 2024 ਤੱਕ 11.6 ਲੱਖ ਤੋਂ ਵੱਧ ਭਾਰਤੀ ਵਿਦਿਆਰਥੀ ਵਿਦੇਸ਼ਾਂ ਵਿੱਚ ਉੱਚ ਸਿੱਖਿਆ ਸੰਸਥਾਵਾਂ ਵਿੱਚ ਪੜ੍ਹ ਰਹੇ ਸਨ ਅਤੇ ਯੂਰਪ ਲਈ ਇੱਕ ਮੰਜ਼ਿਲ ਵਜੋਂ ਗਿਣਤੀ ਲਗਾਤਾਰ ਵੱਧ ਰਹੀ ਸੀ।ਹੈਦਰਾਬਾਦ ਵਿੱਚ ਅਮਰੀਕੀ ਕੌਂਸਲੇਟ ਜਨਰਲ ਨੇ ਕਿਹਾ ਕਿ ਸਲਾਟ ਦੁਬਾਰਾ ਖੋਲ੍ਹ ਦਿੱਤੇ ਗਏ ਹਨ। ਵਿਦਿਆਰਥੀ ਦੂਤਘਰ ਜਾਂ ਵੈੱਬਸਾਈਟ 'ਤੇ ਮੁਲਾਕਾਤਾਂ ਦੀ ਉਪਲਬਧਤਾ ਦੀ ਜਾਂਚ ਕਰ ਸਕਦੇ ਹਨ। ਅਸੀਂ ਵੀਜ਼ਾ ਬਿਨੈਕਾਰਾਂ ਦੀ ਚੰਗੀ ਤਰ੍ਹਾਂ ਜਾਂਚ ਕਰ ਰਹੇ ਹਾਂ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਨ੍ਹਾਂ ਦਾ ਇਰਾਦਾ ਅਮਰੀਕਾ ਜਾਂ ਸਾਡੇ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਦਾ ਨਹੀਂ ਹੈ।

ਪਾਠਕਾਂ ਲਈ ਵਿਸ਼ੇਸ਼ ਸੂਚਨਾ

ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵੱਲੋਂ ਪਾਠਕਾਂ ਦੀ ਜਾਣਕਾਰੀ ਵਿੱਚ ਵਾਧਾ ਕਰਨ ਲਈ ਨਵੀਂ ਵੈਬਸਾਈਟ

www.amritsartimes.live

ਸ਼ੁਰੂ ਕੀਤੀ ਗਈ ਹੈ। ਜਿਸ ਵਿੱਚ ਦੇਸ਼ ਵਿਦੇਸ਼ ਵਿੱਚ ਹਰ ਦਿਨ ਵਾਪਰਦੀਆਂ ਘਟਨਾਵਾਂ ਦਾ ਵੇਰਵਾ, ਪੰਥਕ ਖ਼ਬਰਾਂ ਵੱਖ-ਵੱਖ ਵਿਸ਼ਿਆਂ ਨਾਲ ਸਬੰਧਿਤ ਮਾਹਿਰ ਵਿਦਵਾਨਾਂ ਦੇ ਲੇਖ, ਵਿਸ਼ੇਸ ਟਿੱਪਣੀਆਂ, ਕਵਰ ਸਟੋਰੀਆਂ, ਕਹਾਣੀਆਂ ਅਤੇ ਹੋਰ ਬਹੁਤ ਕੁਝ ਜਾਣਕਾਰੀ ਭਰਪੂਰ ਦੇਣ ਦਾ ਯਤਨ ਕੀਤਾ ਗਿਆ ਹੈ। ਇਕ ਵਾਰ ਜ਼ਰੂਰ ਵਿਜ਼ਟ ਕਰੋ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
LIKE & SHARE
www.amritsartimes.live
Please like and share

### ਬਾਲ ਲਿਖਤਾਂ 'ਚੋਂ ਝਲਕਦੀ ਹੈ

**ਲਿਖਣ ਤੋਂ ਗੁਰੇਜ਼ ਕਰਦੇ ਬੱਚੇ**

ਸਕੂਲਾਂ ਵਿੱਚ ਬੱਚਿਆਂ ਨੂੰ ਟੈਬ ਦਿੱਤੇ ਜਾ ਰਹੇ ਹਨ। ਈ-ਕੰਟੈਂਟ ਦੀ ਵਰਤੋਂ ਕੀਤੀ ਜਾ ਰਹੀ ਹੈ। ਬੱਚੇ ਲਿਖਣ ਤੋਂ ਇੰਨਾ ਕੁ ਗੁਰੇਜ਼ ਕਰਦੇ ਹਨ ਕਿ ਉਹ ਅਕਸਰ ਜਮਾਤ ਵਿੱਚ ਇਹ ਜਵਾਬ ਦਿੰਦੇ ਹਨ ਕਿ ਅਸੀਂ ਘਰ ਜਾ ਕੇ ਲਿਖ ਲਵਾਂਗੇ। ਅਧਿਆਪਕਾਂ ਨੂੰ ਅਕਸਰ ਇਹ ਸ਼ਿਕਾਇਤ ਹੁੰਦੀ ਹੈ ਕਿ ਬੱਚੇ ਲਿਖਦੇ ਨਹੀਂ। ਲਿਖਣ ਦੀ ਇਸ ਘੱਟ ਰਹੀ ਆਦਤ ਕਾਰਨ ਪੈੱਨ-ਪੈਨਸਿਲ ਤੇ ਕਾਪੀ ਉਦਾਸ ਹਨ। ਉਨ੍ਹਾਂ ਦੀ ਵਰਤੋਂ ਨਹੀਂ ਕੀਤੀ ਜਾ ਰਹੀ। ਉਨ੍ਹਾਂ ਦੀ ਵਰਤੋਂ ਨਾ ਹੋਣ ਕਰਕੇ ਜੋ ਨੁਕਸਾਨ ਹੋ ਰਿਹਾ ਹੈ, ਉਹ ਸਾਨੂੰ ਅਜੇ ਸਮਝ ਨਹੀਂ ਆ ਰਿਹਾ ਪਰ ਇਕ ਦਿਨ ਜ਼ਰੂਰ ਆਵੇਗਾ, ਜਦੋਂ ਅਸੀਂ ਇਸ ਗੱਲ ਨੂੰ ਸਮਝਾਂਗੇ ਕਿ ਅਸੀਂ ਪੈੱਨ-ਕਾਪੀ ਤੇ ਪੈਨਸਿਲ ਨੂੰ ਛੱਡ ਕੇ ਤਕਨਾਲੋਜੀ ਨੂੰ ਵਰਤ ਕੇ ਆਪਣਾ ਤੇ ਭਾਸ਼ਾ ਦਾ ਕਿੰਨਾ ਨੁਕਸਾਨ ਕੀਤਾ ਹੈ।

**ਸੋਚ ਨੂੰ ਪੜ੍ਹ ਸਕਦੇ ਹਾਂ ਦੁਬਾਰਾ**

ਲਿਖਣ ਨਾਲ ਅਸੀਂ ਆਪਣੀ ਸੋਚ ਨੂੰ ਦੁਬਾਰਾ ਪੜ੍ਹਦੇ ਹਾਂ ਤੇ ਫਿਰ ਉਨ੍ਹਾਂ ਵਿਚ ਸੁਧਾਰ ਕਰਦੇ ਹਾਂ। ਸਾਡੀ ਲਿਖਣ ਦੀ ਕਾਬਲੀਅਤ ਵਧਣ ਦੇ ਨਾਲ-ਨਾਲ ਗੱਲ ਕਹਿਣ, ਲਿਖਣ ਦੇ ਤਰੀਕੇ, ਸ਼ਬਦਾਂ, ਵਿਆਕਰਨ ਦੀ ਕਾਬਲੀਅਤ ਵੱਧਦੀ ਹੈ। ਲਿਖਣ ਨਾਲ ਅਸੀਂ ਆਪਣੇ ਵਿਚਾਰਾਂ ਨੂੰ ਵਧੀਆ ਤਰੀਕੇ ਨਾਲ ਪੇਸ਼ ਕਰ ਸਕਦੇ ਹਾਂ। ਅਸੀਂ ਉਨ੍ਹਾਂ ਬਾਰੇ ਵਿਚਾਰ ਵੀ ਕਰਦੇ ਹਾਂ ਤੇ ਆਪਣੇ ਆਪ ਅੰਦਰ ਕਈ ਤਰ੍ਹਾਂ ਦੇ ਬਦਲਾਅ ਵੀ ਲਿਆਉਂਦੇ ਹਾਂ। ਆਪਣਾ ਹੀ ਲਿਖਿਆ ਪੜ੍ਹ ਕੇ ਕਈ ਵਾਰ ਸਮਝ ਆਉਂਦੀ ਹੈ ਕਿ ਸਾਡੀ ਸੋਚ ਤਰਕਹੀਣ ਹੈ।

**ਪੈੱਨ-ਪੈਨਸਿਲ ਤੇ ਕਾਪੀ ਹੈ ਉਦਾਸ**

ਪੈੱਨ-ਪੈਨਸਿਲ ਤੇ ਕਾਪੀ ਉਦਾਸ ਹੈ। ਉਸ ਨੂੰ ਸਾਡੀ ਤੇ ਸਾਨੂੰ ਉਸ ਦੀ ਜ਼ਰੂਰਤ ਹੈ। ਇੱਕ ਵਾਰ ਫਿਰ ਤੋਂ ਕਿਉਂ ਨਾ ਮੁੜੀਏ ਪੈੱਨ-ਕਾਪੀ ਤੇ ਪੈਨਸਿਲ ਵੱਲ। ਫਿਰ ਆਪਣੇ ਮਨ ਨੂੰ ਹਲਕਾ ਕਰੀਏ ਆਪਣੇ ਵਿਚਾਰਾਂ ਨੂੰ ਸ਼ਬਦਾਂ ਵਿੱਚ ਪਰੋਂਦਿਆਂ। ਕਾਗਜ਼ 'ਤੇ ਆਪਣੇ ਅਹਿਸਾਸ ਉਤਾਰਦੇ ਹੋਏ ਆਪਣੇ ਮਨ ਤੋਂ ਕਿੰਨਾ ਭਾਰ ਉਤਾਰ ਦੇਵਾਂਗੇ, ਇਹ ਲਿਖ ਕੇ ਹੀ ਪਤਾ ਲੱਗੇਗਾ।

***

### ਬੱਚਿਆਂ ਲਈ ਸਕੂਲ ਤੇ ਪੜ੍ਹਾਈ ਨੂੰ

ਅਧਿਆਪਕਾਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਮਜ਼ਬੂਤ ਬਣਾਉਣ, ਤਾਂ ਜੋ ਉਹ ਛੋਟੀ-ਮੋਟੀ ਸਮੱਸਿਆ ਆਉਣ 'ਤੇ ਖ਼ੁਦ ਨੂੰ ਸੰਭਾਲ ਸਕਣ। ਸਿੱਖਿਆ ਸਾਡਾ ਮੌਲਿਕ ਅਧਿਕਾਰ ਹੈ। ਸਿੱਖਿਆ ਬਿਨਾਂ ਮਜ਼ਬੂਤ ਸਮਾਜ ਦੀ ਸਿਰਜਣਾ ਨਹੀਂ ਹੋ ਸਕਦੀ। ਮੰਨਿਆ ਕਿ ਸਰਕਾਰਾਂ ਤੇ ਹੋਰ ਸੰਸਥਾਵਾਂ ਸਿੱਖਿਆ ਦੇ ਵਿਕਾਸ ਲਈ ਉਪਰਾਲੇ ਕਰ ਰਹੀਆਂ ਹਨ ਪਰ ਫੇਰ ਵੀ ਕਿਤੇ ਨਾ ਕਿਤੇ ਇਸ ਖੇਤਰ 'ਚ ਕਈ ਕਮੀਆਂ ਹਨ, ਜਿਨ੍ਹਾਂ ਵਿੱਚ ਸੁਧਾਰ ਹੋਣਾ ਬੇਹੱਦ ਜ਼ਰੂਰੀ ਹੈ।

**ਨੈਤਿਕ ਸਿੱਖਿਆ ਵੀ ਜ਼ਰੂਰੀ**

ਇਸ 'ਚ ਕੋਈ ਦੋ ਰਾਇ ਨਹੀਂ ਕਿ ਸਕੂਲ ਵਿੱਚ ਜੋ ਕੁਝ ਪੜ੍ਹਾਇਆ ਜਾਂਦਾ ਹੈ, ਉਹ ਆਮ ਜ਼ਿੰਦਗੀ ਤੋਂ ਵੱਖ ਹੁੰਦਾ ਹੈ। ਇਸ ਕਰਕੇ ਬੱਚਿਆਂ ਲਈ ਵਿੱਦਿਆ ਦੇ ਨਾਲ-ਨਾਲ ਨੈਤਿਕ ਸਿੱਖਿਆ ਵੀ ਬਹੁਤ ਜ਼ਰੂਰੀ ਹੈ, ਤਾਂ ਜੋ ਉਹ ਜੀਵਨ ਦੀ ਹਕੀਕਤ ਨੂੰ ਜਾਣ ਸਕਣ । ਚੰਗੇ-ਮਾੜੇ 'ਚ ਫ਼ਰਕ ਸਮਝ ਸਕਣ। ਮਾਪਿਆਂ ਨੂੰ ਵੀ ਚਾਹੀਦਾ ਹੈ ਕਿ ਉਹ ਬੱਚਿਆਂ 'ਤੇ ਨਿਗਰਾਨੀ ਰੱਖਣ ਕਿਉਂਕਿ ਇਹ ਉਮਰ ਚੀਕਣੀ ਮਿੱਟੀ ਵਾਂਗ ਹੁੰਦੀ ਹੈ। ਬੱਚੇ ਕਿੱਥੇ ਜਾਂਦੇ ਹਨ, ਉਨ੍ਹਾਂ ਦੀ ਸੰਗਤ ਕਿਹੋ ਜਿਹੀ ਹੈ, ਇਸ ਦੀ ਖ਼ਬਰ ਰੱਖਣ। ਸ਼ੌਕ ਦੀ ਆੜ ਵਿੱਚ ਕਿਧਰੇ ਬੱਚਾ ਗ਼ਲਤ ਪਾਸੇ ਤਾਂ ਨਹੀਂ ਜਾ ਰਿਹਾ।

***

### ਫ਼ਿਲਮਾਂ ਅਤੇ ਟੀ. ਵੀ. ਸੀਰੀਅਲਾਂ

ਦੇਖਣਾ ਚਾਹੀਦਾ ਹੈ, ਸਿਰਫ਼ ਹਿੰਦੀ ਸਿਨੇਮਾ ਅਤੇ ਹੋਰ ਭਾਰਤੀ ਭਾਸ਼ਾਵਾਂ ਦੀਆਂ ਫਿਲਮਾਂ 'ਤੇ ਉਪਲਬਧ ਬਹੁਤ ਘੱਟ ਅਧਿਐਨਾਂ ਤੱਕ ਸੀਮਤ ਨਹੀਂ ਰਹਿਣਾ ਚਾਹੀਦਾ।

ਅਧਿਐਨਾਂ ਦੀ ਵਧਦੀ ਗਿਣਤੀ ਬੱਚਿਆਂ ਅਤੇ ਕਿਸ਼ੋਰਾਂ 'ਤੇ ਮਸ਼ਹੂਰ ਫਿਲਮਾਂ ਅਤੇ ਟੀਵੀ ਪ੍ਰੋਗਰਾਮਾਂ ਦੀ ਸਮੱਗਰੀ ਦੇ ਕੁਝ ਪਹਿਲੂਆਂ ਦੇ ਨੁਕਸਾਨਦੇਹ ਪ੍ਰਭਾਵਾਂ ਦੀ ਸੰਭਾਵਨਾ ਬਾਰੇ ਚਿਤਾਵਨੀ ਦੇ ਰਹੀ ਹੈ। ਹਾਲ ਹੀ ਵਿੱਚ ਵੀਡੀਓ ਗੇਮਾਂ ਦੇ ਸੰਦਰਭ ਵਿੱਚ ਵੀ ਅਜਿਹੀਆਂ ਚਿੰਤਾਵਾਂ ਪ੍ਰਗਟ ਕੀਤੀਆਂ ਗਈਆਂ ਹਨ।

ਅਮੈਰੀਕਨ ਅਕੈਡਮੀ ਆਫ਼ ਚਾਈਲਡ ਐਂਡ ਅਡੋਲੈਸੈਂਟ ਸਾਈਕਿਆਟਰੀ ਦੁਆਰਾ ਜਾਰੀ ਕੀਤੀ ਗਈ ਇੱਕ ਰਿਪੋਰਟ ਵਿੱਚ ਟੀ.ਵੀ. ਪ੍ਰੋਗਰਾਮਾਂ ਦੀ ਉੱਚ ਹਿੰਸਾ ਸਮੱਗਰੀ ਵੱਲ ਧਿਆਨ ਖਿੱਚਿਆ ਗਿਆ, ਜਿਸ ਵਿੱਚ ਕਿਹਾ ਗਿਆ ਕਿ ਬੱਚਿਆਂ ਅਤੇ ਕਿਸ਼ੋਰਾਂ ਉੱਤੇ ਟੀਵੀ ਹਿੰਸਾ ਦੇ ਪ੍ਰਭਾਵਾਂ ਦੇ ਸੈਂਕੜੇ ਅਧਿਐਨਾਂ ਵਿੱਚ ਪਾਇਆ ਗਿਆ ਹੈ ਕਿ ਬਹੁਤ ਜ਼ਿਆਦਾ ਐਕਸਪੋਜਰ ਦੇ ਕਾਰਨ, ਬੱਚੇ ਇਸ ਦਾ ਸ਼ਿਕਾਰ ਹੋ ਸਕਦੇ ਹਨ ਅਤੇ ਉਹ ਗਲਤ ਅਨਸਰਾਂ ਨਾਲ ਰਲ ਸਕਦੇ ਹਨ।

ਕਿਹਾ ਜਾਂਦਾ ਹੈ ਕਿ ਬੱਚਿਆਂ ਦਾ ਟੈਲੀਵਿਜ਼ਨ 'ਤੇ ਹਿੰਸਾ ਦਾ ਸਾਹਮਣਾ ਕਰਨਾ ਉਨ੍ਹਾਂ ਦੀ ਹਮਲਾਵਰਤਾ ਨੂੰ ਵਧਾਉਂਦਾ ਹੈ। ਕਈ ਵਾਰ ਇੱਕ ਵੀ ਹਿੰਸਕ ਪ੍ਰੋਗਰਾਮ ਦੇਖਣ ਨਾਲ ਗੁੱਸੇ ਵਿੱਚ ਵਾਧਾ ਹੋ ਸਕਦਾ ਹੈ। ਪ੍ਰੋਗ੍ਰਾਮ ਜੋ ਵਧੇਰੇ ਯਥਾਰਥਵਾਦੀ, ਦੁਹਰਾਉਣ ਵਾਲੀ ਹਿੰਸਾ ਦੇ ਨਾਲ-ਨਾਲ ਹਿੰਸਾ ਨੂੰ ਦਰਸਾਉਂਦੇ ਹਨ ਜੋ ਬਿਨਾਂ ਸਜ਼ਾ ਦਿੱਤੇ ਜਾਂਦੇ ਹਨ, ਉਹਨਾਂ ਦੀ ਨਕਲ ਕੀਤੇ ਜਾਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ। ਜਜ਼ਬਾਤੀ, ਵਿਹਾਰਕ ਅਤੇ ਸਿੱਖਣ ਦੀਆਂ ਸਮੱਸਿਆਵਾਂ ਵਾਲੇ ਬੱਚੇ, ਜਾਂ ਜਿਹੜੇ ਬੱਚੇ ਜ਼ਿਆਦਾ ਭਾਵੁਕ ਹੁੰਦੇ ਹਨ, ਉਹ ਜ਼ਿਆਦਾ ਪ੍ਰਭਾਵਿਤ ਹੋ ਸਕਦੇ ਹਨ। 1980 ਦੇ ਦਹਾਕੇ ਵਿੱਚ, ਮਨੋਵਿਗਿਆਨੀ ਐਲ. ਰੋਵੇਲ ਹਿਊਸਮੈਨ, ਲਿਓਨਾਰਡ ਐਰੋਨ ਅਤੇ ਹੋਰਾਂ ਦੁਆਰਾ ਕੀਤੀ ਗਈ ਖੋਜ ਨੇ ਦਿਖਾਇਆ ਕਿ ਜਿਹੜੇ ਬੱਚੇ ਐਲੀਮੈਂਟਰੀ ਸਕੂਲ ਵਿੱਚ ਟੀ.ਵੀ. 'ਤੇ ਕਈ ਘੰਟਿਆਂ ਦੀ ਹਿੰਸਾ ਦੇਖਦੇ ਹਨ, ਉਨ੍ਹਾਂ ਨੇ ਕਿਸ਼ੋਰ ਹੋਣ 'ਤੇ ਹਮਲਾਵਰ ਵਿਵਹਾਰ ਦੇ ਉੱਚ ਪੱਧਰ ਨੂੰ ਦਿਖਾਇਆ।

ਉਹਨਾਂ ਦੇ ਜੀਵਨ ਦਾ ਹੋਰ ਅਧਿਐਨ ਕਰਨ ਤੋਂ ਬਾਅਦ, ਖੋਜਕਰਤਾਵਾਂ ਨੇ ਪਾਇਆ ਕਿ ਜਦੋਂ ਉਹ ਬਾਲਗ ਹੋ ਗਏ ਤਾਂ ਉਹਨਾਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਅਤੇ ਅਪਰਾਧਿਕ ਕੰਮਾਂ ਲਈ ਮੁਕੱਦਮਾ ਚਲਾਉਣ ਦੀ ਜ਼ਿਆਦਾ ਸੰਭਾਵਨਾ ਸੀ। ਖੋਜ ਦਰਸਾਉਂਦੀ ਹੈ ਕਿ ਕਾਲਪਨਿਕ ਟੈਲੀਵਿਜ਼ਨ ਸੀਰੀਅਲ ਅਤੇ ਫਿਲਮਾਂ ਵਿੱਚ ਹਿੰਸਾ ਨੌਜਵਾਨ ਦਰਸ਼ਕਾਂ ਵਿੱਚ ਹਮਲਾਵਰਤਾ ਅਤੇ ਹਿੰਸਾ ਵਿੱਚ ਥੋੜ੍ਹੇ ਅਤੇ ਲੰਬੇ ਸਮੇਂ ਦੇ ਵਾਧੇ ਵਿੱਚ ਯੋਗਦਾਨ ਪਾਉਂਦੀ ਹੈ। ਟੀ.ਵੀ. ਸੀਰੀਅਲਾਂ ਵਿੱਚ ਵਧਦੀ ਹਿੰਸਾ, ਮੁੱਖ ਤੌਰ 'ਤੇ ਆਤਮ ਹੱਤਿਆਵਾਂ ਅਤੇ ਹਮਲਾਵਰਤਾ ਦੇ ਵਾਧੇ ਵਿੱਚ ਯੋਗਦਾਨ ਪਾਉਂਦੀ ਹੈ।

ਕਈ ਫ਼ਿਲਮਾਂ ਅਤੇ ਟੀ.ਵੀ. ਸੀਰੀਅਲਾਂ ਵਿੱਚ ਕਲਾਕਾਰਾਂ ਨੂੰ ਸ਼ਰਾਬ ਪੀਂਦੇ, ਸਿਗਰਟ ਬੀੜੀ ਪੀਂਦੇ ਜਾਂ ਹੋਰ ਨਸ਼ਾ ਕਰਦੇ ਹੋਏ ਦਿਖਾਇਆ ਜਾਂਦਾ ਹੈ, ਜਿਸਦੀ ਦੇਖਾ ਦੇਖੀ ਅਨੇਕਾਂ ਨੌਜਵਾਨ ਵੀ ਨਸ਼ਾ ਕਰਨ ਲੱਗ ਜਾਂਦੇ ਹਨ। ਇਸ ਤੋਂ ਇਲਾਵਾ ਫ਼ਿਲਮਾਂ ਅਤੇ ਸੀਰੀਅਲਾਂ ਵਿੱਚ ਕਲਾਕਾਰਾਂ ਦੁਆਰਾ ਇਕ ਦੂਜੇ ਵਿਰੁੱਧ ਕੀਤੀਆਂ ਜਾਂਦੀਆਂ ਸਾਜ਼ਿਸ਼ਾਂ, ਚੋਰੀਆਂ, ਡਕੈਤੀਆਂ ਤੇ ਹਿੰਸਾ ਤੋਂ ਪ੍ਰੇਰਿਤ ਹੋ ਕੇ ਅਨੇਕਾਂ ਨੌਜਵਾਨ ਗੁੰਮਰਾਹ ਹੋ ਜਾਂਦੇ ਹਨ ਅਤੇ ਗਲਤ ਰਸਤੇ ਤੁਰ ਪੈਂਦੇ ਹਨ, ਜਿਸ ਕਾਰਨ ਉਹਨਾਂ ਦਾ ਜੀਵਨ ਬੇਅਰਥ ਹੋ ਜਾਂਦਾ ਹੈ।

ਅਸਲ ਵਿੱਚ ਟੀ.ਵੀ. ਸੀਰੀਅਲ ਅਤੇ ਫ਼ਿਲਮਾਂ ਸਾਡੇ ਸਮਾਜ ਅਤੇ ਸੱਭਿਆਚਾਰ 'ਤੇ ਵੱਡਾ ਅਸਰ ਪਾਉਂਦੇ ਹਨ। ਨੌਜਵਾਨਾਂ ਨੂੰ ਕੁਰਾਹੇ ਪੈਣ ਤੋਂ ਰੋਕਣ ਲਈ ਚੰਗੇ ਟੀ ਵੀ ਸੀਰੀਅਲਾਂ ਨੂੰ ਪ੍ਰਸਾਰਿਤ ਕੀਤਾ ਜਾਣਾ ਚਾਹੀਦਾ ਹੈ ਅਤੇ ਗਿਆਨ ਭਰਪੂਰ ਫ਼ਿਲਮਾਂ ਬਣਾਉਣੀਆਂ ਚਾਹੀਦੀਆਂ ਹਨ।

**

### ਇਗਾ ਸਵੈਟੇਕ ਨੇ ਜਿੱਤਿਆ ਆਪਣਾ

ਦੋ ਹਫ਼ਤਿਆਂ ਬਾਅਦ, ਉਹ ਵਿੰਬਲਡਨ ਦੇ ਕੋਰਟ 'ਤੇ ਚਮਕਦਾਰ ਮੁਸਕਰਾਉਂਦੇ ਹੋਏ ਵਾਪਸ ਆਈ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਖਿਤਾਬ ਜਿੱਤਿਆ। ਇਸ ਜਿੱਤ ਦੇ ਨਾਲ, 24 ਸਾਲਾ ਸਵਿਏਟੇਕ ਨੇ ਹੁਣ ਤਿੰਨੋਂ ਸਤਹਾਂ (ਮਿੱਟੀ, ਸਖ਼ਤ ਅਤੇ ਘਾਹ) 'ਤੇ ਗ੍ਰੈਂਡ ਸਲੈਮ ਖਿਤਾਬ ਜਿੱਤ ਲਏ ਹਨ। ਇਸ ਤੋਂ ਪਹਿਲਾਂ ਇਹ ਉਪਲਬਧੀ ਸੇਰੇਨਾ ਵਿਲੀਅਮਜ਼ ਨੇ 2002 ਵਿੱਚ ਹਾਸਲ ਕੀਤੀ ਸੀ। ਹੁਣ ਉਸਨੂੰ ਕੈਰੀਅਰ ਗ੍ਰੈਂਡ ਸਲੈਮ ਪੂਰਾ ਕਰਨ ਲਈ ਸਿਰਫ਼ ਆਸਟ੍ਰੇਲੀਅਨ ਓਪਨ ਜਿੱਤਣ ਦੀ ਲੋੜ ਹੈ।

***

### ਕਿਸਾਨ ਦੀ ਪਹੁੰਚ ਤੋਂ ਕਿਉਂ ਦੂਰ ਹੁੰਦੀ

ਸਰਕਾਰ ਇੱਕ ਸਮਾਜਿਕ ਸਮਝੌਤਾ ਹੈ, ਜਿਸ ਦਾ ਉਦੇਸ਼ ਸਮਾਜ ਭਲਾਈ ਹੈ। ਜਿਹੜੀ ਤਬਦੀਲੀ ਜਾਂ ਜਿਹੜਾ ਕਾਨੂੰਨ ਸਮਾਜ ਦੀ ਭਲਾਈ 'ਚ ਵਾਧਾ ਕਰਦਾ ਹੈ, ਉਹ ਅਪਣਾ ਲੈਣਾ ਚਾਹੀਦਾ ਹੈ, ਭਾਵੇਂ ਸੰਵਿਧਾਨਕ ਤਬਦੀਲੀ ਵੀ ਕਰਨੀ ਪਵੇ। ਇਸ ਗੱਲ ਦਾ ਅਧਿਐਨ ਹੋਣਾ ਚਾਹੀਦਾ ਹੈ ਕਿ ਜ਼ਮੀਨ ਗ਼ੈਰ ਉਪਜਾਊ ਕਿਉਂ ਬਣਦੀ ਹੈ। ਪੰਜਾਬ ਸਰਕਾਰ ਦਾ ਭੂਮੀ ਸੰਭਾਲ ਮਹਿਕਮਾ ਸਿੰਚਾਈ ਲਈ ਸੀਮੈਂਟ ਦੇ ਪਾਈਪ ਪਾ ਕੇ ਜ਼ਮੀਨ ਦੀ ਬੱਚਤ ਕਰਦਾ ਹੈ ਤਾਂ ਕਿ ਉਸ ਪਾਈਪ ਦੇ ਉੱਪਰ ਵਾਲੀ ਭੂਮੀ ਵਿਚ ਵੀ ਖੇਤੀ ਹੋ ਸਕੇ ਪਰ ਦੂਜੇ ਪਾਸੇ ਕਾਲੋਨੀਆਂ 'ਚ ਲੱਖਾਂ ਏਕੜ ਜ਼ਮੀਨ ਦਾ ਵਿਹਲਾ ਰਹਿਣਾ, ਸੰਸਥਾਵਾਂ ਅਤੇ ਉਦਯੋਗਿਕ ਇਕਾਈਆਂ ਵੱਲੋਂ ਲੋੜੋਂ ਕਿਤੇ ਵੱਧ ਭੂਮੀ ਗ਼ੈਰ-ਉਪਜਾਊ ਰੱਖਣੀ, ਖੇਤੀ ਵਾਲੀ ਜ਼ਮੀਨ ਨੂੰ ਕਿਸਾਨਾਂ ਤੋਂ ਦੂਰ ਕਰਨ ਵਾਲੀ ਗੱਲ ਹੈ। ਇਸ ਦਾ ਅਧਿਐਨ ਕਰਨਾ ਤੇ ਜ਼ਰੂਰੀ ਤਬਦੀਲੀਆਂ ਕਿਸਾਨ ਦੀ ਜ਼ਮੀਨ ਤੱਕ ਪਹੁੰਚ ਵਧਾ ਸਕਦੀਆਂ ਹਨ।

***

### ਕਿਉਂ ਬਦਲ ਰਹੀ ਹੈ

ਇਹ ਸਪੱਸ਼ਟ ਹੈ ਕਿ 'ਅਪਰੇਸ਼ਨ ਸੰਧੂਰ' ਤੋਂ ਬਾਅਦ ਭਾਰਤ ਦੀ ਵਿਦੇਸ਼ ਨੀਤੀ ਢਹਿ-ਢੇਰੀ ਹੋ ਗਈ ਹੈ। ਟਰੰਪ ਭਾਰਤ ਤੇ ਪਾਕਿਸਤਾਨ ਨੂੰ ਇੱਕ ਬਰਾਬਰ ਦੇਖਣ ਅਤੇ ਭਾਰਤ-ਪਾਕਿਸਤਾਨ ਸੰਬੰਧਾਂ ਵਿੱਚ ਅਮਰੀਕਾ ਨੂੰ ਵਿਚੋਲੇ ਵਜੋਂ ਪੇਸ਼ ਕਰਨ ਵਿੱਚ ਸਫ਼ਲ ਹੋਇਆ ਹੈ। ਇਸ ਅਸਫ਼ਲਤਾ ਦੀ ਜੜ੍ਹ ਮੋਦੀ ਸਰਕਾਰ ਦੀ ਅਮਰੀਕਾ ਨਾਲ ਜੂਨੀਅਰ ਭਾਈਵਾਲੀ ਕਾਇਮ ਕਰਨ ਦੀ ਕੋਸ਼ਿਸ਼ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ ਦੀ ਅਗਲੀ ਮੀਟਿੰਗ ਵਿੱਚ ਇੱਕ ਨਵੇਂ ਦਸ ਸਾਲਾਂ ਦੇ ਰੱਖਿਆ ਢਾਂਚੇ ਦੇ ਸਮਝੌਤੇ 'ਤੇ ਦਸਤਖਤ ਕੀਤੇ ਜਾਣਗੇ। ਫ਼ਰਵਰੀ ਵਿੱਚ ਅਮਰੀਕਾ ਨਾਲ ਮੋਦੀ ਦੀ ਵਾਸ਼ਿੰਗਟਨ ਫ਼ੇਰੀ ਦੌਰਾਨ ਭਾਰਤ ਨੇ ਵੱਡੀ ਮਾਤਰਾ ਵਿੱਚ ਅਮਰੀਕੀ ਫ਼ੌਜੀ ਉਪਕਰਨ ਖਰੀਦਣ ਲਈ ਵਚਨਬੱਧਤਾ ਪ੍ਰਗਟਾਈ ਸੀ। ਅਮਰੀਕੀ ਵਣਜ ਸਕੱਤਰ ਹਾਵਰਡ ਲੂਟਨਿਕ ਨੇ ਜੂਨ ਵਿੱਚ ਭਾਰਤ ਵੱਲੋਂ ਰੂਸ ਤੋਂ ਹਥਿਆਰ ਖਰੀਦਣ 'ਤੇ ਨਾਰਾਜ਼ਗੀ ਪ੍ਰਗਟ ਕੀਤੀ, ਪਰ ਮਹੱਤਵਪੂਰਨ ਗੱਲ ਇਹ ਵੀ ਕਹੀ ਕਿ ਇਨ੍ਹਾਂ ਚਿੰਤਾਵਾਂ ਨੂੰ ਦੂਰ ਕਰ ਲਿਆ ਗਿਆ ਹੈ ਅਤੇ ਭਾਰਤ ਅਮਰੀਕਾ ਤੋਂ ਫ਼ੌਜੀ ਉਪਕਰਨ ਖਰੀਦਣ ਦੀ ਦਿਸ਼ਾ ਵਿੱਚ ਅੱਗੇ ਵਧ ਰਿਹਾ ਹੈ।

ਇਹ ਸਭ ਭਾਰਤ ਦੇ ਮਹੱਤਵਪੂਰਨ ਹਿਤਾਂ ਦਾ ਤਿਆਗ ਕਰਨ ਦੇ ਬਰਾਬਰ ਹੈ, ਭਾਵੇਂ ਉਹ ਆਰਥਿਕ ਪ੍ਰਭੂਸੱਤਾ, ਵਿਦੇਸ਼ ਨੀਤੀ ਜਾਂ ਰਣਨੀਤਕ ਖ਼ੁਦਮੁਖਤਿਆਰੀ ਨਾਲ ਸੰਬੰਧਿਤ ਹੋਣ।

****

### ਦੇਸ਼ ਦੀ ਵੰਡ ਦਾ ਦੁਖਾਂਤ

ਹਿੰਸਾ ਦਾ ਨੰਗਾ ਨਾਚ ਕਈ ਮਹੀਨੇ ਬੇਰੋਕ-ਟੋਕ ਚੱਲਦਾ ਰਿਹਾ ਅਤੇ ਬਰਤਾਨਵੀ ਸਰਕਾਰ ਨੇ ਇਸ ਨੂੰ ਰੋਕਣ ਦੀ ਕੋਈ ਬਹੁਤੀ ਕੋਸ਼ਿਸ਼ ਨਹੀਂ ਕੀਤੀ। ਪਾਕਿਸਤਾਨ ਵਿੱਚ ਮੁਸਲਿਮ ਲੀਗੀਆਂ ਵੱਲੋਂ ਅਤੇ ਨਾ ਹੀ ਕਾਂਗਰਸ ਵੱਲੋਂ ਸੱਤਾ ਹਾਸਲ ਕਰਨ ਬਾਅਦ ਇਸ ਹਿੰਸਾ ਨੂੰ ਇਕਦਮ ਰੋਕਿਆ ਗਿਆ। ਲੇਖਕ ਵੱਲੋਂ ਦਰਜ ਬਾਗਾ ਪਹਿਲਵਾਨ ਦੀ ਜ਼ਿੰਦਗੀ ਦੀ ਬਰਬਾਦੀ ਦੀ ਕਹਾਣੀ ਇਸ ਵਰਤਾਰੇ ਨੂੰ ਦੋਵੇਂ ਪਾਸੇ ਬਾਖ਼ੂਬੀ ਬਿਆਨ ਕਰਦੀ ਹੈ ਜੋਗਿੰਦਰ ਸਿੰਘ ਤੂਰ ਨੇ ਬੜੀ ਮਿਹਨਤ ਤੇ ਸੰਵੇਦਨਸ਼ੀਲਤਾ ਨਾਲ ਵੰਡ ਦੇ ਦੁਖਾਂਤ, ਕਾਰਨਾਂ ਤੇ ਪ੍ਰਕਿਰਿਆ ਨੂੰ ਫੜਨ ਦੀ ਕੋਸ਼ਿਸ਼ ਕੀਤੀ ਹੈ। ਲੇਖਕ ਨੇ ਇਸ ਦੁਖਦਾਈ ਇਤਿਹਾਸ ਦੀਆਂ ਪਰਤਾਂ ਨੂੰ ਫੋਲ ਕੇ ਇਹ ਸੁਨੇਹਾ ਦਿੱਤਾ ਹੈ ਕਿ ਅਜਿਹੇ ਕਾਰਜ ਕਰੀਏ ਜਿਸ ਨਾਲ ਪੰਜਾਬੀਅਤ ਦੇ ਸਾਂਝੀਵਾਲਤਾ ਦੇ ਨਵੇਂ ਕੀਰਤੀਮਾਨ ਸਥਾਪਿਤ ਕੀਤੇ ਜਾ ਸਕਣ, ਜਿਵੇਂ 2020-21 ਦੇ ਕਿਸਾਨ ਅੰਦੋਲਨ ਨੇ ਕੀਤਾ ਸੀ। ਇਹ ਵਡਮੁੱਲੀ ਕਿਤਾਬ ਪੰਜਾਬੀ ਪਾਠਕਾਂ ਅਤੇ ਇਤਿਹਾਸ ਦੇ ਵਿਦਿਆਰਥੀਆਂ ਦੇ ਧਿਆਨਦੀ ਪਾਤਰਤਾ ਰੱਖਦੀ ਹੋਈ, ਪੜ੍ਹਨ ਅਤੇ ਵਿਚਾਰਨਯੋਗ ਹੈ।

***

### ਕੀ ਰਾਜਨੀਤਕ ਪਾਰਟੀਆਂ ਜਾਤੀਵਾਦ

ਦਲਿਤਾਂ ਨੂੰ ਪਿੰਡਾਂ ਤੋਂ ਬਾਹਰ ਪੰਜ ਪੰਜ ਮਰਲੇ ਦੇ ਪਲਾਟ ਦੇ ਕੇ ਉਨ੍ਹਾਂ ਦੀਆਂ ਫ਼ਿਰ ਵੱਖਰੀਆਂ ਕਾਲੋਨੀਆਂ ਵਸਾਉਣ ਦਾ ਯਤਨ ਕੀਤਾ ਗਿਆ ਤਾਂ ਕਿ ਇਸ ਲਾਲਚ ਵਿੱਚ ਉਨ੍ਹਾਂ ਨੂੰ ਆਪਣੇ ਕੰਟਰੋਲ ਵਿੱਚ ਰੱਖਿਆ ਜਾ ਸਕੇ। ਹੁਣ ਕੇਂਦਰ ਵਿੱਚ ਰਾਜ ਕਰ ਰਹੀ ਪਾਰਟੀ ਭਾਵੇਂ ਇਸ ਨਾਲ ਸਹਿਮਤ ਨਹੀਂ ਸੀ ਕਿ ਜਾਤ ਦੇ ਆਧਾਰ 'ਤੇ ਮਰਦਮ ਸ਼ੁਮਾਰੀ ਕਰਵਾਈ ਜਾਵੇ, ਸਗੋਂ ਇਸ ਦਾ ਵਿਰੋਧ ਕਰਦੀ ਸੀ। ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਭਾਰਤੀ ਜਨਤਾ ਪਾਰਟੀ ਨੇ ਵਿਰੋਧੀ ਪਾਰਟੀਆਂ ਤੋਂ ਡਰ ਕੇ ਜਾਤ ਆਧਾਰਿਤ ਮਰਦਮਸ਼ੁਮਾਰੀ ਕਰਵਾਉਣ ਲਈ ਤਿਆਰੀ ਕੀਤੀ ਹੈ ਤੇ ਨਾ ਹੀ ਇਸ ਕਰਕੇ ਇਹ ਗੱਲ ਮੰਨੀ ਜਾ ਸਕਦੀ ਹੈ ਕਿ ਉਹ ਦਲਿਤ ਵਰਗ ਜਾਂ ਪੱਛੜੀਆਂ ਸ਼੍ਰੇਣੀਆਂ ਦੇ ਬਹੁਤੇ ਸ਼ੁਭਚਿੰਤਕ ਹਨ। ਇਸ ਮੋੜ ਵਿੱਚ ਵੀ ਕਿਤੇ ਨਾ ਕਿਤੇ ਚੌਥੀ ਵਾਰੀ ਕੇਂਦਰ ਵਿੱਚ ਸਰਕਾਰ ਬਣਾਉਣ ਦੀ ਖਾਹਿਸ਼ ਛੁਪੀ ਹੋਈ ਹੈ। ਖਦਸ਼ਾ ਇਹ ਪੈਦਾ ਹੋ ਗਿਆ ਸੀ ਜੇਕਰ ਜਾਤ ਬਰਾਦਰੀ ਦਾ ਪੱਤਾ ਕਾਂਗਰਸ ਦੇ ਹੱਥ ਵਿੱਚ ਹੀ ਰਹਿ ਜਾਂਦਾ ਤਾਂ ਭਾਜਪਾ ਦੀ ਵੋਟ ਬੈਂਕ ਨੂੰ ਅਗਲੀਆਂ ਚੋਣਾਂ ਵਿਚ ਬਹੁਤਾ ਖੋਰਾ ਲੱਗ ਸਕਦਾ ਸੀ। ਇਸ ਲਈ ਸੱਪ ਦੇ ਮੂੰਹ ਵਿੱਚ ਕੋਹੜ ਕਿਰਲੀ ਵਾਲੀ ਹਾਲਤ ਪੈਦਾ ਹੋ ਗਈ ਸੀ। ਇਸ ਨਾਲ ਕਾਂਗਰਸ ਦੀ ਪਛੜੇ ਭਾਈਚਾਰੇ ਵਿੱਚ ਵੋਟ ਬੈਂਕ ਜ਼ਿਆਦਾ ਪੱਕੀ ਹੋ ਸਕਦੀ ਸੀ। ਇਨ੍ਹਾਂ ਦੋ ਪਾਰਟੀਆਂ ਦੀ ਹੀ ਗੱਲ ਨਹੀਂ ਸਾਰੀਆਂ ਪਾਰਟੀਆਂ ਉਮੀਦਵਾਰ ਚੁਣਨ ਵੇਲੇ ਜਾਂ ਚੋਣ ਵੇਲੇ ਟਿਕਟ ਦੇਣ ਵੇਲੇ ਉਸ ਇਲਾਕੇ ਦੇ ਜਾਤ-ਵੋਟ ਬੈਂਕ ਨੂੰ ਵੇਖ ਕੇ ਫ਼ੈਸਲਾ ਕਰਦੀਆਂ ਹਨ। ਸਰਵੇ ਕਰਵਾਏ ਜਾਂਦੇ ਹਨ ਕਿ ਕਿਹੜੀ ਜਾਤ ਦਾ ਉਮੀਦਵਾਰ ਜਿੱਤ ਸਕਦਾ ਹੈ। ਨਵੀਂ ਪਾਰਟੀ 'ਆਪ' ਵੀ ਇਸ ਵਿਵਾਦ ਤੋਂ ਮੁਕਤ ਨਹੀਂ ਹੈ।

ਜਾਤ ਆਧਾਰਿਤ ਮਰਦਮਸ਼ੁਮਾਰੀ ਕਰਵਾਉਣ ਦੀ ਸੋਚ ਨਾਲ ਰਾਜਨੀਤਕ ਪਾਰਟੀਆਂ ਕੀ ਫ਼ਾਇਦਾ ਲੈ ਸਕਦੀਆਂ ਹਨ ? ਲੋਕਾਂ ਨੂੰ ਜਾਤ ਦੇ ਆਧਾਰ 'ਤੇ ਇਕੱਠਾ ਕਰਕੇ ਉਨ੍ਹਾਂ ਦੀ ਇੱਕ ਪਛਾਣ ਵਰਤ ਕੇ, ਉਨ੍ਹਾਂ ਨੂੰ ਕੁਝ ਵੱਧ ਘੱਟ ਸਹੂਲਤਾਂ ਦੇ ਕੇ ਵੋਟਾਂ ਬਟੋਰੀਆਂ ਜਾ ਸਕਦੀਆਂ ਹਨ। ਵੱਖਰੀਆਂ ਜਾਤਾਂ ਨੂੰ ਵੱਖਰੀ ਪੱਧਰ ਦਾ ਰਾਖਵਾਂਕਰਨ ਦੇ ਕੇ ਜਾਂ ਇਸ ਦਾ ਪ੍ਰਚਾਰ ਕਰਕੇ ਪਾੜਿਆ ਜਾ ਸਕਦਾ ਹੈ। ਸਮਾਜਿਕ ਏਕਤਾ ਨੂੰ ਵੀ ਭੰਗ ਕਰਕੇ ਪਾੜੇ ਵਧਾਏ ਜਾ ਸਕਦੇ ਹਨ। ਰਾਜਨੀਤਕ ਪਾਰਟੀਆਂ ਜਾਤ ਧਰਮ ਦੇ ਵਖਰੇਵੇਂ ਖੜ੍ਹੇ ਕਰ ਕੇ ਆਪਣੇ ਹਿੱਤਾਂ ਲਈ ਵਰਤ ਸਕਦੀਆਂ ਹਨ। ਭਾਵੇਂ ਮੱਧਕਾਲੀ ਭਾਰਤ ਵਿੱਚ ਗੁਰੂਆਂ, ਭਗਤਾਂ ਤੇ ਧਾਰਮਿਕ ਆਗੂਆਂ ਨੇ ਜਾਤ ਪਾਤ ਦਾ ਖੰਡਨ ਕਰਦੇ ਹੋਏ-ਮਾਨਸ ਦੀ ਇਕੋ ਜਾਤ ਦਾ ਪ੍ਰਚਾਰ ਕੀਤਾ। ਪਰ ਰਾਜਨੀਤਕ ਲੋਕਾਂ ਨੇ ਹਰ ਧਰਮ ਨੂੰ ਜਾਤਾਂ ਵਿੱਚ ਵੰਡ ਕੇ ਵੱਖਰੇ ਵੱਖਰੇ ਮਿਸ਼ਨ ਖੜ੍ਹੇ ਕਰ ਦਿੱਤੇ। ਸਾਡੇ ਅਜੋਕੇ ਸੰਵਿਧਾਨ ਵਿੱਚ ਵੀ ਹਰ ਪ੍ਰਾਣੀ ਨੂੰ ਬਰਾਬਰ ਦਾ ਦਰਜਾ ਦਿੱਤਾ ਗਿਆ ਹੈ ਪਰ ਫ਼ਿਰ ਵੀ ਮਰਦਮਸ਼ੁਮਾਰੀ ਜਾਤ ਦੇ ਅਧਾਰ 'ਤੇ ਕਰਵਾਉਣ ਦੇ ਯਤਨ ਹੋ ਰਹੇ ਹਨ ਅਤੇ ਜਾਤ ਰੁਜ਼ਗਾਰ, ਸਿੱਖਿਆ ਅਤੇ ਰਾਜਨੀਤੀ ਵਿੱਚ ਵੀ ਭਾਰੂ ਹੈ। ਜੇਕਰ ਰਾਜਨੀਤਕ ਪਾਰਟੀਆਂ ਹਾਸ਼ੀਆ ਗ੍ਰਸਤ ਲੋਕਾਂ ਦੀ ਭਲਾਈ ਕਰਨਾ ਚਾਹੁੰਦੀਆਂ ਹਨ ਤਾਂ ਅਧਾਰ ਆਰਥਕ ਪੱਧਰ ਨੂੰ ਕਿਉਂ ਨਹੀਂ ਬਣਾਉਂਦੀਆਂ ਜਿਸ ਵਿੱਚ ਸਾਰੀਆਂ ਜਾਤਾਂ ਤੇ ਸਾਰੇ ਧਰਮਾਂ ਦੇ ਲੋਕਾਂ ਦੀ ਭਲਾਈ ਹੋਵੇਗੀ ਪਰ ਮਸਲਾ ਤਾਂ ਕੁਰਸੀ ਦਾ ਹੈ ਨਾ ਕਿ ਜਨਤਾ ਦੀ ਭਲਾਈ ਦਾ। ਜਾਤ ਅਧਾਰਿਤ ਮਰਦਮਸ਼ੁਮਾਰੀ ਤੋਂ ਲੋਕ ਭਲਾਈ ਦੀ ਕੋਈ ਆਸ ਨਹੀਂ ਰੱਖੀ ਜਾ ਸਕਦੀ ਸਗੋਂ ਜਾਤਾਂ ਧਰਮਾਂ ਵਿੱਚ ਪਾੜੇ ਵਧਣਗੇ ਅਤੇ ਰਾਜਨੀਤਕ ਪਾਰਟੀਆਂ ਦੇ ਦੋਵੇਂ ਹੱਥਾਂ ਵਿੱਚ ਲੱਡੂ ਹੋਣਗੇ। ਇਨ੍ਹਾਂ ਕੁਝ ਕਾਰਨਾਂ ਕਰਕੇ ਸਾਡੇ ਦੇਸ਼ ਵਿੱਚ ਇਹ ਆਸ ਨਹੀਂ ਰੱਖੀ ਜਾ ਸਕਦੀ ਕਿ ਕਦੇ ਸਾਡਾ ਰਾਜਨੀਤਕ ਢਾਂਚਾ ਜਾਤਾਂ ਪਾਤਾਂ ਤੋਂ ਉੱਪਰ ਉੱਠ ਕੇ ਬਰਾਬਰ ਦੇ ਸਮਾਜ ਦੀ ਸਿਰਜਣਾ ਕਰੇਗਾ।

***

### ਬਾਬੂ ਕਾਂਸ਼ੀ ਰਾਮ ਤੋਂ ਬਾਅਦ ਦਲਿਤ ਰਾਜਨੀਤੀ

ਇੱਕ ਸੂਤਰ ਵਿੱਚ ਪਰੋਇਆ। ਸਿੱਖ ਸਿਆਸਤ ਅਤੇ ਧਰਮ ਦੀਆਂ ਜੜ੍ਹਾਂ ਵਿੱਚ ਦਲਿਤ ਸਮਾਜ ਦੀ ਉਦਾਰਤਾ ਦੀ ਸੰਭਾਵਨਾ ਮੌਜੂਦ ਹੈ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਿੱਖ ਸਾਮਰਾਜ ਵਿੱਚ ਸਿੱਖ, ਹਿੰਦੂ, ਮੁਸਲਮਾਨ ਅਤੇ ਦਲਿਤ ਸਮਾਜ ਦੇ ਲੋਕਾਂ ਨੂੰ ਬਰਾਬਰ ਦਾ ਮੌਕਾ ਮਿਲਿਆ। ਪਰ ਅਜੋਕੇ ਸਮੇਂ ਵਿੱਚ ਸਿੱਖ ਸਿਆਸਤ, ਖਾਸ ਕਰਕੇ ਅਕਾਲੀ ਦਲ, ਸਿੱਖ ਬਹੁਗਿਣਤੀ ਅਤੇ ਖੇਤਰੀ ਮੁੱਦਿਆਂ 'ਤੇ ਕੇਂਦਰਿਤ ਹੈ, ਜਿਸ ਕਾਰਨ ਦਲਿਤ ਮੁੱਦੇ ਪਿਛੇ ਰਹਿ ਗਏ ਹਨ। ਪੰਜਾਬ ਵਿੱਚ ਦਲਿਤਾਂ ਦੀ ਵੱਡੀ ਆਬਾਦੀ ਦੇ ਬਾਵਜੂਦ, ਉਨ੍ਹਾਂ ਦੀ ਸਿਆਸੀ ਹਿੱਸੇਦਾਰੀ ਸੀਮਤ ਹੈ। ਪੰਥਕ ਸੰਸਥਾਵਾਂ, ਜਿਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਨੂੰ ਦਲਿਤ ਸਮਾਜ ਨੂੰ ਮੁੱਖ ਧਾਰਾ ਵਿੱਚ ਲਿਆਉਣ ਲਈ ਠੋਸ ਕਦਮ ਚੁੱਕਣ ਦੀ ਲੋੜ ਹੈ। ਪੰਥਕ ਸੰਸਥਾਵਾਂ ਨੂੰ ਦਲਿਤ ਸਮਾਜ ਦੀ ਸਿੱਖਿਆ ਅਤੇ ਸਮਾਜਿਕ ਜਾਗਰੂਕਤਾ ਲਈ ਪ੍ਰੋਗਰਾਮ ਸ਼ੁਰੂ ਕਰਨੇ ਚਾਹੀਦੇ ਹਨ। ਅਕਾਲੀ ਦਲ ਅਤੇ ਹੋਰ ਪੰਥਕ ਸੰਸਥਾਵਾਂ ਨੂੰ ਦਲਿਤ ਸਮਾਜ ਦੇ ਨੌਜਵਾਨ ਆਗੂਆਂ ਨੂੰ ਅੱਗੇ ਲਿਆਉਣਾ ਚਾਹੀਦਾ ਹੈ। ਗੁਰਦੁਆਰਿਆਂ ਅਤੇ ਪੰਥਕ ਸਮਾਗਮਾਂ ਵਿੱਚ ਦਲਿਤ ਸਮਾਜ ਦੀ ਭਾਗੀਦਾਰੀ ਨੂੰ ਵਧਾਉਣ ਲਈ ਖਾਸ ਉਪਰਾਲੇ ਕਰਨੇ ਚਾਹੀਦੇ ਹਨ। ਪੰਚਾਇਤੀ ਜ਼ਮੀਨ ਅਤੇ ਹੋਰ ਸਰੋਤਾਂ ਦੀ ਵੰਡ ਵਿੱਚ ਦਲਿਤਾਂ ਦੇ ਹੱਕ ਨੂੰ ਯਕੀਨੀ ਬਣਾਉਣ ਲਈ ਸੰਘਰਸ਼ ਕਰਨਾ ਚਾਹੀਦਾ।

**ਮਹਾਰਾਸ਼ਟਰ ਵਿੱਚ ਦਲਿਤ ਸਮਾਜ ਦੀ ਸਥਿਤੀ**

ਮਹਾਰਾਸ਼ਟਰ ਵਿੱਚ ਦਲਿਤਾਂ ਦੀ ਸਿਆਸੀ ਸਥਿਤੀ ਗੁੰਝਲਦਾਰ ਅਤੇ ਬਦਲਦੀ ਹੋਈ ਹੈ। ਭਾਰਤੀ ਸੰਵਿਧਾਨ ਦੀਆਂ ਵਿਸ਼ੇਸ਼ ਵਿਵਸਥਾਵਾਂ, ਜਿਵੇਂ ਅਨੁਸੂਚਿਤ ਜਾਤੀਆਂ ਲਈ ਰਾਖਵਾਂਕਰਨ, ਨੇ ਦਲਿਤਾਂ ਨੂੰ ਸਿਆਸੀ ਖੇਤਰ ਵਿੱਚ ਪ੍ਰਤੀਨਿਧਤਾ ਦਿੱਤੀ ਹੈ, ਪਰ ਅਸਲ ਸੱਤਾ ਅਤੇ ਪ੍ਰਭਾਵ ਅਜੇ ਵੀ ਸੀਮਤ ਹੈ। ਮਹਾਰਾਸ਼ਟਰ ਵਿੱਚ ਦਲਿਤ ਸਿਆਸਤ ਦਾ ਮੁੱਖ ਕੇਂਦਰ ਅੰਬੇਡਕਰਵਾਦੀ ਲਹਿਰ ਰਿਹਾ ਹੈ, ਜੋ ਡਾ. ਬੀ.ਆਰ. ਅੰਬੇਡਕਰ ਦੀਆਂ ਸਿੱਖਿਆਵਾਂ ਤੋਂ ਪ੍ਰੇਰਿਤ ਹੈ। ਇਸ ਨੇ ਦਲਿਤਾਂ ਨੂੰ ਸੰਗਠਿਤ ਕਰਨ ਅਤੇ ਉਨ੍ਹਾਂ ਦੀਆਂ ਮੰਗਾਂ ਨੂੰ ਸਿਆਸੀ ਮੰਚ 'ਤੇ ਉਠਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਰਿਪਬਲੀਕਨ ਪਾਰਟੀ ਆਫ਼ ਇੰਡੀਆ (ਆਰ.ਪੀ.ਆਈ.) ਅਤੇ ਇਸ ਦੀਆਂ ਵੱਖ-ਵੱਖ ਧੜੇਬੰਦੀਆਂ ਦਲਿਤ ਸਿਆਸਤ ਦੀ ਨੁਮਾਇੰਦਗੀ ਕਰਦੀਆਂ ਹਨ, ਪਰ ਇਨ੍ਹਾਂ ਦੀ ਏਕਤਾ ਦੀ ਘਾਟ ਨੇ ਪ੍ਰਭਾਵ ਨੂੰ ਘਟਾਇਆ ਹੈ। ਬਹੁਜਨ ਸਮਾਜ ਪਾਰਟੀ (ਬੀ.ਐਸ.ਪੀ.) ਵਰਗੀਆਂ ਪਾਰਟੀਆਂ ਨੇ ਵੀ ਦਲਿਤ ਵੋਟਾਂ ਨੂੰ ਆਕਰਸ਼ਿਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਮਹਾਰਾਸ਼ਟਰ ਵਿੱਚ ਇਸ ਦਾ ਪ੍ਰਭਾਵ ਉੱਤਰ ਪ੍ਰਦੇਸ਼ ਜਿੰਨਾ ਮਜ਼ਬੂਤ ਨਹੀਂ। ਦਲਿਤ ਨੌਜਵਾਨ ਅਤੇ ਸਮਾਜਿਕ ਲਹਿਰਾਂ, ਜਿਵੇਂ ਕਿ ਦਲਿਤ ਪੈਂਥਰ ਦੀ ਵਿਰਾਸਤ ਅਤੇ ਭੀਮ ਆਰਮੀ ਵਰਗੇ ਸੰਗਠਨ, ਸਮਾਜਿਕ ਨਿਆਂ ਅਤੇ ਸਿਆਸੀ ਹੱਕਾਂ ਲਈ ਸੰਘਰਸ਼ ਜਾਰੀ ਰੱਖਦੇ ਹਨ। ਮਹਾਰਾਸ਼ਟਰ ਦੀ ਸਿਆਸਤ ਵਿੱਚ ਦਲਿਤ ਵੋਟਰ ਅਹਿਮ ਹਨ, ਪਰ ਜਾਤੀਗਤ ਵਿਤਕਰੇ ਅਤੇ ਆਰਥਿਕ ਅਸਮਾਨਤਾ ਕਾਰਨ ਉਨ੍ਹਾਂ ਦੀ ਪੂਰੀ ਸੰਭਾਵਨਾ ਨਹੀਂ ਵਰਤੀ ਜਾ ਸਕੀ। ਮੁੱਖਧਾਰਾ ਪਾਰਟੀਆਂ ਜਿਵੇਂ ਕਾਂਗਰਸ, ਭਾਜਪਾ ਅਤੇ ਸ਼ਿਵ ਸੈਨਾ ਵੀ ਦਲਿਤ ਵੋਟਾਂ ਨੂੰ ਆਪਣੇ ਪੱਖ ਵਿੱਚ ਕਰਨ ਦੀ ਕੋਸ਼ਿਸ਼ ਕਰਦੀਆਂ ਹਨ, ਪਰ ਅਕਸਰ ਇਹ ਸਿਰਫ਼ ਵੋਟ ਬੈਂਕ ਸਿਆਸਤ ਤੱਕ ਸੀਮਤ ਰਹਿੰਦੀ ਹੈ।

***

### ਕੁਦਰਤ ਦਾ ਕੌਤਕ ਸੀ

ਟੋਰਾਂਟੋ ਦੀ ਵਾਟਰ ਫ਼ਰੰਟ ਹਾਫ਼ ਮੈਰਾਥਨ ਉਹ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਲਈ ਦੌੜਿਆ। ਉਸ ਬਾਰੇ ਉਸ ਦੇ ਪੇਂਡੂਆਂ ਨੇ ਦੋ ਕਵਿਤਾਵਾਂ ਜੋੜੀਆਂ: ਅਦਰਕ ਦੀ ਤਰੀ ਦਾ ਕਮਾਲ ਤੇ ਫ਼ੌਜਾ ਸਿੰਘ ਸਰਦਾਰ ਦੀ ਹੈ ਇੱਕ ਵੱਖਰੀ ਸ਼ਾਨ, ਇਸ ਦੇ ਕਰਤਬ ਵੇਖ ਕੇ ਦੁਨੀਆ ਹੋਏ ਹੈਰਾਨ ।

ਉਹ ਲੰਡਨ ਉਲੰਪਿਕ-2012 ਦੀ ਮਿਸ਼ਾਲ ਲੈ ਕੇ ਦੌੜਿਆ ਤਾਂ ਰਸਤੇ ਵਿੱਚ ਛਬੀਲਾਂ ਲੱਗ ਗਈਆਂ ਸਨ ਅਤੇ ਲੰਗਰ ਲਾਏ ਗਏ ਸਨ। ਇਹ ਛਬੀਲਾਂ ਤੇ ਲੰਗਰ ਪਹਿਲੀ ਵਾਰ ਉਲੰਪਿਕ ਖੇਡਾਂ ਦੇ ਅੰਗ ਬਣੇ। ਵੀਹਵੀਂ ਸਦੀ ਵਿੱਚ ਪੱਗਾਂ ਦਾੜ੍ਹੀਆਂ ਵਾਲੇ ਫ਼ੌਜੀਆਂ ਤੇ ਹਾਕੀ ਦੇ ਖਿਡਾਰੀਆਂ ਨੇ ਸਿੱਖ ਸਰੂਪ ਦੀ ਪਛਾਣ ਬਾਕੀ ਦੁਨੀਆ ਨੂੰ ਕਰਾਈ ਸੀ। ਇੱਕੀਵੀਂ ਸਦੀ ਦੇ ਆਰੰਭ ਵਿੱਚ ਪੱਗ ਦਾੜ੍ਹੀ ਦੀ ਜਿੰਨੀ ਪਛਾਣ ਬਾਬਾ ਫ਼ੌਜਾ ਸਿੰਘ ਨੇ ਕਰਾਈ ਉਨੀ ਹੋਰ ਕਿਸੇ ਨੇ ਨਹੀਂ ਕਰਾਈ। ਫ਼ੌਜਾ ਸਿੰਘ ਆਪ ਕਹਿੰਦਾ ਸੀ ਕਿ ਮੇਰੀ ਪਛਾਣ ਉਨੀ ਮੇਰੇ ਦੌੜਨ ਕਰਕੇ ਨਹੀਂ ਜਿੰਨੀ ਪੱਗ ਦਾੜ੍ਹੀ ਕਰਕੇ ਹੈ। ਇਹੋ ਕਾਰਨ ਹੈ ਕਿ ਉਹ ਕਦੇ ਨੰਗੇ ਸਿਰ ਨਹੀਂ ਸੀ ਦੌੜਿਆ ਤੇ ਕਦੇ ਦਾੜ੍ਹੀ ਨਹੀਂ ਸੀ ਬੰਨ੍ਹੀ।

ਉਸ ਦੀ ਜੀਵਨ ਕਹਾਣੀ ਦਾ ਸਾਰ ਹੈ ਕਿ ਬੰਦੇ ਦੇ ਜੀਵਨ ਵਿੱਚ ਕਿੰਨੇ ਵੀ ਦੁੱਖ ਕਿਉਂ ਨਾ ਆਏ ਹੋਣ ਤੇ ਉਹ ਕਿੱਡੀ ਵੀ ਉਮਰ ਦਾ ਕਿਉਂ ਨਾ ਹੋ ਗਿਆ ਹੋਵੇ, ਜੇ ਉਹ ਹਿੰਮਤ ਧਾਰ ਲਵੇ ਤਾਂ ਕੁਛ ਦਾ ਕੁਛ ਕਰ ਸਕਦਾ ਹੈ। ਜੋ ਕੁੱਝ ਬਾਬਾ ਫ਼ੌਜਾ ਸਿੰਘ ਨੇ ਕੀਤਾ ਉਹ ਆਉਂਦੀਆਂ ਪੀੜ੍ਹੀਆਂ ਲਈ ਰਾਹ ਦਸੇਰਾ ਬਣਿਆ ਰਹੇਗਾ। ਬਾਬਾ ਫ਼ੌਜਾ ਸਿੰਘ ਨੂੰ ਜਾਂਦੀ ਵਾਰ ਦਾ ਪ੍ਰਨਾਮ ਤੇ ਸਲਾਮ!


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA
MUDDA
ON
jus
PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com